Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Law Office of M Vivek Malik
Toll free no 866-424-4000
www.usa.immigrationlaw.com
ACCOMPLISHED
IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
M Vivek Malik
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA
Certified Insurance Agent
Global Green
INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Third Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 19, May 7, 2022 20451 N. Plum Grove Rd., Palatine, IL 60074 Ph:847-359-0746, Fax:847-705-9388

## ਹਾਈਕਮਾਨ ਵੱਲੋਂ ਹੁਣ ਸਿੱਧੂ ਦੀ 'ਰੜਕ' ਕੱਢਣ ਦੀ ਤਿਆਰੀ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਨੇ ਸੁਨੀਲ ਜਾਖੜ ਤੋਂ ਬਾਅਦ ਹੁਣ ਸਾਬਕਾ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਖਿਲਾਫ ਕਾਰਵਾਈ ਦੀ ਤਿਆਰੀ ਕਰ ਲਈ ਹੈ। ਅਸਲ ਵਿਚ, ਨਵਜੋਤ ਸਿੱਧੂ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਾਰਟੀ ਲੀਡਰਸ਼ਿਪ ਨਾਲੋਂ ਚੁਣਿਆ ਵੱਖਰਾ ਰਾਹ ਹਾਈਕਮਾਨ ਨੂੰ ਰੜਕਣ ਲੱਗਾ ਹੈ। ਪੰਜਾਬ ਕਾਂਗਰਸ ਦੇ ਨਵੇਂ ਚੁਣ ਗਏ ਪ੍ਰਧਾਨ ਰਾਜਾ ਵੜਿੰਗ ਨੇ ਸਿੱਧੂ ਦੀ ਸ਼ਿਕਾਇਤ ਹਾਈਕਮਾਨ ਨੂੰ ਕੀਤੀ ਹੈ ਜਿਸ ਤੋਂ ਬਾਅਦ ਇਸ ਆਗੂ ਖਿਲਾਫ ਕਾਰਵਾਈ ਦਾ ਮਨ ਬਣਾ ਲਿਆ ਹੈ।



ਸੁਨੀਲ ਜਾਖੜ ਤੋਂ ਬਾਅਦ ਸਿੱਧੂ ਅਜਿਹੇ ਕੱਦਾਵਾਰ ਆਗੂ ਹੋਣਗੇ ਜਿਨ੍ਹਾਂ ਖਿਲਾਫ਼ ਕਾਂਗਰਸ ਕਾਰਵਾਈ ਕਰਨ ਲਈ ਤਿਆਰ-ਬਰ-ਤਿਆਰ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਸਿੱਧੂ ਖਿਲਾਫ਼ ਜ਼ਾਬਤਾ ਕਾਰਵਾਈ ਲਈ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਪੱਤਰ ਲਿਖਿਆ ਹੈ। ਯਾਦ ਰਹੇ ਕਿ ਨਵੇਂ ਚੁਣੇ ਗਏ ਪ੍ਰਧਾਨ ਰਾਜਾ ਵੜਿੰਗ ਨੇ ਨਵਜੋਤ ਸਿੰਘ ਸਿੱਧੂ 'ਤੇ ਪਾਰਟੀ ਵਿਰੁੱਧ ਗਤੀਵਿਧੀਆਂ ਕਰਨ ਤੇ ਨੁਕਸਾਨ ਪਹੁੰਚਾਉਣ ਦੇ ਦੋਸ਼ ਲਾਏ ਹਨ। ਕਾਂਗਰਸ ਵੱਲੋਂ ਸਿੱਧੂ 'ਤੇ ਦੋਸ਼ ਲਾਇਆ ਗਿਆ ਹੈ ਕਿ ਸਾਬਕਾ ਪ੍ਰਧਾਨ ਵੱਲੋਂ ਅਕਾਲੀ ਦਲ ਨਾਲ ਰਲ ਕੇ ਪਾਰਟੀ ਵਿਰੁੱਧ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਪੱਤਰ ਉਤੇ ਤੁਰਤ ਕਾਰਵਾਈ ਕਰਨ ਲਈ ਸ੍ਰੀਮਤੀ ਗਾਂਧੀ ਨੂੰ ਭੇਜ ਦਿੱਤਾ ਗਿਆ ਹੈ, ਜਿਸ ਵਿਚ ਸਿੱਧੂ ਦੀ ਤੁਰਤ ਜਵਾਬਤਲਬੀ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

ਪੰਜਾਬ ਕਾਂਗਰਸ ਦਾ ਅੰਦਰੂਨੀ ਕਲੇਸ਼ ਪਾਰਟੀ ਹਾਈਕਮਾਨ ਲਈ ਸਿਰਦਰਦੀ ਬਣਿਆ ਹੋਇਆ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਕਲੇਸ਼ ਸਿਖਰਾਂ ਉਤੇ ਸੀ। ਉਮੀਦ ਕੀਤੀ ਜਾ ਰਹੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਖੋਹਣ ਨਾਲ ਕਾਂਗਰਸ ਇਕਜੁਟ ਹੋ ਕੇ ਚੋਣ ਮੈਦਾਨ ਵਿਚ ਕੁੱਦ ਜਾਵੇਗੀ ਪਰ ਹੋਇਆ ਇਸ ਦੇ ਉਲਟ। ਕੈਪਟਨ ਤੋਂ ਬਾਅਦ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਪਿੱਛੋਂ ਅੰਦਰੂਨੀ ਖਿੱਚ-ਧੂਹ ਦਾ ਨਵਾਂ ਦੌਰ ਸ਼ੁਰੂ ਹੋ ਗਿਆ। ਇਸ ਤੋਂ ਬਾਅਦ ਹਾਈਕਮਾਨ ਵੱਲੋਂ ਚੰਨੀ ਨੂੰ ਚੋਣਾਂ ਵਿਚ ਮੁੜ ਮੁੱਖ ਮੰਤਰੀ ਉਮੀਦਵਾਰ ਐਲਾਨਣ ਕਾਰਨ ਨਵਜੋਤ ਸਿੱਧੂ ਤੇ ਸੁਨੀਲ ਜਾਖੜ ਸਣੇ ਕਈ ਆਗੂਆਂ ਨੇ ਮੂੰਹ ਵੱਟ ਲਿਆ। ਇਹ ਦੋਵੇਂ ਆਗੂ ਆਪਣੀ ਹੀ ਸੀਨੀਅਰ ਲੀਡਰਸ਼ਿਪ ਖਿਲਾਫ ਖੁੱਲ੍ਹ ਕੇ ਬਿਆਨਬਾਜ਼ੀ ਕਰਦੇ ਰਹੇ ਪਰ ਹਾਈਕਮਾਨ ਨੇ ਕੋਈ ਕਾਰਵਾਈ ਕਰਨ ਤੋਂ ਟਾਲਾ ਹੀ ਵੱਟੀ ਰੱਖਿਆ। ਜਿਸ ਪਿੱਛੋਂ ਹਾਈਕਮਾਨ ਦੀ 'ਬੇਵਸੀ' ਉਤੇ ਸਵਾਲ ਉੱਠਣ ਲੱਗੇ। ਕਿਉਂਕਿ ਚੋਣਾਂ ਵਿਚ ਪਟਿਆਲਾ ਤੋਂ ਕਾਂਗਰਸ ਦੀ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਆਪਣੀ ਹੀ ਪਾਰਟੀ ਨਾਲ 'ਬਗਾਵਤ' ਕਰਕੇ ਆਪਣੇ ਪਤੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਸਰਗਰਮੀਆਂ ਕੀਤੀਆਂ। ਇਸ ਉਤੇ ਹਾਈਕਮਾਨ ਨੇ ਪ੍ਰਨੀਤ ਕੌਰ ਦੀ ਜਵਾਬਤਲਬੀ ਕਰਨ ਲਈ ਨੋਟਿਸ ਵੀ ਜਾਰੀ ਕੀਤਾ ਪਰ ਉਸ ਦਾ ਕੋਈ ਜਵਾਬ ਨਾ ਆਇਆ। ਇਸ ਤੋਂ ਬਾਅਦ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਵੀ ਅਜਿਹਾ ਹੀ ਨੋਟਿਸ ਕੱਢਿਆ ਪਰ ਉਨ੍ਹਾਂ ਨੇ ਵੀ ਕੋਈ ਜਵਾਬ ਨਹੀਂ ਦਿੱਤਾ। ਚੁਫੇਰਿਓਂ ਹੋ ਰਹੀ ਨੁਕਤਾਚੀਨੀ ਪਿੱਛੋਂ ਆਖਰ ਹਾਈਕਮਾਨ ਨੇ ਆਪਣੀ 'ਤਾਕਤ' ਵਿਖਾਉਣ ਲਈ ਜਾਖੜ ਨੂੰ ਸਾਰੇ ਅਹੁਦਿਆਂ ਤੋਂ ਮੁਅੱਤਲ ਕਰ ਦਿੱਤਾ। ਹਾਲਾਂਕਿ ਇਸ ਕਾਰਵਾਈ ਵਿਚ ਵੀ ਹਾਈਕਮਾਨ ਦੀ 'ਬੇਵੱਸੀ' ਸਾਫ ਨਜ਼ਰ ਆਈ, ਕਿਉਂਕਿ ਜਾਖੜ ਕੋਲ ਕੋਈ ਅਹੁਦਾ ਹੈ ਹੀ ਨਹੀਂ ਸੀ। ਉਹ ਪਹਿਲਾਂ ਹੀ ਸਰਗਰਮ ਸਿਆਸਤ ਤੋਂ ਕਿਨਾਰਾ ਕਰ ਗਏ ਸਨ। ਹੁਣ ਸਿੱਧੂ ਦੀਆਂ ਸਰਗਰਮੀਆਂ ਵੀ ਪਾਰਟੀ ਲਈ ਨਮੋਸ਼ੀ ਬਣੀਆਂ ਹੋਈਆਂ ਹਨ।

ਕਾਂਗਰਸ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ

*(ਬਾਕੀ ਸਫਾ 6 'ਤੇ)*

## ਸ੍ਰੀ ਅਕਾਲ ਤਖਤ ਵੱਲੋਂ ਅਮਰੀਕਾ ਵਾਸੀ ਥਮਿੰਦਰ ਸਿੰਘ ਤਨਖਾਹੀਆ ਕਰਾਰ



**ਅੰਮ੍ਰਿਤਸਰ:** ਗੁਰਬਾਣੀ ਨਾਲ ਛੇੜਛਾੜ ਕਰਨ ਦੇ ਮਾਮਲੇ ਵਿਚ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਤੋਂ ਬਾਅਦ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਨੇ ਅਮਰੀਕਾ ਵਾਸੀ ਥਮਿੰਦਰ ਸਿੰਘ ਨੂੰ ਤਨਖਾਹੀਆ ਐਲਾਨ ਦਿੱਤਾ ਹੈ।

ਇਕ ਹੋਰ ਵਿਅਕਤੀ ਉਂਕਾਰ ਸਿੰਘ ਨੂੰ ਵੀ ਅਜਿਹੇ ਇਕ ਹੋਰ ਮਾਮਲੇ ਵਿਚ ਗੁਰੂ ਪੰਥ ਕੋਲੋਂ ਭੁੱਲ ਬਖਸ਼ਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਸੇ ਤਰ੍ਹਾਂ ਇੰਟਰਨੈੱਟ 'ਤੇ ਚੱਲ ਰਹੀਆਂ ਗੁਰਬਾਣੀ ਸਬੰਧੀ 21 ਐਪਸ ਵਿਚ ਤਰੁੱਟੀਆਂ ਕਾਰਨ ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਵਿਚ ਸੁਧਾਈ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ। ਜੇਕਰ ਕੋਈ ਅਜਿਹਾ ਨਹੀਂ ਕਰਦਾ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕਰ ਕੇ ਐਪਸ ਨੂੰ ਬੰਦ ਕਰਨ ਲਈ ਕਿਹਾ ਗਿਆ ਹੈ।

ਇਹ ਹੁਕਮਨਾਮਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਸੁਣਾਇਆ ਗਿਆ। ਉਨ੍ਹਾਂ ਜਾਰੀ ਹੁਕਮਨਾਮੇ ਵਿਚ ਆਖਿਆ ਕਿ ਅਮਰੀਕਾ ਵਾਸੀ ਥਮਿੰਦਰ ਸਿੰਘ ਨੇ ਮਰਜ਼ੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਬਦੀਲੀਆਂ ਕੀਤੀਆਂ ਹਨ, ਜਿਸ ਕਾਰਨ ਪੰਜ ਸਿੰਘ ਸਾਹਿਬਾਨ ਵੱਲੋਂ ਉਸ 'ਤੇ ਆਨਲਾਈਨ ਅਤੇ ਆਫਲਾਈਨ ਅਣ-ਅਧਿਕਾਰਤ ਛਪਾਈ 'ਤੇ ਰੋਕ ਲਾਈ ਗਈ ਹੈ। ਉਸ ਨੂੰ ਗੁਰਬਾਣੀ ਨਾਲ ਛੇੜਛਾੜ ਦੇ ਦੋਸ਼ ਹੇਠ ਦੋਸ਼ੀ ਮੰਨਦਿਆਂ ਤਨਖਾਹੀਆ ਐਲਾਨਿਆ ਗਿਆ ਹੈ ਤੇ ਇਕ ਮਹੀਨੇ ਵਿਚ ਅਕਾਲ ਤਖਤ 'ਤੇ ਪੇਸ਼ ਹੋਣ ਅਤੇ ਸਾਰਾ ਰਿਕਾਰਡ ਇੱਥੇ ਲਿਆਉਣ ਦੇ ਆਦੇਸ਼ ਦਿੱਤੇ ਗਏ ਹਨ। ਇਸ ਦੌਰਾਨ ਜਦੋਂ ਤੱਕ ਉਹ ਇਥੇ ਪੇਸ਼ ਨਹੀਂ ਹੁੰਦਾ, ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਸ ਨਾਲ ਕੋਈ ਵੀ ਤਾਲਮੇਲ ਨਾ ਰੱਖਣ ਅਤੇ ਨਾ ਹੀ ਉਸ ਨਾਲ ਕੋਈ ਸਾਂਝ ਰੱਖੀ ਜਾਵੇ। ਇਸੇ ਹੁਕਮਨਾਮੇ ਤਹਿਤ ਉਂਕਾਰ ਸਿੰਘ ਨੂੰ ਗੁਰਬਾਣੀ ਸੇਧਾਂ ਦੇ ਨਾਂ ਹੇਠ ਕੀਤੇ ਕਾਰਜ ਤੁਰਤ ਬੰਦ ਕਰਨ ਅਤੇ ਆਪਣਾ ਸਾਰਾ ਰਿਕਾਰਡ ਲੈ ਕੇ ਅਕਾਲ ਤਖਤ 'ਤੇ ਪੇਸ਼ ਹੋ ਕੇ ਜਮ੍ਹਾਂ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਹੱਥੀਂ ਲਿਖਣ ਦੀ ਸੇਵਾ ਕਰਨ ਬਾਰੇ ਪੁੱਜੀ ਮੰਗ 'ਤੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਵਿਦਵਾਨਾਂ ਦੀ ਕਮੇਟੀ ਵੱਲੋਂ ਕੀਤੀ ਸਿਫਾਰਸ਼ 'ਤੇ ਫੈਸਲਾ ਲਿਆ ਗਿਆ ਹੈ ਕਿ ਜੇ ਕੋਈ ਪਾਵਨ ਸਰੂਪ ਹੱਥੀਂ ਲਿਖਣ ਦੀ ਸੇਵਾ ਕਰਨਾ ਚਾਹੁੰਦਾ ਹੈ ਤਾਂ ਉਹ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਕੋਲੋਂ ਸ੍ਰੀ ਅਕਾਲ ਤਖਤ ਤੋਂ ਪ੍ਰਵਾਨਿਤ ਨਿਯਮਾਵਲੀ ਦੀਆਂ ਸ਼ਰਤਾਂ ਪੂਰੀਆਂ ਕਰ ਕੇ ਪ੍ਰਵਾਨਗੀ ਪ੍ਰਾਪਤ ਕਰੇ ਅਤੇ ਇਸ ਤੋਂ ਬਾਅਦ ਸੇਵਾ ਸ਼ੁਰੂ ਕਰੇ।

ਇਸੇ ਦੌਰਾਨ ਜਥੇਦਾਰ ਨੇ ਸ਼੍ਰੋਮਣੀ ਕਮੇਟੀ,

*(ਬਾਕੀ ਸਫਾ 6 'ਤੇ)*

Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com

Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# Tel.: 317-426-5410

**Ext. 2001 & 2403**

# XPressCargo

100% ਓਨਰ ਆਪਰੇਟਰ ਕੰਪਨੀ

## Pay Every Week

**100% OWNER OPERATOR COMPANY**

Pay Single 60 Cent + Team 70 Cent

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

## ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**

# ਪੂਰਾ ਦੇਸ਼ ਸਿੱਖਾਂ ਦੇ ਯੋਗਦਾਨ ਲਈ ਧੰਨਵਾਦੀ ਹੈ: ਮੋਦੀ

**ਨਵੀਂ ਦਿੱਲੀ:** ਨਵੇਂ ਭਾਰਤ ਵੱਲੋਂ ਪੂਰੀ ਦੁਨੀਆਂ 'ਚ ਆਪਣਾ ਪ੍ਰਭਾਵ ਛੱਡੇ ਜਾਣ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਥੇ ਆਪਣੀ ਰਿਹਾਇਸ਼ 'ਤੇ ਸਿੱਖਾਂ ਦੇ ਵਫਦ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਭਾਈਚਾਰਾ ਹੋਰ ਮੁਲਕਾਂ ਨਾਲ ਭਾਰਤ ਦੇ ਰਿਸ਼ਤਿਆਂ ਵਿਚ ਮਜ਼ਬੂਤ ਕੜੀ ਰਿਹਾ ਹੈ।



ਆਪਣੇ ਸੰਬੋਧਨ 'ਚ ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਆਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦੀ ਤੋਂ ਬਾਅਦ ਦੇ ਦੌਰ ਵਿਚ ਸਿੱਖਾਂ ਦੇ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦੀ ਹੈ। ਪ੍ਰਧਾਨ ਮੰਤਰੀ ਨੂੰ ਮਿਲਣ ਵਾਲੇ ਵਫਦ ਵਿਚ ਵੱਖ-ਵੱਖ ਵਰਗਾਂ ਦੇ ਨੁਮਾਇੰਦੇ ਸ਼ਾਮਲ ਸਨ। ਸ੍ਰੀ ਮੋਦੀ ਨੇ ਕਿਹਾ, "ਗੁਰੂਆਂ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ ਅਤੇ ਸਿੱਖ ਪਰੰਪਰਾ ਅਸਲ ਵਿਚ 'ਏਕ ਭਾਰਤ, ਸ੍ਰੇਸ਼ਠ ਭਾਰਤ' ਦੀ ਜਿਉਂਦੀ ਜਾਗਦੀ ਰਵਾਇਤ ਹੈ।"

ਉਨ੍ਹਾਂ ਕਿਹਾ ਕਿ ਨਵਾਂ ਭਾਰਤ ਨਵੇਂ ਦਿਸਹੱਦੇ ਛੂਹ ਰਿਹਾ ਹੈ ਅਤੇ ਪੂਰੀ ਦੁਨੀਆਂ 'ਤੇ ਇਸ ਦੀ ਛਾਪ ਛੱਡ ਰਿਹਾ ਹੈ ਅਤੇ ਇਸ ਦੀ ਸਭ ਤੋਂ ਵੱਡੀ ਮਿਸਾਲ ਕਰੋਨਾ ਮਹਾਮਾਰੀ ਦਾ ਸਮਾਂ ਹੈ। 'ਮਹਾਮਾਰੀ ਦੇ ਸ਼ੁਰੂ 'ਚ ਪੁਰਾਣੀ ਮਾਨਸਿਕਤਾ ਵਾਲੇ ਲੋਕ ਭਾਰਤ ਬਾਰੇ ਚਿੰਤਾ ਜਤਾ ਰਹੇ ਸਨ ਪਰ ਲੋਕ ਹੁਣ ਮੁਲਕ ਦੀਆਂ ਮਿਸਾਲਾਂ ਦੇ ਰਹੇ ਹਨ। ਪਹਿਲਾਂ ਆਖਿਆ ਜਾ ਰਿਹਾ ਸੀ ਕਿ ਇੰਨੀ ਵੱਡੀ ਆਬਾਦੀ ਲਈ ਭਾਰਤ ਵੈਕਸੀਨ ਕਿਥੋਂ ਲਵੇਗਾ, ਲੋਕਾਂ ਦੀ ਜ਼ਿੰਦਗੀ ਕਿਵੇਂ ਬਚਾਈ ਜਾ ਸਕੇਗੀ? ਪਰ ਅੱਜ ਭਾਰਤ ਵੈਕਸੀਨ ਦਾ ਸਭ ਤੋਂ ਵੱਡਾ ਨਿਰਮਾਤਾ ਬਣ ਕੇ ਉਭਰਿਆ ਹੈ।' ਭਾਰਤੀ ਪਰਵਾਸੀਆਂ ਦੀ ਸ਼ਲਾਘਾ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਹਮੇਸ਼ਾ ਰਾਸ਼ਟਰ ਦੂਤ ਸਮਝਦੇ ਰਹੇ ਹਨ।

'ਤੁਸੀਂ ਸਾਰੇ ਭਾਰਤ ਤੋਂ ਬਾਹਰ 'ਮਾਂ ਭਾਰਤੀ' ਦੀ ਆਵਾਜ਼ ਅਤੇ ਪਛਾਣ ਹੋ।' ਪ੍ਰਧਾਨ ਮੰਤਰੀ ਮੁਤਾਬਕ ਭਾਰਤ ਦੇ ਲੋਕ ਬਿਨਾਂ ਕਿਸੇ ਵਸੀਲਿਆਂ ਦੇ ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਗਏ ਅਤੇ ਆਪਣੀ ਮਿਹਨਤ ਰਾਹੀਂ ਸਫਲਤਾ ਹਾਸਲ ਕੀਤੀ। 'ਇਹ ਨਵੇਂ ਭਾਰਤ ਦੀ ਭਾਵਨਾ ਹੈ।' ਸ੍ਰੀ ਮੋਦੀ ਨੇ ਕਿਹਾ ਕਿ ਉਹ ਅਕਸਰ ਗੁਰਦੁਆਰੇ ਜਾਂਦੇ ਰਹਿੰਦੇ ਹਨ ਅਤੇ ਉਥੇ ਸੇਵਾ ਕਰਨ ਤੇ ਲੰਗਰ ਛਕਣ ਤੋਂ ਇਲਾਵਾ ਉਹ ਸਿੱਖ ਪਰਿਵਾਰਾਂ 'ਚ ਵੀ ਵਿਚਰਦੇ ਰਹੇ ਹਨ। 'ਸਿੱਖ ਸੰਤਾਂ ਦੇ ਚਰਨ ਇਥੇ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਪੈਂਦੇ ਰਹੇ ਹਨ। ਮੈਨੂੰ ਉਨ੍ਹਾਂ ਨਾਲ ਰਹਿਣ ਦਾ ਸੁਭਾਗ ਮਿਲਦਾ ਰਹਿੰਦਾ ਹੈ।' ਜ਼ਿਕਰਯੋਗ ਹੈ ਕਿ ਸ੍ਰੀ ਮੋਦੀ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਅਕਸਰ ਮਿਲਦੇ ਰਹਿੰਦੇ ਹਨ।

## 29 ਅਪਰੈਲ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਦਿਵਸ ਵਜੋਂ ਮਾਨਤਾ

**ਅੰਮ੍ਰਿਤਸਰ:** ਅਮਰੀਕੀ ਸੂਬੇ ਕਨੈਕਟੀਕਟ ਨੇ 29 ਅਪਰੈਲ ਨੂੰ ਸਿੱਖ ਨਸਲਕੁਸ਼ੀ ਯਾਦਗਾਰੀ ਦਿਵਸ ਵਜੋਂ ਮਾਨਤਾ ਦਿੱਤੀ ਹੈ। ਸੂਬੇ ਦੀ ਜਨਰਲ ਅਸੈਂਬਲੀ ਵਿਚ ਦਿੱਤੀ ਮਾਨਤਾ ਬਾਰੇ ਪੱਤਰ ਸੈਨੇਟਰ ਕੈਥੀ ਓਸਟਨ ਨੇ ਜਾਰੀ ਕੀਤਾ। 'ਵਰਲਡ ਸਿੱਖ ਪਾਰਲੀਮੈਂਟ' ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਇਹ ਸਿੱਖਾਂ ਲਈ ਵੱਡੀ ਪ੍ਰਾਪਤੀ ਹੈ। ਇਹ ਪੱਤਰ ਨਾਰਵਿਚ ਸਿਟੀ ਹਾਲ ਦੇ ਬਾਹਰ ਪੜ੍ਹਿਆ ਗਿਆ ਜਿਥੇ ਮੇਅਰ ਪੀਟਰ ਨਿਸਟਰੋਮ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਸਿਟੀ ਨਾਰਵਿਚ ਨੇ ਵੀ 29 ਅਪਰੈਲ ਨੂੰ 'ਖਾਲਿਸਤਾਨ ਐਲਾਨਨਾਮਾ' ਦਿਨ ਵਜੋਂ ਮਾਨਤਾ ਦਿੱਤੀ ਹੈ। ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰੇ ਡਾ. ਅਮਰਜੀਤ ਸਿੰਘ ਨੇ ਇਸ ਦਿਨ ਦੇ ਇਤਿਹਾਸ ਬਾਰੇ ਦੱਸਿਆ। ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਵੀ ਪੜ੍ਹ ਕੇ ਸੁਣਾਇਆ ਗਿਆ।

# ਸ਼੍ਰੋਮਣੀ ਕਮੇਟੀ ਵੈੱਬ ਚੈਨਲ ਸ਼ੁਰੂ ਕਰਨ ਤੋਂ ਪੱਛੜੀ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ 'ਚ ਹੁੰਦੇ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਸਿੱਖ ਸੰਸਥਾ ਵੱਲੋਂ ਆਪਣੇ ਵੈੱਬ ਚੈਨਲ 'ਤੇ ਸ਼ੁਰੂ ਕਰਨ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਗਏ ਹੁਕਮ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਫਿਲਹਾਲ ਸ਼੍ਰੋਮਣੀ ਕਮੇਟੀ ਪੱਛੜਦੀ ਦਿਖਾਈ ਦੇ ਰਹੀ ਹੈ।



ਫਿਲਹਾਲ ਕੀਰਤਨ ਦਾ ਸਿੱਧਾ ਪ੍ਰਸਾਰਨ ਇਕ ਨਿੱਜੀ ਚੈਨਲ ਵੱਲੋਂ ਕੀਤਾ ਜਾ ਰਿਹਾ ਹੈ, ਜਿਸ ਦੇ ਪ੍ਰਬੰਧਕਾਂ 'ਤੇ ਗੰਭੀਰ ਦੋਸ਼ ਲੱਗੇ ਹਨ। ਇਹ ਦੋਸ਼ ਲੱਗਣ ਮਗਰੋਂ ਸਿੱਖ ਸੰਗਤ ਵੱਲੋਂ ਮੰਗ ਕੀਤੀ ਗਈ ਹੈ ਕਿ ਨਿੱਜੀ ਚੈਨਲ ਰਾਹੀਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਬੰਦ ਕੀਤਾ ਜਾਵੇ। ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਅੱਠ ਅਪਰੈਲ ਨੂੰ ਲਿਖਤੀ ਰੂਪ ਵਿਚ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਸ਼ੁਰੂ ਕਰਨ ਲਈ ਕਿਹਾ ਸੀ ਤੇ ਨਿੱਜੀ ਚੈਨਲ ਸ਼ੁਰੂ ਹੋਣ ਤੱਕ ਇਹ ਪ੍ਰਸਾਰਨ ਸ਼੍ਰੋਮਣੀ ਕਮੇਟੀ ਨੂੰ ਆਪਣੇ ਵੈੱਬ ਚੈਨਲ ਰਾਹੀਂ ਕਰਨ ਲਈ ਕਿਹਾ ਗਿਆ ਸੀ।

ਇਸ ਕੰਮ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਕ ਹਫਤੇ ਦਾ ਸਮਾਂ ਮੰਗਿਆ ਗਿਆ ਸੀ। ਇਸ ਹੁਕਮ ਤੋਂ ਬਾਅਦ ਕਈ ਦਿਨ ਬੀਤ ਜਾਣ 'ਤੇ ਵੀ ਹਾਲੇ ਸ਼੍ਰੋਮਣੀ ਕਮੇਟੀ ਵੈੱਬ ਚੈਨਲ ਰਾਹੀਂ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਆਰੰਭ ਨਹੀਂ ਸਕੀ ਹੈ। ਸ਼੍ਰੋਮਣੀ ਕਮੇਟੀ ਦੇ ਸਦਨ ਵਿਚ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਵੱਲੋਂ ਇਹ ਮਾਮਲਾ ਬੀਤੇ ਦਿਨੀਂ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਉਭਾਰਿਆ ਗਿਆ ਸੀ। ਇਸ ਸਬੰਧੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਪ੍ਰਧਾਨ ਨੂੰ ਇਕ ਪੱਤਰ ਵੀ ਭੇਜਿਆ ਹੈ।

ਇਸ ਸਬੰਧੀ ਤਕਨੀਕੀ ਤੇ ਕਾਨੂੰਨੀ ਪੱਖਾਂ ਨੂੰ ਵੀ ਘੋਖਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਦੇ ਪ੍ਰਸਾਰਨ ਲਈ ਨਿੱਜੀ ਚੈਨਲ ਨਾਲ ਕੀਤੇ ਸਮਝੌਤੇ ਤਹਿਤ ਇਹ ਸਮਝੌਤਾ ਫਰਵਰੀ 2023 ਤੱਕ ਲਾਗੂ ਹੈ। ਇਸ ਦੌਰਾਨ ਵੈੱਬ ਚੈਨਲ ਸ਼ੁਰੂ ਕਰਨ ਲਈ ਬਣਾਈ ਸਬ-ਕਮੇਟੀ ਮੈਂਬਰ ਨੇ ਦੱਸਿਆ ਕਿ ਇਸ ਕਮੇਟੀ ਵੱਲੋਂ ਇਸ ਖੇਤਰ ਦੇ ਮਾਹਿਰਾਂ ਨਾਲ ਇਕ-ਦੋ ਮੀਟਿੰਗਾਂ ਵੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਕੰਮ ਸ਼੍ਰੋਮਣੀ ਕਮੇਟੀ ਲਈ ਤਕਨੀਕੀ ਪੱਖੋਂ ਨਵਾਂ ਹੈ, ਇਸ ਲਈ ਤਕਨੀਕੀ ਮਾਹਿਰਾਂ ਦੀ ਰਾਏ ਲਈ ਜਾ ਰਹੀ ਹੈ।

ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਇਸ ਵੈੱਬ ਚੈਨਲ ਨੂੰ ਸ਼ੁਰੂ ਕਰਨ ਲਈ ਇਕ ਪੰਜ ਮੈਂਬਰੀ ਕਮੇਟੀ ਬਣਾਈ ਹੋਈ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਮੋਹਨ ਸਿੰਘ ਬੰਗੀ, ਕੁਲਵੰਤ ਸਿੰਘ ਮੰਨਣ, ਗੁਰਚਰਨ ਸਿੰਘ ਗਰੇਵਾਲ ਅਤੇ ਸਰਵਣ ਸਿੰਘ ਕੁਲਾਰ ਸ਼ਾਮਲ ਹਨ। ਇਹ ਕਮੇਟੀ ਜਿਵੇਂ ਹੀ ਆਪਣੀ ਰਿਪੋਰਟ ਦੇਵੇਗੀ, ਉਸ ਤੋਂ ਬਾਅਦ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

# ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਮਨਜ਼ੂਰ



**ਮੁਹਾਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵਿਜੀਲੈਂਸ ਬਿਊਰੋ ਵੱਲੋਂ ਵਿਵਾਦਿਤ ਕੋਠੀ ਦੀ ਖਰੀਦੋ-ਫਰੋਖਤ ਦੇ ਮਾਮਲੇ ਵਿਚ ਨਾਮਜ਼ਦ ਸੂਬੇ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ। ਉਂਜ ਸੁਣਵਾਈ ਦੌਰਾਨ ਸਰਕਾਰੀ ਅਤੇ ਬਚਾਅ ਪੱਖ ਦੇ ਵਕੀਲਾਂ ਦਰਮਿਆਨ ਤਿੱਖੀ ਬਹਿਸ ਹੋਈ।

ਸੁਪਰੀਮ ਕੋਰਟ ਨੇ ਕੁਝ ਦਿਨ ਪਹਿਲਾਂ ਸਾਬਕਾ ਡੀ.ਜੀ.ਪੀ. ਨੂੰ ਅਦਾਲਤਾਂ ਵੱਲੋਂ ਵੱਡੀਆਂ ਰਾਹਤ ਦੇਣ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸਾਰੇ ਮਾਮਲਿਆਂ ਨੂੰ ਮੁੜ ਵਾਚਣ ਲਈ ਕਿਹਾ ਸੀ।

ਸਿਖਰਲੀ ਅਦਾਲਤ ਦੇ ਨਿੱਜੀ ਦਖਲ ਮਗਰੋਂ ਪੰਜਾਬ ਪੁਲਿਸ ਅਤੇ ਵਿਜੀਲੈਂਸ ਨੇ ਸੈਣੀ ਵਿਰੁੱਧ ਚੱਲ ਰਹੇ ਪੁਰਾਣੇ ਕੇਸਾਂ ਦੀਆਂ ਫਾਈਲਾਂ ਤੋਂ ਮਿੱਟੀ ਝਾੜਨੀ ਸ਼ੁਰੂ ਕੀਤੀ ਸੀ। ਸਾਬਕਾ ਡੀ.ਜੀ.ਪੀ. ਨੇ ਪੁਰਾਣੇ ਕੇਸ ਵਿਚ ਆਪਣੀ ਗ੍ਰਿਫਤਾਰੀ ਦਾ ਖਦਸ਼ਾ ਪ੍ਰਗਟ ਕਰਦਿਆਂ ਅਦਾਲਤ ਦਾ ਰੁਖ ਕੀਤਾ ਸੀ।

## ਢੀਂਡਸਾ ਵੱਲੋਂ ਬਾਦਲਾਂ ਨੂੰ ਸਿਆਸਤ ਤੋਂ ਲਾਂਭੇ ਹੋਣ ਦੀ ਸਲਾਹ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਬਾਦਲ ਪਰਿਵਾਰ ਨੂੰ ਸਲਾਹ ਦਿੱਤੀ ਹੈ ਕਿ ਉਹ ਪੰਥ ਤੇ ਪੰਜਾਬ ਦੀ ਭਲਾਈ ਲਈ ਸਿਆਸਤ ਤੋਂ ਲਾਂਭੇ ਹੋ ਜਾਣ। ਸ੍ਰੀ ਢੀਂਡਸਾ ਨੇ ਕਿਹਾ ਕਿ ਲੋਕਾਂ ਵਿਚ ਅਕਾਲੀ ਦਲ ਦੇ ਘਟੇ ਆਧਾਰ ਲਈ ਸਿਰਫ ਬਾਦਲ ਪਰਿਵਾਰ ਜ਼ਿੰਮੇਵਾਰ ਹੈ।

ਉਨ੍ਹਾਂ ਕਿਹਾ ਕਿ ਪੰਥ ਅਤੇ ਪੰਜਾਬ ਨੇ ਬਾਦਲ ਪਰਿਵਾਰ ਖਾਸ ਕਰ ਕੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਬਹੁਤ ਮਾਣ ਸਤਿਕਾਰ ਦਿੱਤਾ ਸੀ, ਪਰ ਅਫਸੋਸ ਦੀ ਗੱਲ ਹੈ ਕਿ ਸੱਤਾ ਦੇ ਨਸ਼ੇ ਵਿਚ ਇਹ ਪਰਿਵਾਰ ਲੋਕਾਂ ਦੀਆਂ ਆਸਾਂ 'ਤੇ ਖਰਾ ਨਹੀਂ ਉਤਰ ਸਕਿਆ। ਸ੍ਰੀ ਢੀਂਡਸਾ ਨੇ ਕਿਹਾ ਕਿ ਲੰਘੀਆਂ ਚੋਣਾਂ ਦੌਰਾਨ ਬਾਦਲਾਂ ਦੀ ਅਗਵਾਈ ਨੂੰ ਪੰਜਾਬੀਆਂ ਅਤੇ ਸਿੱਖਾਂ ਨੇ ਮੁੱਢੋਂ ਨਕਾਰ ਦਿੱਤਾ ਹੈ, ਇਸ ਲਈ ਹੁਣ ਬਾਦਲ ਪਰਿਵਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿਆਸਤ ਵਿਚ ਉਨ੍ਹਾਂ ਦਾ ਦੌਰ ਖਤਮ ਹੋ ਚੁੱਕਿਆ ਹੈ।

ਸ੍ਰੀ ਢੀਂਡਸਾ ਨੇ ਇਸ ਮੌਕੇ ਸਮੁੱਚੇ ਸਿੱਖ ਪੰਥ ਨੂੰ ਕੌਮ ਤੇ ਸਮਾਜ ਦੀ ਬਿਹਤਰੀ ਲਈ ਇਕਜੁੱਟ ਹੋ ਕੇ ਯਤਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਵੀ ਇਸ ਮਹਾਨ ਜਥੇਬੰਦੀ ਨੂੰ ਮਜ਼ਬੂਤੀ ਬਖਸ਼ਣ ਵਿਚ ਮਦਦ ਕਰਨ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਹ ਅਪੀਲ ਕੀਤੀ ਕਿ ਉਹ ਕੌਮ ਦੇ ਬਿਹਤਰੀ ਲਈ ਸਰਗਰਮ ਸਿਆਸਤ ਤੋਂ ਪਿੱਛੇ ਹਟ ਜਾਣ।

# ਬੰਦੀ ਸਿੱਖਾਂ ਦੀ ਰਿਹਾਈ ਨਾ ਕਰਨਾ ਸਿੱਖ ਵਿਰੋਧੀ ਮਾਨਸਿਕਤਾ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਜੇਲ੍ਹਾਂ ਵਿਚ ਆਪਣੀ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਨੂੰ ਰਿਹਾਅ ਨਾ ਕਰਨਾ ਸਰਕਾਰਾਂ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਥੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਬੰਦੀ ਸਿੱਖਾਂ ਦੀ ਰਿਹਾਈ ਲਈ ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬਾਨ, ਸ਼੍ਰੋਮਣੀ ਕਮੇਟੀ ਮੈਂਬਰ, ਅਧਿਕਾਰੀ ਤੇ ਕਰਮਚਾਰੀ ਸਮੇਤ ਸੰਗਤ ਹਾਜ਼ਰ ਸੀ। ਸ੍ਰੀ ਧਾਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਲਵੰਤ



ਸਿੰਘ ਰਾਜੋਆਣਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਜਗਤਾਰ ਸਿੰਘ ਹਵਾਰਾ ਸਣੇ ਵੱਡੀ ਗਿਣਤੀ ਸਿੱਖਾਂ ਨੂੰ ਉਮਰ ਕੈਦ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਬੀਤ ਚੁੱਕਿਆ ਹੈ। ਉਕਤ ਸਭ ਦੀ ਨਿਰਧਾਰਤ ਸਜ਼ਾਵਾਂ ਦੀ ਮਿਆਦ ਪੂਰੀ ਹੋ ਚੁੱਕੀ ਹੈ। ਇਸ ਦੇ ਬਾਵਜੂਦ ਇਨ੍ਹਾਂ ਨੂੰ ਰਿਹਾਅ ਨਾ ਕਰਨਾ ਸਰਕਾਰਾਂ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਰਿਹਾਈ ਲਈ ਸਮੁੱਚੇ ਸਿੱਖ ਪੰਥ ਵੱਲੋਂ ਅਰਦਾਸ ਕੀਤੀ ਗਈ ਹੈ।

## ਭੁੱਲਰ ਦੀ ਰਿਹਾਈ ਦੀ ਮੰਗ ਦਾ ਬਿੱਟਾ ਵੱਲੋਂ ਵਿਰੋਧ

**ਚੰਡੀਗੜ੍ਹ:** ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਮੁਖੀ ਐਮ.ਐਸ. ਬਿੱਟਾ ਨੇ 1993 ਦੇ ਦਿੱਲੀ ਬੰਬ ਧਮਾਕਾ ਕੇਸ 'ਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਚੁੱਕੇ ਜਾਣ ਵਾਲੇ ਕਿਸੇ ਵੀ ਕਦਮ ਦਾ ਵਿਰੋਧ ਕੀਤਾ ਹੈ। ਇਸ ਧਮਾਕੇ 'ਚ ਨੌਂ ਵਿਅਕਤੀ ਮਾਰੇ ਗਏ ਸਨ। ਬਿੱਟਾ ਨੇ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਕੁਝ ਸਿਆਸੀ ਪਾਰਟੀਆਂ ਭੁੱਲਰ ਦੀ ਰਿਹਾਈ ਦੀ ਮੰਗ ਕਰ ਰਹੀਆਂ ਹਨ। ਪੰਜਾਬ ਵਿਚ ਅਤਿਵਾਦ ਦੇ ਦੌਰ ਦਾ ਹਵਾਲਾ ਦਿੰਦਿਆਂ ਬਿੱਟਾ ਨੇ ਇਥੇ ਪ੍ਰੈੱਸ ਕਾਨਫਰੰਸ 'ਚ ਕਿਹਾ, 'ਕੁਝ ਲੋਕ ਉਨ੍ਹਾਂ ਦੀ ਹਮਾਇਤ ਕਰ ਰਹੀਆਂ ਹਨ ਜਿਨ੍ਹਾਂ ਨੇ ਬੇਕਸੂਰ ਲੋਕਾਂ ਦਾ ਖੂਨ ਵਹਾਇਆ ਪਰ ਕੋਈ ਉਨ੍ਹਾਂ 36 ਹਜ਼ਾਰ ਬੇਕਸੂਰ ਲੋਕਾਂ ਦੀ ਗੱਲ ਨਹੀਂ ਕਰਦਾ ਜੋ ਇਸ ਦੌਰਾਨ (ਅਤਿਵਾਦ ਦੇ ਦੌਰ 'ਚ) ਕਤਲ ਕੀਤੇ ਗਏ।'

# ਸ਼੍ਰੋਮਣੀ ਕਮੇਟੀ ਵੱਲੋਂ ਦਿੱਲੀ ਤੋਂ ਮੁਫਤ ਬੱਸ ਸੇਵਾ ਸ਼ੁਰੂ

**ਨਵੀਂ ਦਿੱਲੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਸਿੱਖ ਮਿਸ਼ਨ ਦਿੱਲੀ' ਤਹਿਤ ਦਿੱਲੀ ਦੀ ਸਿੱਖ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਣੇ ਪੰਜਾਬ ਤੇ ਹਰਿਆਣਾ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਲਈ ਮੁਫਤ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ, ਦਿੱਲੀ ਦਫਤਰ ਤੋਂ ਇਸ ਪਹਿਲੀ ਬੱਸ ਰਾਹੀਂ ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਨੇ ਵਿਸ਼ਨੂੰ ਗਾਰਡਨ ਦੀ ਸੰਗਤ ਨੂੰ ਰਵਾਨਾ ਕੀਤਾ। ਜ਼ਿਕਰਯੋਗ ਹੈ ਕਿ ਬੀਤੇ ਕਰੀਬ ਛੇ ਸਾਲਾਂ ਤੋਂ ਸਿੱਖ ਮਿਸ਼ਨ ਦਿੱਲੀ ਦੀਆਂ ਸਰਗਰਮੀਆਂ ਨਾਮਾਤਰ ਹੀ ਸਨ। ਇਸ ਵਾਰ ਦੀਆਂ ਦਿੱਲੀ ਕਮੇਟੀ ਚੋਣਾਂ ਦੌਰਾਨ ਬਾਦਲ ਧੜੇ ਦੇ 27 ਉਮੀਦਵਾਰਾਂ ਵੱਲੋਂ ਜਿੱਤ ਪ੍ਰਾਪਤ ਕਰਨ ਦੇ ਬਾਵਜੂਦ ਜਿੱਤੇ ਮੈਂਬਰਾਂ ਵਿਚੋਂ ਬਹੁਤੇ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ (ਦਿੱਲੀ ਸਟੇਟ) ਦੇ ਖੇਮੇ ਵਿਚ ਚਲੇ ਗਏ ਤੇ ਬਾਦਲ ਧੜਾ ਜਿੱਤ ਕੇ ਵੀ ਬਹੁਮਤ ਨਹੀਂ ਬਣਾ ਸਕਿਆ।



# ਸਿੱਖ ਜਥੇਬੰਦੀਆਂ ਵੱਲੋਂ ਪਾਵਨ ਸਰੂਪ ਨਾਲ ਮੂਰਤੀ ਪੂਜਾ ਕਰਨ ਦਾ ਵਿਰੋਧ


**ਅੰਮ੍ਰਿਤਸਰ:** ਸੂਬੇ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਮੰਗ ਪੱਤਰ ਦੇ ਕੇ ਕਿਹਾ ਹੈ ਕਿ ਕੁਝ ਡੇਰਿਆਂ ਵਿਚ ਪਾਵਨ ਸਰੂਪ ਦੇ ਨਾਲ ਮੂਰਤੀ ਪੂਜਾ ਵੀ ਕੀਤੀ ਜਾ ਰਹੀ ਹੈ, ਜੋ ਮਨਮਤ ਹੈ ਅਤੇ ਇਸ ਨੂੰ ਰੋਕਣ ਲਈ ਤੁਰਤ ਕਾਰਵਾਈ ਹੋਣੀ ਚਾਹੀਦੀ ਹੈ। ਮੰਗ ਪੱਤਰ ਦੇਣ ਵਾਲਿਆਂ ਜਥੇਬੰਦੀਆਂ ਵਿਚ ਸਿੱਖ ਯੂਥ ਫੈਡਰੇਸ਼ਨ (ਭਿੰਡਰਾਂਵਾਲਾ) ਦੇ ਰਣਜੀਤ ਸਿੰਘ ਦਮਦਮੀ ਟਕਸਾਲ, ਸਤਿਕਾਰ ਕਮੇਟੀ ਦੇ ਬਲਬੀਰ ਸਿੰਘ ਮੁੱਛਲ ਤੇ ਹੋਰ ਹਾਜ਼ਰ ਸਨ। ਜਥੇਬੰਦੀਆਂ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ 'ਚ ਜਥੇਦਾਰ ਹਰਪ੍ਰੀਤ ਸਿੰਘ ਦੇ ਨਾਂ ਦਿੱਤੇ ਮੰਗ ਪੱਤਰ 'ਚ ਕਿਹਾ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਮੁਹੱਲਾ ਬਹਾਦਰਪੁਰ ਦੇ ਡੇਰੇ 'ਚ ਪਾਵਨ ਸਰੂਪ ਦੇ ਨਾਲ ਮੂਰਤੀ ਵੀ ਰੱਖੀ ਹੋਈ ਹੈ। ਇਸੇ ਜ਼ਿਲ੍ਹੇ ਦੇ ਇਕ ਪਿੰਡ ਬੈਂਸ ਸਤਾਕੀ 'ਚ ਵੀ ਗੁਰੂ ਘਰ ਵਿਚ ਮੂਰਤੀ ਰੱਖ ਕੇ ਪੂਜੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਹੁਕਮਨਾਮੇ ਮੁਤਾਬਕ ਇਹ ਮਨਮਤ ਹੈ। ਉਨ੍ਹਾਂ ਮੰਗ ਕੀਤੀ ਕਿ ਮਨਮਤ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇ ਤੇ ਗੁਰੂ ਘਰਾਂ ਵਿਚੋਂ ਮੂਰਤੀਆਂ ਨੂੰ ਹਟਾਇਆ ਜਾਵੇ।

# ਡਾ. ਜਸਵਿੰਦਰ ਸਿੰਘ ਵਲੋਂ ਸੰਪਾਦਤ ਪੁਸਤਕ 'ਸੁਖਵਿੰਦਰ ਕੰਬੋਜ ਅਤੇ ਕਾਵਿ-ਦ੍ਰਿਸ਼ਟੀ' ਲੋਕ ਅਰਪਣ

**ਹੇਵਰਡ:** ਬੀਤੇ ਦਿਨੀਂ ਵਿਪਸਾ ਬੇ ਏਰੀਆ ਵਲੋਂ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਸਾਹਿਤਕ ਮਿਲਣੀ ਕਰਵਾਈ ਗਈ। ਇਸ ਮੌਕੇ ਪੰਜਾਬੀ ਯੂਨੀਵਰਸਟੀ ਦੇ ਸਾਬਕਾ ਪ੍ਰੋ. ਅਤੇ ਡੀਨ (ਅਕੈਡਿਮਕ ਅਫੇਅਰਜ਼) ਡਾ. ਜਸਵਿੰਦਰ ਸਿੰਘ ਵਲੋਂ ਸੰਪਾਦਤ ਪੁਸਤਕ 'ਸੁਖਵਿੰਦਰ ਕੰਬੋਜ ਅਤੇ ਕਾਵਿ-ਦ੍ਰਿਸ਼ਟੀ' ਜ਼ੂਮ ਮਾਧਿਅਮ ਰਾਹੀਂ ਲੋਕ ਅਰਪਣ ਕੀਤੀ ਗਈ। ਇਸ ਮੌਕੇ ਦੇਸ ਵਿਦੇਸ਼ ਤੋਂ ਵਿਦਵਾਨ ਅਤੇ ਸਾਹਿਤਕਾਰ ਸ਼ਾਮਲ ਹੋਏ। ਇਸ ਪੁਸਤਕ ਬਾਰੇ ਕਸ਼ਮੀਰ ਤੋਂ ਜ਼ੂਮ ਰਾਹੀਂ ਆਪਣੀ ਹਾਜ਼ਰੀ ਭਰ ਰਹੇ ਪ੍ਰੋ. ਸੁਰਿੰਦਰ ਸੀਰਤ ਨੇ ਕਿਹਾ ਕਿ ਡਾ. ਸੁਖਵਿੰਦਰ ਕੰਬੋਜ ਨਾਲ਼ ਉਨ੍ਹਾਂ ਦੀ ਬਹੁਤ ਪੁਰਾਣੀ ਸਾਂਝ ਹੈ। ਸੁਖਵਿੰਦਰ ਦੀ ਸਿਰਜਣਾ ਦਾ ਹਿੱਸਾ ਆਲ਼ੇ ਦੁਆਲ਼ੇ ਜੀਵਨ ਹੰਢਾਅ ਰਹੇ ਲੋਕਾਂ ਦਾ ਸੱਚ ਹੈ। ਸੁਖਵਿੰਦਰ ਉਹ ਮੋਹਰੀ ਸ਼ਾਇਰ ਹੈ, ਜੋ ਪੰਜਾਬੀ ਕਵਿਤਾ 'ਚ ਲਗਾਤਾਰ ਵਾਧਾ ਕਰਦੇ ਹੋਏ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣ ਰਿਹਾ ਹੈ। ਨਿਮਰਤਾ ਦੇ ਧਾਰਨੀ ਸੁਖਵਿੰਦਰ ਕੰਬੋਜ ਦੀ ਸ਼ਖ਼ਸੀਅਤ ਤੋਂ ਉਹ ਬੇਹੱਦ ਪ੍ਰਭਾਵਿਤ ਹਨ।

ਡਾ. ਸੁਰਜੀਤ ਭੱਟੀ ਨੇ ਪੁਸਤਕ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਪੁਸਤਕ ਡਾ. ਜਸਵਿੰਦਰ ਨੇ ਆਪਣੀ ਪੁਖਤਗੀ ਨਾਲ਼ ਸੰਪਾਦਤ ਕੀਤੀ ਹੈ। ਇਸ ਪੁਸਤਕ ਵਿਚ ਲਿਖੇ ਸਾਰੇ ਲੇਖ ਸੁਖਵਿੰਦਰ ਦੀ ਸ਼ਖ਼ਸੀਅਤ ਅਤੇ ਸਿਰਜਣ ਕਲਾ ਦੀ ਹੂ ਬ ਹੂ ਤਸਵੀਰ ਖਿੱਚਦੇ ਹਨ। ਲਿਖਤ ਦਾ ਸ਼ਖ਼ਸੀਅਤ ਨਾਲ ਮਾਂ-ਬਾਪ ਵਰਗਾ ਸੰਬੰਧ ਹੁੰਦਾ ਹੈ। ਆਪਣੀ ਲਿਖਤ ਨਾਲ ਅਜਿਹਾ ਸੰਬੰਧ ਸੁਖਵਿੰਦਰ ਨੇ ਬਣਾਇਆ ਹੈ। ਉਸ ਨੇ ਪਿੰਡ, ਪੰਜਾਬ, ਭਾਰਤ ਅਤੇ ਦੁਨੀਆ ਨਾਲੋਂ ਕਵਿਤਾ ਨੂੰ ਟੁੱਟਣ ਨਹੀਂ ਦਿੱਤਾ। ਮਹਾਂ ਨਗਰੀ ਸਭਿਆਚਾਰ ਬੰਦੇ ਨੂੰ ਬੰਦਾ ਰਹਿਣ ਨਹੀਂ ਦਿੰਦਾ, ਇਹ ਸੱਚ ਸੁਖਵਿੰਦਰ ਦੀ ਕਵਿਤਾ ਵਿਚ ਹੈ। ਹਰਿਆਣਾ ਤੋਂ ਜੁੜੇ ਨਿਰਮਲ ਸਿੰਘ ਗੰਗਾ ਨੇ ਕਿਹਾ ਕਿ ਕਵਿਤਾ ਵਿਚ ਆਪਣੇ ਆਪ ਲਈ ਜਾਂ ਸਮਾਜ ਲਈ ਸਵਾਲ ਉਠਾਉਣਾ ਸੁਖਵਿੰਦਰ ਕੰਬੋਜ ਦੀ ਸਿਰਜਣਾ ਦੀ ਵਿਸ਼ੇਸ਼ਤਾ ਹੈ। ਡਾ. ਦਵਿੰਦਰ ਸ਼ੈਫ਼ੀ ਨੇ ਕਿਹਾ ਕਿ ਉਨ੍ਹਾਂ ਨੂੰ ਕਿਤਾਬ ਬਹੁਤ ਸੁਹਣੀ ਲੱਗੀ ਹੈ ਅਤੇ ਉਹ ਸੁਖਵਿੰਦਰ ਦੀ ਕਵਿਤਾ ਦਾ ਮੈਟਾ ਅਧਿਐਨ ਕਰਨਗੇ। ਡਾ. ਸੁਰਿੰਦਰ ਧੰਜਲ ਨੇ ਕਿਹਾ ਕਿ ਇਸ ਪੁਸਤਕ ਦੇ ਚਾਰ ਭਾਗਾਂ ਵਿਚ 40 ਦਸਤਾਵੇਜ਼ ਸ਼ਾਮਲ ਹਨ, ਜਿਨ੍ਹਾਂ ਵਿਚ ਸਾਹਿਤ ਅਕੈਡਮੀ ਪੁਰਸਕਾਰ ਪ੍ਰਾਪਤ ਲੇਖਕਾਂ ਦਾ ਸ਼ਾਮਲ ਹੋਣਾ ਪੁਸਤਕ ਦੀ ਵੱਡੀ ਪ੍ਰਾਪਤੀ ਹੈ। ਸੁਖਵਿੰਦਰ ਨੇ ਯੂ ਐਸ ਏ ਦੀ ਹੀ ਨਹੀਂ ਸਗੋਂ ਸਮੁੱਚੀ ਪੰਜਾਬੀ ਕਾਵਿ-ਪਰੰਪਰਾ ਨੂੰ ਮਾਣ ਮੱਤਾ ਕੀਤਾ ਹੈ।

ਨਾਮਵਰ ਕਹਾਣੀਕਾਰ ਅਜਮੇਰ ਸਿੱਧੂ ਨੇ ਕਿਹਾ ਕਿ ਇਸ ਪੁਸਤਕ ਨੂੰ ਪੜ੍ਹ ਕੇ ਉਨ੍ਹਾਂ ਨੂੰ ਬਹੁਤ ਵਧੀਆ ਲੱਗਿਆ। ਡਾ. ਜਸਵਿੰਦਰ ਨੇ 369 ਸਫ਼ਿਆਂ ਦੀ ਇਸ ਵੱਡ ਅਕਾਰੀ ਪੁਸਤਕ ਵਿਚ 40-50 ਸਾਲਾਂ ਦੀ ਕਵਿਤਾ ਦੇ ਇਤਿਹਾਸ ਦੇ ਦਰਸ਼ਨ ਕਰਵਾਏ ਹਨ। ਕਵਿਤਾ ਪਹਿਲਾਂ ਕੀ ਸੀ? ਹੁਣ ਕਿੱਥੇ ਖੜ੍ਹੀ ਹੈ? ਡਾ. ਸੁਖਵਿੰਦਰ ਕੰਬੋਜ ਦੀ ਕਵਿਤਾ ਦਾ ਸਮਕਾਲੀ ਕਵਿਤਾ ਵਿਚ ਕੀ ਸਥਾਨ ਹੈ? ਇਸ ਤੋਂ ਵੀ ਵੱਧ ਇਸ ਪੁਸਤਕ ਦਾ ਇਕ ਹੋਰ ਵਧੀਆ ਪੱਖ ਕਿ ਡਾ. ਜਸਵਿੰਦਰ ਨੇ ਆਲੋਚਕਾਂ ਅਤੇ ਲੇਖਕਾਂ ਦੋਵਾਂ ਦੇ ਲੇਖ ਸ਼ਾਮਲ ਕੀਤੇ ਹਨ। ਇਕ ਹੀ ਰਚਨਾ ਨੂੰ ਅਲੋਚਕ ਕਿਵੇਂ ਪਰਖਦਾ ਹੈ ਅਤੇ ਲੇਖਕ ਕਿਵੇਂ ਸੋਚਦੇ ਨੇ ਪੁਸਤਕ ਪੜ੍ਹਨ ਉਪਰੰਤ ਇਹ ਸਵਾਲ ਪਾਠਕ ਦੇ ਮਨ ਵਿਚ ਉੱਠਦਾ ਹੈ? ਉਨ੍ਹਾਂ ਹੋਰ ਕਿਹਾ ਕਿ ਪੁਸਤਕ ਵਿਚ ਲੇਖਕਾਂ ਦੇ ਲੇਖ ਆਲੋਚਕਾਂ ਦੇ ਲੇਖਾਂ 'ਤੇ ਭਾਰੂ ਪੈ ਰਹੇ ਪ੍ਰਤੀਤ ਹੁੰਦੇ ਹਨ ਜੋ ਸਿਰਜਣਾ ਨੂੰ ਨਵੇਂ ਅਰਥ ਪ੍ਰਦਾਨ ਕਰਦੇ ਹਨ। ਆਲੋਚਨਾ ਵਾਲੀ ਭਾਸ਼ਾ ਦੀ ਤਰੀਫ਼ ਕਰਨੀ ਵੀ ਬਣਦੀ ਹੈ ਕਿਉਂਕਿ ਆਲੋਚਕਾਂ ਨੇ ਇਸ ਭਾਸ਼ਾ ਨੂੰ ਬਹੁਤ ਸਰਲ ਤਰੀਕੇ ਨਾਲ਼ ਲਿਖਿਆ ਹੈ। ਨਵੇਂ ਆਲੋਚਕ, ਨਵੇਂ ਅਰਥ, ਸਾਲਾਂ ਨੂੰ ਮੁਖਾਤਿਬ ਕਵਿਤਾ, ਪਰਵਾਸੀ ਜੀਵਨ ਦਾ ਪਸਾਰ ਅਤੇ ਵਿਸਥਾਰ ਪੁਸਤਕ ਦੀ ਰੌਚਿਕਤਾ ਬਣਦਾ ਹੈ। ਡਾ. ਜਸਵਿੰਦਰ ਸਿੰਘ ਅਤੇ ਡਾ. ਕੰਬੋਜ ਵਧਾਈ ਦੇ ਹੱਕਦਾਰ ਹਨ। ਚਰਨਜੀਤ ਸਿੰਘ ਪੰਨੂੰ ਨੇ ਕਿਹਾ ਕਿ ਡਾ. ਜਸਵਿੰਦਰ ਨੇ ਇਸ ਪੁਸਤਕ ਨੂੰ ਸੰਪਾਦਤ ਕਰ ਕੇ ਸਿਰਫ਼ ਡਾ. ਸੁਖਵਿੰਦਰ ਦਾ ਹੀ ਨਹੀਂ ਸਗੋਂ ਪੂਰੀ ਵਿਪਸਾ ਦਾ ਮਾਣ ਵਧਾਇਆ ਹੈ। ਪ੍ਰੋਗਰਾਮ ਦੇ ਅੰਤ ਵਿਚ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਇਸ ਪੁਸਤਕ ਦੀ ਸੰਪਾਦਨਾ ਦਾ ਅਨੁਭਵ ਖੁਸ਼ਗਵਾਰ ਰਿਹਾ। ਜਿੱਥੇ ਵੀ ਇਹ ਪੁਸਤਕ ਪੁੱਜੀ ਹੈ ਇਸ ਦੀ ਸ਼ਲਾਘਾ ਹੋਈ ਹੈ। ਸੁਖਵਿੰਦਰ ਨੇ ਆਪਣੀ ਕਵਿਤਾ ਵਿਚ ਭਾਰਤ ਦੀ ਕ੍ਰਾਂਤੀਕਾਰੀ ਸੰਵੇਦਨਾ ਨੂੰ ਜੋੜਿਆ ਹੈ। ਇਹ ਕਵਿਤਾ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਹਾਸਲ ਕਰ ਰਹੀ ਹੈ ਅਤੇ ਸਾਨੂੰ ਭਵਿੱਖ ਵਿਚ ਹੋਰ ਵੱਡੀਆਂ ਆਸਾਂ ਹਨ। ਇਸ ਤੋਂ ਇਲਾਵਾ ਡਾ. ਧਨਵੰਤ ਕੌਰ, ਅਮਰਜੀਤ ਕੌਰ ਪੰਨੂੰ, ਸੁਰਜੀਤ ਸਖੀ,ਐਸ ਅਸ਼ੋਕ ਭੌਰਾ, ਬੀਬੀ ਸੁਰਜੀਤ ਕੌਰ, ਹਰਪ੍ਰੀਤ ਕੌਰ ਧੂਤ ਆਦਿ ਨੇ ਡਾ. ਜਸਵਿੰਦਰ ਸਿੰਘ ਅਤੇ ਡਾ. ਸੁਖਵਿੰਦਰ ਕੰਬੋਜ ਨੂੰ ਇਸ ਵਧੀਆ ਕਾਰਜ ਲਈ ਵਧਾਈ ਦਿੱਤੀ। ਇਸ ਉਪਰੰਤ ਕਵੀ ਦਰਬਾਰ ਵਿਚ ਹਰਪ੍ਰੀਤ ਕੌਰ, ਬੀਬੀ ਸੁਰਜੀਤ ਕੌਰ, ਸੁਰਜੀਤ ਸਖੀ, ਚਰਨਜੀਤ ਸਿੰਘ ਪੰਨੂੰ, ਡਾ. ਸੁਰਿੰਦਰ ਧੰਜਲ, ਡਾ. ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਮੰਚ ਸੰਚਾਲਨ ਕ੍ਰਮਵਾਰ ਲਾਜ ਨੀਲਮ ਸੈਣੀ ਅਤੇ ਕੁਲਵਿੰਦਰ ਨੇ ਕੀਤਾ।



*-ਰਿਪੋਰਟ: ਲਾਜ ਨੀਲਮ ਸੈਣੀ*
*(ਸਹਾਇਕ ਸਕੱਤਰ ਵਿਪਸਾ)*
*ਫੋਨ: 510-502-0551*

## 20ਵਾਂ ਮੇਲਾ ਗਦਰੀ ਬਾਬਿਆਂ ਦਾ ਕਾਲੇ ਪਾਣੀ ਦੇ ਸ਼ਹੀਦਾਂ ਨੂੰ ਹੋਵੇਗਾ ਸਮਰਪਿਤ

**ਫਰਿਜ਼ਨੋ (ਕੁਲਵੀਰ ਹੇਅਰ):** ਗਦਰੀ ਬਾਬਿਆਂ ਅਤੇ ਦੇਸ਼ ਭਗਤਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਦੀ 20ਵੇਂ ਮੇਲੇ ਦੀਆਂ ਤਿਆਰੀਆਂ ਸਬੰਧੀ ਇਕ ਅਹਿਮ ਮੀਟਿੰਗ ਹੋਈ।

ਮੀਟਿੰਗ ਦੀ ਜਾਣਕਾਰੀ ਦਿੰਦਿਆਂ ਫੋਰਮ ਦੇ ਉਪ ਪ੍ਰਧਾਨ ਨਵਦੀਪ ਧਾਲੀਵਾਲ ਨੇ ਦੱਸਿਆ ਕਿ ਪਿਛਲੀ ਮੀਟਿੰਗ ਵਿਚ ਲਗਾਈਆਂ ਗਈਆਂ ਡਿਊਟੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਮੇਲੇ ਦੇ ਪ੍ਰਬੰਧਾਂ ਨੂੰ ਹੋਰ ਵਧੀਆ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਹਰ ਸਾਲ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਕਰਵਾਇਆ ਜਾਂਦਾ ਹੈ, ਜੋ ਵੱਖ ਵੱਖ ਦੇਸ਼ ਭਗਤਾਂ ਅਤੇ ਗਦਰੀ ਬਾਬਿਆਂ ਨੂੰ ਸਮਰਪਿਤ ਕੀਤਾ ਜਾਂਦਾ ਹੈ। ਇਸ ਵਾਰ ਦਾ 20ਵਾਂ ਮੇਲਾ ਕਾਲੇ ਪਾਣੀਆਂ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ। ਇਸ ਮੇਲੇ ਵਿਚ ਸ਼ਹੀਦਾਂ ਸਬੰਧੀ ਚਿੱਤਰ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਮੁੱਖ ਮਹਿਮਾਨ ਡਾ. ਸਵੈਮਾਨ ਸਿੰਘ ਅਤੇ ਹੋਰ ਬੁਲਾਰੇ ਦੇਸ਼ ਦੇ ਸ਼ਹੀਦਾਂ ਬਾਰੇ ਵਿਚਾਰ ਪੇਸ਼ ਕਰਨਗੇ। ਮੰਚ ਸੰਚਾਲਨ ਆਸ਼ਾ ਸ਼ਰਮਾ ਵਲੋਂ ਹੋਵੇਗਾ। ਗਾਇਕ ਸੱਤੀ ਪਾਬਲਾ, ਜੀਤਾ ਗਿੱਲ, ਰਾਜ ਬਰਾੜ ਤੋਂ ਇਲਾਵਾ ਹੋਰ ਬਹੁਤ ਸਾਰੇ ਕਲਾਕਾਰ ਪਹੁੰਚ ਕੇ ਸੰਗੀਤਕ ਪ੍ਰੋਗਰਾਮ ਪੇਸ਼ ਕਰਨਗੇ।

ਜੀ ਐਚ ਜੀ ਅਕੈਡਮੀ ਦੇ ਬੱਚਿਆਂ ਵਲੋਂ ਗਿੱਧਾ-ਭੰਗੜਾ ਪੇਸ਼ ਕੀਤਾ ਜਾਵੇਗਾ। ਇਹ 20ਵਾਂ ਮੇਲਾ 15 ਮਈ ਦਿਨ ਐਤਵਾਰ ਨੂੰ ਸੈਂਟਰਲ ਹਾਈ ਸਕੂਲ (3535 N Cornelia ave Fresno CA 93722) ਵਿਖੇ ਦੁਪਹਿਰ 12 ਵਜੇ ਸ਼ੁਰੂ ਹੋਵੇਗਾ। ਇਸ ਮੀਟਿੰਗ ਵਿਚ ਸਮੂਹ ਮੈਂਬਰ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।


# ਮਿਨੀਸੋਟਾ ਵਿਚ ਦੋ ਹੈਲਪਰਾਂ ਦੀ ਲੋੜ ਹੈ

**ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਦੋ ਤਜਰਬੇਕਾਰ ਹੈਲਪਰਾਂ ਦੀ ਲੋੜ ਹੈ।**



**ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ**

*ਸੰਪਰਕ ਕਰੋ:*

**ਫੋਨ: 651-353-9584**

19-20


### *ਗੋਲੀਬਾਰੀ ਵਿਚ ਇਕ ਹਲਾਕ, ਪੰਜ ਜ਼ਖਮੀ*

**ਜੈਕਸਨ: ਜੈਕਸਨ, ਮਿਸੀਸਿਪੀ ਵਿਚ ਚਿੱਕੜ ਉਤਸਵ ਦੌਰਾਨ ਹੋਈ ਮਾਮੂਲੀ ਤਕਰਾਰ ਉਪਰੰਤ ਗੋਲੀਆਂ ਚੱਲ ਗਈਆਂ ਜਿਸ ਦੌਰਾਨ ਇਕ ਜਣੇ ਦੀ ਮੌਤ ਹੋ ਗਈ ਤੇ 5 ਹੋਰ ਜ਼ਖਮੀ ਹੋ ਗਏ। ਹਿੰਡਸ ਕਾਊਂਟੀ ਦੇ ਸ਼ੈਰਿਫ ਟਾਇਰੀ ਜੋਨਸ ਨੇ ਕਿਹਾ ਹੈ ਕਿ 2 ਜਾਂ 3 ਲੋਕਾਂ ਵਿਚਾਲੇ ਹੋਈ ਗੋਲੀਬਾਰੀ ਦੀ ਘਟਨਾ ਵਿਚ ਪੁਲਿਸ ਨੂੰ ਦਖਲ ਦੇਣਾ ਪਿਆ। ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਕਿ ਵਿਅਕਤੀ ਦੀ ਮੌਤ ਪੁਲਿਸ ਦੀ ਗੋਲੀ ਨਾਲ ਹੋਈ ਹੋਏ ਪਰੰਤੂ ਇਸ ਬਾਰੇ ਸਹੀ ਜਾਣਕਾਰੀ ਘਟਨਾ ਦੀ ਜਾਂਚ ਉਪਰੰਤ ਹੀ ਮਿਲੇਗੀ। ਉਨ੍ਹਾਂ ਕਿਹਾ ਕਿ ਜ਼ਖਮੀਆਂ ਦੀ ਹਾਲਤ ਸਥਿਰ ਹੈ। ਮਾਰਿਆ ਗਿਆ ਵਿਅਕਤੀ ਗੋਲੀਬਾਰੀ ਵਿਚ ਸ਼ਾਮਿਲ ਸੀ ਤੇ ਪੁਲਿਸ ਅਫਸਰ ਨੂੰ ਉਸ ਉਪਰ ਕਾਬੂ ਪਾਉਣ ਲਈ ਗੋਲੀ ਚਲਾਉਣੀ ਪਈ।**

# Matrimonials

## ਲੜਕੇ ਦੀ ਲੋੜ ਹੈ

Khatri Sikh Family looking for a USA Citizen, Green Card, H1 or Work Permit match for their 37 years, MBA, MS Finance, divorcee issueless USA Green Card holder daughter working USA Fortune 500 Company in New York upstate. Please contact us at: ajsw399@gmail.com or +1 913 602 9071 18-21

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ। 18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Sikh Ramgarhia family looking for a simple Punjabi Girl in USA or Canada for their 36 years, 5' 10" son. Working as a professional CDL driver in Canada. Please contact us at: Hunjan.Inders@gmail.com

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India.
Contact us at: 417-846-3741
**ਸਿੱਖ ਕੰਬੋਜ *29 ਸਾਲਾ 5'10"*, ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ** 417-846-3741 **'ਤੇ ਸੰਪਰਕ ਕਰ ਸਕਦੇ ਹਨ।** apr16- may16

Ravidasia Sikh Boy 27, 5'6" Data Analyst at Optum, part of United Health Group. Working and living in Chicago suburbs with elder brother, looking for a suitable match. Qualification: Master's degree in Industrial Engineering from New Jersey Institute of Technology, NJ and Bachelor's in Mechanical Engineering from Thapar University, Patiala, India.
Contact us at: 312-909-3827 and bipinloi07@gmail.com 16-19

Sikh Ramgarhia family Looking for a simple Punjab Girl (21-28) in the USA or Canada for thier 28, 5'9" son. Masters Degree in Electrical Engineering. Working in the Automotive Industry. Please contact us at: MSLally1958@gmail.com" 14-17

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com 13-16

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

# ਪਟਿਆਲਾ ਹਿੰਸਾ ਮਾਮਲੇ 'ਤੇ ਪੰਜਾਬ ਦੀਆਂ ਸਿਆਸੀ ਧਿਰਾਂ ਆਹਮੋ-ਸਾਹਮਣੇ

**ਚੰਡੀਗੜ੍ਹ:** ਪਟਿਆਲਾ ਵਿਚ ਖਾਲਿਸਤਾਨ ਦੇ ਮੁੱਦੇ 'ਤੇ ਹਿੰਦੂ ਤੇ ਸਿੱਖ ਜਥੇਬੰਦੀਆਂ ਵਿਚ ਹੋਏ ਟਕਰਾਅ ਨੂੰ ਲੈ ਕੇ ਪੰਜਾਬ ਦੀ ਸਿਆਸਤ ਭਖ ਗਈ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜਿਥੇ ਇਸ ਲਈ ਅਕਾਲੀ ਦਲ ਤੇ ਭਾਜਪਾ ਨੂੰ ਜ਼ਿੰਮੇਵਾਰ ਦੱਸਿਆ ਹੈ, ਉਥੇ ਦੋਵਾਂ ਧਿਰਾਂ ਨੇ ਆਪ ਸਰਕਾਰ ਨੂੰ ਘੇਰ ਲਿਆ ਹੈ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਕਤ ਘਟਨਾ ਪਿੱਛੇ ਵਿਰੋਧੀ ਪਾਰਟੀਆਂ ਦਾ ਹੱਥ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਸੀ। 'ਆਪ' ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਸਰਕਾਰ ਦੀ ਪਿੱਠ ਥਾਪੜਦਿਆਂ ਉਸ ਵੱਲੋਂ 48 ਘੰਟਿਆਂ ਵਿਚ ਘਟਨਾ ਦੇ ਮੁੱਖ ਸਾਜ਼ਿਸ਼ਕਾਰ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਆਖੀ ਹੈ। ਉਧਰ, ਭਾਜਪਾ ਇਸ ਮਾਮਲੇ ਲਈ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ ਅਤੇ ਦੋਸ਼ ਲਾਇਆ ਕਿ ਉਸ ਨੇ ਖ਼ੁਫੀਆ ਵਿੰਗ ਦੀਆਂ ਰਿਪੋਰਟਾਂ ਦੇ ਬਾਵਜੂਦ ਲੋੜੀਂਦੇ ਪ੍ਰਬੰਧ ਨਹੀਂ ਕੀਤੇ ਸਨ।

ਭਾਜਪਾ ਦੇ ਸੂਬਾ ਜਨਰਲ ਸਕੱਤਰ ਸੁਭਾਸ਼ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ 'ਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਠੀਕ ਕਰਨ ਦੀ ਥਾਂ ਵਿਰੋਧੀਆਂ 'ਤੇ ਦੋਸ਼ ਲਗਾ ਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਟਿਆਲਾ ਦੀ ਘਟਨਾ ਤੋਂ ਬਾਅਦ ਆਈ.ਜੀ, ਡੀ.ਆਈ.ਜੀ. ਅਤੇ ਐਸ.ਐਸ.ਪੀ. ਨੂੰ ਬਦਲ ਦਿੱਤਾ ਗਿਆ, ਜਦਕਿ ਇਸ ਦੀ ਜ਼ਿੰਮੇਵਾਰੀ ਭਗਵੰਤ ਸਿੰਘ ਮਾਨ ਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮਾਨ ਨੂੰ ਗ੍ਰਹਿ ਮੰਤਰੀ ਦਾ ਅਹੁਦਾ ਛੱਡ ਦੇਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਟਿਆਲਾ ਵਿਚ ਵਾਪਰੀਆਂ ਹਿੰਸਕ ਘਟਨਾਵਾਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਘਟਨਾਵਾਂ ਸਿੱਧੇ ਤੌਰ 'ਤੇ ਪ੍ਰਸ਼ਾਸਨਿਕ ਅਵੇਸਲਾਪਣ ਅਤੇ ਗੈਰ-ਜ਼ਿੰਮੇਵਾਰਾਨਾ ਸਿਆਸਤ ਦਾ ਨਤੀਜਾ ਹਨ, ਜੋ 'ਆਪ' ਸਰਕਾਰ ਦੀ ਕਾਰਜਸ਼ੈੱਲੀ ਦੀ ਪਛਾਣ ਬਣ ਚੁੱਕੇ ਹਨ।

ਉਨ੍ਹਾਂ ਕਿਹਾ, 'ਪੰਜਾਬ ਵਿਚ ਕੁਰਬਾਨੀਆਂ ਦੇ ਕੇ ਕਾਇਮ ਕੀਤੀ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਲਈ 'ਆਪ' ਸਰਕਾਰ ਨੇ ਪਿਛਲੇ ਕੁਝ ਹਫਤਿਆਂ ਦੌਰਾਨ ਹੀ ਗੰਭੀਰ ਖਤਰੇ ਪੈਦਾ ਕਰ ਦਿੱਤੇ ਗਏ ਹਨ।' ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਭਰੋਸਾ ਦੁਆਇਆ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਏਕਤਾ, ਅਮਨ ਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਲਈ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਹਰ ਸਾਰਥਕ ਪਹਿਲਕਦਮੀ ਦਾ ਪੂਰਾ ਸਮਰਥਨ ਕਰੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਪਟਿਆਲਾ ਹਿੰਸਾ ਲਈ 'ਆਪ' ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਚੰਦੂਮਾਜਰਾ ਨੇ ਕਿਹਾ ਕਿ ਮੀਡੀਆ ਰਿਪੋਰਟਾਂ ਅਨੁਸਾਰ ਪਟਿਆਲਾ ਵਿਚ ਤਣਾਅ ਦੀ ਸੰਭਾਵਨਾ ਬਾਰੇ ਖੁਫੀਆ ਸੂਚਨਾਵਾਂ ਦੇ ਬਾਵਜੂਦ ਪੁਲਿਸ ਅਤੇ ਪੰਜਾਬ ਸਰਕਾਰ ਇਸ ਸਬੰਧੀ ਕਾਰਵਾਈ ਕਰਨ ਵਿਚ ਅਸਫਲ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਖੁਫੀਆ ਸੂਚਨਾਵਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਜਾਣਕਾਰੀ ਵਿਚ ਸਨ ਪਰ ਬਿਜਲੀ ਸੰਕਟ, ਕਣਕ ਦਾ ਘੱਟ ਝਾੜ ਅਤੇ ਹੋਰ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਪਟਿਆਲਾ ਵਿਚ ਟਕਰਾਅ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਗਈ।

## ਪੰਜਾਬ ਦੀ ਸ਼ਾਂਤੀ ਭੰਗ ਨਹੀਂ ਹੋਣ ਦਿਆਂਗੇ: ਕੇਜਰੀਵਾਲ

**ਨਵੀਂ ਦਿੱਲੀ:** ਪਟਿਆਲਾ ਵਿਚ ਦੋ ਧੜਿਆਂ ਵਿਚ ਹੋਈਆਂ ਝੜਪਾਂ ਤੋਂ ਇਕ ਦਿਨ ਮਗਰੋਂ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਪੰਜਾਬ ਵਿਚ ਸ਼ਾਂਤੀ ਭੰਗ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਇਥੇ ਮੁੱਖ ਮੰਤਰੀਆਂ ਅਤੇ ਹਾਈ ਕੋਰਟਾਂ ਦੇ ਚੀਫ ਜਸਟਿਸਾਂ ਦੀ ਸਾਂਝੀ ਕਾਨਫਰੰਸ ਤੋਂ ਇਕਪਾਸੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਜੋ ਵੀ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰੇਗਾ, ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਟਕਰਾਅ ਸੁਰੱਖਿਆ ਏਜੰਸੀਆਂ ਦੀ ਨਾਕਾਮੀ: ਸਿਮਰਨਜੀਤ

**ਜਲੰਧਰ:** ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਟਿਆਲਾ ਵਿਚ ਹੋਏ ਟਕਰਾਅ ਨੂੰ ਸੁਰੱਖਿਆ ਏਜੰਸੀਆਂ ਦੀ ਨਾਕਾਮੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਸ਼ਿਵ ਸੈਨਾ ਨਾਲ ਨਹੀਂ ਸਗੋਂ ਕੇਂਦਰ ਨਾਲ ਟਕਰਾਅ ਹੈ, ਜਿਹੜਾ ਪੰਥਕ ਮਸਲੇ ਹੱਲ ਨਹੀਂ ਕਰ ਰਿਹਾ। ਮਾਨ ਨੇ ਕਿਹਾ ਕਿ ਦੇਸ਼ ਦੀਆਂ ਸੂਹੀਆ ਏਜੰਸੀਆਂ 'ਆਈਬੀ' ਤੇ 'ਰਾਅ' ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀਆਂ ਹਨ। ਇਨ੍ਹਾਂ ਕੋਲ ਕਿਸੇ ਮਾਮਲੇ ਵਿਚ ਅਗਾਊਂ ਸੂਚਨਾ ਨਹੀਂ ਹੁੰਦੀ, ਭਾਵੇਂ ਉਹ ਘਰੇਲੂ ਮਸਲੇ ਹੋਣ ਜਾਂ ਕੌਮਾਂਤਰੀ ਪੱਧਰ ਦੇ।

# ਪਰਵਾਨਾ ਅਤੇ ਸ਼ਿਵ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਸਣੇ ਛੇ ਹੋਰ ਗ੍ਰਿਫਤਾਰ

**ਪਟਿਆਲਾ:** ਖਾਲਿਸਤਾਨ ਦੇ ਮੁੱਦੇ 'ਤੇ ਮਾਰਚ ਕੱਢਣ ਦੌਰਾਨ 29 ਅਪਰੈਲ ਨੂੰ ਪਟਿਆਲਾ ਵਿਚ ਸਿੱਖਾਂ ਅਤੇ ਹਿੰਦੂ ਕਾਰਕੁਨਾਂ ਦਰਮਿਆਨ ਹੋਏ ਟਕਰਾਅ ਸਬੰਧੀ ਮੁੱਖ ਸਾਜ਼ਿਸ਼ਘਾੜੇ ਕਰਾਰ ਦਿੱਤੇ ਗਏ ਸਿੱਖ ਨੌਜਵਾਨ ਬਰਜਿੰਦਰ ਸਿੰਘ ਪਰਵਾਨਾ (38) ਅਤੇ ਸ਼ਿਵ ਸੈਨਾ (ਬਾਲ ਠਾਕਰੇ) ਦੇ ਜ਼ਿਲ੍ਹਾ ਪ੍ਰਧਾਨ ਸ਼ੰਕਰ ਭਾਰਦਵਾਜ ਸਮੇਤ ਛੇ ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੁਲਿਸ ਨੇ ਭੜਕਾਊ ਪ੍ਰਚਾਰ ਦੇ ਦੋਸ਼ ਹੇਠ ਪੰਡਤ ਅਸ਼ਵਨੀ ਗੱਗੀ, ਰਾਜਿੰਦਰ ਸਿੰਘ ਸਮਾਣਾ, ਦਵਿੰਦਰ ਸਿੰਘ ਜੀਂਦ ਅਤੇ ਵਾਸਦੇਵ ਵਾਸੀ ਫਤਿਹਗੜ੍ਹ ਸਾਹਿਬ ਨੂੰ ਵੀ ਗ੍ਰਿਫਤਾਰ ਕੀਤਾ ਹੈ। ਗਰਮਖਿਆਲੀ ਵਿਚਾਰਧਾਰਾ ਵਾਲੇ ਪਰਵਾਨਾ ਖਿਲਾਫ ਪਹਿਲਾਂ ਵੀ ਚਾਰ ਕੇਸ ਚੱਲ ਰਹੇ ਹਨ ਜਿਨ੍ਹਾਂ 'ਚੋਂ ਦੋ ਇਰਾਦਾ ਕਤਲ ਦੇ ਹਨ। ਪੁਲਿਸ ਮੁਤਾਬਕ ਪਰਵਾਨਾ ਨੇ ਸਿੱਖਾਂ ਨੂੰ ਭੜਕਾ ਕੇ ਕਾਲੀ ਮਾਤਾ ਮੰਦਰ ਵੱਲ ਮਾਰਚ ਕੱਢਣ ਦਾ ਸੱਦਾ ਦਿੱਤਾ ਸੀ। ਪਰਵਾਨਾ ਉਰਫ ਸਨੀ ਸੋਸ਼ਲ ਮੀਡੀਆ 'ਤੇ ਆਪਣੇ ਭੜਕਾਊ ਭਾਸ਼ਨਾਂ ਲਈ ਜਾਣਿਆ ਜਾਂਦਾ ਹੈ। ਉਹ 2007-08 'ਚ ਸਿੰਗਾਪੁਰ ਗਿਆ ਸੀ ਅਤੇ 18 ਮਹੀਨਿਆਂ ਮਗਰੋਂ ਉਥੋਂ ਪਰਤ ਆਇਆ ਸੀ। ਉਸ ਨੇ ਰਾਜਪੁਰਾ 'ਚ ਆਪਣੀ ਜਥੇਬੰਦੀ 'ਦਮਦਮੀ ਟਕਸਾਲ' ਬਣਾਈ ਸੀ ਅਤੇ ਕਿਸਾਨਾਂ ਵੱਲੋਂ ਕੀਤੇ ਗਏ ਅੰਦੋਲਨ 'ਚ ਵੀ ਉਸ ਨੇ ਸ਼ਮੂਲੀਅਤ ਕੀਤੀ ਸੀ।

## ਸ਼੍ਰੋਮਣੀ ਕਮੇਟੀ ਵੱਲੋਂ ਪਰਵਾਨਾ ਖਿਲਾਫ ਕੇਸ ਦਰਜ ਕਰਨ ਦਾ ਵਿਰੋਧ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਨੌਜਵਾਨ ਆਗੂ ਬਲਜਿੰਦਰ ਸਿੰਘ ਪਰਵਾਨਾ ਦੀ ਪਿੱਠ 'ਤੇ ਆ ਗਈ ਹੈ। ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਤੇ ਜਰਨੈਲ ਸਿੰਘ ਕਰਤਾਰਪੁਰ ਨੇ ਕਿਹਾ ਕਿ ਬਰਜਿੰਦਰ ਸਿੰਘ ਪਰਵਾਨਾ ਖਿਲਾਫ ਕੇਸ ਦਰਜ ਕਰਨਾ ਗਲਤ ਹੈ, ਕਿਉਂਕਿ ਘਟਨਾ ਮੌਕੇ ਉਹ ਤਾਂ ਉਥੇ ਮੌਜੂਦ ਹੀ ਨਹੀਂ ਸੀ। ਉਨ੍ਹਾਂ ਟਕਰਾਅ ਦੀ ਘਟਨਾ ਲਈ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਅਤੇ ਪੁਲਿਸ ਨੂੰ ਜ਼ਿੰਮੇਵਾਰ ਦੱਸਿਆ, ਜੋ ਹਾਲਾਤ 'ਤੇ ਕਾਬੂ ਪਾਉਣ 'ਚ ਨਾਕਾਮ ਰਹੀ।

## ਬਿੱਟੂ ਹੱਤਿਆ ਕੇਸ ਵਿਚ ਪੰਜਾਬ ਸਰਕਾਰ ਨੂੰ 21 ਲੱਖ ਮੁਆਵਜ਼ਾ ਦੇਣ ਦੇ ਹੁਕਮ

**ਚੰਡੀਗੜ੍ਹ:** ਬੇਅਦਬੀ ਮਾਮਲਿਆਂ ਦੇ ਮੁੱਖ ਮੁਲਜ਼ਮ ਮਹਿੰਦਰ ਪਾਲ ਬਿੱਟੂ ਦੀ 22 ਜੂਨ 2019 ਨੂੰ ਨਾਭਾ ਜੇਲ੍ਹ ਵਿਚ ਸਾਥੀ ਕੈਦੀਆਂ ਵੱਲੋਂ ਕੀਤੀ ਗਈ ਹੱਤਿਆ ਨੂੰ ਜੇਲ੍ਹ ਪ੍ਰਸ਼ਾਸਨ ਦੀ ਅਣਗਹਿਲੀ ਕਰਾਰ ਦਿੰਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਮ੍ਰਿਤਕ ਦੇ ਪਰਿਵਾਰ ਨੂੰ 21 ਲੱਖ 83 ਹਜ਼ਾਰ 581 ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਹਨ।

ਇਹ ਹੁਕਮ ਜਸਟਿਸ ਰਾਜ ਮੋਹਨ ਸਿੰਘ ਨੇ ਮ੍ਰਿਤਕ ਮਹਿੰਦਰ ਪਾਲ ਬਿੱਟੂ ਦੇ ਪਿਤਾ ਰਾਮ ਲਾਲ ਵੱਲੋਂ ਐਡਵੋਕੇਟ ਬਲਤੇਜ ਸਿੰਘ ਸਿੱਧੂ ਰਾਹੀਂ ਮ੍ਰਿਤਕ ਦੀ ਪਤਨੀ ਅਤੇ ਉਸ ਦੇ ਦੋ ਪੁੱਤਰਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਸਬੰਧੀ ਦਾਇਰ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਦਿੱਤਾ ਗਿਆ ਹੈ। ਇਹ ਵੀ ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਪਹਿਲਾਂ ਹੀ ਇਕ ਲੱਖ ਰੁਪਏ ਜਾਰੀ ਕਰ ਚੁੱਕੀ ਹੈ। ਇਸ ਲਈ ਹਾਈ ਕੋਰਟ ਨੇ ਹੁਣ ਪੰਜਾਬ ਸਰਕਾਰ ਨੂੰ ਬਕਾਇਆ 20 ਲੱਖ 83 ਹਜ਼ਾਰ 581 ਰੁਪਏ ਤਿੰਨ ਮਹੀਨਿਆਂ ਵਿਚ ਜਾਰੀ ਕਰਨ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਇਹ ਰਕਮ ਇਸ ਸਮੇਂ ਦੇ ਅੰਦਰ ਜਾਰੀ ਨਹੀਂ ਹੁੰਦੀ ਹੈ ਤਾਂ ਉਸ ਤੋਂ ਬਾਅਦ ਇਹ ਰਕਮ 6 ਫੀਸਦੀ ਵਿਆਜ ਨਾਲ ਜਾਰੀ ਕਰਨੀ ਪਵੇਗੀ।

# ਗੁਜਰਾਤ ਵਿਚ ਕੇਜਰੀਵਾਲ ਨੇ ਬੀ.ਟੀ.ਪੀ. ਨਾਲ ਪਾਈ ਸਾਂਝ

**ਭਰੂਚ:** ਇਸ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਸੂਬੇ ਦੇ ਆਦਿਵਾਸੀਆਂ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਉਹ ਰਾਜ ਵਿਚ ਬਦਲਾਅ ਲਿਆਉਣ ਤੇ ਗਰੀਬਾਂ ਦੇ ਜੀਵਨ ਵਿਚ ਸੁਧਾਰ ਲਿਆਉਣ ਲਈ ਭਾਰਤੀ ਟ੍ਰਾਈਬਲ ਪਾਰਟੀ (ਬੀ.ਟੀ.ਪੀ.) ਦੇ ਸੰਸਥਾਪਕ ਛੋਟੂ ਵਸਾਵਾ ਦੇ ਨਾਲ ਕੰਮ ਕਰਕੇ ਖੁਸ਼ ਹਨ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਗੁਜਰਾਤ ਵਿਚ ਆਪਣੀ ਪਹਿਲੀ ਰੈਲੀ 'ਚ ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਸੱਤਾਧਾਰੀ ਭਾਜਪਾ ਤੇ ਵਿਰੋਧੀ ਧਿਰ ਕਾਂਗਰਸ ਅਮੀਰਾਂ ਨਾਲ ਖੜ੍ਹੀ ਹੈ ਪਰ ਉਹ ਛੋਟੂ ਵਸਾਵਾ, ਬੀ.ਟੀ.ਪੀ. ਦੇ ਕੌਮੀ ਪ੍ਰਧਾਨ ਮਹੇਸ਼ ਵਸਾਵਾ ਦੇ ਛੋਟੇ ਭਰਾ ਅਤੇ ਰਾਜ ਦੇ ਗਰੀਬ ਲੋਕਾਂ ਨਾਲ ਖੜ੍ਹੇ ਹਨ। ਉਨ੍ਹਾਂ ਭਰੂਚ ਦੇ ਚੰਦੇਰੀਆ ਪਿੰਡ ਵਿਚ ਬੀ.ਟੀ.ਪੀ. ਨਾਲ ਸਾਂਝੇ ਰੂਪ ਵਿਚ ਕਰਵਾਏ 'ਆਦਿਵਾਸੀ ਸੰਕਲਪ ਮਹਾਸੰਮੇਲਨ' ਵਿਚ ਕਿਹਾ, 'ਸੋਚਣ ਵਾਲੀ ਗੱਲ ਹੈ ਕਿ ਸਾਡੇ ਦੇਸ਼ ਦੇ ਦੋ ਸਭ ਤੋਂ ਅਮੀਰ ਵਿਅਕਤੀ ਗੁਜਰਾਤ ਤੋਂ ਹਨ, ਤੇ ਸਾਡੇ ਦੇਸ਼ ਦੇ ਸਭ ਤੋਂ ਗਰੀਬ ਆਦਿਵਾਸੀ ਵੀ ਗੁਜਰਾਤ ਤੋਂ ਹਨ।' ਕੇਜਰੀਵਾਲ ਨੇ ਆਦਿਵਾਸੀਆਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਮੌਕਾ ਦੇਣ, ਉਹ ਉਨ੍ਹਾਂ ਦੀ ਗਰੀਬੀ ਦੂਰ ਕਰ ਦੇਣਗੇ, ਬੱਚਿਆਂ ਨੂੰ ਸਿੱਖਿਆ ਦੇਣਗੇ ਤੇ ਹਸਪਤਾਲ ਬਣਾਉਣਗੇ। ਇਸ ਤੋਂ ਇਲਾਵਾ ਰੁਜ਼ਗਾਰ ਦਾ ਪ੍ਰਬੰਧ ਵੀ ਕਰਨਗੇ। 'ਆਪ' ਆਗੂ ਨੇ ਕਿਹਾ ਕਿ ਗੁਜਰਾਤ ਨੂੰ ਬਦਲਣ ਲਈ ਉਹ ਬੀ.ਟੀ.ਪੀ. ਨਾਲ ਮਿਲ ਕੇ ਕੰਮ ਕਰਨਗੇ।

## ਐਨ.ਸੀ.ਐਮ. ਵੱਲੋਂ ਸਿੱਖਾਂ 'ਤੇ ਹਮਲੇ ਦਾ ਮੁੱਦਾ ਉਠਾਉਣ ਦੀ ਅਪੀਲ

**ਨਵੀਂ ਦਿੱਲੀ:** ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ (ਐਨ.ਸੀ.ਐਮ.) ਨੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਕਿ ਉਹ ਅਮਰੀਕਾ ਕੋਲ ਸਿੱਖਾਂ 'ਤੇ ਹਮਲੇ ਦਾ ਮੁੱਦਾ ਉਠਾਉਣ ਅਤੇ ਇਹ ਯਕੀਨੀ ਬਣਾਉਣ ਕਿ ਅਮਰੀਕਾ ਵਿਚ ਨਫਰਤ ਨੂੰ ਰੋਕਣ ਅਤੇ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਢੁਕਵੇਂ ਕਦਮ ਚੁੱਕੇ ਜਾਣ। ਕਮਿਸ਼ਨ ਨੇ ਇਕ ਬਿਆਨ ਵਿੱਚ ਕਿਹਾ ਕਿ 3 ਅਪਰੈਲ ਨੂੰ ਅਮਰੀਕਾ ਦੇ ਰਿਚਮੰਡ ਹਿੱਲ, ਨਿਊ ਯਾਰਕ ਵਿਚ ਇੱਕ ਸਿੱਖ ਵਿਅਕਤੀ 'ਤੇ ਹੋਏ ਹਮਲੇ ਦੇ ਸਬੰਧ ਵਿਚ ਪੰਜਾਬ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਦਾਇਰ ਅਪੀਲ ਦਾ ਨੋਟਿਸ ਲਿਆ ਹੈ। ਬਿਆਨ ਵਿਚ ਕਿਹਾ ਗਿਆ ਕਿ ਰਿਚਮੰਡ ਹਿੱਲ ਵਿਚ ਸੈਰ ਕਰਦੇ ਸਮੇਂ ਇਕ ਸਿੱਖ ਵਿਅਕਤੀ ਉਤੇ ਹਮਲਾ ਕੀਤਾ ਗਿਆ, ਜਿਸ ਨੂੰ ਸਿੱਖਾਂ ਅਤੇ ਭਾਰਤੀ ਪਰਵਾਸੀਆਂ ਦੀ ਵੱਡੀ ਆਬਾਦੀ ਲਈ ਲਿਟਲ ਪੰਜਾਬ ਵੀ ਕਿਹਾ ਜਾਂਦਾ ਹੈ। ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਸਿੱਖਾਂ 'ਤੇ ਹਮਲਿਆਂ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਦੀਆਂ ਰਿਪੋਰਟਾਂ 'ਤੇ ਫਿਕਰ ਜ਼ਾਹਿਰ ਕੀਤਾ ਹੈ।

# ਪਾਕਿਸਤਾਨ ਗਏ 17 ਕਸ਼ਮੀਰੀ ਨੌਜਵਾਨ ਮੁਕਾਬਲਿਆਂ 'ਚ ਹਲਾਕ

**ਸ੍ਰੀਨਗਰ:** ਜਾਇਜ਼ ਵੀਜ਼ੇ 'ਤੇ ਪਾਕਿਸਤਾਨ ਗਏ 17 ਕਸ਼ਮੀਰੀ ਨੌਜਵਾਨਾਂ ਦੇ ਅਤਿਵਾਦੀ ਮੁਕਾਬਲਿਆਂ ਦੌਰਾਨ ਘਾਟੀ ਵਿਚ ਮਾਰੇ ਜਾਣ ਸਬੰਧੀ ਅਧਿਕਾਰੀਆਂ ਨੇ ਫਿਕਰਮੰਦੀ ਜ਼ਾਹਿਰ ਕੀਤੀ ਹੈ ਕਿ ਆਈ.ਐਸ.ਆਈ. ਇਥੇ ਖਾੜਕੂਵਾਦ ਨੂੰ ਸਵਦੇਸ਼ੀ ਲਹਿਰ ਵਿਚ ਰੰਗਣ ਲਈ ਨਵਾਂ ਢੰਗ ਅਪਣਾ ਰਹੀ ਹੈ।



ਅਧਿਕਾਰੀਆਂ ਨੇ ਦੱਸਿਆ ਕਿ ਸਾਲ 2015 ਤੋਂ ਵੱਡੀ ਗਿਣਤੀ ਵਿਚ ਨੌਜਵਾਨ ਉੱਚ ਸਿੱਖਿਆ ਹਾਸਲ ਕਰਨ, ਰਿਸ਼ਤੇਦਾਰਾਂ ਨੂੰ ਮਿਲਣ ਜਾਂ ਵਿਆਹ ਕਰਵਾਉਣ ਦੇ ਮਕਸਦ ਨਾਲ ਜਾਇਜ਼ ਵੀਜ਼ੇ 'ਤੇ ਪਾਕਿਸਤਾਨ ਗਏ ਸਨ। ਹਾਲ ਹੀ ਵਿਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਅਤੇ ਦਿ ਆਲ ਇੰਡੀਅਨ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, ਦਿ ਹਾਇਰ ਐਂਡ ਟੈਕਨੀਕਲ ਐਜੂਕੇਸ਼ਨ ਰੈਗੂਲੇਟਰੀ ਆਫ ਦਿ ਕੰਟਰੀ ਨੇ ਇਕ ਬਿਆਨ ਜਾਰੀ ਕਰਕੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਪਾਕਿਸਤਾਨ ਨਾ ਜਾਣ ਦੀ ਸਲਾਹ ਦਿੱਤੀ ਹੈ।

ਯੂ.ਜੀ.ਸੀ. ਅਤੇ ਏ.ਆਈ.ਸੀ.ਟੀ.ਈ. ਨੇ ਇਕ ਸਾਂਝੇ ਬਿਆਨ ਵਿਚ ਕਿਹਾ ਸੀ ਕਿ ਕੋਈ ਵੀ ਭਾਰਤੀ ਨਾਗਰਿਕ/ਭਾਰਤ ਦਾ ਵਿਦੇਸ਼ੀ ਨਾਗਰਿਕ ਜੇਕਰ ਪਾਕਿਸਤਾਨ ਦੇ ਕਿਸੇ ਵੀ ਕਾਲਜ/ਸਿੱਖਿਆ ਸੰਸਥਾ ਤੋਂ ਡਿਗਰੀ ਕਰਦਾ ਹੈ ਤਾਂ ਉਹ ਪਾਕਿਸਤਾਨ ਵਿਚ ਹਾਸਲ ਕੀਤੀ ਸਿੱਖਿਆ ਦੇ ਆਧਾਰ 'ਤੇ ਭਾਰਤ ਵਿੱਚ ਰੁਜ਼ਗਾਰ ਜਾਂ ਉੱਚ ਸਿੱਖਿਆ ਲੈਣ ਦੇ ਯੋਗ ਨਹੀਂ ਹੋਵੇਗਾ। ਅਧਿਕਾਰੀਆਂ ਨੇ ਇਸ ਪਿੱਛੇ ਵਜ੍ਹਾ ਦੱਸਦਿਆਂ ਕਿਹਾ ਸੀ ਕਿ ਸਰਹੱਦ ਤੋਂ ਪਾਰ ਜਾਣ 'ਤੇ ਇਨ੍ਹਾਂ ਨੌਜਵਾਨਾਂ ਨੂੰ ਗੁਮਰਾਹ ਕੀਤਾ ਗਿਆ ਅਤੇ ਇਨ੍ਹਾਂ ਵਿਚੋਂ ਕਈਆਂ ਨੂੰ ਹਥਿਆਰਾਂ ਦੀ ਸਿਖਲਾਈ ਦਿੱਤੀ ਗਈ ਅਤੇ ਮਨੀ ਲਾਂਡਰਿੰਗ ਲਈ ਵਰਤਿਆ ਗਿਆ। ਜੰਮੂ-ਕਸ਼ਮੀਰ ਪੁਲੀਸ ਦੀ ਰਾਜ ਜਾਂਚ ਏਜੰਸੀ (ਐਸ.ਆਈ.ਏ.) ਨੇ ਪਾਕਿਸਤਾਨੀ ਕਾਲਜਾਂ ਵਿੱਚ ਐਮ.ਬੀ.ਬੀ.ਐਸ. ਦੀਆਂ ਸੀਟਾਂ ਵੇਚਣ ਅਤੇ ਦਹਿਸ਼ਤੀ ਗਤੀਵਿਧੀਆਂ ਲਈ ਕਮਾਈ ਦੀ ਵਰਤੋਂ ਕਰਨ ਲਈ ਇਕ ਹੁਰੀਅਤ ਆਗੂ ਅਤੇ ਹੋਰਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਜੰਮੂ ਅਤੇ ਕਸ਼ਮੀਰ ਤੋਂ ਸੈਂਕੜੇ ਵਿਦਿਆਰਥੀ ਉੱਚ ਸਿੱਖਿਆ ਲਈ ਪਾਕਿਸਤਾਨ ਗਏ ਅਤੇ ਇਨ੍ਹਾਂ ਵਿਚੋਂ ਕਈਆਂ ਨੂੰ ਗੁਮਰਾਹ ਕਰਕੇ ਹਥਿਆਰਾਂ ਦੀ ਸਿਖਲਾਈ ਦਿੱਤੀ ਗਈ ਜਾਂ ਸਰਹੱਦ ਪਾਰੋਂ ਜਾਣਕਾਰੀ ਹਾਸਲ ਕਰਨ ਦੇ ਇਰਾਦੇ ਨਾਲ ਸਲੀਪਰ ਸੈੱਲ ਵਜੋਂ ਭਰਤੀ ਕੀਤਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉੱਚ ਸਿੱਖਿਆ ਹਾਸਲ ਕਰਨ ਦੇ ਉਦੇਸ਼ ਨਾਲ ਜਾਇਜ਼ ਵੀਜ਼ੇ 'ਤੇ ਪਾਕਿਸਤਾਨ ਗਏ 17 ਨੌਜਵਾਨ ਜਾਂ ਤਾਂ ਸਰਹੱਦ 'ਤੇ ਜਾਂ ਅਤਿਵਾਦੀ ਮੁਕਾਬਲੇ ਦੌਰਾਨ ਮਾਰੇ ਗਏ। ਸੁਰੱਖਿਆ ਅਧਿਕਾਰੀ ਉਨ੍ਹਾਂ ਨੌਜਵਾਨਾਂ ਦਾ ਪਤਾ ਲਗਾ ਰਹੇ ਹਨ, ਜੋ ਥੋੜ੍ਹੇ ਸਮੇਂ ਲਈ ਜਾਇਜ਼ ਵੀਜ਼ੇ 'ਤੇ ਪਾਕਿਸਤਾਨ ਗਏ ਸਨ ਅਤੇ ਵਾਪਸ ਆਉਣ ਮਗਰੋਂ ਲਾਪਤਾ ਹੋ ਗਏ ਸਨ। ਉਨ੍ਹਾਂ ਦੱਸਿਆ ਕਿ ਲਾਪਤਾ ਹੋਏ ਨੌਜਵਾਨ ਮੱਧਵਰਗੀ ਪਰਿਵਾਰ ਨਾਲ ਸਬੰਧਤ ਹਨ ਅਤੇ ਇਨ੍ਹਾਂ ਵਿੱਚੋਂ ਕਈਆਂ ਨੂੰ ਕਸ਼ਮੀਰ ਵਿੱਚ ਅਤਿਵਾਦ ਦਾ ਨਵਾਂ ਚਿਹਰਾ ਦੱਸਿਆ ਗਿਆ ਹੈ।

## ਸ਼ਾਹਬਾਜ਼ ਦੇ ਦੌਰੇ ਦੀ ਕਵਰੇਜ ਨਾ ਕਰਨ 'ਤੇ ਪੀ.ਟੀ.ਵੀ. ਮੁਲਾਜ਼ਮ ਮੁਅੱਤਲ

**ਇਸਲਾਮਾਬਾਦ:** ਪਾਕਿਸਤਾਨ ਦੇ ਸਰਕਾਰੀ 'ਪੀ.ਟੀ.ਵੀ' ਨੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਇਕ ਦੌਰੇ ਦੀ 'ਢੁਕਵੀਂ' ਕਵਰੇਜ ਕਰਨ ਵਿਚ ਨਾਕਾਮ ਰਹਿਣ 'ਤੇ ਆਪਣੇ 17 ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਸ਼ਾਹਬਾਜ਼ ਲਾਹੌਰ ਆਏ ਸਨ ਤੇ ਕਵਰੇ ਠੀਕ ਢੰਗ ਨਾਲ ਨਾ ਹੋਣ ਲਈ ਚੰਗਾ ਲੈਪਟਾਪ ਮੌਜੂਦ ਨਾ ਹੋਣ ਦਾ ਹਵਾਲਾ ਦਿੱਤਾ ਗਿਆ ਸੀ।

ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਪਿਛਲੇ ਹਫਤੇ ਕੋਟ ਲਖਪਤ ਜੇਲ੍ਹ ਤੇ ਰਮਜਾਨ ਬਾਜ਼ਾਰਾਂ ਦੇ ਦੌਰੇ ਉਤੇ ਆਏ ਸਨ। ਨਿਯਮਾਂ ਮੁਤਾਬਕ ਪ੍ਰਧਾਨ ਮੰਤਰੀ ਦੇ ਦੌਰੇ ਲਈ ਰਿਪੋਰਟਰਾਂ ਤੇ ਪ੍ਰੋਗਰਾਮ ਨਿਰਮਾਤਾਵਾਂ ਦੀ ਇਕ ਵੀ.ਵੀ.ਆਈ.ਪੀ. ਟੀਮ ਜ਼ਿੰਮੇਵਾਰ ਹੁੰਦੀ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਮ ਲੋਕ ਤਿਆਰ ਕਰਨਗੇ ਪੰਜਾਬ ਸਰਕਾਰ ਦਾ ਬਜਟ: ਚੀਮਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਚਲੰਤ ਮਾਲੀ ਸਾਲ ਦੇ ਬਜਟ ਸਬੰਧੀ ਲੋਕਾਂ ਦੇ ਸੁਝਾਅ ਲੈਣ ਖਾਤਰ 'ਜਨਤਾ ਬਜਟ' ਨਾਮੀ ਵੈੱਬ ਪੋਰਟਲ ਜਾਰੀ ਕੀਤਾ ਹੈ। ਵਿੱਤ ਮੰਤਰੀ ਨੇ ਦੱਸਿਆ ਕਿ ਉਹ ਇਸ ਰਾਹੀਂ ਪੰਜਾਬ ਸਰਕਾਰ ਵੱਲੋਂ ਲਿਆਂਦੇ ਜਾਣ ਵਾਲੇ ਬਜਟ ਸਬੰਧੀ ਲੋਕਾਂ ਦੇ ਵਿਚਾਰ ਜਾਨਣਾ ਚਾਹੁੰਦੇ ਹਨ ਤਾਂ ਲੋਕਾਂ ਨੂੰ ਅਹਿਸਾਸ ਹੋਵੇ ਕਿ ਲੋਕਾਂ ਦੀ ਆਪਣੀ ਸਰਕਾਰ ਜਨਤਕ ਤੌਰ 'ਤੇ ਸੁਝਾਅ ਲੈ ਕੇ ਹੀ ਫੈਸਲੇ ਲੈਂਦੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਦੇ ਕਾਰੋਬਾਰੀਆਂ, ਵਪਾਰੀਆਂ, ਕਿਸਾਨਾਂ ਅਤੇ ਹੋਰ ਵਰਗਾਂ ਦੇ ਲੋਕਾਂ ਦੇ ਵਿਚਾਰ ਲੈਣ ਲਈ ਪਹਿਲਕਦਮੀ ਕੀਤੀ ਗਈ ਹੈ। ਸ੍ਰੀ ਚੀਮਾ ਨੇ ਦੱਸਿਆ ਕਿ ਇਸ ਪੋਰਟਲ ਵਿਚ 6 ਪੁਆਇੰਟ ਬਣਾਏ ਗਏ ਹਨ। ਇਨ੍ਹਾਂ ਵਿਚ ਕਾਰੋਬਾਰੀ ਭਾਈਚਾਰੇ ਨੂੰ ਕਾਰੋਬਾਰ ਵਧਾਉਣ ਵਿਚ ਸਹਿਯੋਗ ਦੇਣਾ, ਪੰਜਾਬ ਵਿਚ ਘਰੇਲੂ ਅਤੇ ਵਿਦੇਸ਼ੀ ਨਿਵੇਸ਼ ਲਿਆਉਣਾ, ਕਿਸਾਨਾਂ ਦੀ ਸ਼ੁੱਧ ਆਮਦਨ ਵਿਚ ਵਾਧਾ ਕਰਨਾ, ਪੰਜਾਬ ਵਿਚ ਨਵੀਂ ਨੌਕਰੀਆਂ ਪੈਦਾ ਕਰਨਾ, ਸਿਹਤ ਸੰਭਾਲ ਅਤੇ ਸਿੱਖਿਆ ਸੇਵਾਵਾਂ ਤੱਕ ਪਹੁੰਚ ਯਕੀਨੀ ਬਣਾਉਣਾ, ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣਾ ਆਦਿ ਸਬੰਧੀ ਸੁਝਾਅ ਮੰਗੇ ਗਏ ਹਨ। ਵਿੱਤ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਲੋਕ 10 ਮਈ ਤੱਕ ਵੈੱਬਸਾਈਟ 'ਤੇ ਆਪਣੇ ਸੁਝਾਅ ਦੇ ਸਕਦੇ ਹਨ। ਇਸ ਤੋਂ ਇਲਾਵਾ ਉਹ ਵਿੱਤ ਵਿਭਾਗ ਦੇ ਪਤੇ 'ਤੇ ਲਿਖਤੀ ਤੌਰ 'ਤੇ ਵੀ ਆਪਣੇ ਸੁਝਾਅ ਭੇਜ ਸਕਦੇ ਹਨ।

## ਗੁਟਕਾ ਸਾਹਿਬ 'ਤੇ ਕੰਪਨੀ ਦੀ ਮਸ਼ਹੂਰੀ ਛਾਪਣ ਦਾ ਸਖਤ ਨੋਟਿਸ

**ਅੰਮ੍ਰਿਤਸਰ:** ਚੰਡੀਗੜ੍ਹ ਦੀ ਅਗਰਬੱਤੀਆਂ ਬਣਾਉਣ ਵਾਲੀ ਕੰਪਨੀ 'ਦੇਵ ਦਰਸ਼ਨ' ਵੱਲੋਂ ਜਪੁਜੀ ਸਾਹਿਬ ਦੇ ਗੁਟਕੇ ਉਪਰ ਆਪਣੀ ਕੰਪਨੀ ਦੀ ਮਸ਼ਹੂਰੀ ਛਾਪਣ ਦਾ ਸ਼੍ਰੋਮਣੀ ਕਮੇਟੀ ਨੇ ਸਖਤ ਨੋਟਿਸ ਲਿਆ ਹੈ ਅਤੇ ਇਸ ਦੀ ਜਾਂਚ ਲਈ ਟੀਮ ਭੇਜਣ ਦੇ ਆਦੇਸ਼ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਇਹ ਕੰਪਨੀ ਚੰਡੀਗੜ੍ਹ ਨਾਲ ਸਬੰਧਤ ਹੈ ਜੋ 'ਦੇਵ ਦਰਸ਼ਨ' ਨਾਮ ਹੇਠ ਅਗਰਬੱਤੀਆਂ ਬਣਾਉਂਦੀ ਹੈ ਅਤੇ ਇਸ ਕੰਪਨੀ ਵੱਲੋਂ ਜਪੁਜੀ ਸਾਹਿਬ ਦਾ ਹਿੰਦੀ 'ਚ ਗੁਟਕਾ ਤਿਆਰ ਕਰਵਾ ਕੇ ਉਸ ਉੱਪਰ ਆਪਣੀ ਮਸ਼ਹੂਰੀ ਕੀਤੀ ਜਾ ਰਹੀ ਹੈ।

## ਪਟਿਆਲਾ ਹਿੰਸਾ: ਸਿੱਖ ਜਥੇਬੰਦੀਆਂ ਦਾ ਵਫਦ ਜਥੇਦਾਰ ਨੂੰ ਮਿਲਿਆ

**ਅੰਮ੍ਰਿਤਸਰ**: ਪਟਿਆਲਾ ਹਿੰਸਾ ਮਾਮਲੇ ਵਿਚ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰ ਕੇ ਮੰਗ ਕੀਤੀ ਹੈ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਵੱਲੋਂ ਨਿਰਧਾਰਤ ਵਫ਼ਦ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਮਿਲੇ ਅਤੇ ਸਿੱਖ ਨੌਜਵਾਨਾਂ ਖਿਲਾਫ ਵਧੀਕੀ ਨੂੰ ਰੋਕਣ ਲਈ ਚਾਰਾਜੋਈ ਕਰੇ। ਜਥੇਦਾਰ ਨੂੰ ਮਿਲਣ ਪਹੁੰਚੇ ਵਫ਼ਦ ਵਿਚ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨ, ਸਿੱਖ ਯੂਥ ਫੈੱਡਰੇਸ਼ਨ ਭਿੰਡਰਾਂਵਾਲਾ, ਆਵਾਜ਼-ਏ-ਕੌਮ, ਜਥਾ ਨੀਲੀਆਂ ਫੌਜਾਂ ਆਦਿ ਦੇ ਨੁਮਾਇੰਦੇ ਪਰਮਪਾਲ ਸਿੰਘ, ਰਣਜੀਤ ਸਿੰਘ ਦਮਦਮੀ ਟਕਸਾਲ, ਮਨਜੀਤ ਸਿੰਘ ਕਰਤਾਰਪੁਰ, ਭੁਪਿੰਦਰ ਸਿੰਘ, ਹਰਜਿੰਦਰ ਸਿੰਘ ਤੇ ਹੋਰ ਸ਼ਾਮਲ ਸਨ। ਵਫ਼ਦ ਨੇ ਇਕ ਮੰਗ ਪੱਤਰ ਵੀ ਸੌਂਪਿਆ, ਜਿਸ ਵਿਚ ਸਰਕਾਰ ਕੋਲੋਂ ਨਿਰਪੱਖ ਜਾਂਚ ਕਰਾਉਣ ਦੀ ਮੰਗ ਅਤੇ ਜਾਂਚ ਰਿਪੋਰਟ ਆਉਣ ਤੱਕ ਸਿੱਖਾਂ ਦੀਆਂ ਗ੍ਰਿਫਤਾਰੀਆਂ ਰੋਕਣ ਦੀ ਮੰਗ ਕੀਤੀ ਹੈ। ਆਗੂਆਂ ਨੇ ਭਗਵੰਤ ਮਾਨ ਸਰਕਾਰ 'ਤੇ ਪਿਛਲੀਆਂ ਸਰਕਾਰਾਂ ਵਾਂਗ ਸਿੱਖ ਵਿਰੋਧੀ ਰਵੱਈਆ ਅਪਣਾਉਣ ਦਾ ਦੋਸ਼ ਲਾਉਂਦਿਆਂ ਇਸ ਘਟਨਾ ਨੂੰ ਸ਼ਿਵ ਸੈਨਾ ਦੀ ਕਥਿਤ ਸਾਜ਼ਿਸ਼ ਦੱਸਿਆ ਹੈ। ਉਨ੍ਹਾਂ ਨੇ ਸ਼ਿਵ ਸੈਨਾ ਆਗੂਆਂ ਨੂੰ ਮਿਲੇ ਸੁਰੱਖਿਆ ਕਰਮੀ ਵਾਪਸ ਲੈਣ ਤੇ ਉਨ੍ਹਾਂ ਦੀਆਂ ਜਾਇਦਾਦਾਂ ਦੀ ਜਾਂਚ ਦੀ ਮੰਗ ਵੀ ਕੀਤੀ।

ਹਿੰਸਾ ਸਬੰਧੀ ਸਿੱਖ ਨੌਜਵਾਨਾਂ ਦੀਆਂ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਦੇ ਮਾਮਲੇ ਬਾਰੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਵਫ਼ਦ ਨੇ ਇਥੇ ਐਸ.ਐਸ.ਪੀ. ਦੀਪਕ ਪਾਰਿਕ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਸਿੱਖ ਕਾਰਕੁਨ ਬਲਜਿੰਦਰ ਸਿੰਘ ਪਰਵਾਨਾ ਨੂੰ ਘਟਨਾ ਦਾ ਮਾਸਟਰਮਾਈਂਡ ਐਲਾਨਣ 'ਤੇ ਇਤਰਾਜ਼ ਵੀ ਕੀਤਾ। ਵਫ਼ਦ ਦਾ ਤਰਕ ਸੀ ਕਿ ਟਕਰਾਅ ਵਾਲੇ ਸਥਾਨ 'ਤੇ ਪਰਵਾਨਾ ਗਿਆ ਹੀ ਨਹੀਂ।

## ਜਾਇਦਾਦ ਪਿੱਛੇ ਤਿੰਨ ਪੁੱਤਰਾਂ ਵੱਲੋਂ ਪਿਉ ਦੀ ਗਲਾ ਘੁੱਟ ਕੇ ਹੱਤਿਆ

**ਅਬੋਹਰ:** ਜਾਇਦਾਦ ਦੇ ਵਿਵਾਦ ਨੂੰ ਲੈ ਕੇ ਇਥੇ ਤਿੰਨ ਪੁੱਤਰਾਂ ਨੇ ਆਪਣੇ ਪਿਤਾ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਨਗਰ ਥਾਣਾ-1 ਦੀ ਪੁਲਿਸ ਨੇ ਲਾਸ਼ ਪੋਸਟਮਾਰਟਮ ਲਈ ਹਸਪਤਾਲ ਦੀ ਮੋਰਚਰੀ ਵਿਚ ਰਖਵਾਉਣ ਮਗਰੋਂ ਤਿੰਨੋਂ ਮੁਲਜ਼ਮਾਂ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਨਗਰ ਥਾਣਾ-1 ਦੇ ਮੁਖੀ ਇੰਸਪੈਕਟਰ ਮਨੋਜ ਕੁਮਾਰ ਨੇ ਦੱਸਿਆ ਕਿ ਜਾਇਦਾਦ ਦੇ ਵਿਵਾਦ ਕਾਰਨ ਅਜੀਤ ਸਿੰਘ, ਸੁਰਜੀਤ ਸਿੰਘ ਤੇ ਲਖਵਿੰਦਰ ਸਿੰਘ ਨੇ ਪਿਤਾ ਛਿੰਦਰਪਾਲ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਮ੍ਰਿਤਕ ਦੇ ਭਰਾ ਜਸਵਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਛਿੰਦਰਪਾਲ ਦੇ ਤਿੰਨ ਪੁੱਤਰਾਂ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਦੱਸਣਯੋਗ ਹੈ ਕਿ ਛਿੰਦਰਪਾਲ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਹੋਇਆ ਸੀ। ਤਿੰਨੋਂ ਪੁੱਤਰ ਜਾਇਦਾਦ ਵਿਚ ਹਿੱਸਾ ਮੰਗ ਰਹੇ ਸਨ ਤੇ ਸਾਜ਼ਿਸ਼ ਦੇ ਤਹਿਤ ਆਪਣੇ ਪਿਤਾ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ।

## ਹਾਈਕੋਰਟ ਵੱਲੋਂ ਬੇਅਦਬੀ ਮਾਮਲੇ ਵਿਚ ਡੇਰਾ ਮੁਖੀ ਨੂੰ ਰਾਹਤ

**ਚੰਡੀਗੜ੍ਹ:** ਹਾਈਕੋਰਟ ਵੱਲੋਂ ਬੇਅਦਬੀ ਮਾਮਲੇ ਵਿਚ ਡੇਰਾ ਮੁਖੀ ਰਾਮ ਰਹੀਮ ਨੂੰ ਰਾਹਤ ਦਿੰਦਿਆਂ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਡੇਰਾ ਮੁਖੀ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰਨ ਦੀ ਮੰਗ ਨੂੰ ਰੱਦ ਕਰ ਦਿੱਤਾ ਗਿਆ ਹੈ। ਹਾਈਕੋਰਟ ਵੱਲੋਂ ਹੁਕਮ ਦਿੱਤੇ ਗਏ ਹਨ ਕਿ 'ਸਿੱਟ' ਰਾਮ ਰਹੀਮ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੁੱਛਗਿੱਛ ਕਰ ਸਕਦੀ ਹੈ।

## ਕਾਂਗਰਸ ਹਾਈਕਮਾਨ ਵੱਲੋਂ ਹੁਣ ਸਿੱਧੂ ਦੀ 'ਰੜਕ' ਕੱਢਣ ਦੀ ਤਿਆਰੀ

*(ਪਹਿਲੇ ਸਫੇ ਦੀ ਬਾਕੀ)*

ਤਾਂ ਨਵਜੋਤ ਸਿੱਧੂ ਦੀਆਂ ਗਤੀਵਿਧੀਆਂ ਪਾਰਟੀ ਨੂੰ ਰੜਕ ਹੀ ਰਹੀਆਂ ਸਨ, ਪਰ ਚੋਣਾਂ ਤੋਂ ਬਾਅਦ ਸਾਬਕਾ ਪ੍ਰਧਾਨ ਵੱਲੋਂ ਜਿਸ ਤਰ੍ਹਾਂ ਦੀਆਂ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਪਾਰਟੀ ਨੂੰ ਸਪੱਸ਼ਟ ਤੌਰ 'ਤੇ ਦੋ ਧੜਿਆਂ 'ਚ ਵੰਡ ਕੇ ਰੱਖ ਦਿੱਤਾ ਹੈ। ਪਾਰਟੀ ਦੇ ਸਾਬਕਾ ਵਿਧਾਇਕਾਂ ਤੇ ਸੀਨੀਅਰ ਆਗੂਆਂ ਦਾ ਧੜਾ ਖੁੱਲ੍ਹ ਕੇ ਨਵਜੋਤ ਸਿੰਘ ਸਿੱਧੂ ਨਾਲ ਵਿਚਰ ਰਿਹਾ ਹੈ। ਕਾਂਗਰਸ ਹਾਈ ਕਮਾਨ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੂਬੇ ਦਾ ਪ੍ਰਧਾਨ ਬਣਾਉਣ ਤੋਂ ਬਾਅਦ ਤਾਂ ਸਿੱਧੂ ਨੇ ਇਕ ਤਰ੍ਹਾਂ ਨਾਲ ਬਾਗੀ ਸੁਰ ਅਪਣਾ ਲਈ ਹੈ। ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਵਿਚੋਂ ਕੱਢੇ ਗਏ ਆਗੂਆਂ ਨਾਲ ਵੀ ਸਾਬਕਾ ਪ੍ਰਧਾਨ ਨੇ ਮੀਟਿੰਗਾਂ ਕੀਤੀਆਂ। ਨਵਜੋਤ ਸਿੱਧੂ ਦੀਆਂ ਗਤੀਵਿਧੀਆਂ ਕਾਰਨ ਰਾਜਾ ਵੜਿੰਗ ਦੀ ਹਾਲਤ ਵੀ ਕਸੂਤੀ ਬਣੀ ਹੋਈ ਹੈ। ਪਿਛਲੇ ਦਿਨਾਂ ਦੌਰਾਨ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨਾਲ ਸਿੱਧੂ ਦੀ ਗੁਪਤ ਮੀਟਿੰਗ ਨੇ ਕਾਂਗਰਸ ਨੂੰ ਸੋਚੀਂ ਪਾ ਦਿੱਤਾ ਹੈ। ਪ੍ਰਸ਼ਾਂਤ ਕਿਸ਼ੋਰ ਨੇ ਕਾਂਗਰਸ ਦੇ ਕਈ ਹੋਰਨਾਂ ਆਗੂਆਂ ਨਾਲ ਵੀ ਰਾਬਤਾ ਕਾਇਮ ਕੀਤਾ ਸੀ। ਚਰਚਾਵਾਂ ਦਾ ਦੌਰ ਚੱਲ ਰਿਹਾ ਹੈ ਕਿ ਸ੍ਰੀ ਸਿੱਧੂ ਆਪਣੀ ਪਾਰਟੀ ਵੀ ਬਣਾ ਸਕਦੇ ਹਨ। ਸਿੱਧੂ ਦੀਆਂ ਸਰਗਰਮੀਆਂ ਹੁਣ ਪਾਰਟੀ ਲਈ ਸਿਰਦਰਦੀ ਬਣ ਗਈਆਂ ਹਨ।

## ਚੱਢਾ, ਮਿੱਤਲ ਤੇ ਅਰੋੜਾ ਨੇ ਰਾਜ ਸਭਾ ਮੈਂਬਰਾਂ ਵਜੋਂ ਸਹੁੰ ਚੁੱਕੀ

**ਨਵੀਂ ਦਿੱਲੀ**: 'ਆਪ' ਦੇ ਸੀਨੀਅਰ ਆਗੂ ਰਾਘਵ ਚੱਢਾ, ਅਕਾਦਮਿਕ ਸੁਧਾਰਕ ਅਸ਼ੋਕ ਮਿੱਤਲ ਤੇ ਕਾਰੋਬਾਰੀ ਸੰਜੀਵ ਅਰੋੜਾ ਨੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕ ਲਈ ਹੈ। ਉਨ੍ਹਾਂ ਨੂੰ ਇਥੇ ਰਾਜ ਸਭਾ ਵਿਚ ਕਰਵਾਏ ਇਕ ਪ੍ਰੋਗਰਾਮ ਵਿਚ ਰਸਮੀ ਤੌਰ 'ਤੇ ਸਹੁੰ ਚੁਕਾਈ ਗਈ। ਪੰਜਾਬ ਵਿਚ ਇਤਿਹਾਸਕ ਜਿੱਤ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਘਵ ਚੱਢਾ, ਅਕਾਦਮੀ ਸੁਧਾਰਕ ਅਸ਼ੋਕ ਮਿੱਤਲ, ਕਾਰੋਬਾਰੀ ਸੰਜੀਵ ਅਰੋੜਾ, ਹਰਭਜਨ ਸਿੰਘ ਤੇ ਸੰਦੀਪ ਪਾਠਕ ਰਾਜ ਸਭਾ ਲਈ ਬਿਨਾਂ ਮੁਕਾਬਲਾ ਚੁਣੇ ਗਏ ਹਨ। ਇਨ੍ਹਾਂ ਵਿਚੋਂ ਰਾਘਵ ਚੱਢਾ, ਅਸ਼ੋਕ ਮਿੱਤਲ ਅਤੇ ਸੰਜੀਵ ਅਰੋੜਾ ਨੇ ਸਹੁੰ ਚੁੱਕੀ।

## ਸ੍ਰੀ ਅਕਾਲ ਤਖਤ ਵੱਲੋਂ ਅਮਰੀਕਾ ਵਾਸੀ ਥਮਿੰਦਰ ਸਿੰਘ ਤਨਖਾਹੀਆ ਕਰਾਰ

*(ਪਹਿਲੇ ਸਫੇ ਦੀ ਬਾਕੀ)*

ਦਿੱਲੀ ਕਮੇਟੀ ਅਤੇ ਸਮੂਹ ਸਿੱਖ ਜਥੇਬੰਦੀਆਂ, ਸੰਸਥਾਵਾਂ ਤੇ ਸੰਪਰਦਾਵਾਂ ਨੂੰ ਆਦੇਸ਼ ਦਿੱਤਾ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਇੱਕਜੁੱਟ ਹੋ ਕੇ ਸਮੂਹਿਕ ਯਤਨ ਕੀਤੇ ਜਾਣ। ਪਿੰਡ ਰੋੜੇ ਵਿਚ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਲਈ ਟਾਵਰ 'ਤੇ ਚੜ੍ਹੇ ਇਕ ਵਿਅਕਤੀ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਖੁਦਕੁਸ਼ੀ ਦਾ ਰਾਹ ਛੱਡ ਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਜਥੇਬੰਦੀਆਂ ਦਾ ਸਹਿਯੋਗ ਕਰੇ। ਇਸ ਤੋਂ ਪਹਿਲਾਂ ਅਕਾਲ ਤਖਤ ਦੇ ਜ਼ਮੀਨਦੋਜ਼ ਹਾਲ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ, ਸੰਪਰਦਾਵਾਂ ਤੇ ਨਿਹੰਗ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਗੁਰਬਾਣੀ ਨਾਲ ਤੋੜ-ਮਰੋੜ ਕਰਨ ਦੇ ਵਿਸ਼ੇ 'ਤੇ ਸੁਝਾਅ ਲਏ ਗਏ।

## ਸਰਹਿੰਦ ਤੋਂ ਮੁੜ ਚਾਲੂ ਹੋਈ ਸੱਚਖੰਡ ਐਕਸਪ੍ਰੈਸ

**ਫ਼ਤਹਿਗੜ੍ਹ** ਸਾਹਿਬ: ਫਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾ. ਅਮਰ ਸਿੰਘ ਦੇ ਯਤਨਾਂ ਸਦਕਾ ਸਰਹਿੰਦ ਤੋਂ ਸੱਚਖੰਡ ਐਕਸਪ੍ਰੈੱਸ ਮੁੜ ਚਾਲੂ ਹੋ ਗਈ ਹੈ। ਉਨ੍ਹਾਂ 29 ਅਪਰੈਲ 2022 ਦੇ ਭਾਰਤੀ ਰੇਲਵੇ ਦੇ ਹੁਕਮਾਂ ਨੂੰ ਸਾਂਝਾ ਕੀਤਾ, ਜਿਸ ਵਿਚ ਰੇਲਵੇ ਵਿਭਾਗ ਨੇ ਅੰਬਾਲਾ-ਰਾਜਪੁਰਾ-ਸਰਹਿੰਦ-ਲੁਧਿਆਣਾ ਰਾਹੀਂ ਸੱਚਖੰਡ ਐਕਸਪ੍ਰੈੱਸ 12715/16 ਨੂੰ ਇਸ ਦੇ ਅਸਲ ਰੂਟ 'ਤੇ ਬਹਾਲ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਡਾ. ਅਮਰ ਸਿੰਘ ਕਾਫੀ ਸਮੇਂ ਤੋਂ ਸੱਚਖੰਡ ਐਕਸਪ੍ਰੈੱਸ ਨੂੰ ਸਰਹਿੰਦ ਤੋਂ ਵਾਇਆ ਚੰਡੀਗੜ੍ਹ ਰੂਟ ਕਰਨ ਲਈ ਯਤਨ ਕਰ ਰਹੇ ਸਨ। ਉਹ ਇਸ ਸਬੰਧੀ ਮੌਜੂਦਾ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਤੇ ਸਾਬਕਾ ਰੇਲ ਮੰਤਰੀ ਪਿਊਸ਼ ਗੋਇਲ ਨੂੰ ਮਿਲਣ ਤੋਂ ਇਲਾਵਾ ਲੋਕ ਸਭਾ ਵਿਚ ਕਈ ਵਾਰ ਇਹ ਮਸਲਾ ਉਠਾ ਚੁੱਕੇ ਹਨ। ਡਾ. ਅਮਰ ਸਿੰਘ ਨੇ ਕਿਹਾ ਕਿ ਇਸ ਨਾਲ ਆਮ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ।

## ਪੰਜਾਬ 'ਚ 26454 ਅਸਾਮੀਆਂ ਭਰਨ ਲਈ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ 'ਚ ਸੂਬੇ ਦੇ ਵੱਖ-ਵੱਖ ਵਿਭਾਗਾਂ ਵਿਚ ਖਾਲੀ ਪਈਆਂ 26,454 ਅਸਾਮੀਆਂ ਨੂੰ ਭਰਨ ਲਈ ਹਰੀ ਝੰਡੀ ਦੇ ਦਿੱਤੀ ਗਈ ਹੈ। ਮੀਟਿੰਗ ਵਿਚ 'ਇਕ ਵਿਧਾਇਕ, ਇਕ ਪੈਨਸ਼ਨ' ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨ ਅਤੇ ਘਰ-ਘਰ ਰਾਸ਼ਨ ਪਹੁੰਚਾਉਣ ਦੀ ਸਕੀਮ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਹੁਣ ਪਹਿਲੀ ਅਕਤੂਬਰ ਤੋਂ ਕੇਂਦਰ ਸਰਕਾਰ ਵੱਲੋਂ ਮਿਲਣ ਵਾਲੀ ਕਣਕ ਦੀ ਥਾਂ ਘਰ-ਘਰ ਆਟਾ ਪਹੁੰਚਾਇਆ ਜਾਵੇਗਾ। ਪੰਜਾਬ ਮੰਤਰੀ ਮੰਡਲ ਨੇ ਮੁਕਤਸਰ ਜ਼ਿਲ੍ਹੇ ਵਿਚ ਨਰਮੇ ਦੀ ਖਰਾਬ ਹੋਈ ਫਸਲ ਲਈ 41.89 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਸੂਬੇ ਦੇ ਛੋਟੇ ਟਰਾਂਸਪੋਰਟਰਾਂ ਨੂੰ ਫੀਸ ਜਮ੍ਹਾਂ ਕਰਵਾਉਣ ਲਈ 3 ਮਹੀਨੇ ਦਾ ਸਮਾਂ ਵਧਾ ਦਿੱਤਾ ਹੈ। ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਲਾਹੇਵੰਦ ਮੌਕੇ ਦੇਣ ਲਈ ਵੱਖ-ਵੱਖ ਵਿਭਾਗਾਂ ਵਿਚ ਖਾਲੀ ਪਈਆਂ 26,454 ਅਸਾਮੀਆਂ ਭਰਨ ਦਾ ਫੈਸਲਾ ਲਿਆ ਹੈ। ਕੈਬਨਿਟ ਨੇ 'ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਸੁਵਿਧਾ ਰੈਗੂਲੇਸ਼ਨ) ਐਕਟ, 1977' ਦੀ ਧਾਰਾ 3 (1) ਵਿਚ ਸੋਧ ਨੂੰ ਮਨਜ਼ੂਰੀ ਦਿੱਤੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬ ਵਿਚ ਬਿਜਲੀ ਸੰਕਟ ਕਾਰਨ ਹਾਹਾਕਾਰ, ਸਰਕਾਰ ਕਸੂਤੀ ਫਸੀ

**ਨਵੀਂ ਦਿੱਲੀ:** ਮੰਗ ਤੇ ਪੂਰਤੀ ਵਿਚਾਲੇ ਖੱਪਾ ਵਧਣ ਕਾਰਨ ਭਾਰਤ 'ਚ ਬਿਜਲੀ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਪੰਜਾਬ ਦਾ ਬਿਜਲੀ ਸੰਕਟ ਆਮ ਆਦਮੀ ਪਾਰਟੀ ਦੀ ਨਵੀਂ ਬਣੀ ਸਰਕਾਰ ਸਾਹਮਣੇ ਪਹਿਲੀ ਵੱਡੀ ਚੁਣੌਤੀ ਬਣ ਕੇ ਸਾਹਮਣੇ ਆਇਆ ਹੈ। 'ਆਪ' ਸਰਕਾਰ ਨੇ ਬਿਜਲੀ ਸੰਕਟ ਕਾਬੂ ਕਰਨ ਲਈ ਹੀਲੇ ਵਸੀਲੇ ਸ਼ੁਰੂ ਕਰ ਦਿੱਤੇ ਹਨ। ਦੂਜੇ ਬੰਨੇ ਕਿਸਾਨ ਜਥੇਬੰਦੀਆਂ ਨੇ ਬਿਜਲੀ ਸੰਕਟ ਨੂੰ ਲੈ ਕੇ ਪ੍ਰਦਰਸ਼ਨ ਵਿੱਢ ਦਿੱਤੇ ਹਨ। ਵਿਰੋਧੀ ਧਿਰਾਂ ਨੇ ਵੀ ਸਰਕਾਰ ਨੂੰ ਇਸ ਮਾਮਲੇ 'ਚ ਕਟਹਿਰੇ ਵਿਚ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਹੈ।



ਪਿੰਡਾਂ ਅਤੇ ਸ਼ਹਿਰਾਂ ਵਿਚ ਲੱਗ ਰਹੇ ਬਿਜਲੀ ਕੱਟਾਂ ਕਰਕੇ ਲੋਕ ਪਰੇਸ਼ਾਨ ਹਨ ਅਤੇ ਕਿਸਾਨਾਂ ਨੇ ਧਰਨੇ ਸ਼ੁਰੂ ਕਰ ਦਿੱਤੇ ਹਨ। ਇਕ ਅਨੁਮਾਨ ਅਨੁਸਾਰ ਪਾਵਰਕੌਮ ਦੀ ਆਪਣੇ ਸਰੋਤਾਂ ਤੋਂ ਬਿਜਲੀ ਲਗਭਗ 7000 ਮੈਗਾਵਾਟ ਹੈ। ਮੰਗ ਵੀ ਲਗਭਗ ਇਸ ਦੇ ਬਰਾਬਰ ਹੋ ਚੁੱਕੀ ਹੈ। ਥਰਮਲ ਪਲਾਂਟਾਂ ਦੇ ਯੂਨਿਟ ਬੰਦ ਹੋਣ ਕਾਰਨ ਸਾਢੇ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਦੀ ਕਮੀ ਦੱਸੀ ਜਾ ਰਹੀ ਹੈ।

ਪੰਜਾਬ ਵਿਚ ਅਸਲ ਸੰਕਟ ਅਗਲੇ ਝੋਨੇ ਦੇ ਸੀਜ਼ਨ ਵਿਚ ਆਉਣ ਦੀ ਸੰਭਾਵਨਾ ਹੈ। ਪਿਛਲੇ ਸਾਲ ਝੋਨੇ ਦੀ ਲਵਾਈ 10 ਜੂਨ ਤੋਂ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਸੂਬੇ ਦੇ 27 ਲੱਖ ਹੈਕਟੇਅਰ ਰਕਬੇ ਵਿਚ ਝੋਨਾ ਬੀਜਿਆ ਜਾਂਦਾ ਹੈ। ਜੂਨ-ਜੁਲਾਈ ਵਿਚ ਬਿਜਲੀ ਦੀ ਮੰਗ ਵਧ ਕੇ 13000 ਮੈਗਾਵਾਟ ਤੱਕ ਪਹੁੰਚ ਜਾਂਦੀ ਹੈ। ਇਹ ਬਿਜਲੀ ਕੌਮੀ ਗਰਿੱਡ ਤੋਂ ਤੁਰਤ ਖਰੀਦ ਕੇ ਜਾਂ ਪਹਿਲਾਂ ਸਿਆਲ ਦੇ ਸਮੇਂ ਵਿਚ ਕੀਤੀ ਬੈਂਕਿੰਗ ਦੇ ਜਰੀਏ ਹਾਸਿਲ ਕੀਤੀ ਜਾਂਦੀ ਹੈ। ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦੀ ਮੰਗ ਹੁਣ ਨਾਲੋਂ ਦੁੱਗਣੀ, ਭਾਵ 14000 ਮੈਗਾਵਾਟ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ। ਇਕ ਸਮੱਸਿਆ ਇਹ ਵੀ ਹੈ ਕਿ ਜੇ ਬਾਹਰੋਂ ਬਿਜਲੀ ਖਰੀਦਣੀ ਹੋਵੇ ਤਾਂ ਉਸ ਵਾਸਤੇ ਗਰਿੱਡਾਂ, ਖੰਭਿਆਂ, ਤਾਰਾਂ ਆਦਿ ਦਾ ਬੁਨਿਆਦੀ ਢਾਂਚਾ ਬੇਹੱਦ ਜਰੂਰੀ ਹੈ। ਮਾਹਿਰਾਂ ਅਨੁਸਾਰ ਇਸ ਵਾਸਤੇ ਪਿਛਲੇ ਕਈ ਸਾਲਾਂ ਤੋਂ 3500 ਕਰੋੜ ਰੁਪਏ ਦੀ ਯੋਜਨਾ ਕਾਗਜ਼ਾਂ ਤੱਕ ਹੀ ਸੀਮਤ ਰਹੀ ਹੈ। ਇਸ ਦੇ ਅਮਲ ਵਿਚ ਨਾ ਆਉਣ ਕਰਕੇ ਬਿਜਲੀ ਉਪਲਬਧ ਹੋਣ ਦੇ ਬਾਵਜੂਦ ਸਮੱਸਿਆ ਹੱਲ ਹੋਣੀ ਮੁਸ਼ਕਿਲ ਲੱਗਦੀ ਹੈ।

ਬਿਜਲੀ ਦੇ ਸੰਕਟ ਨੂੰ ਦੂਰ ਕਰਨ ਵਿਚ ਪਾਵਰਕੌਮ ਦੀ ਵਿੱਤੀ ਹਾਲਤ ਦੀ ਭੂਮਿਕਾ ਮਹੱਤਵਪੂਰਨ ਹੈ। ਇਸ ਤੋਂ ਪਹਿਲਾਂ ਖੇਤੀ ਨੂੰ ਮੁਫ਼ਤ ਬਿਜਲੀ, ਉਦਯੋਗਾਂ ਨੂੰ ਪੰਜ ਰੁਪਏ ਪ੍ਰਤੀ ਯੂਨਿਟ, ਗਰੀਬਾਂ ਨੂੰ ਦੋ ਸੌ ਯੂਨਿਟ ਪ੍ਰਤੀ ਮਹੀਨਾ ਮੁਫ਼ਤ ਸਮੇਤ ਸਬਸਿਡੀ ਦੀ ਰਕਮ ਲਗਭਗ 13000 ਕਰੋੜ ਰੁਪਏ ਦੇ ਨੇੜੇ ਪਹੁੰਚਦੀ ਰਹੀ ਹੈ। ਨਵੇਂ ਐਲਾਨ ਭਾਵ ਤਿੰਨ ਸੌ ਯੂਨਿਟ ਮੁਫ਼ਤ ਬਿਜਲੀ ਦੇ ਨਾਲ ਸਬਸਿਡੀ ਦੀ ਰਕਮ ਵਧੇਗੀ। ਜੇ ਸਰਕਾਰ ਪਾਵਰਕੌਮ ਨੂੰ ਸਮੇਂ ਸਿਰ ਪੈਸਾ ਅਦਾ ਕਰੇ ਤਾਂ ਬਿਜਲੀ ਦੀ ਖਰੀਦ ਹੋਣ ਦੀ ਸੰਭਾਵਨਾ ਵਧ ਸਕਦੀ ਹੈ।

ਚੰਡੀਗੜ੍ਹ: ਪੰਜਾਬ ਵਿਚ ਬਿਜਲੀ ਸੰਕਟ ਦੌਰਾਨ ਲੋਕਾਂ ਨੂੰ ਲੰਮੇ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਬਾਅਦ ਆਲੋਚਨਾ ਦਾ ਸ਼ਿਕਾਰ ਹੋਈ ਹਾਕਮ ਧਿਰ ਨੇ ਬਿਜਲੀ ਦੀ ਘਾਟ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪਾਰਟੀ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੇ ਲੋਕਾਂ ਨਾਲ ਨਵਾਂ ਭਾਰਤ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਅੱਜ ਉਨ੍ਹਾਂ ਦਾ 'ਨਵਾਂ ਭਾਰਤ' ਹਨੇਰੇ ਵਿਚ ਜੀਅ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਬਿਜਲੀ ਉਤਪਾਦਨ ਵਧਾ ਕੇ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

## ਤਾਰਾਂ 'ਤੇ ਕੱਪੜੇ ਸੁਕਾ ਰਹੇ ਨੇ ਲੋਕ: ਰਾਜਾ ਵੜਿੰਗ

**ਹੁਸ਼ਿਆਰਪੁਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਖਿਆ ਕਿ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਜੇ ਆਪਣੀ ਇਕ ਵੀ ਗਾਰੰਟੀ ਲਾਗੂ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਪਿਛਲੀਆਂ ਸਰਕਾਰਾਂ 'ਤੇ ਵਿਅੰਗ ਕੱਸਦੇ ਸਨ ਪਰ ਅੱਜ ਉਨ੍ਹਾਂ ਦੇ ਰਾਜ ਵਿਚ ਲੋਕ ਬਿਜਲੀ ਨਾ ਮਿਲਣ ਕਾਰਨ ਬਿਜਲੀ ਦੀਆਂ ਤਾਰਾਂ 'ਤੇ ਕੱਪੜੇ ਸੁਕਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਦਿੱਲੀ ਏਅਰਪੋਰਟ ਤੱਕ ਪੰਜਾਬ ਰੋਡਵੇਜ਼ ਦੀਆਂ ਬੱਸਾਂ ਚਲਾਉਣ ਸਬੰਧੀ ਦਿੱਤੇ ਬਿਆਨ 'ਤੇ ਪ੍ਰਤੀਕਰਮ ਦਿੰਦਿਆਂ ਉਨ੍ਹਾਂ ਕਿਹਾ ਕਿ ਟਰਾਂਸਪੋਰਟ ਮੰਤਰੀ ਹੁੰਦਿਆਂ ਉਨ੍ਹਾਂ ਨੇ ਇਸ ਮੁੱਦੇ 'ਤੇ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਕਈ ਵਾਰ ਪੱਤਰ ਲਿਖੇ ਸਨ ਪਰ ਉਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ।

## ਦਿੱਲੀ ਮਾਡਲ ਨੇ ਬਿਜਲੀ ਕੱਟਾਂ ਨਾਲ ਮਾਰਿਆ ਕਰੰਟ: ਭੂੰਦੜ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਦਿੱਲੀ ਮਾਡਲ ਨੇ ਪੰਜਾਬ ਨੂੰ ਅਜਿਹਾ ਕਰੰਟ ਮਾਰਿਆ ਹੈ ਕਿ 24 ਘੰਟੇ ਬਿਜਲੀ ਸਪਲਾਈ ਦਾ ਵਾਅਦਾ ਕਰ ਕੇ ਗਰਮੀ ਦੇ ਮੌਸਮ ਦੀ ਸ਼ੁਰੂਆਤ ਵਿਚ ਹੀ 18 ਘੰਟਿਆਂ ਦੇ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਜੇ ਇਹ 'ਆਪ' ਦਾ ਵਾਅਦੇ ਅਨੁਸਾਰ ਬਦਲਾਅ ਹੈ ਤਾਂ ਫਿਰ ਇਸ ਨਾਲ ਸੂਬੇ ਦਾ ਖੇਤੀਬਾੜੀ ਤੇ ਸਨਅਤੀ ਅਰਥਚਾਰਾ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ। ਸ੍ਰੀ ਭੂੰਦੜ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਉਹ ਬਿਜਲੀ ਦੇ ਹਾਲਾਤ ਦੀ ਸਮੀਖਿਆ ਕਰਨ ਅਤੇ ਤੁਰੰਤ ਮਸਲਾ ਹੱਲ ਕਰਨ।

# ਮਾਨ ਸਰਕਾਰ ਵੱਲੋਂ ਲਏ ਕਰਜ਼ੇ ਦੀ ਜਾਂਚ ਹੋਵੇ: ਰਾਜਾ ਵੜਿੰਗ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਜਾਂਚ ਦੇ ਹੁਕਮ ਦੇਣ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਸਰਕਾਰ ਦੇ 40 ਦਿਨਾਂ ਵਿਚ ਲਏ 7 ਹਜ਼ਾਰ ਕਰੋੜ ਦੇ ਕਰਜ਼ੇ ਦੀ ਜਾਂਚ ਦੇ ਹੁਕਮ ਜ਼ਰੂਰ ਦੇਣ।

ਉਨ੍ਹਾਂ ਕਿਹਾ ਕਿ ਜੋ ਹੋਰ ਪਾਰਟੀਆਂ ਪਿਛਲੇ 50 ਸਾਲਾਂ ਵਿਚ ਨਹੀਂ ਕਰ ਸਕੀਆਂ, ਉਹ 'ਆਪ' ਸਰਕਾਰ ਨੇ 40 ਦਿਨਾਂ ਵਿਚ ਕਰ ਦਿੱਤਾ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਰੋਜ਼ਾਨਾ 175 ਕਰੋੜ ਰੁਪਏ (40 ਦਿਨਾਂ ਵਿਚ 7,000 ਕਰੋੜ ਰੁਪਏ) ਨਾਲ ਜੇਕਰ 'ਆਪ' ਸਰਕਾਰ 5 ਸਾਲ ਹੋਰ ਸੱਤਾ 'ਚ ਰਹਿੰਦੀ ਹੈ ਤਾਂ ਸੂਬੇ 'ਤੇ 3.2 ਲੱਖ ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ।

ਇਸ ਦੌਰਾਨ ਉਨ੍ਹਾਂ ਕਿਹਾ ਕਿ 40 ਦਿਨਾਂ ਵਿਚ 'ਆਪ' ਸਰਕਾਰ ਨੇ 7 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਇਸ ਦਰ ਨਾਲ ਸੂਬੇ 'ਤੇ 3.2 ਲੱਖ ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ, ਜੋ ਪਿਛਲੇ 50 ਸਾਲਾਂ 'ਚ ਵੀ ਨਹੀਂ ਵਧਿਆ ਸੀ।

# ਬਿਜਲੀ ਕੱਟਾਂ ਖਿਲਾਫ ਧਰਨਾ ਦੇ ਰਹੇ ਕਿਸਾਨਾਂ ਦੀ ਖਿੱਚ-ਧੂਹ

**ਅੰਮ੍ਰਿਤਸਰ:** ਪੰਜਾਬ ਵਿਚ ਪੈਦਾ ਹੋਏ ਬਿਜਲੀ ਸੰਕਟ ਦੌਰਾਨ ਖੇਤੀ ਮੋਟਰਾਂ ਅਤੇ ਘਰੇਲੂ ਸਪਲਾਈ ਲਈ ਵਧੇਰੇ ਬਿਜਲੀ ਦੀ ਮੰਗ ਕਰ ਰਹੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਇਥੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਘਰ ਦੇ ਬਾਹਰ ਧਰਨਾ ਦਿੱਤਾ। ਧਰਨੇ ਦੌਰਾਨ ਪੁਲਿਸ ਵੱਲੋਂ ਲਾਏ ਗਏ ਬੈਰੀਕੇਡਾਂ ਨੂੰ ਉਲੰਘਣ ਦੀ ਜਦੋਂ ਕੋਸ਼ਿਸ਼ ਕੀਤੀ ਗਈ ਤਾਂ ਕਿਸਾਨਾਂ ਅਤੇ ਪੁਲਿਸ ਵਿਚਕਾਰ ਖਿੱਚ-ਧੂਹ ਵੀ ਹੋਈ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਖਿੱਚ-ਧੂਹ ਦੌਰਾਨ ਕੁਝ ਕਿਸਾਨਾਂ ਦੀਆਂ ਦਸਤਾਰਾਂ ਵੀ ਉਤਰ ਗਈਆਂ। ਜਥੇਬੰਦੀ ਨਾਲ ਜੁੜੇ ਕਿਸਾਨ ਇਥੇ ਗੋਲਡਨ ਗੇਟ ਨੇੜੇ ਇਕੱਠੇ ਹੋਏ ਅਤੇ ਉਥੋਂ ਮਾਰਚ ਕਰਦੇ ਹੋਏ ਨਿਊ ਅੰਮ੍ਰਿਤਸਰ ਵਿਖੇ ਕੈਬਨਿਟ ਮੰਤਰੀ ਦੇ ਘਰ ਦੇ ਬਾਹਰ ਪੁੱਜੇ। ਰਸਤੇ ਵਿਚ ਪੁਲਿਸ ਵੱਲੋਂ ਕਿਸਾਨਾਂ ਨੂੰ ਰੋਕਣ ਲਈ ਬੈਰੀਕੇਡ ਲਾਏ ਗਏ ਸਨ। ਜਦੋਂ



ਕਿਸਾਨ ਅੱਗੇ ਵਧ ਰਹੇ ਸਨ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ। ਇਸ ਦੌਰਾਨ ਦੋਵੇਂ ਧਿਰਾਂ ਵਿਚਾਲੇ ਧੱਕਾ ਮੁੱਕੀ ਵੀ ਹੋਈ। ਕਿਸਾਨ ਬੈਰੀਕੇਡ ਹਟਾਉਂਦੇ ਹੋਏ ਬਿਜਲੀ ਮੰਤਰੀ ਦੇ ਘਰ ਦੇ ਸਾਹਮਣੇ ਪੁੱਜ ਗਏ ਜਿਥੇ ਉਨ੍ਹਾਂ ਧਰਨਾ ਦਿੱਤਾ। ਜਥੇਬੰਦੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਦੋਸ਼ ਲਾਇਆ ਕਿ ਪੁਲਿਸ ਦੀ ਜ਼ੋਰ-ਅਜ਼ਮਾਈ ਦੌਰਾਨ ਕਈ ਕਿਸਾਨਾਂ ਦੀਆਂ ਦਸਤਾਰਾਂ ਲੱਥ ਗਈਆਂ।

# ਕਰੰਦਰਜ਼ ਦੇ ਵਿਸਾਖੀ ਮੇਲੇ 'ਤੇ ਲੱਗੀਆਂ ਰੌਣਕਾਂ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕਰੰਦਰਜ਼ ਦੇ ਗੁਰੂਘਰ ਵਿਚ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨਾਲ ਜੋੜਦੇ ਹੋਏ ਵਿਸਾਖੀ ਮੇਲਾ ਮਨਾਇਆ ਗਿਆ। ਗੁਰੂਘਰ ਵਿਚ ਧਾਰਮਿਕ ਪ੍ਰੋਗਰਾਮਾਂ ਉਪਰੰਤ ਮੇਲੇ ਦੀ ਸ਼ੁਰੂਆਤ ਹੋਈ। ਗੁਰੂਘਰ ਵਿਚ ਲੰਗਰ ਅਤੁੱਟ ਵਰਤ ਰਹੇ ਸਨ ਤੇ ਬਾਹਰ ਗਰਾਊਂਡ ਵਿਚ ਕਿਸੇ ਰੈਸਟੋਰੈਂਟ ਵਲੋਂ ਲਾਇਆ ਫੂਡ ਦਾ ਸਟਾਲ ਵੀ ਲੋਕਾਂ ਤੋਂ ਸੋਹਣੀ ਕਮਾਈ ਕਰ ਰਿਹਾ ਸੀ। ਇਸ ਤੋਂ ਇਲਾਵਾ ਮੇਲੇ ਵਿਚ ਖਾਣਿਆਂ ਅਤੇ ਖੇਡਾਂ ਦੇ ਲਗੇ ਸਟਾਲ, ਡਾਕਟਰੀ ਕੈਂਪ, ਰਾਈਡਾਂ ਆਦਿ ਬੱਚਿਆਂ ਅਤੇ ਹਰ ਉਮਰ ਦੇ ਵਰਗ ਦਾ ਮਨੋਰੰਜਨ ਕਰ ਰਹੇ ਸਨ। ਸੋਹਣੀਆਂ ਦਸਤਾਰਾਂ ਅਤੇ ਚੁੰਨੀਆਂ ਨਾਲ ਰੰਗਦਾਰ ਪੁਸ਼ਾਕਾਂ ਵਿਚ ਸਜੇ ਪੰਜਾਬੀ, ਪੰਜਾਬ ਅਤੇ ਪੰਜਾਬੀਅਤ ਦੀ ਤਰਜ਼ਮਾਨੀ ਕਰ ਰਹੇ ਸਨ। ਮੇਲੇ ਦੀ ਸ਼ੁਰੂਆਤ ਰਾਜ ਬਰਾੜ ਨੇ ਧਾਰਮਿਕ ਗੀਤ ਨਾਲ ਕੀਤੀ। ਜੀ.ਐਚ.ਜੀ. ਅਕੈਡਮੀ ਦੇ ਬੱਚਿਆਂ ਵੱਲੋਂ ਗਿੱਧੇ-ਭੰਗੜੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਸਟੇਜ ਤੋਂ ਇਕ ਛੋਟੇ ਬੱਚੇ ਜੋਬਨ ਸਿੰਘ ਢਿਲੋਂ ਨੇ ਢੋਲ ਵਜਾ ਕੇ ਪੰਜਾਬੀਅਤ ਦਾ ਰੰਗ ਬਿਖੇਰਿਆ। ਬੱਚੀਆਂ ਦੀ ਟੀਮ ਵਲੋਂ ਗਿੱਧੇ ਦੀ ਪੇਸ਼ਕਾਰੀ ਕੀਤੀ ਗਈ। ਇਸ ਸਮੇਂ ਸਿੱਖ ਕੌਂਸਲ ਆਫ




ਕੈਲੀਫੋਰਨੀਆ ਵਲੋਂ ਦਸਤਾਰਾਂ ਸਜਾਉਣ ਅਤੇ ਵੰਡਣ ਦੇ ਲੰਗਰ ਲਾਏ ਗਏ। ਬੱਚਿਆਂ ਵਲੋਂ ਬਾਸਕਟ ਬਾਲ ਦੇ ਮੈਚ ਵੀ ਹੋਏ। ਅੰਤ ਰੱਸਾਕਸ਼ੀ ਅਤੇ ਕਬੱਡੀ ਦੇ ਮੈਚ ਵੀ ਕਰਵਾਏ ਗਏ। ਸਟੇਜ ਸੰਚਾਲਨ ਆਸ਼ਾ ਸ਼ਰਮਾ ਅਤੇ ਬਲਵੀਰ ਸਿੰਘ ਢਿਲੋਂ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਸਾਲ ਕੋਵਿਡ-19 ਤੋਂ ਬਾਅਦ ਲੋਕਾਂ ਵਿਚ ਬੱਚਿਆਂ ਦੇ ਵਿਸਾਖੀ ਮੇਲੇ ਪ੍ਰਤੀ ਭਾਰੀ ਉਤਸ਼ਾਹ ਸੀ। ਇਸੇ ਦੌਰਾਨ ਕੁਝ ਬੁਲਾਰਿਆਂ ਨੇ ਵੀ ਵਿਚਾਰਾਂ ਦੀ ਸਾਂਝ ਪਾਈ।

ਵਰਨਣਯੋਗ ਹੈ ਕਿ ਸੈਂਟਰਲ ਵੈਲੀ ਦਾ ਕਰੰਦਰਜ਼ ਗੁਰੂਘਰ ਕੈਲੀਫੋਰਨੀਆ ਦਾ ਪਹਿਲਾ ਗੁਰੂਘਰ ਹੈ ਜਿਸ ਨੇ ਕਈ ਦਹਾਕੇ ਪਹਿਲਾਂ ਪੰਜਾਬ ਤੋਂ ਆ ਕੇ ਇਥੇ ਵਸੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਅਤੇ ਧਰਮ ਨਾਲ ਜੋੜੇ ਰੱਖਣ ਲਈ ਅਰੰਭਤਾ ਕੀਤੀ ਸੀ।

# ਯਾਦਗਾਰੀ ਹੋ ਨਿੱਬੜਿਆ 'ਏਸ਼ੀਅਨ ਫੀਸਟ' ਸਮਾਗਮ

**ਫਰਿਜ਼ਨੋ:** ਫਰਿਜ਼ਨੋ ਸਿਟੀ ਕਾਲਜ ਵਿਚ ਹਰ ਸਾਲ ਸਮੁੱਚੇ ਏਸ਼ੀਅਨ ਭਾਈਚਾਰੇ ਵੱਲੋਂ 'ਏਸ਼ੀਅਨ ਫੀਸਟ' ਮਈ ਮਹੀਨੇ ਮਨਾਇਆ ਜਾਂਦਾ ਹੈ, ਜਿੱਥੇ ਸਾਰੇ ਏਸ਼ਿਆਈ, ਅਮਰੀਕੀ ਆਪੋ-ਆਪਣੇ ਸੱਭਿਆਚਾਰਾਂ ਨਾਲ ਇਕੱਠੇ ਹੁੰਦੇ ਹਨ। ਹੋਇਆ। ਜਿਸ ਬਾਅਦ ਜਸਕੀਤ ਕੌਰ ਅਤੇ ਉਨ੍ਹਾਂ ਦੀ ਟੀਮ ਨੇ ਸਿੱਖਾਂ ਦੀ ਪਛਾਣ ਕਰਨ ਬਾਰੇ ਪੇਸ਼ਕਾਰੀ ਦਿੱਤੀ। ਇਸ ਤੋਂ ਬਾਅਦ ਸ. ਸੁਖਦੇਵ ਸਿੰਘ ਚੀਮਾ ਅਤੇ ਰਾਜਵਿੰਦਰਪਾਲ ਸਿੰਘ ਬਰਾੜ ਦੀ ਅਗਵਾਈ 'ਚ ਸਿੱਖ ਵਾਲੰਟੀਅਰਾਂ ਨੇ ਦਸਤਾਰ



ਇਸ ਸਾਲ ਸਿਟੀ ਕਾਲਜ ਦੇ ਡੀਨ ਸ. ਗੁਰਮਿੰਦਰ ਸਿੰਘ ਸੰਘਾ ਦੇ ਸਹਿਯੋਗ ਨਾਲ 'ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ' ਅਤੇ 'ਜੈਕਾਰਾ' ਲਹਿਰ ਦੇ ਸਮੂਹ ਮੈਂਬਰਾਂ ਨੇ ਅਮਰੀਕਨ ਸਿੱਖ ਸੰਗਤ ਦੇ ਸਹਿਯੋਗ ਨਾਲ ਆਪਣੀਆਂ ਸਿੱਖ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਸਿੱਖ ਪਰੰਪਰਾਵਾਂ ਨੂੰ ਸਟੇਜ 'ਤੇ ਲਾਈਵ ਪੇਸ਼ ਕੀਤਾ। ਇਹ ਪ੍ਰੋਗਰਾਮ ਅਜੀਤ ਸਿੰਘ ਦੀ ਅਗਵਾਈ ਵਿਚ ਲਾਈਵ ਗੱਤਕਾ ਦੇ ਪ੍ਰਦਰਸ਼ਨ ਨਾਲ ਸ਼ੁਰੂ ਸਜਾਉਣ ਦਾ ਪ੍ਰਦਰਸ਼ਨ ਕੀਤਾ। ਸਿਟੀ ਕਾਲਜ, ਫਰਿਜ਼ਨੋ ਸ਼ਹਿਰ ਦੇ ਕਈ ਪ੍ਰਮੁੱਖ ਵਿਅਕਤੀਆਂ ਦੇ ਨਾਲ-ਨਾਲ ਪੁਲਿਸ ਅਧਿਕਾਰੀਆਂ ਨੇ ਸਟੇਜ 'ਤੇ ਲਾਈਵ ਦਸਤਾਰ ਸਜਾਉਣ ਵਿਚ ਭਾਗ ਲਿਆ। ਇਸੇ ਦੌਰਾਨ ਸਿਟੀ ਕਾਲਜ ਦੇ ਡੀਨ ਸ. ਗੁਰਮਿੰਦਰ ਸਿੰਘ ਸੰਘਾ ਨੇ ਸਿੱਖ ਧਰਮ ਵਿਚ ਦਸਤਾਰ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਇਹ ਏਸ਼ੀਅਨ ਫੀਸਟ ਆਪਸੀ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਦੀ ਹੋਈ ਯਾਦਗਾਰੀ ਹੋ ਨਿੱਬੜੀ।

# ਜਥੇਦਾਰ ਜਗਜੀਤ ਸਿੰਘ ਗਾਭਾ ਕੈਨੇਡਾ ਦੌਰੇ ’ਤੇ



ਪੰਜਾਬ ਅਤੇ ਖ਼ਾਸ ਕਰ ਦੁਆਬੇ ਦੀਆਂ ਸੰਗਤਾਂ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੂਖ ਨਿਵਾਰਣ ਸਾਹਿਬ ਜਲੰਧਰ ਦੇ ਮੁੱਖ ਸੇਵਾਦਾਰ ਜਥੇਦਾਰ ਜਗਜੀਤ ਸਿੰਘ ਗਾਭਾ ਜੀ ਅਤੇ ਉਨ੍ਹਾਂ ਦੇ ਸੁਪਤਨੀ ਬੀਬੀ ਰਜਿੰਦਰ ਕੌਰ ਅੱਜ-ਕੱਲ੍ਹ ਵੈਨਕੂਵਰ ਕੈਨੇਡਾ ਆਏ ਹੋਏ ਹਨ, ਜਿੱਥੇ ਉਹ ਆਪਣੇ ਬੇਟੇ ਗੁਰਪ੍ਰੀਤ ਸਿੰਘ ਗਾਭਾ ਦੇ ਕੋਲ ਠਹਿਰੇ ਹੋਏ ਹਨ। ਜਥੇਦਾਰ ਗਾਭਾ ਜੀ ਪਿਛਲੇ ਲੰਮੇ ਸਮੇਂ ਤੋਂ ਪਰਿਵਾਰ ਸਹਿਤ ਗੁਰੂ ਨੂੰ ਸਮਰਪਿਤ ਹੋ ਕੇ ਤਨ, ਮਨ ਅਤੇ ਧਨ ਨਾਲ ਸੇਵਾ ਨਿਭਾਅ ਰਹੇ ਹਨ।

ਇੱਥੇ ਦੱਸਣਯੋਗ ਹੈ ਕਿ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੂਖ ਨਿਵਾਰਣ ਸਾਹਿਬ ਜਲੰਧਰ ਵਿਖੇ ਕੋਈ ਰਾਜਨੀਤੀ ਨਹੀਂ ਚੱਲਦੀ ਤੇ ਸ਼ਬਦ ਗੁਰੂ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਬਿਨਾ ਗੁਰਦੁਆਰੇ ਦੇ ਅੰਦਰ ਕੋਈ ਵਿਚਾਰ ਚਰਚਾ ਨਹੀਂ ਹੁੰਦੀ। ਬਜ਼ੁਰਗਾਂ ਨੂੰ ਅੰਮ੍ਰਿਤ ਵੇਲੇ ਅਤੇ ਸ਼ਾਮ ਦੇ ਦੀਵਾਨਾਂ ਵਿਚ ਘਰਾਂ ਤੋਂ ਲੈ ਕੇ ਆਉਣ ਅਤੇ ਵਾਪਸ ਘਰੀਂ ਛੱਡ ਕੇ ਆਉਣ ਲਈ ਗੁਰੂ ਘਰ ਦੀਆਂ ਆਪਣੀਆਂ ਬੱਸਾਂ ਦਾ ਇੰਤਜ਼ਾਮ ਹੈ। ਗੁਰੂ ਘਰ ਵਿਚ ਹਰ ਵੇਲੇ ਲੰਗਰ ਤਿਆਰ ਮਿਲਦਾ ਹੈ। ਗੁਰੂ ਘਰ ਵਲੋਂ ਗੁਰੂ ਘਰ ਦੇ ਨਾਲ ਹੀ ਬਹੁਤ ਵੱਡਾ ਹਸਪਤਾਲ ਵੀ ਚਲਾਇਆ ਜਾ ਰਿਹਾ ਹੈ, ਜਿੱਥੋਂ ਅਣਗਿਣਤ ਸੰਗਤਾਂ ਹਰ ਰੋਜ਼ ਸੇਵਾਵਾਂ ਲੈ ਕੇ ਤੰਦਰੁਸਤ ਹੋ ਰਹੀਆਂ ਹਨ। ਗੁਰੂ ਘਰ ਅਤੇ ਹਸਪਤਾਲ ਦੀਆਂ ਸੇਵਾਵਾਂ ਵਿਚ ਜਥੇਦਾਰ ਗਾਭਾ ਜੀ ਅਤੇ ਸਾਥੀ ਹਰ ਰੋਜ਼ ਆਪ ਸ਼ਾਮਲ ਹੁੰਦੇ ਹਨ। ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਅਤੇ ਦੀਵਾਨਾਂ ਦੀ ਹਾਜ਼ਰੀ ਭਰਨ ਲਈ ਸ਼ਹਿਰ ਦੇ ਕੋਨੇ ਕੋਨੇ ਤੋਂ ਸੰਗਤਾਂ ਪਹੁੰਚਦੀਆਂ ਹਨ। ਗੁਰੂ ਦੀਆਂ ਗੱਲਾਂ ਕਰਨ ਵਾਲੇ ਕੀਰਤਨੀਏ ਅਤੇ ਪ੍ਰਚਾਰਕ ਗੁਰਬਾਣੀ ਦਾ ਪ੍ਰਸ਼ਾਦ ਸੰਗਤਾਂ ਵਿਚ ਵੰਡਦੇ ਹਨ।

ਗੁਰਦੁਆਰਾ ਸਾਹਿਬ ਦੇ ਬਾਹਰ ਦਾ ਨਜ਼ਾਰਾ ਬਹੁਤ ਸੁੰਦਰ ਤੇ ਮਨ ਮੋਹਕ ਹੈ। ਗੁਰਦੁਆਰਾ ਸਾਹਿਬ ਦੇ ਅੰਦਰ, ਬਾਹਰ ਅਤੇ ਲੰਗਰ ਵਿਚ ਸਾਫ਼ ਸਫਾਈ ਵੇਖਿਆਂ ਹੀ ਬਣਦੀ ਹੈ। ਜਥੇਦਾਰ ਗਾਭਾ ਜੀ ਅਤੇ ਪੂਰੀ ਮੈਨੇਜਮੈਂਟ ਗੁਰੂ ਨੂੰ ਸਮਰਪਿਤ ਹੋ ਕੇ ਤਨਦੇਹੀ ਨਾਲ ਇਹ ਸੇਵਾ ਨਿਭਾਅ ਰਹੇ ਹਨ।

ਜਥੇਦਾਰ ਗਾਭਾ ਜੀ 2 ਤੋਂ 9 ਮਈ ਤੱਕ ਟੋਰਾਂਟੋ, 12 ਤੋਂ 18 ਮਈ ਤੱਕ ਐਡਮਿੰਟਨ, 18 ਤੋਂ 26 ਮਈ ਤੱਕ ਵੈਨਕੂਵਰ ਅਤੇ 27 ਮਈ ਤੋਂ ਕੈਲੇਫੋਰਨੀਆ ਵਿਚ ਹੋਣਗੇ। ਉਨ੍ਹਾਂ ਨੂੰ 01 981 405 3980 ਨੰਬਰ ‘ਤੇ ਸੰਪਰਕ ਕੀਤਾ ਜਾ ਸਕਦਾ ਹੈ।









# ਸੈਲਮਾ ਵਿਖੇ ਸਾਲਾਨਾ ਨਗਰ ਕੀਰਤਨ ਸਜਾਇਆ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ 'ਸਿੱਖ ਸੈਂਟਰ ਆਫ ਪੈਸੀਫਿਕ ਕੌਸਟ' ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ 28ਵਾਂ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜਥਿਆਂ ਨੇ ਸ਼ਿਰਕਤ ਕੀਤੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਵਿਸ਼ੇਸ਼ ਸਮਾਗਮ ਹੋਏ।



ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਨਵੇਂ ਵਸੇ ਅਮਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਉੱਪਰ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਚਾਰ ਚੁਫੇਰੇ ਲਿਸ਼ਕਦੀਆਂ ਕੇਸਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਵੱਖਰਾ ਹੀ ਮਾਹੌਲ ਸਿਰਜ ਰਹੀਆਂ ਸਨ। ਨਗਰ ਕੀਰਤਨ ਵਿਚ ਬੱਚਿਆਂ, ਬਜ਼ੁਰਗਾਂ ਤੋਂ ਇਲਾਵਾ ਸਮੂਹ ਧਰਮਾਂ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀਅਤ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆ ਅਤੇ ਸਤਿ ਕਰਤਾਰ ਵਾਲਿਆਂ ਵਲੋਂ ਬੱਚਿਆਂ ਲਈ ਦਸਤਾਰ ਬੰਨ੍ਹਣ ਦੇ ਬੂਥ ਲੱਗੇ ਹੋਏ ਸਨ, ਜਿੱਥੇ ਅਮਰੀਕਨ ਮੂਲ ਦੇ ਬੱਚਿਆਂ ਨੇ ਵੀ ਦਸਤਾਰ ਸਜ਼ਾ ਕੇ ਮਾਣ ਮਹਿਸੂਸ ਕੀਤਾ। ਨਗਰ ਕੀਰਤਨ ਦੌਰਾਨ ਗੁਰੂਘਰ ਦੇ ਅੰਦਰ ਸੁਆਦਲੇ ਖਾਣੇ ਦੇ ਸਟਾਲ ਲੱਗੇ ਹੋਏ ਸਨ, ਜਿਨ੍ਹਾਂ ਦਾ ਸੰਗਤਾਂ ਨੇ ਖੂਬ ਆਨੰਦ ਮਾਣਿਆ। ਮੀਰੀ-ਪੀਰੀ ਗਰੁੱਪ ਵਲੋਂ ਤਾਜ਼ੇ ਜੂਸ ਦੇ ਲੰਗਰ ਵੀ ਗਰਮੀ ਦੇ ਮੌਸਮ ਵਿਚ ਸੰਗਤਾਂ ਦੀ ਖਿੱਚ ਦਾ ਕੇਂਦਰ ਰਹੇ। ਵਸਤਾਂ ਅਤੇ ਰਸਤਾਂ ਦੀਆਂ ਦੁਕਾਨਾਂ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਨਗਰ ਕੀਰਤਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਭਰੀ। ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆ ਅਤੇ ਮਜ਼ਬੂਤ ਸਨ। ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ, ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿੱਬੜਿਆ।

# 3 ਵਿਦਿਆਰਥੀਆਂ ਦੀ ਸੜਕ ਹਾਦਸੇ ਵਿਚ ਮੌਤ

**ਸੈਕਰਾਮੈਂਟੋ:** ਓਕਲਾਹੋਮਾ ਯੂਨੀਵਰਸਿਟੀ ਦੇ ਮੈਟੋਰਾਲੋਜੀ ਦੇ 3 ਵਿਦਿਆਰਥੀਆਂ ਦੀ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ। ਤਿੰਨਾਂ ਦੋਸਤਾਂ ਨਾਲ ਇਹ ਹਾਦਸਾ ਕਨਸਾਸ ਵਿਚ ਉਸ ਵੇਲੇ ਵਾਪਰਿਆ ਜਦੋਂ ਉਹ ਨਾਰਮੈਨ, ਓਕਲਾਹੋਮਾ ਤੋਂ ਪਰਤ ਰਹੇ ਸਨ। ਵਿਦਿਆਰਥੀਆਂ ਦੀ ਕਾਰ ਇਕ ਸੈਮੀ ਟਰੱਕ ਨਾਲ ਟਕਰਾਅ ਗਈ।


ਮ੍ਰਿਤਕਾਂ ਦੀ ਪਛਾਣ ਡੈਨਟਾਨ, ਟੈਕਸਾਸ ਵਾਸੀ ਨਿਕੋਲਸ ਨਾਇਰ (20), ਗਰੇਅਸਲੇਕ, ਇਲੀਨੋਇਸ ਵਾਸੀ ਗੈਵਿਨ ਸ਼ਾਰਟ (19), ਤੇ ਈਵਾਨਸਵਿਲੇ, ਇੰਡੀਆਨਾ ਵਾਸੀ ਡਰੇਕ ਬਰੁਕਸ (22) ਵਜੋਂ ਹੋਈ ਹੈ। ਤਿੰਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਸੈਮੀ ਟਰੱਕ ਦੇ ਡਰਾਈਵਰ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਵਿਦਿਆਰਥੀਆਂ ਦੀ ਕਾਰ ਸੱਜੇ ਪਾਸੇ ਸੜਕ ਤੋਂ ਉਤਰ ਗਈ ਤੇ ਫਿਰ ਸੜਕ ਉਪਰ ਚੜ੍ਹ ਕੇ ਸੈਮੀ ਟਰੱਕ ਨਾਲ ਟਕਰਾਅ ਗਈ। ਟੋਨਕਾਵਾ ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਤਿੰਨਾਂ ਵਿਦਿਆਰਥੀਆਂ ਦੀਆਂ ਲਾਸ਼ਾਂ ਨੂੰ ਸਾਢੇ 5 ਘੰਟੇ ਦੀ ਮੁਸ਼ੱਕਤ ਤੋਂ ਬਾਅਦ ਕੱਢਿਆ ਗਿਆ। ਮੌਤ ਤੋਂ 3 ਘੰਟੇ ਪਹਿਲਾਂ ਉਨ੍ਹਾਂ ਦਾ ਸਾਹਮਣਾ ਇਕ ਤੂਫਾਨ ਨਾਲ ਹੋਇਆ ਜਿਸ ਸਬੰਧੀ ਤਸਵੀਰਾਂ ਉਨ੍ਹਾਂ ਨੇ ਟਵਿਟਰ ਉਪਰ ਸਾਂਝੀਆਂ ਕੀਤੀਆਂ ਸਨ। ਜਿਉਂ ਹੀ ਤਿੰਨਾਂ ਵਿਦਿਆਰਥੀਆਂ ਦੀ ਮੌਤ ਦੀ ਖ਼ਬਰ ਯੂਨੀਵਰਸਿਟੀ ਪੁੱਜੀ ਤਾਂ ਉਥੇ ਸੋਗ ਦੀ ਲਹਿਰ ਫੈਲ ਗਈ।


Homeopathicvibes

Harminder Singh Gill

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab

**Now we have two locations:**

940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538

Fax: (408)737-7102 www.homeopathicvibes.com

*We sell and ship homeopathic remedies through out North America.*



ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211


REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਇਤਿਹਾਸ ਵਿਸ਼ੇ ਦੀਆਂ ਵਿਵਾਦ ਵਾਲੀਆਂ ਪੁਸਤਕਾਂ ਦੀ ਵਿਕਰੀ 'ਤੇ ਪਾਬੰਦੀ

**ਮੁਹਾਲੀ:** ਪੰਜਾਬ ਸਰਕਾਰ ਨੇ 12ਵੀਂ ਦੇ ਪੰਜਾਬ ਦਾ ਇਤਿਹਾਸ ਵਿਸ਼ੇ ਦੀਆਂ 3 ਪੁਸਤਕਾਂ ਦੀ ਵਿਕਰੀ ਉਤੇ ਪਾਬੰਦੀ ਲਗਾ ਦਿੱਤੀ ਹੈ। ਸਰਕਾਰ ਨੇ ਪੜਤਾਲੀਆ ਅਫਸਰ ਵੱਲੋਂ ਪੇਸ਼ ਕੀਤੀ ਰਿਪੋਰਟ ਉਤੇ ਕਾਰਵਾਈ ਕਰਦਿਆਂ 12ਵੀਂ ਸ਼੍ਰੇਣੀ ਦੇ ਪੰਜਾਬ ਦਾ ਇਤਿਹਾਸ ਦੀਆਂ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਵਿਵਾਦਿਤ 3 ਪੁਸਤਕਾਂ ਦੀ ਵਿਕਰੀ ਉਤੇ ਤੁਰਤ ਪ੍ਰਭਾਵ ਨਾਲ ਪਾਬੰਦੀ ਲਗਾਉਣ ਅਤੇ ਇਨ੍ਹਾਂ ਪੁਸਤਕਾਂ ਨੂੰ ਕਿਸੇ ਵੀ ਰੂਪ ਵਿਚ ਪੰਜਾਬ ਰਾਜ ਦੇ ਸਕੂਲਾਂ ਵਿਚ ਨਾ ਪੜ੍ਹਾਉਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ 12ਵੀਂ ਸ਼੍ਰੇਣੀ ਦੇ ਇਸੇ ਵਿਸ਼ੇ ਦੀਆਂ ਕੁਝ ਹੋਰਨਾਂ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਦੀ ਜਾਰੀ ਪੜਤਾਲ ਦੀ ਰਿਪੋਰਟ ਪ੍ਰਾਪਤ ਹੋਣ ਉਤੇ ਉਨ੍ਹਾਂ ਖ਼ਿਲਾਫ ਵੀ ਲੋੜੀਂਦੀ ਕਾਰਵਾਈ ਕਰਨ ਦੀ ਗੱਲ ਆਖੀ ਗਈ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਪ੍ਰੋ. ਯੋਗਰਾਜ ਨੇ ਦੱਸਿਆ ਕਿ ਸਿੱਖ ਆਗੂ ਬਲਦੇਵ ਸਿੰਘ ਸਿਰਸਾ ਵੱਲੋਂ ਬੋਰਡ ਕੋਲ



ਦਾਖਲ ਕੀਤੀਆਂ ਸ਼ਿਕਾਇਤਾਂ ਅਨੁਸਾਰ ਇਹ ਪੁਸਤਕਾਂ ਸਾਲ 2007 ਤੋਂ ਲੈ ਕੇ 2017 ਤੱਕ ਪ੍ਰਚਲਤ ਸਨ ਅਤੇ ਬੋਰਡ ਵੱਲੋਂ ਵੱਖ-ਵੱਖ ਸਮੇਂ ਵਿਚ ਨੋਟੀਫਾਈ ਕੀਤੀਆਂ ਗਈਆਂ ਸਨ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਾਂਚ ਪੜਤਾਲੀਆ ਅਫਸਰ ਆਈ.ਪੀ.ਐਸ. ਮਲਹੋਤਰਾ ਨੂੰ ਸੌਂਪੀ ਗਈ ਸੀ, ਜਿਸ ਦੇ ਚੱਲਦਿਆਂ 3 ਲੇਖਕ ਅਤੇ ਪ੍ਰਕਾਸ਼ਕ ਜਿਨ੍ਹਾਂ ਵਿਚ ਡਾ. ਮਨਜੀਤ ਸਿੰਘ ਸੋਢੀ (ਲੇਖਕ) ਪੁਸਤਕ 'ਮਾਡਰਨ ਏ.ਬੀ.ਸੀ. ਆਫ ਹਿਸਟਰੀ ਆਫ ਪੰਜਾਬ' ਮਾਡਰਨ ਪਬਲਿਸ਼ਰਜ਼, ਜਲੰਧਰ, ਡਾ. ਮਹਿੰਦਰਪਾਲ ਕੌਰ (ਲੇਖਿਕਾ) ਪੁਸਤਕ 'ਹਿਸਟਰੀ ਆਫ ਪੰਜਾਬ' ਮਲਹੋਤਰਾ ਬੁੱਕ ਡਿੱਪੂ ਜਲੰਧਰ, ਐਮ.ਐਸ. ਮਾਨ (ਲੇਖਕ) ਪੁਸਤਕ 'ਪੰਜਾਬ ਦਾ ਇਤਿਹਾਸ' ਰਾਜ ਪਬਲਿਸ਼ਰਜ਼ ਜਲੰਧਰ ਪੜਤਾਲ ਵਿਚ ਸ਼ਾਮਲ ਹੋਏ ਸਨ।

ਉਨ੍ਹਾਂ ਦੱਸਿਆ ਕਿ ਪੜਤਾਲ ਅਫਸਰ ਵੱਲੋਂ ਸੌਂਪੀਆਂ ਗਈਆਂ 3 ਪੜਤਾਲ ਰਿਪੋਰਟਾਂ ਦੇ ਮੱਦੇਨਜ਼ਰ ਉਨ੍ਹਾਂ ਵੱਲੋਂ ਮਾਮਲਾ ਸਿੱਖਿਆ ਵਿਭਾਗ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਸੀ ਅਤੇ ਸਿੱਖਿਆ ਵਿਭਾਗ ਵੱਲੋਂ ਮੁੱਖ ਤੌਰ ਉਤੇ ਸ਼ਿਕਾਇਤਾਂ ਦੀ ਸਮੱਗਰੀ ਅਤੇ ਪੜਤਾਲ ਵਿਚ ਪੇਸ਼ ਰਿਪੋਰਟ ਦੇ ਨਾਲ ਸਿਧਾਂਤਕ ਤੌਰ ਉਤੇ ਸਹਿਮਤੀ ਪ੍ਰਗਟਾਈ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਇਹ ਫੈਸਲਾ ਲਿਆ ਹੈ ਕਿ ਇਨ੍ਹਾਂ ਪੁਸਤਕਾਂ ਦੀ ਵਿਕਰੀ ਉਤੇ ਤੁਰਤ ਪ੍ਰਭਾਵ ਨਾਲ ਰੋਕ ਲਗਾਈ ਜਾਵੇ ਅਤੇ ਇਹ ਪੁਸਤਕਾਂ ਕਿਸੇ ਵੀ ਰੂਪ ਵਿਚ ਪੰਜਾਬ ਰਾਜ ਦੇ ਸਕੂਲਾਂ ਵਿਚ ਨਾ ਪੜ੍ਹਾਈਆਂ ਜਾਣ।

ਉਨ੍ਹਾਂ ਦੱਸਿਆ ਕਿ ਪੜਤਾਲ ਰਿਪੋਰਟ ਦੇ ਆਧਾਰ ਉਤੇ ਸਰਕਾਰ ਵੱਲੋਂ ਇਸ ਸਬੰਧੀ ਕੁਝ ਹੋਰ ਆਦੇਸ਼ ਬੋਰਡ ਨੂੰ ਜਾਰੀ ਕੀਤੇ ਗਏ ਹਨ, ਜਿਸ ਤਹਿਤ ਇਨ੍ਹਾਂ ਕਿਤਾਬਾਂ ਨੂੰ ਸਾਲ 2017 ਤੱਕ ਨੋਟੀਫਾਈ ਕਰਨ ਸਮੇਂ ਕੰਮ ਕਰਦੇ ਬੋਰਡ ਕਰਮਚਾਰੀਆਂ/ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੇ ਜਾਵੇ। ਉਨ੍ਹਾਂ ਕਿਹਾ ਕਿ ਇਸ ਸਭ ਦੇ ਮੱਦੇਨਜ਼ਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਜਿਹੀਆਂ ਸਾਰੀਆਂ ਨੋਟੀਫਿਕੇਸ਼ਨਾਂ, ਜੋ ਕਿ ਸਮੇਂ-ਸਮੇਂ ਸਿਰ ਇਨ੍ਹਾਂ ਕਿਤਾਬਾਂ ਬਾਰੇ ਜਾਰੀ ਕੀਤੀਆਂ ਗਈਆਂ ਸਨ, ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ ਹੈ।

# ਡੇਰਾ ਸਿਰਸਾ ਦੇ ਮੁਖੀ ਬਣੇ ਰਹਿਣਗੇ ਗੁਰਮੀਤ ਰਾਮ ਰਹੀਮ

**ਸਿਰਸਾ:** ਡੇਰਾ ਸਿਰਸਾ ਦੇ ਸਥਾਪਨਾ ਦਿਵਸ ਮੌਕੇ ਡੇਰੇ ਵਿਚ ਸ਼ਰਧਾਲੂਆਂ ਦਾ ਵੱਡਾ ਇਕੱਠ ਹੋਇਆ। ਇਸ ਦੌਰਾਨ ਡੇਰਾ ਮੁਖੀ ਵੱਲੋਂ ਲਿਖੀ ਗਈ ਚਿੱਠੀ ਪ੍ਰੇਮੀਆਂ ਨੂੰ ਪੜ੍ਹ ਕੇ ਸੁਣਾਈ ਗਈ, ਜਿਸ ਵਿਚ ਉਨ੍ਹਾਂ ਖੁਦ ਡੇਰਾ ਮੁਖੀ ਹੋਣ ਦਾ ਜ਼ਿਕਰ ਕੀਤਾ ਗਿਆ ਹੈ ਤੇ ਡੇਰੇ ਵੱਲੋਂ ਸ਼ੁਰੂ ਕੀਤੇ ਲੋਕ ਭਲਾਈ ਦੇ ਕੰਮਾਂ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ। ਚੇਤੇ ਰਹੇ ਕਿ ਡੇਰੇ ਦੀ ਸਥਾਪਨਾ ਸ਼ਾਹ ਮਸਤਾਨਾ ਵੱਲੋਂ 1948 ਵਿਚ ਕੀਤੀ ਗਈ ਸੀ। ਡੇਰਾ ਸਿਰਸਾ ਦੇ ਸਥਾਪਨਾ ਦਿਵਸ ਮੌਕੇ ਪੰਜਾਬ, ਹਰਿਆਣਾ, ਰਾਜਸਥਾਨ ਸਮੇਤ ਕਈ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਪ੍ਰੇਮੀ ਪੁੱਜੇ। ਡੇਰਾ ਪ੍ਰੇਮੀਆਂ ਨੂੰ ਸੁਣਾਈ ਚਿੱਠੀ ਵਿਚ ਡੇਰੇ ਵੱਲੋਂ ਲੋਕ ਭਲਾਈ ਦੇ ਸ਼ੁਰੂ ਕੀਤੇ ਗਏ 139 ਕਾਰਜਾਂ ਨੂੰ ਜਾਰੀ ਰੱਖਣ ਦੀ ਗੱਲ ਕਹੀ ਗਈ। ਕਿਸੇ ਦੀ ਬਹਿਕਾਵੇ ਵਿਚ ਨਾ ਆਉਣ ਦੀ ਗੱਲ ਵੀ ਲਿਖੀ ਗਈ। ਇਸ ਦੌਰਾਨ ਕਈ ਲੋੜਵੰਦਾਂ ਨੂੰ ਲੋੜੀਂਦੀਆਂ ਵਸਤਾਂ ਦਿੱਤੀਆਂ ਗਈਆਂ ਤੇ 29 ਆਦੀਵਾਸੀ ਜੋੜਿਆਂ ਦੇ ਵਿਆਹ



ਵੀ ਕਰਵਾਏ ਗਏ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਡੇਰਾ ਮੁਖੀ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਨੂੰ ਡੇਰਾ ਮੁਖੀ ਬਣਾਏ ਜਾਣ ਦੀਆਂ ਚਰਚਾਵਾਂ ਨੇ ਜ਼ੋਰ ਫੜਿਆ ਹੋਇਆ ਸੀ। ਇਸ ਦੀ ਚਰਚਾ ਸੋਸ਼ਲ ਮੀਡੀਆ ਉਤੇ ਵੀ ਚੱਲੀ ਸੀ ਪਰ ਡੇਰਾ ਮੁਖੀ ਵੱਲੋਂ ਆਈ ਚਿੱਠੀ ਮਗਰੋਂ ਇਨ੍ਹਾਂ ਚਰਚਾਵਾਂ ਉਤੇ ਵਿਰਾਮ ਲੱਗ ਗਿਆ ਹੈ। ਡੇਰੇ ਦੀ ਸਥਾਪਨਾ ਮੌਕੇ ਵੱਖ-ਵੱਖ ਸੂਬਿਆਂ ਤੋਂ ਆਏ ਡੇਰਾ ਪ੍ਰੇਮੀਆਂ ਕਾਰਨ ਕਈ ਸੜਕਾਂ ਉਤੇ ਲੰਮੇ-ਲੰਮੇ ਜਾਮ ਲੱਗੇ ਰਹੇ।

# ਪੰਜਾਬ ਦੀਆਂ ਸਰਕਾਰੀ ਬੱਸਾਂ ਦਿੱਲੀ ਹਵਾਈ ਅੱਡੇ ਤੱਕ ਜਾਣਗੀਆਂ

**ਚੰਡੀਗੜ੍ਹ:** ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀ ਬੱਸ ਸੇਵਾ ਨਵੀਂ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੱਕ ਸ਼ੁਰੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੇ ਟਰਾਂਸਪੋਰਟ ਵਿਭਾਗ ਦੇ ਸਕੱਤਰ ਵਿਕਾਸ ਗਰਗ ਨੇ ਦਿੱਲੀ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਅਸ਼ੀਸ਼ ਕੁੰਦਰਾ ਅਤੇ ਨਵੀਂ ਦਿੱਲੀ ਕੌਮਾਂਤਰੀ ਹਵਾਈ ਅੱਡੇ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਸ ਮਾਮਲੇ 'ਤੇ ਚਰਚਾ ਕੀਤੀ।

ਉਨ੍ਹਾਂ ਦੱਸਿਆ ਕਿ ਦਿੱਲੀ ਕੌਮਾਂਤਰੀ ਹਵਾਈ ਅੱਡੇ ਤੱਕ ਪੰਜਾਬ ਸਰਕਾਰ ਦੀ ਬੱਸ ਸੇਵਾ ਛੇਤੀ ਹੀ ਮੁੜ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਦੋਵੇਂ ਸਰਕਾਰਾਂ ਦੇ ਮੁੱਖ ਮੰਤਰੀਆਂ ਦਰਮਿਆਨ ਗੱਲਬਾਤ ਉਪਰੰਤ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਅਦਾਲਤ ਦੇ ਹੁਕਮਾਂ ਦੀ ਰੌਸ਼ਨੀ ਵਿਚ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਚਰਚਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਦਿੱਲੀ ਹਵਾਈ ਅੱਡੇ ਤੱਕ ਪੰਜਾਬ ਸਰਕਾਰ ਦੀਆਂ ਬੱਸਾਂ ਵੱਖ-ਵੱਖ ਸ਼ਹਿਰਾਂ ਤੋਂ ਸ਼ੁਰੂ ਹੋਣ ਨਾਲ ਯਾਤਰੀਆਂ ਨੂੰ ਕਿਫਾਇਤੀ ਦਰਾਂ 'ਤੇ ਸਫਰ ਮੁਹੱਈਆ ਕਰਵਾਇਆ ਜਾ ਸਕੇਗਾ। ਟਰਾਂਸਪੋਰਟ ਵਿਭਾਗ ਦੇ ਸਕੱਤਰ ਵਿਕਾਸ ਗਰਗ ਨੇ ਦੱਸਿਆ ਕਿ ਦਿੱਲੀ ਸਰਕਾਰ ਦੇ ਪ੍ਰਮੁੱਖ ਸਕੱਤਰ ਅਸ਼ੀਸ਼ ਕੁੰਦਰਾ ਨੇ ਮੀਟਿੰਗ ਦੌਰਾਨ ਭਰੋਸਾ ਦਿਵਾਇਆ ਕਿ ਇਸ ਮਸਲੇ ਦਾ ਛੇਤੀ ਹੀ ਹੱਲ ਕੱਢ ਲਿਆ ਜਾਵੇਗਾ ਅਤੇ ਪੰਜਾਬ ਦੀ ਸਰਕਾਰੀ ਬੱਸ ਸਰਵਿਸ ਦਿੱਲੀ ਹਵਾਈ ਅੱਡੇ ਤੱਕ ਚੱਲ ਸਕੇਗੀ।

ਪੰਜਾਬ ਦੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਕੁਝ ਕਾਨੂੰਨੀ ਅੜਚਣਾਂ ਖ਼ਤਮ ਹੋਣ ਤੋਂ ਬਾਅਦ ਜਲਦੀ ਹੀ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਦਾ ਦਾਖਲਾ ਕੌਮਾਂਤਰੀ ਹਵਾਈ ਅੱਡੇ ਤੱਕ ਹੋ ਜਾਵੇਗਾ। ਜ਼ਿਕਰਯੋਗ ਹੈ ਕਿ ਪੰਜਾਬ ਤੋਂ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਟਰਾਂਸਪੋਰਟ ਕੰਪਨੀ ਸਮੇਤ ਹਰਿਆਣਾ ਰੋਡਵੇਜ਼ ਅਤੇ ਹੋਰ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਤਾਂ ਦਿੱਲੀ ਦੇ ਹਵਾਈ ਅੱਡੇ ਤੱਕ ਜਾ ਰਹੀਆਂ ਹਨ ਪਰ ਪਿਛਲੇ ਕਈ ਸਾਲਾਂ ਤੋਂ ਪੰਜਾਬ ਸਰਕਾਰ ਦੀਆਂ ਬੱਸਾਂ ਦਾ ਹਵਾਈ ਅੱਡੇ 'ਤੇ ਦਾਖਲਾ ਬੰਦ ਸੀ। ਇਹ ਮਾਮਲਾ ਸਿਆਸੀ ਤੌਰ 'ਤੇ ਵੀ ਭਖਿਆ ਰਿਹਾ ਹੈ।

ਸੂਬੇ ਵਿਚ ਕਾਂਗਰਸ ਦੀ ਸਰਕਾਰ ਦੇ ਸਮੇਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਕਾਂਗਰਸ ਸਰਕਾਰ 'ਤੇ ਬਾਦਲ ਪਰਿਵਾਰ ਨੂੰ ਲਾਭ ਪਹੁੰਚਾਉਣ ਦੇ ਦੋਸ਼ ਲਾਉਂਦਿਆਂ ਜਾਣ ਬੁੱਝ ਕੇ ਸਰਕਾਰੀ ਬੱਸਾਂ ਦਾ ਦਾਖਲਾ ਬੰਦ ਕਰਨ ਦੇ ਦੋਸ਼ ਲਾਏ ਗਏ ਸਨ ਜਦੋਂ ਕਿ ਕਾਂਗਰਸ ਸਰਕਾਰ ਵੱਲੋਂ ਦਾਅਵਾ ਕੀਤਾ ਜਾਂਦਾ ਸੀ ਕਿ ਦਿੱਲੀ ਦੀ 'ਆਪ' ਸਰਕਾਰ ਵੱਲੋਂ ਪੰਜਾਬ ਦੀਆਂ ਸਰਕਾਰੀ ਬੱਸਾਂ ਦਾ ਦਾਖਲਾ ਬੰਦ ਕਰਾਇਆ ਗਿਆ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਠਨ ਤੋਂ ਬਾਅਦ ਗੇਂਦ ਪੂਰੀ ਤਰ੍ਹਾਂ 'ਆਪ' ਦੇ ਪਾਲੇ ਵਿਚ ਹੈ ਕਿਉਂਕਿ ਦਿੱਲੀ ਵਿਚ ਵੀ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸਰਕਾਰੀ ਬੱਸ ਸੇਵਾ ਪ੍ਰਾਈਵੇਟ ਬੱਸ ਸੇਵਾ ਦੇ ਮੁਕਾਬਲੇ ਲੋਕਾਂ ਨੂੰ ਸਸਤੀ ਪੈਂਦੀ ਹੈ।

# ਸ਼੍ਰੋਮਣੀ ਕਮੇਟੀ ਦਾ ਵਫਦ ਉਤਰਾਖੰਡ ਦੇ ਰਾਜਪਾਲ ਨੂੰ ਮਿਲਿਆ

**ਅੰਮ੍ਰਿਤਸਰ:** ਉਤਰਾਖੰਡ ਵਿਚ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਦੇ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਦਾ ਇਕ ਉੱਚ ਪੱਧਰੀ ਵਫਦ ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ (ਰਿਟਾਇਰਡ) ਗੁਰਮੀਤ ਸਿੰਘ ਨਾਲ ਦੇਹਰਾਦੂਨ ਵਿਚ ਮਿਲਿਆ ਤੇ ਉਨ੍ਹਾਂ ਇਸ ਮਸਲੇ ਦਾ ਹੱਲ ਤੁਰਤ ਕਰਨ ਸਬੰਧੀ ਮੰਗ ਪੱਤਰ ਸੌਂਪਿਆ।

ਇਸ ਵਫਦ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ, ਭਾਈ ਰਾਜਿੰਦਰ ਸਿੰਘ ਮਹਿਤਾ, ਸਿੱਖ ਮਿਸ਼ਨ ਰਾਏਪੁਰ ਦੇ ਇੰਚਾਰਜ ਗੁਰਮੀਤ ਸਿੰਘ ਸੈਣੀ ਅਤੇ ਵਿਸ਼ਾਖਾਪਟਨਮ ਦੇ ਸਿੱਖ ਆਗੂ ਡਾ. ਡੀਐਸ ਆਨੰਦ ਸ਼ਾਮਲ ਸਨ।

ਵਫਦ ਦੇ ਆਗੂਆਂ ਨੇ ਉਤਰਾਖੰਡ ਦੇ ਰਾਜਪਾਲ ਨੂੰ ਸਿੱਖਾਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦਾ ਮਸਲਾ ਹੱਲ ਕਰਨ ਲਈ ਦਖ਼ਲ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਗਿਆਨ ਗੋਦੜੀ ਦੇ ਮਾਮਲੇ ਬਾਰੇ ਗੰਭੀਰ ਹੈ ਅਤੇ ਇਸ ਦੇ ਹੱਲ ਲਈ ਲਗਾਤਾਰ ਯਤਨ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਵਫਦ ਵੱਲੋਂ ਉਤਰਾਖੰਡ ਦੇ ਰਾਜਪਾਲ ਨੂੰ ਮਿਲ ਕੇ ਮੰਗ ਕੀਤੀ ਗਈ ਹੈ ਕਿ ਹਰਿ ਕੀ ਪਉੜੀ ਦੇ ਸਥਾਨ 'ਤੇ ਗੁਰਦੁਆਰਾ ਗਿਆਨ ਗੋਦੜੀ ਨੂੰ ਪੁਨਰ ਸਥਾਪਤ ਕੀਤਾ ਜਾਵੇ, ਤਾਂ ਜੋ ਸਿੱਖ ਕੌਮ ਦੇ ਇਸ ਇਤਿਹਾਸਕ ਅਸਥਾਨ ਦਾ ਸਿੱਖ ਭਾਵਨਾਵਾਂ ਅਨੁਸਾਰ ਮਸਲਾ ਹੱਲ ਹੋ ਸਕੇ। ਉਨ੍ਹਾਂ ਦੱਸਿਆ ਕਿ ਉਤਰਾਖੰਡ ਦੇ ਰਾਜਪਾਲ ਨੇ ਸ਼੍ਰੋਮਣੀ ਕਮੇਟੀ ਦੇ ਵਫਦ ਦੀ ਮੰਗ ਨੂੰ ਸੰਜੀਦਗੀ ਨਾਲ ਲੈਂਦਿਆਂ ਮਾਮਲੇ ਦਾ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਵਫਦ ਨੇ ਰਾਜਪਾਲ ਦਾ ਸਨਮਾਨ ਵੀ ਕੀਤਾ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਵੀ ਕਈ ਵਾਰ ਆਪਣੇ ਜਨਰਲ ਇਜਲਾਸਾਂ ਦੌਰਾਨ ਮਤੇ ਪਾਸ ਕੇ ਭਾਰਤ ਅਤੇ ਸਬੰਧਤ ਸੂਬਿਆਂ ਦੀਆਂ ਸਰਕਾਰਾਂ ਨੂੰ ਮੰਗ ਪੱਤਰ ਭੇਜ ਕੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੇ ਮਸਲੇ ਦੇ ਜਲਦ ਹੱਲ ਦੀ ਅਪੀਲ ਕਰ ਚੁੱਕੀ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਕਈ ਆਗੂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਸਬੰਧਤ ਸੂਬਿਆਂ ਦੀਆਂ ਸਰਕਾਰਾਂ ਦੇ ਮੁੱਖ ਮੰਤਰੀਆਂ ਨੂੰ ਵੀ ਮਿਲ ਚੁੱਕੇ ਹਨ।

# ਭਗਵੰਤ ਮਾਨ ਨੂੰ ਮਾਨਸਾ ਅਦਾਲਤ ਵੱਲੋਂ ਸੰਮਨ

**ਮਾਨਸਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਾਨਸਾ ਦੀ ਇਕ ਅਦਾਲਤ ਵੱਲੋਂ 21 ਜੁਲਾਈ 2022 ਲਈ ਸੰਮਨ ਜਾਰੀ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਮਾਨਸਾ ਦੇ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਜਦੋਂ 2019 'ਚ ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਏ ਸਨ ਤਾਂ ਉਸ ਵੇਲੇ ਭਗਵੰਤ ਮਾਨ ਵੱਲੋਂ ਉਨ੍ਹਾਂ ਬਾਰੇ ਕੋਈ ਟਿੱਪਣੀ ਕੀਤੀ ਗਈ ਸੀ, ਜਿਸ ਵਿਰੁੱਧ ਮਾਨਸ਼ਾਹੀਆ ਨੇ ਮਾਨਸਾ ਦੀ ਅਦਾਲਤ ਵਿਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ।

ਇਸ ਸਬੰਧੀ ਹੀ ਹੁਣ ਅਦਾਲਤ ਵੱਲੋਂ ਮੁੱਖ ਮੰਤਰੀ ਨੂੰ ਸੰਮਨ ਜਾਰੀ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਮਾਣਹਾਨੀ ਦੇ ਇਸ ਕੇਸ ਵਿਚ ਪੰਜਾਬ ਦੇ ਕਈ ਵੱਡੇ ਅਖ਼ਬਾਰਾਂ ਦੇ ਸੰਪਾਦਕਾਂ ਅਤੇ ਸੰਗਰੂਰ ਤੋਂ ਕਈ ਨਾਮੀ ਪੱਤਰਕਾਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਭਗਵੰਤ ਮਾਨ ਵੱਲੋਂ



ਸੰਗਰੂਰ ਵਿਚ ਪ੍ਰੈਸ ਕਾਨਫਰੰਸ ਕੀਤੀ ਗਈ ਸੀ, ਜਿਸ ਸਬੰਧੀ ਸ੍ਰੀ ਮਾਨਸ਼ਾਹੀਆ ਦੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਸਬੰਧੀ ਉਨ੍ਹਾਂ ਵੱਲੋਂ ਕੀਤੀ ਟਿੱਪਣੀ ਬਾਰੇ ਹੀ ਇਹ ਕੇਸ ਅਦਾਲਤ ਵਿਚ ਦਾਇਰ ਕੀਤਾ ਗਿਆ ਹੈ।

# ਹਾਈ ਕੋਰਟ ਵੱਲੋਂ ਹਵਾਰਾ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਜੁਰਮਾਨਾ

**ਚੰਡੀਗੜ੍ਹ:** ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ ਉਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ 5 ਹਜ਼ਾਰ ਦਾ ਜੁਰਮਾਨਾ ਲਗਾਇਆ ਹੈ। ਜਸਟਿਸ ਅਵਨੀਸ਼ ਝਿੰਗਨ ਦੀ ਅਦਾਲਤ ਨੇ ਪੰਜਾਬ ਸਰਕਾਰ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਹੁਣ ਪਹਿਲਾਂ ਜਰਮਾਨੇ ਦੀ ਰਾਸ਼ੀ ਪੀ.ਜੀ.ਆਈ. ਦੇ ਗਰੀਬ ਮਰੀਜ਼ ਫੰਡ ਵਿਚ ਜਮ੍ਹਾਂ ਕਰਵਾਓ ਤੇ ਫਿਰ ਉਸ ਤੋਂ ਬਾਅਦ ਹੀ ਹੁਣ ਜਵਾਬ ਦਾਇਰ ਕਰਨਾ ਹੋਵੇਗਾ।

ਹਾਈਕੋਰਟ ਨੇ ਕਿਹਾ ਪਹਿਲਾਂ ਦੋ ਵਾਰ ਸਰਕਾਰ ਨੇ ਸਮਾਂ ਮੰਗਿਆ ਤੇ ਹੁਣ ਇਕ ਐਸ.ਆਈ. ਨੂੰ ਮੋਹਾਲੀ ਤੋਂ ਭੇਜਿਆ ਗਿਆ, ਸਿਰਫ ਇਹ ਦੱਸਣ ਲਈ ਕਿ ਜਵਾਬ ਤਿਆਰ ਨਹੀਂ ਹੈ। ਅਜਿਹੇ ਰਵੱਈਏ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ, ਲਿਹਾਜ਼ਾ ਹਾਈਕੋਰਟ ਨੇ ਸਰਕਾਰ ਨੂੰ ਅਜਿਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਣ ਦੇ ਆਦੇਸ਼ ਦਿੰਦੇ ਹੋਏ ਜੁਰਮਾਨਾ ਲਗਾਇਆ। ਤਿੰਨ ਸੁਣਵਾਈਆਂ ਉਤੇ ਜਵਾਬ ਦਾਖਲ ਨਾ ਕਰਨ ਅਤੇ ਹਰ ਵਾਰ ਸਮਾਂ ਮੰਗਣ ਉਤੇ ਹਾਈ ਕੋਰਟ ਨੇ ਖਾਸੀ ਨਾਰਾਜ਼ਗੀ ਜ਼ਾਹਰ ਕੀਤੀ। ਹਾਈ




ਕੋਰਟ ਨੇ ਕਿਹਾ ਕਿ ਲੱਗਦਾ ਹੈ ਕਿ ਸਰਕਾਰ ਇਸ ਮਾਮਲੇ ਨੂੰ ਲੈ ਕੇ ਬਿਲਕੁਲ ਵੀ ਗੰਭੀਰ ਨਹੀਂ ਹੈ। ਵਰਨਣਯੋਗ ਹੈ ਕਿ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ 1995 ਵਿਚ ਬੰਬ ਧਮਾਕੇ ਨਾਲ ਹੋਈ ਹੱਤਿਆ ਦੇ ਮਾਮਲੇ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਤੇ ਉਹ ਇਸ ਸਮੇਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ। ਜਗਤਾਰ ਸਿੰਘ ਹਵਾਰਾ ਦੇ ਖ਼ਿਲਾਫ ਮੋਹਾਲੀ ਦੇ ਸੋਹਾਣਾ ਪੁਲਿਸ ਥਾਣੇ ਵਿਚ 13 ਜੂਨ, 1998 ਵਿਚ ਦੇਸ਼ ਧ੍ਰੋਹ ਤੇ ਹੋਰ ਦੋਸ਼ਾਂ ਨੂੰ ਲੈ ਕੇ ਮਾਮਲਾ ਦਰਜ ਕੀਤਾ ਗਿਆ ਸੀ। ਹਵਾਰਾ ਨੇ ਦੱਸਿਆ ਸੀ ਕਿ ਸੋਹਾਣਾ ਵਿਚ ਦਰਜ ਇਸ ਐੱਫ.ਆਈ.ਆਰ. ਦੀ ਉਸ ਨੂੰ ਕੋਈ ਜਾਣਕਾਰੀ ਨਹੀਂ ਹੈ। ਇਹ ਜਾਣਕਾਰੀ ਉਨ੍ਹਾਂ ਨੂੰ ਤਿਹਾੜ ਜੇਲ੍ਹ ਅਥਾਰਟੀ ਵੱਲੋਂ ਜਾਰੀ ਇਕ ਸੂਚੀ ਦੇ ਜ਼ਰੀਏ ਮਿਲੀ ਸੀ। ਜਾਣਕਾਰੀ ਮਿਲਣ ਤੋਂ ਬਾਅਦ 2019 ਵਿਚ ਮੋਹਾਲੀ ਦੀ ਜ਼ਿਲ੍ਹਾ ਅਦਾਲਤ ਵਿਚ ਇਕ ਅਰਜ਼ੀ ਦਾਇਰ ਕਰਕੇ ਇਸ ਕੇਸ ਦੇ ਸਟੇਟਸ ਦੀ ਜਾਣਕਾਰੀ ਮੰਗੀ ਸੀ। ਇਹ ਅਰਜ਼ੀ ਹੁਣ ਤੱਕ ਬਕਾਇਆ ਹੈ।

# ਸ਼੍ਰੋਮਣੀ ਕਮੇਟੀ ਦੇ ਅਦਾਰਿਆਂ 'ਚ ਹਰ ਕਿਸੇ ਨੂੰ ਸਿਰੋਪਾਉ ਦੇਣ 'ਤੇ ਰੋਕ



**ਚੋਹਲਾ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ ਕਾਲਜਾਂ ਤੇ ਹੋਰ ਅਦਾਰਿਆਂ ਵਿਚ ਹਰੇਕ ਵਿਅਕਤੀ ਨੂੰ ਦਿੱਤੇ ਜਾਂਦੇ ਸਿਰੋਪਾਉ ਉਪਰ ਰੋਕ ਲਗਾਉਂਦਿਆਂ ਇਸ ਨੂੰ ਗੁਰ ਮਰਿਆਦਾ ਦੇ ਉਲਟ ਦੱਸਿਆ ਹੈ।

ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਗੁਰੂ ਅਰਜਨ ਦੇਵ ਖਾਲਸਾ ਕਾਲਜ ਵਿਖੇ ਡਿਗਰੀ ਵੰਡ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਪੁੱਜੇ ਸਨ, ਜਿਥੇ ਜਦ ਉਨ੍ਹਾਂ ਨੂੰ ਪ੍ਰੋਗਰਾਮ ਦੀ ਸਮਾਪਤੀ ਮੌਕੇ ਸਿਰੋਪਾਉ ਦੇਣ ਲਈ ਬੁਲਾਇਆ ਤਾਂ ਉਨ੍ਹਾਂ ਨੇ ਇਨਕਾਰ ਕਰਦਿਆਂ ਹੋਇਆਂ ਕਿਹਾ ਕਿ ਇਸ ਨੂੰ ਸਿਰੋਪਾਉ ਦਾ ਨਿਰਾਦਰ ਨਾ ਸਮਝਿਆ ਜਾਵੇ, ਬਲਕਿ ਸਿਰੋਪਾਉ ਦੇ ਮਾਣ ਸਨਮਾਨ ਲਈ ਇਸ ਦੀ ਵਰਤੋਂ ਉਸ ਵਿਅਕਤੀ ਲਈ ਹੀ ਕੀਤੀ ਜਾਵੇ, ਜੋ ਗੁਰ ਮਰਿਆਦਾ ਅਨੁਸਾਰ ਇਸ ਦਾ ਹੱਕਦਾਰ ਹੋਵੇ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦਾ ਨਿੱਜੀ ਵਿਚਾਰ ਹੈ ਕਿ ਗੁਰਦੁਆਰਿਆਂ ਜਾਂ ਹੋਰ ਅਸਥਾਨਾਂ ਉਪਰ ਵੀ ਸਿਰੋਪਾਉ ਦੇ ਸਨਮਾਨ ਲਈ ਯੋਗ ਵਿਅਕਤੀ ਨੂੰ ਹੀ ਇਸ ਦੀ ਬਖਸ਼ਿਸ਼ ਕੀਤੀ ਜਾਵੇ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਸਮੂਹ ਸਕੂਲ ਕਾਲਜਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਉਹ ਸਿਰੋਪਾਉ ਭੇਟ ਕਰਨ ਲੱਗਿਆਂ ਵਿਅਕਤੀ ਵਿਸ਼ੇਸ਼ ਦੀ ਸ਼ਖਸੀਅਤ ਨੂੰ ਧਿਆਨ ਵਿਚ ਰੱਖਣ ਅਤੇ ਉਸ ਵਿਅਕਤੀ ਨੂੰ ਹੀ ਸਿਰੋਪਾਉ ਭੇਟ ਕਰਨ ਜਿਸ ਧਰਮ ਦੇ ਕਾਰਜ ਵਿਚ ਕੋਈ ਵਿਸ਼ੇਸ਼ ਯੋਗਦਾਨ ਹੋਵੇ।

# ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਦੋ ਮਹੀਨੇ 'ਚ ਫੈਸਲਾ ਕਰਨ ਦੇ ਹੁਕਮ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ ਦੋ ਮਹੀਨਿਆਂ ਦੇ ਅੰਦਰ ਫੈਸਲਾ ਕਰੇ ਜਿਸ ਵਿਚ ਉਸ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਾਲ 1995 ਵਿਚ ਹੱਤਿਆ ਦੇ ਦੋਸ਼ ਵਿਚ ਮੌਤ ਦੀ ਸਜਾ ਸੁਣਾਈ ਗਈ ਸੀ। ਰਾਜੋਆਣਾ ਨੇ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਉਸ ਦੀ ਮੌਤ ਦੀ ਸਜਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਜਾਵੇ ਕਿਉਂਕਿ ਉਸ ਨੇ ਲੰਬਾ ਸਮਾਂ (ਲਗਭਗ 26 ਸਾਲ) ਜੇਲ੍ਹ ਵਿਚ ਹੀ ਗੁਜਾਰ ਲਿਆ ਹੈ।

ਜਸਟਿਸ ਉਦੈ ਉਮੇਸ਼ ਲਲਿਤ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਕੇਸ ਦੇ ਦੂਜੇ ਸਹਿ ਦੋਸ਼ੀਆਂ ਦੀਆਂ ਅਪੀਲਾਂ ਦਾ ਸੁਪਰੀਮ ਕੋਰਟ ਵਿਚ ਲੰਬਿਤ ਹੋਣਾ ਰਾਜੋਆਣਾ ਦੀ ਪਟੀਸ਼ਨ ਦਾ ਫੈਸਲਾ ਕਰਨ ਵਿਚ ਅਧਿਕਾਰੀਆਂ ਦੇ ਰਾਹ ਵਿਚ ਨਹੀਂ ਆਵੇਗਾ। ਪੰਜਾਬ ਪੁਲਿਸ ਦੇ ਇਕ ਸਾਬਕਾ ਕਾਂਸਟੇਬਲ ਰਾਜੋਆਣਾ ਨੂੰ 31 ਅਗਸਤ 1995 ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਇਕ ਧਮਾਕੇ ਵਿਚ ਸ਼ਾਮਲ ਹੋਣ ਲਈ ਦੋਸ਼ੀ ਠਹਿਰਾਇਆ ਗਿਆ ਸੀ ਜਿਸ ਵਿਚ ਬੇਅੰਤ ਸਿੰਘ ਅਤੇ 16 ਹੋਰਾਂ ਦੀ ਮੌਤ ਹੋ ਗਈ ਸੀ। ਸਿਖਰਲੀ ਅਦਾਲਤ ਰਾਜੋਆਣਾ ਦੀ ਮੌਤ ਦੀ ਸਜਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ। ਦੱਸਣਾ ਬਣਦਾ ਹੈ ਕਿ ਇਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿਚ ਇਸ ਕੇਸ ਵਿਚ ਰਾਜੋਆਣਾ ਨੂੰ ਮੌਤ ਦੀ ਸਜਾ ਸੁਣਾਈ ਸੀ।

# ਟਾਈਟਲਰ ਦੀ ਸੋਨੀਆ ਨਾਲ ਮੁਲਾਕਾਤ 'ਤੇ ਉਠੇ ਸਵਾਲ



**ਨਵੀਂ ਦਿੱਲੀ:** 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮੁਲਜ਼ਮ ਜਗਦੀਸ਼ ਟਾਈਟਲਰ ਦੀ ਕੌਮੀ ਰਾਜਧਾਨੀ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਭੜਕ ਉਠੇ। ਬੀਤੇ ਮਹੀਨਿਆਂ ਤੋਂ ਜਗਦੀਸ਼ ਟਾਈਟਲਰ ਦਿੱਲੀ ਪ੍ਰਦੇਸ਼ ਕਾਂਗਰਸ ਦੇ ਸਮਾਗਮਾਂ ਵਿਚ ਵੀ ਸਰਗਰਮ ਨਜ਼ਰ ਆ ਰਹੇ ਹਨ ਜਦਕਿ ਕੁਝ ਸਾਲ ਪਹਿਲਾਂ ਤੱਕ ਟਾਈਟਲਰ ਨੂੰ ਨੁੱਕਰੇ ਲਾਇਆ ਗਿਆ ਸੀ।

ਟਾਈਟਲਰ ਦੇ ਸ੍ਰੀਮਤੀ ਗਾਂਧੀ ਨਾਲ ਮੁਲਾਕਾਤ ਦੇ ਵੇਰਵੇ ਤਾਂ ਸਾਹਮਣੇ ਨਹੀਂ ਆਏ ਪਰ ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਦੇ ਕੌਮੀ ਪੱਧਰ 'ਤੇ ਹਾਸ਼ੀਏ 'ਤੇ ਜਾਣ ਕਾਰਨ ਸੀਨੀਅਰ ਕਾਂਗਰਸੀ ਆਗੂਆਂ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ। ਇਸ ਕਾਰਨ ਟਕਸਾਲੀ ਕਾਂਗਰਸੀ ਆਗੂ ਹੁਣ ਮੁੜ ਸਰਗਰਮ ਹੋਣ ਲੱਗੇ ਹਨ। ਮੀਡੀਆ ਨਾਲ ਗੱਲ ਕਰਦਿਆਂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਹ ਵਰਤਾਰਾ ਕਾਂਗਰਸ ਦਾ ਸਿੱਖਾਂ ਤੇ ਪੂਰੇ ਪੰਜਾਬ ਪ੍ਰਤੀ ਮਾਨਸਿਕਤਾ ਨੂੰ ਦਰਸਾਉਂਦਾ ਹੈ ਕਿਉਂਕਿ ਟਾਈਟਲਰ ਦੀ ਸਿੱਖ ਕਤਲੇਆਮ ਵਿਚ ਮੋਹਰੀ ਭੂਮਿਕਾ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਇਸ ਸਬੰਧੀ ਗਾਂਧੀ ਪਰਿਵਾਰ ਨੇ ਕਦੇ ਮੁਆਫੀ ਨਹੀਂ ਮੰਗੀ। ਪੰਜਾਬ ਭਾਜਪਾ ਪ੍ਰਧਾਨ ਨੇ ਕਿਹਾ ਕਿ ਇਸ ਤੋਂ ਕਾਂਗਰਸ ਦੀ ਪੰਜਾਬ ਪ੍ਰਤੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਕਾਂਗਰਸ ਦਾ ਉਸ ਵਿਅਕਤੀ ਨਾਲ ਕਿੰਨਾ ਪਿਆਰ ਹੈ ਜਿਸ ਦਾ ਨਾਂ 1984 ਦੇ ਕਤਲੇਆਮ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਕਤਲੇਆਮ ਹੋਇਆ ਅਤੇ ਸਿੱਖ ਭਰਾਵਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਿਆ।

# ਕਾਂਗਰਸ ਹਾਈਕਮਾਨ ਨੇ ਪੰਜਾਬ ਲਈ ਪੰਜ ਮੀਤ ਪ੍ਰਧਾਨ ਐਲਾਨੇ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਨੇ ਪੰਜਾਬ ਕਾਂਗਰਸ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਵੱਲੋਂ ਜਾਰੀ ਪੱਤਰ ਅਨੁਸਾਰ ਪਾਰਟੀ ਨੇ ਪੰਜ ਨਵੇਂ ਮੀਤ ਪ੍ਰਧਾਨ, ਇਕ ਖ਼ਜ਼ਾਨਚੀ ਅਤੇ ਇਕ ਜਨਰਲ ਸਕੱਤਰ ਦੀ ਨਿਯੁਕਤੀ ਕੀਤੀ ਹੈ।

ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੀ ਹਾਈਕਮਾਨ ਨੇ ਫਿਲਹਾਲ ਕਿਸੇ ਅਹੁਦੇ 'ਤੇ ਤਾਇਨਾਤੀ ਨਹੀਂ ਕੀਤੀ ਹੈ। ਕਾਂਗਰਸ ਹਾਈਕਮਾਨ ਨੇ ਅਰੁਣਾ ਚੌਧਰੀ, ਇੰਦਰਬੀਰ ਸਿੰਘ ਬੁਲਾਰੀਆ, ਕੁਸ਼ਲਦੀਪ ਸਿੰਘ ਢਿੱਲੋਂ, ਪਰਗਟ ਸਿੰਘ ਅਤੇ ਸੁੰਦਰ ਸ਼ਾਮ ਅਰੋੜਾ ਨੂੰ ਮੀਤ ਪ੍ਰਧਾਨ ਬਣਾਇਆ ਹੈ ਜਦੋਂ ਕਿ ਕੈਪਟਨ ਸੰਦੀਪ ਸਿੰਘ ਸੰਧੂ ਨੂੰ ਜਨਰਲ ਸਕੱਤਰ ਲਾਇਆ ਗਿਆ ਹੈ। ਸ੍ਰੀ ਅਮਿਤ ਵਿੱਜ ਨੂੰ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਨੇ ਕਈ ਕਾਰਜਕਾਰੀ ਪ੍ਰਧਾਨ ਵੀ ਲਗਾਏ ਸਨ। ਉਜ ਹਰਿਆਣਾ 'ਚ ਕਾਂਗਰਸ ਨੇ ਨਵੇਂ ਪ੍ਰਧਾਨ ਦੇ ਨਾਲ ਚਾਰ ਕਾਰਜਕਾਰੀ ਪ੍ਰਧਾਨ ਲਾਏ ਹਨ ਪਰ ਪੰਜਾਬ 'ਚ ਰਾਜਾ ਵੜਿੰਗ ਦੇ ਨਾਲ ਸਿਰਫ ਇਕ ਹੀ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਨ ਆਸ਼ੂ ਨੂੰ ਲਾਇਆ ਗਿਆ ਹੈ।

ਮੀਤ ਪ੍ਰਧਾਨਾਂ ਦੀ ਨਵੀਂ ਸੂਚੀ ਵਿਚ ਕਾਂਗਰਸ ਨੇ ਦੁਆਬੇ 'ਚੋਂ ਤਿੰਨ ਚਿਹਰੇ, ਮਾਝਾ ਅਤੇ ਮਾਲਵੇ 'ਚੋਂ ਇਕ-ਇਕ ਚਿਹਰਾ ਲਿਆ ਹੈ। ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੇ ਕਰੀਬੀ ਰਹੇ ਪਰਗਟ ਸਿੰਘ ਨੂੰ ਹੁਣ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਜਦੋਂ ਕਿ ਪਹਿਲਾਂ ਉਹ ਜਨਰਲ ਸਕੱਤਰ ਬਣਾਏ ਗਏ ਸਨ। ਸੂਚੀ ਵਿਚ ਇਕ ਮਹਿਲਾ ਆਗੂ ਨੂੰ ਵੀ ਜਗ੍ਹਾ ਦਿੱਤੀ ਗਈ ਹੈ। ਇਸ ਨਵੀਂ ਟੀਮ ਲਈ ਆਗਾਮੀ ਲੋਕ ਸਭਾ ਚੋਣਾਂ ਦੀ ਵੱਡੀ ਚੁਣੌਤੀ ਹੋਵੇਗੀ। ਉਸ ਤੋਂ ਪਹਿਲਾਂ ਸੰਗਰੂਰ ਦੀ ਜਿਮਨੀ ਚੋਣ ਵੀ ਸਿਰ 'ਤੇ ਹੈ।

## ਗੈਂਗਸਟਰ ਲਾਰੈਂਸ ਦੇ ਤਿੰਨ ਸਾਥੀ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਫੋਰਸ (ਏ.ਜੀ.ਟੀ.ਐਫ.) ਨੇ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਕੈਨੇਡਾ ਆਧਾਰਿਤ ਗੈਂਗਸਟਰ ਗੋਲਡੀ ਬਰਾੜ ਦੇ ਤਿੰਨ ਨਜ਼ਦੀਕੀ ਸਾਥੀਆਂ ਨੂੰ ਬਠਿੰਡਾ ਤੋਂ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਮੁਲਜ਼ਮਾਂ ਦੀ ਪਛਾਣ ਲਵਪ੍ਰੀਤ ਸਿੰਘ, ਹਿੰਮਤਵੀਰ ਸਿੰਘ ਗਿੱਲ ਤੇ ਬਲਕਰਨ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਕੋਲੋਂ ਚਾਰ ਪਿਸਤੌਲਾਂ, 20 ਕਾਰਤੂਸ ਅਤੇ ਇਕ ਕਾਰ ਬਰਾਮਦ ਕੀਤੀ ਹੈ। ਏ.ਜੀ.ਟੀ.ਐਫ. ਦੇ ਡੀ.ਆਈ.ਜੀ. ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮਾਂ ਖਿਲਾਫ ਥਾਣਾ ਸਿਵਲ ਲਾਈਨ ਬਠਿੰਡਾ ਵਿਚ ਕੇਸ ਦਰਜ ਕਰ ਲਿਆ ਗਿਆ ਹੈ। ਏ.ਜੀ.ਟੀ.ਐਫ. ਦੀ ਟੀਮ ਨੇ ਪੁਖਤਾ ਸੂਚਨਾ ਦੇ ਆਧਾਰ 'ਤੇ ਬਠਿੰਡਾ ਤੋਂ ਤਿੰਨ ਮੁਲਜ਼ਮ ਕਾਬੂ ਕੀਤੇ ਹਨ ਜੋ ਮਾਲਵਾ ਖੇਤਰ ਦੇ ਇਕ ਵਪਾਰੀ ਤੋਂ ਪੈਸੇ ਵਸੂਲਣ ਲਈ ਉਸ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ। ਤਿੰਨੋਂ ਮੁਲਜ਼ਮ ਅਪਰਾਧਿਕ ਪਿਛੋਕੜ ਵਾਲੇ ਹਨ। ਲਵਪ੍ਰੀਤ ਅਤੇ ਹਿੰਮਤਵੀਰ ਹਰਿਆਣਾ ਅਤੇ ਦਿੱਲੀ ਵਿਚ ਨਸ਼ਾ ਤਸਕਰੀ ਅਤੇ ਨਾਜਾਇਜ਼ ਹਥਿਆਰਾਂ ਦੀ ਕਥਿਤ ਤਸਕਰੀ ਵਿਚ ਸ਼ਾਮਲ ਸਨ। ਇਹ ਦੋਵੇਂ ਮੁਲਜ਼ਮ ਦੂਜੇ ਸੂਬਿਆਂ ਤੋਂ ਹਥਿਆਰ ਮੰਗਵਾ ਕੇ ਆਪਣੇ ਸਾਥੀਆਂ ਨੂੰ ਪਹੁੰਚਾਉਂਦੇ ਸਨ ਤਾਂ ਜੋ ਟਾਰਗੇਟ ਕਿਲਿੰਗ ਨੂੰ ਅੰਜਾਮ ਦਿੱਤਾ ਜਾ ਸਕੇ। ਡੀ.ਆਈ.ਜੀ. ਨੇ ਦੱਸਿਆ ਕਿ ਕੈਨੇਡਾ ਆਧਾਰਿਤ ਗੈਂਗਸਟਰ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਦੇ ਨਿਰਦੇਸ਼ਾਂ 'ਤੇ ਇਹ ਮੁਲਜ਼ਮ ਦਿੱਲੀ ਦੇ ਭਗੌੜੇ ਗੈਂਗਸਟਰਾਂ ਨੂੰ ਲੁਕਣ ਲਈ ਟਿਕਾਣੇ ਮੁਹੱਈਆ ਕਰਵਾਉਂਦੇ ਸਨ। ਹਾਲ ਹੀ ਵਿਚ ਸਪੈਸ਼ਲ ਸੈਲ ਦਿੱਲੀ ਦੀ ਕਾਊਂਟਰ ਇੰਟੈਲੀਜੈਂਸ ਯੂਨਿਟ ਨੇ ਇਕ ਗੈਂਗਸਟਰ ਸ਼ਾਹਰੁਖ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੂੰ ਲਵਪ੍ਰੀਤ ਅਤੇ ਉਸ ਦੇ ਸਾਥੀਆਂ ਨੇ ਪੰਜਾਬ ਵਿਚ ਰਹਿਣ ਲਈ ਥਾਂ ਮੁਹੱਈਆ ਕਰਵਾਈ ਸੀ।

# ਬੇਰੁਜ਼ਗਾਰ ਅਧਿਆਪਕਾਂ ਤੇ ਪੁਲਿਸ ਵਿਚਕਾਰ ਧੱਕਾ-ਮੁੱਕੀ



**ਬਰਨਾਲਾ:** ਪਿਛਲੇ ਲੰਬੇ ਸਮੇਂ ਤੋਂ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਬੀ.ਐਡ. ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁੱਧ ਸੰਘਰਸ਼ ਵਿੱਢ ਦਿੱਤਾ ਹੈ। ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਰਿਹਾਇਸ਼ ਦਾ ਘਿਰਾਓ ਕਰਨ ਸਮੇਂ ਬੇਰੁਜ਼ਗਾਰ ਅਧਿਆਪਕਾਂ ਅਤੇ ਪੁਲਿਸ ਵਿਚਕਾਰ ਕਾਫੀ ਜ਼ਿਆਦਾ ਧੱਕਾ ਮੁੱਕੀ ਹੋਈ। ਬੇਰੁਜ਼ਗਾਰਾਂ ਵੱਲੋਂ ਕੀਤੇ ਗਏ ਜ਼ਬਰਦਸਤ ਪ੍ਰਦਰਸ਼ਨ ਅਤੇ ਧੱਕਾ ਮੁੱਕੀ ਦੌਰਾਨ ਅਧਿਆਪਕਾਂ ਦੀਆਂ ਪੱਗਾਂ ਲੱਥ ਗਈਆਂ ਅਤੇ ਮਹਿਲਾ ਅਧਿਆਪਕਾਂ ਦੇ ਕੱਪੜੇ ਵੀ ਫਟ ਗਏ ਪਰ ਪੁਲਿਸ ਵੱਲੋਂ ਲਗਾਏ ਤਿੰਨ ਬੈਰੀਕੇਡ ਰੋਕਾਂ ਨੂੰ ਪਾਰ ਕਰ ਕੇ ਬੇਰੁਜ਼ਗਾਰ ਅਧਿਆਪਕ ਮੀਤ ਹੇਅਰ ਦੀ ਪੁਲਿਸ ਨਾਲ ਹੋਈ ਖਿੱਚੋਤਾਣ ਵਿਚ ਅਮਨਜੀਤ ਮੋਰਿੰਡਾ ਦੀ ਪੱਗ ਲੱਥ ਗਈ, ਸੰਦੀਪ ਗਿੱਲ ਦੇ ਹੱਥ ਉਤੇ ਸੱਟ ਲੱਗੀ ਅਤੇ ਮਹਿਲਾ ਅਧਿਆਪਕਾ ਹਰਦੀਪ ਕਨੂੰਰ ਵੀ ਖਿੱਚ ਧੂਹ ਦਾ ਸ਼ਿਕਾਰ ਹੋਈ। ਬੇਰੁਜ਼ਗਾਰ ਬੀ.ਐਡ. ਟੈਟ ਪਾਸ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿਲਵਾਂ ਨੇ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਸਰਕਾਰ ਬੇਰੁਜ਼ਗਾਰਾਂ ਦੀ ਗੱਲ ਸੁਣੇ, ਪਰ ਉਲਟਾ ਪੁਲਿਸ ਰੋਕਾਂ ਲਗਾ ਕੇ ਪਿਛਲੀਆਂ ਸਰਕਾਰਾਂ ਵਾਂਗ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ ਨਾਲ ਉਨ੍ਹਾਂ ਦੀਆਂ ਮੰਗਾਂ ਬਾਬਤ ਪੈਨਲ ਮੀਟਿੰਗ ਕਰਵਾਈ ਜਾਵੇ, ਮਾਸਟਰ ਕੇਡਰ ਦੀਆਂ 4161 ਅਸਾਮੀਆਂ ਦੇ ਪਿਛਲੇ ਜਾਰੀ ਇਸ਼ਤਿਹਾਰ ਵਿਚ ਸਮਾਜਿਕ ਸਿੱਖਿਆ, ਹਿੰਦੀ ਅਤੇ ਪੰਜਾਬੀ ਦੀਆਂ ਘੱਟੋ-ਘੱਟ 3000 ਅਸਾਮੀਆਂ ਪ੍ਰਤੀ ਵਿਸ਼ਾ ਕਰਨ ਦੀ ਮੰਗ ਪੂਰੀ ਕੀਤੀ ਜਾਵੇ। ਸਥਾਨਕ ਪ੍ਰਸ਼ਾਸਨ ਦੇ 9 ਮਈ ਨੂੰ ਪੈਨਲ ਮੀਟਿੰਗ ਕਰਵਾਉਣ ਦਾ ਲਿਖਤੀ ਭਰੋਸਾ ਮਿਲਣ ਤੋਂ ਬਾਅਦ ਬੇਰੁਜ਼ਗਾਰਾਂ ਨੇ ਧਰਨਾ ਸਮਾਪਤ ਕਰ ਦਿੱਤਾ।

# ਬੱਚਿਆਂ ਨੂੰ ਮੁਢਲੀ ਸਿੱਖਿਆ ਮਾਂ ਬੋਲੀ 'ਚ ਦੇਣ ਦੀ ਵਕਾਲਤ



**ਨਵੀਂ ਦਿੱਲੀ:** ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ ਨੇ ਕਿਹਾ ਹੈ ਕਿ ਬੱਚਿਆਂ ਨੂੰ ਮੁੱਢਲੀ ਸਿੱਖਿਆ ਮਾਂ ਬੋਲੀ 'ਚ ਦਿੱਤੀ ਜਾਣੀ ਚਾਹੀਦੀ ਹੈ। ਦਿੱਲੀ ਯੂਨੀਵਰਸਿਟੀ ਦੇ ਸ਼ਤਾਬਦੀ ਸਮਾਗਮਾਂ ਦਾ ਉਦਘਾਟਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਸਿੱਖਿਆ ਪ੍ਰਣਾਲੀ ਨੂੰ 'ਸਾਡੇ ਸਭਿਆਚਾਰ' ਉਤੇ ਵੀ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। 'ਜੇਕਰ ਬੱਚੇ ਨੂੰ ਪਹਿਲਾਂ ਹੀ ਮਾਂ ਬੋਲੀ 'ਚ ਸਿੱਖਿਆ ਦਿੱਤੀ ਜਾਵੇਗੀ ਤਾਂ ਉਹ ਉਸ ਨੂੰ ਛੇਤੀ ਜਜ਼ਬ ਕਰ ਲਵੇਗਾ। ਜੇਕਰ ਬੱਚੇ ਨੇ ਕੋਈ ਹੋਰ ਭਾਸ਼ਾ ਸਿੱਖੀ ਤਾਂ ਪਹਿਲਾਂ ਉਸ ਨੂੰ ਉਹ ਸਿੱਖਣੀ ਪਵੇਗੀ ਅਤੇ ਫਿਰ ਉਹ ਉਸ ਨੂੰ ਸਮਝੇਗਾ।'

ਉਪ ਰਾਸ਼ਟਰਪਤੀ ਨੇ ਦਿੱਲੀ ਯੂਨੀਵਰਸਿਟੀ ਦੇ 100 ਸਾਲ ਪੂਰੇ ਹੋਣ 'ਤੇ ਸੌ ਰੁਪਏ ਦਾ ਯਾਦਗਾਰੀ ਸਿੱਕਾ, ਡਾਕ ਟਿਕਟ ਅਤੇ ਕਿਤਾਬਚਾ ਵੀ ਜਾਰੀ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਬਿਆਨ ਦਾ ਵੀ ਜ਼ਿਕਰ ਕੀਤਾ ਜਿਸ 'ਚ ਉਨ੍ਹਾਂ ਅਦਾਲਤਾਂ 'ਚ ਸਥਾਨਕ ਭਾਸ਼ਾਵਾਂ ਦੀ ਵਰਤੋਂ 'ਤੇ ਜੋਰ ਦਿੱਤਾ ਹੈ। ਉਨ੍ਹਾਂ ਕਿਹਾ,''ਸਥਾਨਕ ਭਾਸ਼ਾਵਾਂ ਦੀ ਵਰਤੋਂ ਸਿਰਫ ਅਦਾਲਤਾਂ 'ਚ ਹੀ ਨਹੀਂ ਸਗੋਂ ਹਰ ਥਾਂ 'ਤੇ ਹੋਣੀ ਚਾਹੀਦੀ ਹੈ।'' ਉਨ੍ਹਾਂ 100 ਸਾਲ ਮੁਕੰਮਲ ਹੋਣ 'ਤੇ ਦਿੱਲੀ ਯੂਨੀਵਰਸਿਟੀ ਨੂੰ ਵਧਾਈ ਵੀ ਦਿੱਤੀ। ਇਸ ਮੌਕੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਥਾਨਕ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਨਾਲ ਵਿਦਿਆਰਥੀਆਂ ਦੀ ਸਿਰਜਣਾਤਮਕਤਾ 'ਚ ਦਿਲਚਸਪੀ ਵਧਾਉਣ 'ਚ ਸਹਾਇਤਾ ਮਿਲੇਗੀ। ਉਨ੍ਹਾਂ ਕਿਹਾ ਕਿ ਕੌਮੀ ਸਿੱਖਿਆ ਨੀਤੀ 'ਚ ਸਥਾਨਕ ਭਾਸ਼ਾਵਾਂ ਦੀ ਅਹਿਮੀਅਤ 'ਤੇ ਜੋਰ ਦਿੱਤਾ ਗਿਆ ਹੈ।

ਉਨ੍ਹਾਂ ਅੰਗਰੇਜ਼ੀ, ਹਿੰਦੀ ਅਤੇ ਤੇਲਗੂ ਭਾਸ਼ਾਵਾਂ 'ਚ ਕਿਤਾਬਚਾ ਜਾਰੀ ਕਰਨ ਲਈ ਦਿੱਲੀ ਯੂਨੀਵਰਸਿਟੀ ਨੂੰ ਵਧਾਈ ਵੀ ਦਿੱਤੀ।

ਪੰਜਾਬ ਟਾਈਮਜ਼

*ਸਨਿਚਰਵਾਰ, 7 ਮਈ 2022*

# ਕੱਟੜਤਾ ਦੀ ਸਿਆਸਤ

ਕੱਟੜਤਾ ਨੂੰ ਪ੍ਰਨਾਈ ਸਿਆਸਤ ਨੇ ਐਤਕੀਂ ਤਿਉਹਾਰਾਂ ਨੂੰ ਤਿਉਹਾਰ ਨਹੀਂ ਰਹਿਣ ਦਿੱਤਾ। ਪਹਿਲਾਂ ਰਾਮਨੌਮੀ ਮੌਕੇ ਮੁਸਲਮਾਨਾਂ ਖਿਲਾਫ ਜੋ ਮੁਹਿੰਮ ਚਲਾਈ ਗਈ, ਉਸ ਦਾ ਅਸਰ ਅਜੇ ਖਤਮ ਨਹੀਂ ਸੀ ਹੋਇਆ ਕਿ ਹੁਣ ਈਦ ਮੌਕੇ ਫਿਰਕੂ ਤਣਾਅ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀ ਗਈਆਂ ਹਨ ਅਤੇ ਇਸ ਮਾਮਲੇ ਵਿਚ ਇਹ ਲੋਕ ਰਾਜਸਥਾਨ ਦੇ ਸ਼ਹਿਰ ਜੋਧਪੁਰ ਵਿਚ ਕਾਮਯਾਬ ਵੀ ਹੋ ਗਏ ਹਨ। ਉਥੇ ਹੋਈ ਹਿੰਸਾ ਤੋਂ ਬਾਅਦ ਪ੍ਰਸ਼ਾਸਨ ਨੇ ਕਰਫਿਊ ਲਾ ਦਿੱਤਾ ਹੈ ਅਤੇ 100 ਦੇ ਕਰੀਬ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਹੈ। ਕੁਲ ਮਿਲਾ ਕੇ ਪਿਛਲੇ ਕੁਝ ਮਹੀਨਿਆਂ ਦੌਰਾਨ ਕੱਟੜ ਹਿੰਦੂ ਜਥੇਬੰਦੀਆਂ ਅਤੇ ਆਗੂ ਗਿਣ-ਮਿਥ ਕੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਪਾੜਾ ਵਧਾ ਰਹੇ ਹਨ। ਅਸਲ ਵਿਚ ਮੁੱਢ ਤੋਂ ਹੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀ ਨੀਤੀ ਰਹੀ ਹੈ ਕਿ ਮੁਸਲਮਾਨਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਵਿਦੇਸ਼ੀ ਸਾਬਤ ਕਰਕੇ ਉਨ੍ਹਾਂ ਖਿਲਾਫ ਨਫਰਤ ਫੈਲਾਈ ਜਾਵੇ। ਇਸ ਸਬੰਧੀ ਪ੍ਰਚਾਰ ਇਹੀ ਕੀਤਾ ਜਾਂਦਾ ਰਿਹਾ ਹੈ ਕਿ ਮੁਸਲਮਾਨ ਸ਼ਾਸਕਾਂ ਨੇ ਭਾਰਤ ਦੇ ਲੋਕਾਂ ਨਾਲ ਵਧੀਕੀਆਂ ਕੀਤੀਆਂ ਹਨ ਅਤੇ ਹੁਣ ਉਨ੍ਹਾਂ ਦਾ ਬਦਲਾ ਮੁਸਲਮਾਨਾਂ ਤੋਂ ਲਿਆ ਜਾਵੇਗਾ। ਇਹ ਪ੍ਰਚਾਰ ਮੁਹਿੰਮ ਉਦੋਂ ਤੋਂ ਤੇਜ਼ੀ ਫੜ ਗਈ ਹੈ ਜਦੋਂ ਤੋਂ 2014 ਵਿਚ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ। 2019 ਵਾਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇਸ ਪ੍ਰਚਾਰ ਮੁਹਿੰਮ ਵਿਚ ਹੋਰ ਤੇਜ਼ੀ ਆਈ ਹੈ ਅਤੇ ਪਹਿਲਾਂ ਜਿਹੜਾ ਕੰਮ ਆਮ ਲੋਕਾਂ ਨੂੰ ਭੜਕਾ ਨੇ ਭੀੜ ਦੇ ਰੂਪ ਵਿਚ ਕੀਤਾ ਜਾਂਦਾ ਸੀ, ਉਹ ਹੁਣ ਸਰਕਾਰੀ ਪੱਧਰ 'ਤੇ ਕੀਤਾ ਜਾਣ ਲੱਗਿਆ ਹੈ। ਜਿਹੜੇ-ਜਿਹੜੇ ਰਾਜਾਂ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ, ਉਥੇ-ਉਥੇ ਮੁਸਲਾਨਾਂ ਨੂੰ ਨਿਸ਼ਾਨੇ 'ਤੇ ਲਿਆਂਦਾ ਜਾ ਰਿਹਾ ਹੈ।

ਇਸ ਦੇ ਨਾਲ ਹੀ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਸਿਆਸਤ ਤਹਿਤ ਇਕ ਹੋਰ ਚਾਲ ਖੇਡੀ ਜਾ ਰਹੀ ਹੈ। ਵੱਖ-ਵੱਖ ਮੰਚਾਂ ਤੋਂ ਸਿੱਖਾਂ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਜਾ ਰਹੇ ਹਨ। ਅਸਲ ਵਿਚ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਇਸ ਰਣਨੀਤੀ ਉਤੇ ਚੱਲ ਰਹੀ ਹੈ ਕਿ ਮੁਸਲਮਾਨਾਂ ਦੀ ਇਮਦਾਦ 'ਤੇ ਆਉਣ ਵਾਲੇ ਫਿਰਕਿਆਂ ਦੀ ਵੀ ਵੱਖਰੇ ਢੰਗ ਨਾਲ ਘੇਰਾਬੰਦੀ ਕੀਤੀ ਜਾਵੇ। ਪਹਿਲਾਂ-ਪਹਿਲ ਮੋਦੀ ਸਰਕਾਰ ਨੇ ਸਿੱਖਾਂ ਪ੍ਰਤੀ ਸਖਤੀ ਵਾਲਾ ਰਵੱਈਆ ਅਖਤਿਆਰ ਕਰਨ ਦਾ ਯਤਨ ਕੀਤਾ ਸੀ ਪਰ ਸਾਲ ਭਰ ਚੱਲੇ ਕਿਸਾਨ ਅੰਦੋਲਨ ਦੇ ਸਾਬਤ ਕਰ ਦਿੱਤਾ ਕਿ ਸਿੱਖਾਂ ਅਤੇ ਪੰਜਾਬੀਆਂ ਨੂੰ ਇਉਂ ਦਰੜ ਕੇ ਨਹੀਂ ਲੰਘਿਆ ਜਾ ਸਕਦਾ। ਇਸ ਲਈ ਹੁਣ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਸਖਤੀ ਵਾਲਾ ਰਾਹ ਛੱਡ ਕੇ ਸਿੱਖਾਂ ਨੂੰ ਪਤਿਆਉਣ ਅਤੇ ਵਡਿਆਉਣ ਦਾ ਰਾਹ ਅਖਤਿਆਰ ਕੀਤਾ ਹੈ। ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅਪਰੈਲ ਵਿਚ ਵੱਡਾ ਸਮਾਗਮ ਕੀਤਾ ਗਿਆ ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਉਥੇ ਮੁਸਲਾਮਨਾਂ ਦਾ ਨਾਂ ਲਏ ਬਗੈਰ ਕੱਟੜਤਾ ਦਾ ਮੁੱਦਾ ਉਭਾਰਿਆ। ਮੁਸਲਮਾਨ ਪੀਰਾਂ-ਫਕੀਰਾਂ ਦੀ ਗੱਲ ਹੀ ਨਹੀਂ ਕੀਤੀ ਜਿਨ੍ਹਾਂ ਨੇ ਸਦਾ ਫਿਰਕੂ ਸਦਭਾਵਨਾ ਦਾ ਹੋਕਾ ਦਿੱਤਾ ਸੀ ਅਤੇ ਕੱਟੜਤਾ ਨੂੰ ਚੁਣੌਤੀ ਦਿੱਤੀ ਸੀ।

ਅਸਲ ਵਿਚ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ (ਪਹਿਲਾਂ ਇਸ ਦਾ ਨਾਂ ਭਾਰਤੀ ਜਨ ਸੰਘ ਸੀ) ਦੀ ਪਹੁੰਚ ਇਹੀ ਹੈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਹਿੰਦੂਆਂ ਨੂੰ ਇਕਜੁਟ ਕੀਤਾ ਜਾਵੇ। ਪਿਛਲੇ ਅੱਠ ਸਾਲਾਂ ਦੇ ਰਾਜ ਦੌਰਾਨ ਇਹ ਆਪਣੇ ਇਸ ਕਾਰਜ ਵਿਚ ਸਫਲ ਵੀ ਹੋਈਆਂ ਹਨ ਅਤੇ ਮੁਸਲਮਾਨਾਂ ਖਿਲਾਫ ਸ਼ਰੇਆਮ ਸਿਆਸਤ ਕਰਨ ਲੱਗ ਪਈਆਂ ਹਨ। ਇਨ੍ਹਾਂ ਦੋਹਾਂ ਜਥੇਬੰਦੀਆਂ ਨਾਲ ਜੁੜੇ ਆਗੂ ਅਤੇ ਹੋਰ ਹਿੰਦੂ ਜਥੇਬੰਦੀਆਂ ਦੇ ਆਗੂ ਸ਼ਰੇਆਮ ਮੁਸਲਮਾਨਾਂ ਨੂੰ ਮਾਰ ਦੇਣ ਦੇ ਹੋਕੇ ਦੇ ਰਹੇ ਹਨ। ਮੁਸਲਮਾਨਾਂ ਨੂੰ ਆਰਥਕ ਤੌਰ 'ਤੇ ਹੀਣੇ ਬਣਾਉਣ ਲਈ ਹਿੰਦੂਆਂ ਨੂੰ ਹੁਕਮ ਕੀਤੇ ਜਾ ਰਹੇ ਹਨ ਕਿ ਮੁਸਲਮਾਨ ਦੁਕਾਨਦਾਰਾਂ ਤੋਂ ਕੋਈ ਚੀਜ਼-ਵਸਤ ਨਾ ਖਰੀਦੀ ਜਾਵੇ। ਹਾਲਾਤ ਇਸ ਤਰ੍ਹਾਂ ਦੇ ਬਣਾ ਦਿੱਤੇ ਗਏ ਹਨ ਕਿ ਹੁਣ ਆਮ ਬੰਦਾ ਵੀ ਖੌਫਜ਼ਦਾ ਹੈ ਅਤੇ ਨਾ ਚਾਹੁੰਦਿਆਂ ਵੀ ਇਨ੍ਹਾਂ ਪਾਰਟੀਆਂ ਅਤੇ ਆਗੂਆਂ ਦੇ ਹੁਕਮਾਂ ਨੂੰ ਵੰਗਾਰਨ ਦੀ ਸਥਿਤੀ ਵਿਚ ਨਹੀਂ ਜਾਪਦਾ। ਇਸੇ ਕਰਕੇ ਹੁਣ ਸੰਜੀਦਾ ਲੋਕਾਂ ਅਤੇ ਇਨਸਾਨੀਅਤ ਲਈ ਜੂਝਣ ਵਾਲੇ ਜਿਊੜਿਆਂ ਸਿਰ ਵੱਡੀ ਜ਼ਿੰਮੇਵਾਰੀ ਆਣ ਪਈ ਹੈ ਕਿ ਮੁਸੀਬਤ ਦੀ ਇਸ ਘੜੀ ਵਿਚ ਫਿਰਕੂ ਤਣਾਅ ਘੱਟ ਕਰਨ ਲਈ ਆਪੋ-ਆਪਣਾ ਯੋਗਦਾਨ ਪਾਉਣ। ਇਨ੍ਹਾਂ ਪਾਰਟੀਆਂ ਅਤੇ ਆਗੂਆਂ ਦੀ ਕੋਸ਼ਿਸ਼ ਤਾਂ ਇਹੀ ਹੈ ਕਿ ਆਮ ਬੰਦੇ ਨੂੰ ਡਰਾ ਕੇ ਘਰਾਂ ਅੰਦਰ ਕੈਦ ਕਰ ਦਿੱਤਾ ਜਾਵੇ ਅਤੇ ਫਿਰ ਸਮਾਜ ਵਿਚ ਵੰਡੀਆਂ ਪਾ ਕੇ ਆਪਣੀ ਸਿਆਸਤ ਅਤੇ ਸਰਕਾਰ ਕਾਇਮ ਰੱਖੀ ਜਾਵੇ। ਵੱਖ-ਵੱਖ ਰਾਜਾਂ ਵਿਚ ਹਿੰਦੂਵਾਦੀਆਂ ਦੀ ਕੱਟੜ ਸਿਆਸਤ ਖਿਲਾਫ ਆਵਾਜ਼ ਤਾਂ ਉਠਣ ਲੱਗੀ ਹੈ ਪਰ ਇਹ ਆਵਾਜ਼ ਅਜੇ ਇੰਨੀ ਬੁਲੰਦ ਨਹੀਂ ਕਿ ਕੱਟੜ ਸਿਆਸਤ ਨੂੰ ਪੂਰੀ ਤਰ੍ਹਾਂ ਠੱਲ੍ਹਿਆ ਜਾ ਸਕੇ। ਇਸ ਲਈ ਹੁਣ ਵੱਖ-ਵੱਖ ਰਾਜਾਂ ਦੀਆਂ ਗੈਰ-ਭਾਜਪਾ ਸਰਕਾਰਾਂ, ਖਾਸਕਰ ਖੇਤਰੀ ਪਾਰਟੀਆਂ ਦੇ ਆਗੂਆਂ ਨੂੰ ਇਕਸੁਰਤਾ ਬਣਾ ਕੇ ਇਸ ਫਿਰਕੂ ਸਿਆਸਤ ਨੂੰ ਡੱਕਣ ਲਈ ਤਰੱਦਦ ਕਰਨਾ ਚਾਹੀਦਾ ਹੈ। ਸਿੱਖ ਅਤੇ ਪੰਜਾਬੀ ਇਸ ਮਾਮਲੇ ਵਿਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਕਿਸਾਨ ਅੰਦੋਲਨ ਨੇ ਅਜਿਹਾ ਕਰਕੇ ਵੀ ਦਿਖਾਇਆ ਹੈ। ਉਸ ਵਕਤ ਤਾਂ ਮੋਦੀ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵਿਚਕਾਰ ਪਾਟਕ ਪਾਉਣ ਦੀ ਵੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਕਿਸਾਨ ਆਗੂਆਂ ਦੀ ਬਦੌਲਤ ਮੋਦੀ ਸਰਕਾਰ ਆਪਣੇ ਮਿਸ਼ਨ ਵਿਚ ਕਾਮਯਾਬ ਨਹੀਂ ਹੋ ਸਕੀ ਅਤੇ ਕਿਸਾਨਾਂ ਨੇ ਤਿੰਨੇ ਖੇਤੀ ਕਾਨੂੰਨ ਵਾਪਸ ਕਰਵਾ ਕੇ ਇਹ ਸਾਬਤ ਕਰ ਦਿੱਤਾ ਕਿ ਸਰਕਾਰ ਦੀ ਜ਼ਿਆਦਤੀਆਂ ਦਾ ਟਾਕਰਾ ਪੂਰੀ ਤਰ੍ਹਾਂ ਜਥੇਬੰਦ ਹੋ ਕੇ ਹੀ ਕੀਤਾ ਜਾ ਸਕਦਾ ਹੈ। ਫਿਰਕੂ ਸਦਭਾਵਨਾ ਦੇ ਮਾਮਲੇ 'ਤੇ ਵੀ ਲੋਕਾਂ ਨੂੰ ਕਿਸਾਨ ਅੰਦੋਲਨ ਵਾਲਾ ਪੈਂਤੜਾ ਮੱਲਣਾ ਚਾਹੀਦਾ ਹੈ ਤਾਂ ਕਿ ਕੱਟੜ ਜਥੇਬੰਦੀਆਂ ਸਮਾਜ ਵਿਚ ਵੰਡੀਆਂ ਪਾ ਕੇ ਲੋਕਾਂ ਦੇ ਅਸਲ ਮੁੱਦਿਆਂ ਨੂੰ ਦਰਕਿਨਾਰ ਵਿਚ ਕਾਮਯਾਬ ਨਾ ਹੋਣ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਚੋ ਡੱਬੂਆਂ ਤੋਂ!

ਵਿਗੜੇ ਹੋਏ ਭੜਕਾ ਕੇ ਹੋਰਨਾਂ ਨੂੰ, ਪੁੱਠੇ ਰਾਹੇ ਪਾ ਆਪ ਵੀ ਫਸਦੇ ਨੇ।
ਲਾਉਂਦੇ ਮੂੰਹ ਨਾ ਉਨ੍ਹਾਂ ਨੂੰ ਆਪਣੇ ਵੀ, ਖੁਦ ਨੂੰ 'ਚੌਧਰੀ' ਧਰਮ ਦੇ ਦੱਸਦੇ ਨੇ।
ਬੋਲਣ ਲੱਗਿਆਂ ਕੱਢਦੇ ਜ਼ਹਿਰ ਮੂੰਹੋਂ, ਵਾਂਗੂੰ ਨਾਗ ਦੇ ਕਈਆਂ ਨੂੰ ਡਸਦੇ ਨੇ।
ਸ਼ਹਿ ਹੁੰਦੀ ਸਰਕਾਰ ਜਾਂ 'ਮਾਲਕਾਂ' ਦੀ, ਮਾਰ ਧਾੜ ਤੇ ਯਾਰ ਘੜਮੱਸ ਦੇ ਨੇ।
ਵਸਦੇ ਰਸਦੇ ਘਰਾਂ ਵਿਚ ਵੈਣ ਪੈਂਦੇ, ਸੁਣ ਕਲਜੋਗਣਾ ਵਾਂਗ ਉਹ ਹੱਸਦੇ ਨੇ।
ਭਾਂਬੜ ਬਾਲ਼ ਕੇ ਗਲ਼ੀ ਮੁਹੱਲਿਆਂ ਵਿਚ, 'ਡੱਬੂ' ਫੇਰ ਨਿਆਈਆਂ ਨੂੰ ਨੱਸਦੇ ਨੇ।

# ਦਿੱਲੀ ਅਤੇ ਪੰਜਾਬ ਦੀ ਸਕੂਲ ਸਿੱਖਿਆ ਅਤੇ ਸਰਕਾਰਾਂ

**ਸਰਕਾਰੀ ਸਕੂਲਾਂ ਵਿਚ ਹਰ ਵਰਗ ਦੀਆਂ ਖਾਲੀ ਅਸਾਮੀਆਂ ਬੱਚਿਆਂ ਦੀ ਪੜ੍ਹਾਈ ਵਿਚ ਅੜਿੱਕਾ ਹਨ। ਪ੍ਰਾਇਮਰੀ ਤੇ ਮਿਡਲ ਪੱਧਰ ਦੀ ਸਿੱਖਿਆ ਚਿੰਤਾ ਅਤੇ ਆਲੋਚਨਾ ਦਾ ਵਿਸ਼ਾ ਰਹੀ ਹੈ। ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਾਰਜ ਪ੍ਰਣਾਲੀ 'ਤੇ ਅਕਸਰ ਸਵਾਲ ਉੱਠਦੇ ਹਨ। ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਝੁਕਾਅ ਸਕੂਲ ਸਿੱਖਿਆ ਬੋਰਡ ਨੂੰ ਛੱਡ ਕੇ ਕੇਂਦਰੀ ਬੋਰਡਾਂ ਵੱਲ ਹੋ ਰਿਹਾ ਹੈ। ਸਮੇਂ-ਸਮੇਂ ਦੀਆਂ ਸੂਬਾ ਸਰਕਾਰਾਂ ਨੇ ਇਸ ਮੁੱਦੇ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਵਿਚਾਰਿਆ।**



ਅੱਜ ਕਲ੍ਹ ਸਿੱਖਿਆ ਸੁਧਾਰ ਨੂੰ ਲੈ ਕੇ ਦਿੱਲੀ ਮਾਡਲ ਨੂੰ ਪੰਜਾਬ ਵਿਚ ਲਾਗੂ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਦਿੱਲੀ ਫੇਰੀ ਦਾ ਮੁੱਦਾ ਪ੍ਰਿੰਟ ਅਤੇ ਬਿਜਲਈ ਮੀਡੀਆ ਵਿਚ ਭਖਦਾ ਮਸਲਾ ਬਣਿਆ ਹੋਇਆ ਹੈ। ਇਸ ਮਸਲੇ 'ਤੇ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਇਹ ਗੱਲ ਸਾਫ ਤੌਰ 'ਤੇ ਮੰਨ ਲੈਣੀ ਚਾਹੀਦੀ ਹੈ ਕਿ ਨਾ ਤਾਂ ਸਿੱਖਿਆ ਸੁਧਾਰ ਨੂੰ ਲੈ ਕੇ ਮੁੱਖ ਮੰਤਰੀ ਦੀ ਦਿੱਲੀ ਫੇਰੀ ਦੀ ਆਲੋਚਨਾ ਕਰਨ ਵਾਲਿਆਂ ਦੀ ਨੀਤ ਅਤੇ ਨੀਤੀ ਸਾਫ ਹੈ ਤੇ ਨਾ ਹੀ ਪੰਜਾਬ ਸਰਕਾਰ ਦਾ ਉਦੇਸ਼ ਕੇਵਲ ਸਿੱਖਿਆ ਦੇ ਸੁਧਾਰ ਅਤੇ ਮਿਆਰ ਨੂੰ ਉੱਚਾ ਚੁੱਕਣਾ ਹੈ। ਸਿਆਸੀ



ਪਾਰਟੀਆਂ ਦੀ ਇਹ ਆਲੋਚਨਾ ਕਿ ਪੰਜਾਬ ਸਰਕਾਰ ਹਿਮਾਚਲ, ਹਰਿਆਣਾ ਅਤੇ ਗੁਜਰਾਤ ਵਿਚ ਹੋਣ ਵਾਲੀਆਂ ਚੋਣਾਂ ਵਿਚ ਦਿੱਲੀ ਦਾ ਸਿੱਖਿਆ ਮਾਡਲ ਪੰਜਾਬ ਵਿਚ ਪੇਸ਼

**ਪ੍ਰਿੰਸੀਪਲ ਵਿਜੈ ਕੁਮਾਰ**
ਫੋਨ: +91-98726 27136

ਕਰਕੇ ਲਾਹਾ ਲੈਣਾ ਚਾਹੁੰਦੀ ਹੈ, ਐਨੀ ਮਹੱਤਵਪੂਰਨ ਨਹੀਂ ਹੋਣੀ ਸੀ, ਜੇ ਪੰਜਾਬ ਸਰਕਾਰ ਨੇ ਦਿੱਲੀ ਫੇਰੀ ਲਈ ਐਨੀ ਕਾਹਲ ਨਾ ਦਿਖਾਈ ਹੁੰਦੀ।

ਬਹੁਤ ਚੰਗਾ ਹੋਵੇਗਾ ਕਿ ਪੰਜਾਬ ਵਿਚ ਦਿੱਲੀ ਦੇ ਸਰਕਾਰੀ ਸਕੂਲਾਂ ਦਾ ਮਾਡਲ ਲਾਗੂ ਕਰਨ ਤੋਂ ਪਹਿਲਾਂ ਦਿੱਲੀ ਦਾ ਸਿੱਖਿਆ ਵਿਭਾਗ ਇਹ ਦੱਸੇ ਕਿ ਸਿੱਖਿਆ ਦਾ ਅਕਾਦਮਿਕ ਪੱਧਰ ਕਿੰਨਾ ਕੁ ਉੱਚਾ ਹੈ? ਸਕੂਲਾਂ ਵਿਚ ਮੁਖੀਆਂ, ਅਧਿਆਪਕਾਂ ਕਲਰਕਾਂ ਅਤੇ ਦਰਜਾ ਚਾਰ ਦੀਆਂ ਕਿੰਨੀਆਂ ਅਸਾਮੀਆਂ ਭਰੀਆਂ ਹੋਈਆਂ ਹਨ? ਕਿੰਨੇ ਸਰਕਾਰੀ ਅਧਿਆਪਕਾਂ, ਅਫਸਰਾਂ, ਵਿਧਾਇਕਾਂ ਤੇ ਮੰਤਰੀਆਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ? ਸਰਕਾਰੀ ਸਕੂਲਾਂ ਵਿਚ ਵੋਕੇਸ਼ਨਲ, ਸਾਇੰਸ ਅਤੇ ਕਾਮਰਸ ਗਰੁੱਪਾਂ ਦੀ ਪੜ੍ਹਾਈ ਦੀ ਸਥਿਤੀ ਕੀ ਹੈ? ਸਰਕਾਰੀ ਸਕੂਲਾਂ ਦੇ ਕਿੰਨੇ ਬੱਚੇ ਹਰ ਸਾਲ ਮੈਡੀਕਲ,ਆਈ.ਆਈ.ਟੀ. ਇੰਜਨੀਅਰਿੰਗ ਕਾਲਜਾਂ ਵਿਚ ਜਾਂਦੇ ਹਨ? ਕਿੰਨੇ ਬੱਚੇ ਨਿਆਂ, ਪ੍ਰਬੰਧ, ਪੁਲਿਸ ਅਤੇ ਬੈਂਕਿੰਗ ਖੇਤਰ ਵਿਚ ਅਧਿਕਾਰੀ ਚੁਣੇ ਜਾਂਦੇ ਹਨ? ਬੋਰਡ ਦੀਆਂ ਜਮਾਤਾਂ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਕਿਵੇਂ ਬਣਾਏ ਜਾਂਦੇ ਹਨ? ਗਣਿਤ, ਅੰਗਰੇਜ਼ੀ, ਵਿਗਿਆਨ, ਸਮਾਜਕ ਵਿਗਿਆਨ ਅਤੇ ਭਾਸ਼ਾਵਾਂ ਦੀ ਪੜ੍ਹਾਈ ਦੀ ਸਥਿਤੀ ਕੀ ਹੈ?

ਪ੍ਰੀ-ਪ੍ਰਾਇਮਰੀ, ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੀ ਪੜ੍ਹਾਈ ਦੀ ਸਥਿਤੀ ਕੀ ਹੈ? ਸਰਕਾਰੀ ਸਕੂਲਾਂ ਦੇ ਬੱਚੇ ਐਜੂਸੈੱਟ ਸਿੱਖਿਆ ਤੋਂ ਕੀ ਲਾਭ ਲੈ ਰਹੇ ਹਨ? ਕੰਪਿਊਟਰ ਦੀ ਪੜ੍ਹਾਈ ਦੀ ਸਥਿਤੀ ਕੀ ਹੈ? ਅਧਿਆਪਕ ਸਮਾਰਟ ਕਲਾਸ ਰੂਮ ਵਿਚ ਲੱਗੀਆਂ ਆਧੁਨਿਕ ਸਹੂਲਤਾਂ ਦੀ ਵਰਤੋਂ ਕਿੰਨੀ ਕੁ ਕਰਦੇ ਹਨ? ਸਕੂਲ ਲਾਇਬ੍ਰੇਰੀਆਂ ਦੀ ਕੀ ਸਥਿਤੀ ਹੈ? ਅਧਿਆਪਕਾਂ ਦੇ ਗਿਆਨ ਨੂੰ ਨਵਿਆਉਣ ਲਈ ਕਿਹੜੇ ਸਾਧਨਾਂ ਨੂੰ ਮਾਧਿਅਮ ਬਣਾਇਆ ਜਾਂਦਾ ਹੈ? ਅਧਿਆਪਕ ਵਰਗ ਦੀ ਆਪਣੇ ਕਿੱਤੇ ਪ੍ਰਤੀ ਕਿੰਨੀ ਕੁ ਪ੍ਰਤੀਬੱਧਤਾ ਹੈ? ਖੇਡਾਂ ਦੇ ਖੇਤਰ ਵਿਚ ਸਰਕਾਰੀ ਸਕੂਲਾਂ ਦੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਕੀ ਪ੍ਰਾਪਤੀਆਂ ਹਨ?

ਜਦੋਂ ਇਨ੍ਹਾਂ ਸਾਰੇ ਨੁਕਤਿਆਂ ਤੋਂ ਪੰਜਾਬ ਦੇ ਲੋਕ ਜਾਣੂ ਹੋ ਜਾਣਗੇ ਤਾਂ ਉਨ੍ਹਾਂ ਨੂੰ ਫੈਸਲਾ ਕਰਨਾ ਸੌਖਾ ਹੋ ਜਾਵੇਗਾ ਕਿ ਦਿੱਲੀ ਦੇ ਸਰਕਾਰੀ ਸਕੂਲਾਂ ਦਾ ਸਿੱਖਿਆ ਮਾਡਲ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਾਗੂ ਹੋਣਾ ਚਾਹੀਦਾ ਹੈ ਜਾਂ ਨਹੀਂ। ਜੇਕਰ ਦਿੱਲੀ ਦੇ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਮਾਡਲ ਲਾਗੂ ਕਰਨ ਨਾਲ ਪੰਜਾਬ ਦੀ ਸਿੱਖਿਆ ਦਾ ਸੁਧਾਰ ਹੋ ਸਕਦਾ ਹੈ ਤਾਂ ਸਰਕਾਰ ਨੂੰ ਦਿੱਲੀ ਮਾਡਲ ਲਾਗੂ ਕਰਨ ਤੋਂ ਕੋਈ ਗੁਰੇਜ਼ ਨਹੀਂ ਕਰਨਾ ਚਾਹੀਦਾ। ਸਿਆਸੀ ਪਾਰਟੀਆਂ ਨੂੰ ਇਸ ਮੁੱਦੇ ਦਾ ਵਿਰੋਧ ਕਰਨ ਤੋਂ ਪਹਿਲਾਂ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਕਾਰਜਕਾਲ ਵਿਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਨ੍ਹਾਂ ਦਾ ਕੀ ਯੋਗਦਾਨ ਰਿਹਾ ਹੈ?

ਭਾਰਤ ਦੇ ਕਿਸੇ ਵੀ ਸੂਬੇ ਦੇ ਸਕੂਲਾਂ ਦੀ ਸਿੱਖਿਆ ਦੇ ਮਿਆਰ ਦਾ ਮੁਕਾਬਲਾ ਸਰਕਾਰੀ ਸਕੂਲਾਂ ਨਾਲ ਕਰਨ ਦੀ ਬਜਾਇ ਪ੍ਰਾਈਵੇਟ ਸਕੂਲਾਂ ਦੀ ਪੜ੍ਹਾਈ ਨਾਲ ਕਿਉਂ ਨਹੀਂ ਕੀਤਾ ਜਾਂਦਾ? ਇਸ ਦਾ ਅਰਥ ਇਹ ਹੋਇਆ ਕਿ ਸਾਡੀਆਂ ਸਰਕਾਰਾਂ ਆਪਣੇ ਆਪ ਇਸ ਗੱਲ ਨੂੰ ਕਬੂਲ ਕਰ ਰਹੀਆਂ ਹਨ ਕਿ ਪ੍ਰਾਈਵੇਟ ਸਕੂਲ ਸਰਕਾਰੀ ਸਕੂਲਾਂ ਨਾਲੋਂ ਚੰਗੇ ਹਨ। ਉਹ ਦਿਨ ਕਦੋਂ ਆਵੇਗਾ ਜਦੋਂ ਸਰਕਾਰੀ ਸਕੂਲਾਂ ਦਾ ਮੁਕਾਬਲਾ ਪ੍ਰਾਈਵੇਟ ਸਕੂਲਾਂ ਨਾਲ ਕੀਤਾ ਜਾਵੇਗਾ? ਕਿਸੇ ਵੀ ਸੂਬੇ ਦੇ ਕੁਝ ਚੰਗੇ ਸਕੂਲਾਂ ਨੂੰ ਦੇਖ ਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਸੂਬੇ ਦੀ ਸਿੱਖਿਆ ਦਾ ਮਿਆਰ ਉੱਚਾ ਹੈ ਤੇ ਨਾ ਹੀ ਲਿਸ਼ਕਦੀਆਂ ਦੀਵਾਰਾਂ ਵਾਲੇ ਸਮਾਰਟ ਸਕੂਲ ਮਿਆਰੀ ਸਿੱਖਿਆ ਦੇ ਪ੍ਰਤੀਕ ਹੋ ਸਕਦੇ ਹਨ।

ਦਿੱਲੀ ਅਤੇ ਪੰਜਾਬ ਦੀ ਸਿੱਖਿਆ ਦਾ ਤੁਲਨਾਤਮਕ ਅਧਿਐਨ ਇਹ ਦਰਸਾਉਂਦਾ ਹੈ ਕਿ ਦਿੱਲੀ ਦੇ ਮੁਕਾਬਲੇ ਪੰਜਾਬ ਵੱਡਾ ਸੂਬਾ ਹੈ। ਦਿੱਲੀ ਦੇਸ਼ ਦੀ ਰਾਜਧਾਨੀ ਹੋਣ ਕਾਰਨ ਦਿੱਲੀ ਦੇ ਸਰਕਾਰੀ ਸਕੂਲਾਂ ਵਿਚ ਸਹੂਲਤਾਂ ਜ਼ਿਆਦਾ ਹਨ। ਆਰਥਿਕ ਪੱਖੋਂ ਦਿੱਲੀ ਸਰਕਾਰ ਸੌਖੀ ਹੋਣ ਕਾਰਨ ਸਿੱਖਿਆ ਲਈ ਬਜਟ ਜ਼ਿਆਦਾ ਰੱਖਿਆ ਗਿਆ ਹੈ। ਦਿੱਲੀ ਦੇ ਮੁਕਾਬਲੇ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਜ਼ਿਆਦਾਤਰ ਬੱਚੇ ਪਰਵਾਸੀ ਮਜ਼ਦੂਰਾਂ ਅਤੇ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਦੇ ਹੀ ਪੜ੍ਹਦੇ ਹਨ। ਹੁਣ ਦਿੱਲੀ ਦੇ ਸਰਕਾਰੀ ਸਕੂਲਾਂ ਦੇ ਮਾਡਲ ਦਾ ਵਿਰੋਧ ਕਰਨ ਵਾਲੀਆਂ ਸਿਆਸੀ ਪਾਰਟੀਆਂ ਜੋ ਪੰਜਾਬ 'ਤੇ ਰਾਜ ਕਰ ਚੁੱਕੀਆਂ ਹਨ, ਉਨ੍ਹਾਂ ਨੂੰ ਪੰਜਾਬ ਦੀ ਸਰਕਾਰੀ ਸਕੂਲਾਂ ਦੀ ਸਿੱਖਿਆ ਦੀ ਤਸਵੀਰ ਵੀ ਦੇਖ ਲੈਣੀ ਚਾਹੀਦੀ ਹੈ।

ਪੰਜਾਬ ਦੇ ਲੋਕਾਂ ਨੂੰ ਸਿੱਖਿਆ ਦਾ ਪੱਧਰ ਉੱਚਾ ਵਿਖਾਉਣ ਲਈ ਬੋਰਡ ਦੀਆਂ ਜਮਾਤਾਂ ਦੇ ਨਤੀਜਿਆਂ ਨੂੰ ਚੰਗਾ ਬਣਾਉਣ ਲਈ ਐਨੇ ਸੌਖੇ ਫਾਰਮੂਲੇ ਬਣਾਏ ਜਾਂਦੇ ਰਹੇ ਹਨ ਕਿ ਹਿਸਾਬ, ਵਿਗਿਆਨ, ਸਮਾਜਕ ਅਤੇ ਅੰਗਰੇਜ਼ੀ ਵਰਗੇ ਮਹੱਤਵਪੂਰਨ ਵਿਸ਼ਿਆਂ ਵਿਚ ਵੀ ਬੱਚੇ ਫੇਲ੍ਹ ਹੁੰਦੇ ਹੋਏ ਵੀ ਪਾਸ ਹੁੰਦੇ ਰਹੇ ਹਨ।

ਸਰਕਾਰੀ ਸਕੂਲਾਂ ਵਿਚ ਹਰ ਵਰਗ ਦੀਆਂ ਖਾਲੀ ਅਸਾਮੀਆਂ ਸਦਾ ਹੀ ਬੱਚਿਆਂ ਦੀ ਪੜ੍ਹਾਈ ਵਿਚ ਅੜਿੱਕਾ ਰਹੀਆਂ ਹਨ। ਪ੍ਰਾਇਮਰੀ ਅਤੇ ਮਿਡਲ ਪੱਧਰ ਦੀ ਸਿੱਖਿਆ ਸਦਾ ਹੀ ਚਿੰਤਾ ਅਤੇ ਆਲੋਚਨਾ ਦਾ ਵਿਸ਼ਾ ਰਹੀ ਹੈ। ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਾਰਜ ਪ੍ਰਣਾਲੀ 'ਤੇ ਅਕਸਰ ਹੀ ਸਵਾਲ ਉੱਠਦੇ ਰਹੇ ਹਨ। ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਝੁਕਾਅ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਛੱਡ ਕੇ ਕੇਂਦਰੀ ਬੋਰਡਾਂ ਵੱਲ ਹੁੰਦਾ ਜਾ ਰਿਹਾ ਹੈ। ਸਮੇਂ-ਸਮੇਂ ਦੀਆਂ ਸੂਬਾ ਸਰਕਾਰਾਂ ਨੇ ਇਸ ਮੁੱਦੇ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਵਿਚਾਰਿਆ। ਬੋਰਡ ਦੀਆਂ ਜਮਾਤਾਂ ਦੇ ਚੰਗੇ ਨਤੀਜੇ ਲਿਆਉਣ ਲਈ ਸੌਖੇ ਤੋਂ ਸੌਖੇ ਪਰਚੇ ਪਾ ਕੇ ਅੰਕਾਂ ਦੇ ਗੱਫੇ ਦੇ ਕੇ ਇਹ ਸਿੱਧ ਕੀਤਾ ਜਾਂਦਾ ਹੈ ਕਿ ਪੜ੍ਹਾਈ ਦਾ ਮਿਆਰ ਬਹੁਤ ਉੱਚਾ ਹੈ ਪਰ ਬੱਚਿਆਂ ਤੋਂ ਦਾਖ਼ਲਾ ਫਾਰਮ ਨਹੀਂ ਭਰੇ ਜਾਂਦੇ ਅਤੇ ਉਹ ਦਾਖ਼ਲਾ ਟੈਸਟ ਪਾਸ ਕਰਨ ਯੋਗ ਨਹੀਂ ਹੁੰਦੇ। ਜਿਨ੍ਹਾਂ ਸਕੂਲਾਂ ਵਿਚ ਅਧਿਆਪਕਾਂ ਅਤੇ ਲੈਕਚਰਾਰ ਦੀਆਂ ਅਸਾਮੀਆਂ ਲੰਮੇ ਅਰਸੇ ਤੋਂ ਖਾਲੀ ਪਈਆਂ ਹੋਈਆਂ ਹੁੰਦੀਆਂ ਹਨ ਉਨ੍ਹਾਂ ਦੇ ਨਤੀਜੇ ਸੌ ਫੀਸਦੀ ਕਿਵੇਂ ਆ ਜਾਂਦੇ ਹਨ, ਇਹ ਸੋਚਣ ਦਾ ਵਿਸ਼ਾ ਹੈ।

ਵਿਸ਼ਵ ਬੈਂਕ ਵਲੋਂ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ ਨਾਲ ਸਕੂਲਾਂ ਦੇ ਖੇਡ ਦੇ ਮੈਦਾਨ ਤਿਆਰ ਕਰ ਦਿੱਤੇ ਗਏ ਹਨ, ਇਨਡੋਰ ਸਟੇਡੀਅਮ ਅਤੇ ਜਿਮਨੇਜੀਅਮ ਹਾਲ ਬਣਾ ਦਿੱਤੇ ਗਏ ਹਨ ਪਰ ਸਕੂਲਾਂ ਵਿਚ ਸਰੀਰਕ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਵੋਕੇਸ਼ਨਲ ਸਿੱਖਿਆ ਦੀ ਸਥਿਤੀ ਬਹੁਤੀ ਚੰਗੀ ਨਹੀਂ। ਵਿੱਦਿਅਕ ਵਰ੍ਹੇ ਦੇ ਸ਼ੁਰੂ ਹੋਣ ਤੋਂ ਬਾਅਦ ਕਿਤਾਬਾਂ ਬੱਚਿਆਂ ਤੱਕ ਪਹੁੰਚਦੀਆਂ ਹਨ। ਬੱਚਿਆਂ ਦੇ ਵਜ਼ੀਫੇ ਜਮਾਤਾਂ ਪਾਸ ਕਰਨ ਤੋਂ ਬਾਅਦ ਆਉਂਦੇ ਹਨ। ਸੂਬੇ ਦੇ ਬਹੁਤ ਸਾਰੇ ਸਕੂਲਾਂ ਵਿਚ ਸਫਾਈ ਸੇਵਕਾਂ ਅਤੇ ਚੌਕੀਦਾਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ।

ਸਰਕਾਰਾਂ ਕੋਲ ਲੋਕਾਂ ਨੂੰ ਸਬਸਿਡੀਆਂ ਦੇਣ ਲਈ ਬਜਟ ਤਾਂ ਹੁੰਦਾ ਹੈ ਪਰ ਸਿੱਖਿਆ ਲਈ ਬਜਟ ਵਧਾਉਣ ਸਮੇਂ ਸਰਕਾਰਾਂ ਗਰੀਬ ਹੋ ਜਾਂਦੀਆਂ ਹਨ। ਮੁੱਕਦੀ ਗੱਲ ਤਾਂ ਇਹ ਹੈ ਕਿ ਸੂਬੇ ਦੇ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਸੁਧਾਰ ਹੋਣਾ ਚਾਹੀਦਾ ਹੈ, ਇਸ ਲਈ ਦਿੱਲੀ ਦੇ ਸਰਕਾਰੀ ਸਕੂਲਾਂ ਦੇ ਚੰਗੇ ਨੁਕਤੇ ਅਪਣਾਏ ਜਾ ਸਕਦੇ ਹਨ ਤੇ ਹੋਰ ਥਾਵਾਂ ਤੋਂ ਵੀ ਚੰਗੀਆਂ ਚੀਜ਼ਾਂ ਸਿੱਖੀਆਂ ਜਾ ਸਕਦੀਆਂ ਹਨ। ਇਸ ਲਈ ਵਿਰੋਧੀ ਪਾਰਟੀਆਂ ਨੂੰ ਵੀ ਸਰਕਾਰ ਨੂੰ ਸਹਿਯੋਗ ਦੇਣਾ ਚਾਹੀਦਾ ਹੈ।

# ਹਿੰਦੂ ਰਾਸ਼ਟਰ ਤੇ ਮੁਸਲਿਮ ਘੱਟਗਿਣਤੀ ਦੀ ਘੇਰਾਬੰਦੀ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਆਰ.ਐਸ.ਐਸ.-ਭਾਜਪਾ ਭਾਰਤ ਦੀਆਂ ਘੱਟਗਿਣਤੀਆਂ 'ਚ ਪਾਟਕ ਪਾਉਣ ਲਈ ਚਾਲ ਖੇਡ ਰਹੀ ਹੈ। ਮੁਸਲਮਾਨਾਂ ਨੂੰ ਧੱਕ ਕੇ ਕੰਧ ਨਾਲ ਲਾਉਣ ਦੀ ਮੁਹਿੰਮ 'ਚ ਤੇਜ਼ੀ ਅਤੇ ਸਿੱਖਾਂ ਨੂੰ ਵਡਿਆਉਣ ਦੀ ਕਵਾਇਦ ਨਾਲੋ-ਨਾਲ ਚੱਲ ਰਹੀ ਹੈ। ਇਹ ਦੁਨੀਆ ਨੂੰ ਇਹ ਪ੍ਰਭਾਵ ਦੇਣ ਲਈ ਹੈ ਕਿ ਮੁਸਲਮਾਨ ਤਾਂ ਜਹਾਦੀ, ਫਸਾਦੀ ਅਤੇ ਦੰਗਈ ਹੈ, ਉਨ੍ਹਾਂ ਨੂੰ ਸਬਕ ਸਿਖਾਇਆ ਜਾ ਰਿਹਾ ਹੈ ਜਦੋਂਕਿ ਸਿੱਖ ਭਾਜਪਾ ਦੇ ਨਾਲ ਹਨ। ਮਨੋਰਥ ਸਿੱਖ ਭਾਈਚਾਰੇ ਨੂੰ ਮੁਸਲਮਾਨ ਭਾਈਚਾਰੇ ਨਾਲ ਖੜ੍ਹਨ ਤੋਂ ਰੋਕਣਾ ਵੀ ਹੈ।


ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਕੀਤੀ ਮਿਲਣੀ ਦੀ ਤਰਜ਼ 'ਤੇ ਸਿੱਖ ਚਿਹਰਿਆਂ ਨੂੰ ਆਪਣੀ ਸਰਕਾਰੀ ਰਿਹਾਇਸ਼ ਉੱਪਰ ਸੱਦ ਕੇ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਆਰ.ਐਸ.ਐਸ-ਭਾਜਪਾ ਤਾਂ ਸਿੱਖਾਂ ਦੀ ਬਹੁਤ ਕਦਰਦਾਨ ਹੈ। ਇਸ ਮੌਕੇ ਮੋਦੀ ਪੋਚਵੀਂ ਦਸਤਾਰ ਸਜਾ ਕੇ ਕਥਿਤ 'ਸਿੱਖ ਵਫਦ' ਨੂੰ ਮਿਲੇ। ਸਿੱਖ ਭਾਈਚਾਰੇ ਨੂੰ ਭਾਰਤ ਅਤੇ ਹੋਰ ਮੁਲਕਾਂ ਦੇ ਸਬੰਧਾਂ ਵਿਚ ਇਕ ਕੜੀ ਦੱਸਦਿਆਂ ਮੋਦੀ ਨੇ ਕਿਹਾ ਕਿ ਗੁਰਦੁਆਰਿਆਂ ਵਿਚ ਜਾਣਾ, ਸੇਵਾ ਕਰਨਾ, ਲੰਗਰ, ਸਿੱਖ ਪਰਿਵਾਰਾਂ ਦੇ ਘਰਾਂ ਵਿਚ ਰਹਿਣਾ ਉਸ ਦੇ ਜੀਵਨ ਦਾ ਸੁਭਾਵਿਕ ਹਿੱਸਾ ਰਿਹਾ ਹੈ।

ਕਥਿਤ ਸਿੱਖ ਵਫਦ ਨਾਲ ਮਿਲਣੀ ਅਤੇ ਸਿੱਖਾਂ ਦੀਆਂ ਤਾਰੀਫਾਂ ਉਸ ਵਕਤ ਕੀਤੀਆਂ ਜਾ ਰਹੀਆਂ ਹਨ ਜਦੋਂ ਹਿੰਦੂ ਰਾਸ਼ਟਰ ਦੀ ਤਿਆਰੀ ਲਈ ਫਿਰਕੂ ਪਾਲਾਬੰਦੀ ਜ਼ੋਰਾਂ 'ਤੇ ਹੈ ਅਤੇ ਸੰਘ ਮੁਖੀ ਵੱਲੋਂ 'ਅਖੰਡ ਭਾਰਤ' ਨੂੰ ਨਿਸ਼ਚਿਤ ਸਮੇਂ 'ਚ ਸਾਕਾਰ ਕਰਨ ਦੇ ਗੁਰ ਦੱਸੇ ਜਾ ਰਹੇ ਹਨ। ਮੁਸਲਮਾਨਾਂ ਦਾ ਆਰਥਕ ਬਾਈਕਾਟ ਅਤੇ ਉਨ੍ਹਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਬੁਲਡੋਜਰਾਂ ਨਾਲ ਢਾਹੁਣਾ ਉਨ੍ਹਾਂ ਨੂੰ ਆਰਥਕ ਤੌਰ 'ਤੇ ਸੱਟ ਮਾਰਨ ਦੀ ਸੋਚੀ-ਸਮਝੀ ਮੁਹਿੰਮ ਹੈ। ਜੇ ਕਥਿਤ ਸਿੱਖ ਵਫਦ ਦੀਆਂ ਜ਼ਮੀਰਾਂ ਨਾ ਮਰੀਆਂ ਹੁੰਦੀਆਂ ਤਾਂ ਉਹ ਮੋਦੀ ਨੂੰ ਇਹ ਸਵਾਲ ਲਾਜ਼ਮੀ ਕਰਦੇ ਕਿ ਸਿੱਖ ਫਲਸਫਾ ਤਾਂ ਮਜ਼ਲੂਮਾਂ ਦੀ ਰਾਖੀ 'ਚ ਵਿਸ਼ਵਾਸ ਰੱਖਦਾ ਹੈ, ਜੇ ਉਹ ਸਿੱਖ ਕਦਰਾਂ-ਕੀਮਤਾਂ ਤੋਂ ਐਨਾ ਹੀ ਪ੍ਰਭਾਵਿਤ ਹੈ ਤਾਂ ਬੇਕਸੂਰ ਮੁਸਲਮਾਨਾਂ ਉੱਪਰ ਜ਼ੁਲਮਾਂ ਸਮੇਂ ਉਸ ਦੀ ਜ਼ੁਬਾਨ ਹਮੇਸ਼ਾ ਬੰਦ ਕਿਉਂ ਰਹਿੰਦੀ ਹੈ? ਹਕੀਕਤ ਇਹ ਹੈ ਕਿ ਇਹ ਵਫਦ ਕਿਸੇ ਵੀ ਤਰ੍ਹਾਂ ਸਿੱਖਾਂ ਦੇ ਨੁਮਾਇੰਦੇ ਨਹੀਂ, ਇਹ ਸੱਤਾ ਤੋਂ ਲਾਹਾ ਲੈਣ ਵਾਲੇ ਸਵਾਰਥੀ ਚਿਹਰੇ ਹਨ ਜਿਨ੍ਹਾਂ ਨੂੰ ਨੁਮਾਇੰਦੇ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਦੂਜੇ ਪਾਸੇ, ਸਿੱਖਾਂ ਦੇ ਜਾਗਰੂਕ ਹਿੱਸੇ ਆਰ.ਐਸ.ਐਸ.-ਭਾਜਪਾ ਦੇ ਏਜੰਡਿਆਂ ਬਾਰੇ ਚੁਕੰਨੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਇਹ ਦੋਖੀ ਤਾਕਤ ਸਿੱਖ ਇਤਿਹਾਸ, ਧਾਰਮਿਕ ਰਹਿਤ ਨਾਲ ਛੇੜਛਾੜ ਕਰ ਰਹੀ ਹੈ ਅਤੇ ਉਨ੍ਹਾਂ ਦੀ ਨਿਆਰੀ ਹਸਤੀ ਨੂੰ ਚੂਹੇ ਵਾਂਗ ਅੰਦਰੋ-ਅੰਦਰੀ ਕੁਤਰ ਰਹੀ ਹੈ।

ਭਾਰਤ ਵਿਚ ਮੁਸਲਮਾਨਾਂ ਦੀ ਗਿਣਤੀ 20 ਕਰੋੜ ਹੈ। ਭਗਵੇਂ ਅਨਸਰਾਂ ਵੱਲੋਂ 'ਧਰਮ ਸੰਸਦਾਂ' ਕਰਕੇ ਮੁਸਲਮਾਨਾਂ ਦੇ ਕਤਲੇਆਮ ਦੇ ਸੱਦੇ ਦਿੱਤੇ ਜਾ ਰਹੇ ਹਨ। ਹਿੰਦੂਤਵ ਜਥੇਬੰਦੀਆਂ ਵੱਲੋਂ ਮੁਸਲਿਮ ਭਾਈਚਾਰੇ ਉੱਪਰ ਲਗਾਤਾਰ ਭੜਕਾਊ ਹਮਲੇ ਕੀਤੇ ਜਾ ਰਹੇ ਹਨ। ਹਿੰਦੂ ਫਿਰਕੇ ਦੇ ਧਾਰਮਿਕ ਦਿਹਾੜਿਆਂ ਉੱਪਰ ਸੋਭਾ ਯਾਤਰਾਵਾਂ ਕੱਢ ਕੇ ਮੁਸਲਮਾਨਾਂ ਦੇ ਮੁਹੱਲਿਆਂ ਵਿਚ ਭੜਕਾਊ ਨਾਅਰੇ ਲਗਾਏ ਜਾਂਦੇ ਹਨ। ਮਸਜਿਦਾਂ ਅੱਗੇ ਉੱਚੀ ਆਵਾਜ਼ 'ਚ ਡੀ.ਜੇ. ਉੱਪਰ ਭੜਕਾਊ ਗੀਤ ਲਗਾ ਕੇ ਮੁਸਲਮਾਨਾਂ ਨੂੰ ਪ੍ਰਤੀਕਰਮ ਲਈ ਉਕਸਾਇਆ ਜਾਂਦਾ ਹੈ। ਮਸਜਿਦਾਂ ਦੇ ਸਪੀਕਰ ਬੰਦ ਕੀਤੇ ਜਾ ਰਹੇ ਹਨ। ਨਮਾਜ ਪੜ੍ਹਨ 'ਚ ਖਲਲ ਪਾਉਣਾ ਆਮ ਹੈ। ਵਿਰੋਧ ਕੀਤੇ ਜਾਣ 'ਤੇ ਉਨ੍ਹਾਂ ਦੇ ਘਰ, ਦੁਕਾਨਾਂ ਅਤੇ ਜਾਇਦਾਦਾਂ ਤਬਾਹ ਕਰ ਦਿੱਤੀਆਂ ਜਾਂਦੀਆਂ ਹਨ ਜਿਸ ਵਿਚ ਹੁਣ ਸਰਕਾਰ ਵੱਲੋਂ ਬੁਲਡੋਜ਼ਰ ਨਾਲ ਹਮਲਾ ਵੀ ਸ਼ਾਮਿਲ ਕਰ ਲਿਆ ਹੈ। ਮੁਸਲਮਾਨਾਂ ਦੀ ਆਰਥਕਤਾ ਨੂੰ ਸਿਲਸਿਲੇਵਾਰ ਤਰੀਕੇ ਨਾਲ ਤਬਾਹ ਕਰਕੇ ਉਨ੍ਹਾਂ ਦਾ ਮਨੋਬਲ ਤੋੜਿਆ ਜਾ ਰਿਹਾ ਹੈ। ਬੁਲਡੋਜ਼ਰ ਮੁਹਿੰਮਾਂ ਹੁਕਮਰਾਨ ਧਿਰ ਦੇ 'ਚੁਣੇ ਹੋਏ ਨੁਮਾਇੰਦਿਆਂ' ਦੇ ਆਦੇਸ਼ 'ਤੇ ਮਿਉਂਸਪਲ ਕਮੇਟੀਆਂ ਅਤੇ ਪੁਲਿਸ ਮਿਲ ਕੇ ਚਲਾ ਰਹੀਆਂ ਹਨ। ਪਹਿਲਾਂ ਘੱਟਗਿਣਤੀਆਂ ਵਿਰੁੱਧ ਹਜੂਮੀ ਹਿੰਸਾ ਹਿੰਦੂਤਵ ਗਰੁੱਪ ਕਰਦੇ ਸਨ, ਹੁਣ ਇਹ ਭੂਮਿਕਾ ਸਟੇਟ ਮਸ਼ੀਨਰੀ ਨੇ ਸਾਂਭ ਲਈ ਹੈ। ਹਿੰਦੂਤਵ ਦਾ ਪੋਸਟਰ ਬੁਆਏ 'ਜਾਮੀਆ ਸ਼ੂਟਰ' ਰਾਮਭਗਤ ਗੋਪਾਲ ਜੋ ਯਤੀ ਨਰਸਿੰਘਾਨੰਦ ਦਾ ਨਜ਼ਦੀਕੀ ਹੈ, ਮੁਸਲਮਾਨਾਂ ਵਿਰੁੱਧ ਮਿਊਜ਼ਿਕ ਵੀਡੀਓ ਬਣਾ ਕੇ ਨਫਰਤ ਫੈਲਾ ਰਿਹਾ ਹੈ। ਪੁਲਿਸ ਨੇ ਸ਼ਾਹੀਨ ਬਾਗ ਪ੍ਰਦਰਸ਼ਨਾਂ ਸਮੇਂ ਜਾਮੀਆ ਯੂਨੀਵਰਸਿਟੀ ਵਿਖੇ ਪ੍ਰਦਰਸ਼ਨਕਾਰੀਆਂ ਉੱਪਰ ਗੋਲੀ ਚਲਾਉਣ ਅਤੇ ਹੋਰ ਕੇਸਾਂ 'ਚ ਉਸ ਦੀ ਜ਼ਮਾਨਤ ਰੱਦ ਕਰਨ ਦੀ ਬਜਾਇ ਉਸ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ ਜਦਕਿ ਭਾਈਚਾਰਕ ਸਾਂਝ ਲਈ ਕੰਮ ਕਰਨ ਵਾਲੇ ਉਮਰ ਖਾਲਿਦ ਅਤੇ ਹੋਰ ਕਾਰਕੁਨਾਂ ਦੀ ਜ਼ਮਾਨਤ ਵਾਰ-ਵਾਰ ਰੱਦ ਕੀਤੀ ਜਾ ਰਹੀ ਹੈ।

ਇਸ ਵਿਸ਼ੇਸ਼ ਰਵੱਈਏ ਰਾਹੀਂ ਮੁਸਲਮਾਨਾਂ ਨੂੰ ਇਹ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਸੰਘ ਦੇ ਗੁਰੂ ਗੋਲਵਲਕਰ ਦੀ 1939 'ਚ ਲਿਖੀ ਕਿਤਾਬ 'ਅਸੀਂ ਅਤੇ ਸਾਡੀ ਰਾਸ਼ਟਰੀਅਤਾ ਦੀ ਪਰਿਭਾਸ਼ਾ' ਵਿਚ ਬਿਆਨ ਕੀਤੀ ਮੁਸਲਮਾਨਾਂ ਦੀ ਦੋਇਮ ਦਰਜੇ ਦੀ ਨਾਗਰਿਕਤਾ ਹਕੀਕਤ 'ਚ ਵਾਪਰ ਰਹੀ ਹੈ। ਉਸ ਨੇ ਸਾਫ ਲਿਖਿਆ ਸੀ ਕਿ ਮੁਸਲਮਾਨ ਇਸ ਧਰਤੀ ਉੱਪਰ ਵਿਦੇਸ਼ੀ ਨਸਲ ਹਨ। ਉਨ੍ਹਾਂ ਨੂੰ







*ਅੰਬਾਲਾ ਵਿਚ ਹਿੰਦੂ ਰਾਸ਼ਟਰ ਲਈ ਸਹੁੰ ਚੁਕਾਈ, (ਵਿਚਕਾਰ) ਮੁਸਲਮਾਨਾਂ ਦੇ ਕਾਰੋਬਾਰ ਖਿਲਾਫ ਇਸ਼ਤਿਹਾਰਾਂ ਰਾਹੀਂ ਪ੍ਰਚਾਰ ਮੁਹਿੰਮ ਅਤੇ (ਐਨ ਸੱਜੇ) ਮੁਸਲਮਾਨ ਕਾਰੋਬਾਰੀਆਂ ਦੇ ਬਾਈਕਾਟ ਦਾ ਸੱਦਾ।*

ਜਾਂ ਤਾਂ ਆਪਣੀ ਵੱਖਰੀ ਹਸਤੀ ਖਤਮ ਕਰਕੇ ਹਿੰਦੂ ਨਸਲ ਅਤੇ ਸੰਸਕ੍ਰਿਤੀ ਉੱਪਰ ਮਾਣ ਕਰਨ ਵਾਲੇ ਵਿਚਾਰਾਂ ਨੂੰ ਅਪਣਾ ਲੈਣਾ ਚਾਹੀਦਾ ਹੈ ਅਤੇ ਆਪਣੀ ਵੱਖਰੀ ਹੋਂਦ ਨੂੰ ਪੂਰੀ ਤਰ੍ਹਾਂ ਹਿੰਦੂ ਨਸਲ ਨੂੰ ਸੌਂਪ ਦੇਣਾ ਚਾਹੀਦਾ ਹੈ ਜਾਂ ਇਸ ਮੁਲਕ 'ਚ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੇ ਅਧੀਨ ਹੋ ਕੇ ਰਹਿਣਾ ਪਵੇਗਾ। ਉਨ੍ਹਾਂ ਨੂੰ ਨਾਗਰਿਕ ਦਾ ਵੀ ਹੱਕ ਨਹੀਂ ਮਿਲੇਗਾ, ਕਿਸੇ ਤਰ੍ਹਾਂ ਦੀ ਦਾਅਵੇਦਾਰੀ, ਵਿਸ਼ੇਸ਼ ਅਧਿਕਾਰਾਂ, ਕਿਸੇ ਤਰ੍ਹਾਂ ਦੇ ਸਹੂਲਤ ਵਾਲੇ ਵਿਹਾਰ ਦੀ ਤਾਂ ਗੱਲ ਛੱਡੋ; ਭਾਵ ਉਹ ਨਾਗਰਿਕਾਂ ਵਾਲੇ ਹੱਕ ਅਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਦੀ ਉਮੀਦ ਨਾ ਰੱਖਣ।

ਪਿਛਲੇ ਸਮੇਂ 'ਚ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਮੀਟ ਅਤੇ ਚਮੜਾ ਕਾਰੋਬਾਰਾਂ ਨੂੰ ਬੰਦ ਕਰਾਉਣ ਲਈ ਮੁਹਿੰਮ ਚਲਾਈ ਗਈ ਕਿਉਂਕਿ ਇਨ੍ਹਾਂ ਵਿਚ ਜ਼ਿਆਦਾਤਰ ਮੁਸਲਮਾਨ ਕੰਮ ਕਰਦੇ ਹਨ। ਇਹ ਬਿਰਤਾਂਤ ਸਿਰਜਿਆ ਗਿਆ ਕਿ 'ਸਭ ਦਾ ਵਿਕਾਸ' ਇਸ ਕਰਕੇ ਨਹੀਂ ਹੋ ਰਿਹਾ ਕਿਉਂਕਿ ਵਿਕਾਸ ਦਾ ਫਲ ਤਾਂ 14% ਮੁਸਲਮਾਨ ਆਬਾਦੀ ਹੜੱਪ ਰਹੀ ਹੈ ਜੋ 80% ਹਿੰਦੂ ਨੂੰ ਮਿਲਣਾ ਚਾਹੀਦਾ ਹੈ। 2020 'ਚ ਲੌਕਡਾਊਨ ਦੌਰਾਨ ਮੁਸਲਮਾਨਾਂ ਦੇ ਧਾਰਮਿਕ ਇਕੱਠ 'ਤਬਲੀਗੀ ਜਮਾਤ' ਬਾਰੇ ਅਫਵਾਹਾਂ ਦੀ ਮੁਹਿੰਮ ਚਲਾ ਕੇ ਨਫਰਤ ਫੈਲਾਈ ਕਿ ਵੱਖ-ਵੱਖ ਮੁਲਕਾਂ ਦੇ ਤਬਲੀਗੀਆਂ ਨੇ ਇਕੱਠ ਕਰਕੇ ਸਾਜ਼ਿਸ਼ ਦੇ ਤਹਿਤ ਕਰੋਨਾ ਵਾਇਰਸ ਫੈਲਾਇਆ ਹੈ। ਸਿਲਸਿਲੇਵਾਰ ਤਰੀਕੇ ਨਾਲ ਗੈਰ ਮੁਸਲਮਾਨਾਂ ਦੇ ਮਨਾਂ 'ਚ ਖਾਸ ਫਿਰਕੇ ਬਾਰੇ ਜ਼ਹਿਰ ਭਰੀ ਗਈ। ਇਸ ਦੇ ਅਸਰ ਵੱਖ-ਵੱਖ ਇਲਾਕਿਆਂ 'ਚ ਨਜ਼ਰ ਆਉਣ ਲੱਗੇ। ਉੱਤਰ ਪ੍ਰਦੇਸ਼ ਦੇ ਮਹੋਬਾ ਜ਼ਿਲ੍ਹੇ 'ਚ ਦੋ ਸਬਜ਼ੀ ਵੇਚਣ ਵਾਲੇ ਮੁਸਲਮਾਨਾਂ ਦੀ ਕੁੱਟਮਾਰ ਕੀਤੀ ਗਈ ਕਿ ਉਹ ਤਬਲੀਗੀ ਜਮਾਤ ਦੇ ਮੈਂਬਰ ਹਨ ਅਤੇ ਕਰੋਨਾ ਫੈਲਾ ਰਹੇ ਹਨ।

ਛੋਟੇ-ਛੋਟੇ ਕਾਰੋਬਾਰ ਕਰਕੇ ਗੁਜ਼ਾਰਾ ਕਰ ਰਹੇ ਮੁਸਲਮਾਨ ਕਿਰਤੀ ਜਿਵੇਂ ਵੰਗਾਂ ਵੇਚਣ ਵਾਲੇ, ਟਾਂਗੇ ਵਾਲੇ, ਕਬਾੜੀਏ, ਡੋਸਾ ਵੇਚਣ ਵਾਲੇ ਅਤੇ ਹੋਰ ਸਵੈ-ਰੁਜ਼ਗਾਰ ਕਰਨ ਵਾਲੇ ਆਦਿ ਨਫਰਤ ਦਾ ਨਿਸ਼ਾਨਾ ਬਣੇ। ਉੱਤਰ ਪ੍ਰਦੇਸ਼ ਦੇ ਮਥੁਰਾ 'ਚ ਇਕ ਮੁਸਲਮਾਨ ਡੋਸਾ ਵੇਚਣ ਵਾਲੇ ਦੀ ਦੁਕਾਨ ਤੋੜ ਦਿੱਤੀ ਕਿ ਉਸ ਨੇ 'ਸ਼੍ਰੀਨਾਥ ਡੋਸਾ' ਨਾਮ ਕਿਉਂ ਰੱਖਿਆ ਸੀ। ਮਜਬੂਰ ਹੋ ਕੇ ਉਸ ਨੂੰ ਦੁਕਾਨ ਦਾ ਨਾਮ 'ਅਮਰੀਕਨ ਡੋਸਾ ਕੌਰਨਰ' ਰੱਖਣਾ ਪਿਆ। ਆਈ.ਡੀ. ਫਰੈੱਸ਼ ਡੋਸਾ ਕੰਪਨੀ ਦੇ ਮਾਲਕ ਮੁਸਲਮਾਨ ਹਨ। ਉਨ੍ਹਾਂ ਨੂੰ ਵਾਰ-ਵਾਰ ਸਪਸ਼ਟੀਕਰਨ ਦੇਣਾ ਪਿਆ ਕਿ ਉਨ੍ਹਾਂ ਦਾ ਡੋਸਾ 100% ਸ਼ਾਕਾਹਾਰੀ ਹੈ ਕਿਉਂਕਿ ਵ੍ਹੱਟਸਐਪ ਰਾਹੀਂ ਇਹ ਅਫਵਾਹ ਫੈਲਾਈ ਸੀ ਕਿ ਕੰਪਨੀ ਸਿਰਫ ਮੁਸਲਮਾਨਾਂ ਨੂੰ ਕੰਮ 'ਤੇ ਰੱਖਦੀ ਹੈ ਅਤੇ ਇਹ 'ਹਲਾਲ ਸਰਟੀਫਾਈਡ' ਹੈ। ਹਿੰਦੂ ਅਤਿਵਾਦੀ ਗਰੁੱਪਾਂ ਦੇ ਦਬਾਓ ਹੇਠ ਨਵੰਬਰ 2020 'ਚ ਦੇਵਾਸ ਸ਼ਹਿਰ 'ਚ ਮੱਧ ਪ੍ਰਦੇਸ਼ ਸਰਕਾਰ ਵੱਲੋਂ ਮੁਸਲਮਾਨ ਵਪਾਰੀਆਂ ਉੱਪਰ ਪਟਾਕੇ ਵੇਚਣ 'ਤੇ ਪਾਬੰਦੀ ਲਗਾ ਦਿੱਤੀ; ਇਸ ਬਹਾਨੇ ਕਿ ਪਟਾਕਿਆਂ ਦੇ ਡੱਬਿਆਂ ਉੱਪਰ ਹਿੰਦੂ ਦੇਵਤਿਆਂ ਦੀਆਂ ਤਸਵੀਰਾਂ ਹਨ ਹਾਲਾਂਕਿ ਇਹ ਸਮਾਨ ਸਿਵਾਕਸੀ (ਤਾਮਿਲਨਾਡੂ) ਦੀਆਂ ਹਿੰਦੂ ਮਾਲਕੀ ਵਾਲੀ ਕੰਪਨੀਆਂ ਦਾ ਬਣਾਇਆ ਹੋਇਆ ਸੀ।

ਜਨਵਰੀ 2021 'ਚ ਮੱਧ ਪ੍ਰਦੇਸ਼ ਪੁਲਿਸ ਨੇ ਸਟੈਂਡਅੱਪ ਕਾਮੇਡੀਅਨ ਮੁਨੱਵਰ ਫਾਰੂਕੀ ਸਮੇਤ ਪੰਜ ਜਣਿਆਂ ਨੂੰ ਹਿੰਦੂ ਚੌਕਸੀ ਗਰੁੱਪ ਵੱਲੋਂ ਲਗਾਏ ਦੋਸ਼ ਤਹਿਤ ਗ੍ਰਿਫਤਾਰ ਕਰ ਲਿਆ ਕਿ ਉਨ੍ਹਾਂ ਦੀ ਮਨਸ਼ਾ ਹਿੰਦੂ ਦੇਵੀ-ਦੇਵਤਿਆਂ ਅਤੇ ਅਮਿਤ ਸ਼ਾਹ ਬਾਰੇ ਹਿੰਦੂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਚੁਟਕਲੇ ਸੁਣਾਉਣ ਦੀ ਸੀ। ਉਨ੍ਹਾਂ ਨੂੰ ਕਈ ਮਹੀਨੇ ਜੇਲ੍ਹ ਕੱਟਣੀ ਪਈ। ਅਗਸਤ 2021 'ਚ ਹਿੰਦੂਤਵੀ ਦਹਿਸ਼ਤਵਾਦੀ ਗਰੁੱਪ ਨੇ ਇੰਦੌਰ ਵਿਚ ਇਕ ਮੁਸਲਮਾਨ ਵਣਜਾਰੇ ਉੱਪਰ ਹਮਲਾ ਕਰ ਦਿੱਤਾ ਕਿ ਉਹ ਹਿੰਦੂ ਇਲਾਕੇ ਵਿਚ ਵੰਗਾਂ ਕਿਉਂ ਵੇਚਦਾ ਹੈ। ਉਸ ਬੇਗੁਨਾਹ ਨੂੰ ਵੀ ਮੁਸਲਮਾਨ ਹੋਣ ਕਾਰਨ ਜੇਲ੍ਹ ਭੇਜ ਦਿੱਤਾ ਗਿਆ। ਯੂ.ਪੀ. ਦੇ ਇਕ ਚੱਪਲਾਂ ਵੇਚਣ ਵਾਲੇ ਨੂੰ ਹਿੰਦੂਤਵੀ ਅਨਸਰਾਂ ਦੀ ਸ਼ਿਕਾਇਤ 'ਤੇ ਜੇਲ੍ਹ ਭੇਜ ਦਿੱਤਾ ਗਿਆ। ਉਸ ਦਾ ਕਸੂਰ ਇਹ ਸੀ ਕਿ ਉਸ ਵੱਲੋਂ ਵੇਚੀ ਜਾ ਰਹੀ ਚੱਪਲ ਉੱਪਰ 'ਠਾਕੁਰ' ਦਾ ਠੱਪਾ ਲੱਗਿਆ ਹੋਇਆ ਸੀ। ਇਹ ਵੱਖ-ਵੱਖ ਥਾਵਾਂ ਉੱਪਰ ਮੁਸਲਿਮ ਵਿਰੋਧੀ ਮੁਹਿੰਮ ਦਾ ਨਮੂਨਾ ਹੈ।

ਹਾਲ ਹੀ ਵਿਚ ਮੁਸਲਮਾਨਾਂ ਨੂੰ ਆਰਥਕ ਸੱਟ ਮਾਰਨ ਲਈ ਰਾਮਨੌਮੀ ਜਲੂਸਾਂ ਉੱਪਰ ਪਥਰਾਓ ਦਾ ਬਹਾਨਾ ਘੜ ਲਿਆ ਗਿਆ। ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ ਜਿੱਥੇ ਵੀ 'ਸ਼ੋਭਾ ਯਾਤਰਾ' ਕੱਢਣ ਦੇ ਬਹਾਨੇ ਹਿੰਦੂਤਵੀ ਜਥੇਬੰਦੀਆਂ ਨੇ ਮੁਸਲਮਾਨਾਂ ਉੱਪਰ ਹਮਲੇ ਕੀਤੇ ਉੱਥੇ ਘੱਟਗਿਣਤੀ ਬਹੁਤ ਜ਼ਿਆਦਾ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਦਿੱਲੀ ਦੀ ਮੁੜ-ਵਸੇਬਾ ਕਲੋਨੀ ਜਹਾਂਗੀਰਪੁਰੀ ਵਿਚ ਜਿਸ ਨੂੰ ਗੈਰ-ਕਾਨੂੰਨੀਆਂ ਉਸਾਰੀਆਂ ਕਰਾਰ ਦੇ ਕੇ ਬੁਲਡੋਜ਼ਰ ਚਲਾਇਆ ਗਿਆ, ਜ਼ਿਆਦਾਤਰ ਤੋੜੇ ਗਏ ਖੋਖੇ ਅਤੇ ਰੇਹੜੀਆਂ ਗਰੀਬ ਮੁਸਲਿਮ ਔਰਤਾਂ ਦੇ ਹਨ ਜੋ ਸਬਜ਼ੀ ਵੇਚਣ, ਕਬਾੜ ਅਤੇ ਹੋਰ ਨਿੱਕੇ-ਨਿੱਕੇ ਕਾਰੋਬਾਰ ਕਰਕੇ ਆਪਣੇ ਪਰਿਵਾਰ ਪਾਲਦੀਆਂ ਹਨ।

ਸਰਕਾਰੀ ਅੰਕੜਿਆਂ ਅਨੁਸਾਰ 10 ਵਿਚੋਂ 9 ਮੁਸਲਿਮ ਔਰਤਾਂ ਇਸੇ ਤਰ੍ਹਾਂ ਦੇ ਨਿੱਕੇ-ਨਿੱਕੇ ਕਾਰੋਬਾਰ (ਗੈਰ-ਰਸਮੀ ਆਰਥਕਤਾ) ਕਰਦੀਆਂ ਹਨ। ਉਤਰਾਖੰਡ ਦੇ ਰੁੜਕੀ ਖੇਤਰ ਦੇ ਪਿੰਡ ਡਾਡਾ ਜਲਾਲਪੁਰ ਦੇ ਬਹੁਤ ਸਾਰੇ ਮੁਸਲਮਾਨ ਪਰਿਵਾਰ ਪਿੰਡ ਛੱਡ ਕੇ ਚਲੇ ਗਏ ਹਨ। ਜੋ ਅਜੇ ਆਪਣੇ ਘਰਾਂ 'ਚ ਹਨ, ਉਹ ਬਹੁਤ ਜ਼ਿਆਦਾ ਡਰੇ ਹੋਏ ਹਨ ਕਿ ਪਤਾ ਨਹੀਂ ਕਦੋਂ ਦੁਬਾਰਾ ਹਮਲਾ ਹੋ ਜਾਵੇ। ਇਸ ਪਿੰਡ 'ਚ 16 ਅਪਰੈਲ ਨੂੰ ਹਨੂਮਾਨ ਜੈਅੰਤੀ ਦੇ ਨਾਂ ਹੇਠ ਭੜਕਾਊ ਜਲੂਸ ਤੋਂ ਬਾਅਦ ਫਿਰਕੂ ਹਿੰਸਾ ਹੋਈ ਸੀ। ਸੋਭਾ ਯਾਤਰਾ 'ਚ ਡੀ.ਜੇ. ਉੱਪਰ ਭੜਕਾਊ ਗੀਤਾਂ ਦੀਆਂ ਵੀਡੀਓ ਵਾਇਰਲ ਹੋਈਆਂ ਪਰ ਕਾਰਵਾਈ ਇਕਤਰਫਾ ਤੌਰ 'ਤੇ ਘੱਟਗਿਣਤੀ ਫਿਰਕੇ ਵਿਰੁੱਧ ਕੀਤੀ ਗਈ। ਹਕੂਮਤ ਨੇ ਮਾਹੌਲ ਖਰਾਬ ਕਰਨ ਵਾਲਿਆਂ ਉੱਪਰ ਕਾਰਵਾਈ ਕਰਨ ਦੀ ਬਜਾਇ ਮੁੱਖ ਮੰਤਰੀ ਦੀ ਸਿੱਧੀ ਹਦਾਇਤ 'ਤੇ ਇਕ ਹੀ ਫਿਰਕੇ ਦੇ 12 ਵਿਅਕਤੀਆਂ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕਰ ਲਿਆ ਅਤੇ 40 ਅਣਪਛਾਤੇ ਲੋਕਾਂ ਵਿਰੁੱਧ ਸੰਗੀਨ ਧਾਰਾਵਾਂ ਲਗਾ ਕੇ ਪਰਚਾ ਦਰਜ ਕਰ ਲਿਆ। ਫਿਰ ਹੋਰ ਦਹਿਸ਼ਤ ਪਾਉਣ ਲਈ ਪਿੰਡ ਵਿਚ ਬੁਲਡੋਜ਼ਰ ਭੇਜ ਦਿੱਤੇ ਗਏ ਕਿ ਜੇ ਦੋਸ਼ੀਆਂ ਨੇ ਪੁਲਿਸ ਅੱਗੇ ਆਤਮ-ਸਮਰਪਣ ਨਾ ਕੀਤਾ ਤਾਂ ਉਨ੍ਹਾਂ ਦੇ ਘਰ ਬੁਲਡੋਜ਼ਰਾਂ ਨਾਲ ਢਾਹ ਦਿੱਤੇ ਜਾਣਗੇ।

ਮੱਧ ਪ੍ਰਦੇਸ਼ ਦੇ ਖਰਗੋਨ ਤੋਂ ਮੁਸਲਮਾਨਾਂ ਦੇ ਆਰਥਕ ਬਾਈਕਾਟ ਦੀ ਰਿਪੋਰਟ ਹੈ। ਜਿੱਥੇ 10 ਅਪਰੈਲ ਦੇ ਫਿਰਕੂ ਹਮਲੇ ਤੋਂ ਬਾਅਦ 175 ਲੋਕਾਂ, ਮੁੱਖ ਤੌਰ 'ਤੇ ਮੁਸਲਮਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ 50 ਘਰ ਅਤੇ ਕਾਰੋਬਾਰ ਬੁਲਡੋਜ਼ਰ ਨਾਲ ਢਾਹ ਦਿੱਤੇ ਗਏ। ਇਹ ਸਰਕਾਰੀ ਅੰਕੜਾ ਹੈ, ਅਸਲ ਗਿਣਤੀ ਜ਼ਿਆਦਾ ਹੋਣ ਦੀ ਸੰਭਾਵਨਾ ਹੈ। 'ਬੁਲਡੋਜ਼ਰ ਮਾਮਾ' ਵਜੋਂ ਮਸ਼ਹੂਰ ਮੁੱਖ ਮੰਤਰੀ ਦੀ ਛੱਤਰਛਾਇਆ ਹੇਠ ਫਿਰਕੂ ਪਾਲਾਬੰਦੀ ਲਈ ਜੋ ਮੁਸਲਿਮ ਵਿਰੋਧੀ ਜ਼ਹਿਰ ਬੀਜੀ ਗਈ ਹੈ, ਉਸ ਨੇ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਮੁਸਲਮਾਨਾਂ ਦੇ ਆਰਥਕ ਬਾਈਕਾਟ ਨੇ ਬਾਕਾਇਦਾ ਮੁਹਿੰਮ ਦਾ ਰੂਪ ਅਖਤਿਆਰ ਕਰ ਲਿਆ ਹੈ। 17 ਅਪਰੈਲ ਨੂੰ ਪਾਟੀਦਾਰ ਜਾਤੀ ਦੇ 150 ਮੈਂਬਰਾਂ ਨੇ ਖਰਗੋਨ ਤਹਿਸੀਲ ਦੇ ਪਿੰਡ ਪੀਪਰੀ ਵਿਚ 'ਸਰਦਾਰ ਪਟੇਲ ਯੁਵਾ ਸੰਗਠਨ' ਦੇ ਝੰਡੇ ਹੇਠ ਬਾਕਾਇਦਾ ਇਕੱਠ ਕਰਕੇ ਮੁਸਲਮਾਨਾਂ ਦਾ ਆਰਥਕ ਬਾਈਕਾਟ ਦਾ ਮਤਾ ਪਾਸ ਕੀਤਾ ਜੋ ਉੱਥੋਂ ਦਾ ਭਾਰੂ ਖੇਤੀਬਾੜੀ ਸਮੂਹ ਹੈ। 'ਅੰਮ੍ਰਿਤਾ ਨਮਕੀਨ ਭੰਡਾਰ' ਦੇ ਮਾਲਕ ਨੇ ਸੋਸ਼ਲ ਮੀਡੀਆ ਉੱਪਰ ਬਾਕਾਇਦਾ ਪੋਸਟ ਪਾ ਕੇ ਐਲਾਨ ਕੀਤਾ ਹੈ ਕਿ ਉਸ ਨੂੰ ਚਾਹੇ ਕਿੰਨਾ ਵੀ ਆਰਥਕ ਨੁਕਸਾਨ ਝੱਲਣਾ ਪਵੇ, ਉਹ ਮੁਸਲਮਾਨਾਂ ਨੂੰ ਕੋਈ ਸਮਾਨ ਨਹੀਂ ਵੇਚੇਗਾ।

ਇਸੇ ਤਰ੍ਹਾਂ ਦਾ ਸੱਦਾ ਮਹਾਜਨ ਭਾਈਚਾਰੇ ਨੇ ਦਿੱਤਾ ਹੈ। ਸਕਲ ਹਿੰਦੂ ਸਮਾਜ ਜਿਸ ਦੇ 500 ਮੈਂਬਰ ਹਨ, ਨੇ ਮੁਸਲਮਾਨਾਂ ਦੇ ਬਾਈਕਾਟ ਦਾ ਐਲਾਨ ਕੀਤਾ ਹੈ। ਵ੍ਹੱਟਸਐਪ ਗਰੁੱਪਾਂ ਉੱਪਰ ਹਿੰਦੂ ਗਰੁੱਪਾਂ ਵੱਲੋਂ 'ਪਾਕੀਜ਼ਾ ਸ਼ੋਅਰੂਮ, ਸਿਟੀ ਬਾਜ਼ਾਰ, ਕੰਫਰਟ ਜ਼ੋਨ, ਸਮੀਰ ਸਪੋਰਟਸ, ਅੰਸਾਰੀ ਬੁੱਕ ਸਟੋਰਜ਼, ਜਿਲਾਨੀ ਸਟੋਰਜ਼ ਆਦਿ 40 ਮੁਸਲਮਾਨ ਦੁਕਾਨਾਂ ਦੀ ਸੂਚੀ ਸ਼ੇਅਰ ਕਰਕੇ ਹਿੰਦੂ ਔਰਤਾਂ ਨੂੰ ਦੁਕਾਨਾਂ ਤੋਂ ਕੋਈ ਸਮਾਨ ਦਾ ਖਰੀਦਣ ਦੀ ਹਦਾਇਤ ਕਰਦਿਆਂ ਕਿਹਾ ਗਿਆ ਹੈ: 'ਕ੍ਰਿਪਾ ਖਰਗੋਨ ਮੇਂ ਇਨ ਦੁਕਾਨੋਂ ਸੇ ਖਰੀਦਦਾਰੀ ਨਾ ਕਰੇਂ'। 'ਜਵਾਹਰ ਨਗਰ ਏਵਮ ਬਿਰਲਾ ਮਾਰਗ ਯਹਾਂ ਪੂਰੇ ਨਗਰ ਕੀ ਹਿੰਦੂ ਮਹਿਲਾਏਂ ਜਾਨਾ ਬੰਦ ਕਰੇਂ।' ਸਕਲ ਹਿੰਦੂ ਸਮਾਜ ਨੇ ਦੁਕਾਨਾਂ/ਰੇਹੜੀਆਂ ਵਾਲਿਆਂ ਨੂੰ ਤਿਲਕ ਲਗਾਉਣ ਜਾਂ ਹਿੰਦੂ ਭਗਵਾਨ ਦੀ ਤਸਵੀਰ ਲਾਜ਼ਮੀ ਲਗਾਉਣ ਲਈ ਕਿਹਾ ਹੈ ਤਾਂ ਜੋ ਪਛਾਣ ਸਪਸ਼ਟ ਹੋਵੇ। ਸੋਸ਼ਲ ਮੀਡੀਆ ਰਾਹੀਂ ਲਗਾਤਾਰ ਸੰਦੇਸ਼ ਭੇਜੇ ਜਾ ਰਹੇ ਹਨ ਕਿ ਫੁੱਲ ਖਰੀਦਣ, ਪਾਰਟੀ ਡੈਕੋਰੇਸ਼ਨ ਕਰਾਉਣ, ਬਿਜਲੀ ਦਾ ਕੰਮ ਕਰਾਉਣ ਅਤੇ ਕਬਾੜ ਦੇ ਕਾਰੋਬਾਰ ਲਈ ਕਿਸ ਕਿਸ ਹਿੰਦੂ ਕਾਰੋਬਾਰੀ ਨਾਲ ਸੰਪਰਕ ਕੀਤਾ ਜਾਵੇ।

ਅਯੁਧਿਆ (ਉੱਤਰ ਪ੍ਰਦੇਸ਼) ਤੋਂ ਵੀ ਆਰਥਕ ਬਾਈਕਾਟ ਦੀਆਂ ਰਿਪੋਰਟਾਂ ਹਨ। ਉੱਥੇ ਚਾਰ ਮਸਜਿਦਾਂ ਅਤੇ ਇਕ ਦਰਗਾਹ ਲਾਗੇ ਸੂਰ ਦਾ ਮਾਸ, ਇਸਲਾਮਿਕ ਗ੍ਰੰਥ ਦੇ ਪਾੜੇ ਹੋਏ ਪੰਨੇ ਅਤੇ ਮੁਸਲਮਾਨਾਂ ਨੂੰ ਗਾਲੀ-ਗਲੋਚ ਕਰਦੇ ਭੜਕਾਊ ਪੋਸਟਰ ਸੁੱਟੇ ਹੋਏ ਮਿਲੇ। ਇਸ ਦਾ ਮੁੱਖ ਦੋਸ਼ੀ 'ਹਿੰਦੂ ਯੋਧਾ ਸੰਗਠਨ' ਦਾ ਮੁਖੀ ਮਹੇਸ਼ ਮਿਸ਼ਰਾ ਹੈ ਜੋ ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਭੜਕਾਊ ਕਾਰਵਾਈਆਂ ਕਰ ਚੁੱਕਾ ਹੈ, ਉਹ ਜਰਾਇਮ ਪੇਸ਼ਾ 'ਹਿਸਟਰੀ ਸ਼ੀਟਰ' ਹੈ ਅਤੇ ਉਸ ਵਿਰੁੱਧ ਚਾਰ ਅਪਰਾਧਿਕ ਮੁਕੱਦਮੇ ਦਰਜ ਹਨ। ਸੋਸ਼ਲ ਮੀਡੀਆ ਉੱਪਰ ਉਸ ਦੇ ਵੀਡੀਓ ਕਲਿਪ ਮੌਜੂਦ ਹਨ ਜਿਨ੍ਹਾਂ ਵਿਚ ਉਹ ਕਹਿੰਦਾ ਹੈ ਕਿ ਉਹ ਮੁਸਲਮਾਨਾਂ ਦੀ ਹੱਤਿਆ ਕਰਨ ਦਾ ਪ੍ਰਣ ਕਰ ਚੁੱਕਾ ਹੈ ਅਤੇ ਉਸ ਨੇ 'ਰਾਸ਼ਟਰ ਵਿਰੋਧੀਆਂ ਦੀ ਹਿੱਟ ਲਿਸਟ' ਬਣਾ ਲਈ ਹੈ। ਇਕ ਵੀਡੀਓ ਵਿਚ ਉਹ ਸਾਰੇ ਮੁਸਲਮਾਨਾਂ ਨੂੰ 'ਦਹਿਸ਼ਤਵਾਦ ਨੂੰ ਫੰਡ ਦੇਣ ਵਾਲੇ' ਕਰਾਰ ਦੇ ਕੇ ਉਨ੍ਹਾਂ ਦੇ ਆਰਥਕ ਬਾਈਕਾਟ ਦਾ ਸੱਦਾ ਦਿੰਦਾ ਹੈ। ਪੁਲਿਸ ਸਿਰਫ ਉਸ ਨੂੰ ਗ੍ਰਿਫਤਾਰ ਕਰਨ ਦੀ ਖਾਨਾ ਪੂਰਤੀ ਕਰਦੀ ਹੈ, ਸਖਤ ਕਾਰਵਾਈ ਨਹੀਂ ਕਰਦੀ। 2016 'ਚ ਜਦੋਂ ਉਸ ਨੂੰ ਹਥਿਆਰਬੰਦ ਕੈਂਪ ਲਾਉਣ ਲਈ ਸੰਖੇਪ ਸਮੇਂ ਲਈ ਜੇਲ੍ਹ ਭੇਜਿਆ ਜਿਸ ਵਿਚ ਬੱਚਿਆਂ ਨੂੰ ਮੁਸਲਿਮ ਪਹਿਰਾਵੇ 'ਚ ਹਮਲੇ ਅਤੇ ਹੱਤਿਆਵਾਂ ਕਰਨ ਦੀ ਸਿਖਲਾਈ ਦਿੱਤੀ ਗਈ ਸੀ ਤਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਚੰਪਤ ਰਾਏ ਨੇ ਉਸ ਦੀ ਗ੍ਰਿਫਤਾਰੀ ਨੂੰ 'ਗੈਰ-ਕਾਨੂੰਨੀ' ਕਰਾਰ ਦਿੰਦਿਆਂ ਉਸ ਦੇ ਸਿਖਲਾਈ ਕੈਂਪ ਦੀ ਡੱਟ ਕੇ ਹਮਾਇਤ ਕੀਤੀ ਸੀ।

ਇਹ ਆਰਥਕ ਤੌਰ 'ਤੇ ਕਮਜ਼ੋਰ ਮੁਸਲਮਾਨ ਭਾਈਚਾਰੇ ਦਾ ਲੱਕ ਤੋੜਨ ਵਾਲਾ ਹਮਲਾ ਹੈ ਜੋ ਪਹਿਲਾਂ ਹੀ ਆਰਥਕਤਾ ਦੇ ਗੈਰ-ਰਸਮੀ ਖੇਤਰ 'ਚ ਧੱਕੇ ਹੋਏ ਹਨ। ਇਹ ਆਰਥਕ ਬਾਈਕਾਟ ਭਾਵੇਂ ਅਜੇ 1933 'ਚ ਹਿਟਲਰ ਦੇ ਰਾਜ 'ਚ ਯਹੂਦੀ ਕਾਰੋਬਾਰਾਂ ਦੇ ਬਾਈਕਾਟ ਦੇ ਪੱਧਰ 'ਤੇ ਤਾਂ ਨਹੀਂ ਪਹੁੰਚਿਆ ਪਰ ਇਹ ਹੈ ਉਸੇ ਤਰਜ਼ ਦਾ, ਤੇ ਨਾਜ਼ੀਵਾਦੀ ਬਾਈਕਾਟ ਵੀ 1920ਵਿਆਂ 'ਚ ਇਸੇ ਤਰ੍ਹਾਂ ਇਲਾਕਾ ਪੱਧਰ ਤੋਂ ਸ਼ੁਰੂ ਹੋ ਕੇ ਰਾਸ਼ਟਰੀ ਪੱਧਰ 'ਤੇ ਪਹੁੰਚਿਆ ਸੀ।

ਜੰਮੂ ਕਸ਼ਮੀਰ ਤੋਂ ਖਬਰ ਹੈ ਕਿ ਪ੍ਰਸ਼ਾਸਨ ਵੱਲੋਂ ਸ੍ਰੀਨਗਰ ਦੀ ਇਤਿਹਾਸਕ ਜਾਮੀਆ ਮਸਜਿਦ ਬੰਦ ਕਰ ਦਿੱਤੀ ਗਈ ਤਾਂ ਜੋ ਕਸ਼ਮੀਰੀ ਮੁਸਲਮਾਨ ਸ਼ਬ-ਏ-ਕਾਦਰ ਅਤੇ ਜੁਮਾਤੁਲ-ਵਿਦਾ ਲਈ ਉੱਥੇ ਇਕੱਠੇ ਨਾ ਹੋ ਸਕਣ। ਰਮਜ਼ਾਨ ਦਾ ਆਖਰੀ ਜੁੰਮਾ ਦੁਨੀਆ ਭਰ ਦੇ ਮੁਸਲਮਾਨਾਂ ਲਈ ਧਾਰਮਿਕ ਅਕੀਦਤ ਦਾ ਵਿਸ਼ੇਸ਼ ਮੌਕਾ ਹੁੰਦਾ ਹੈ। ਇਸ ਤੋਂ ਵਿਰਵੇ ਹੋਣ 'ਤੇ ਉਹ ਆਪਣੀ ਜ਼ਿੰਦਗੀ ਨੂੰ ਅਧੂਰੀ ਸਮਝਦੇ ਹਨ। 600 ਸਾਲ ਪੁਰਾਣੀ ਮਸਜਿਦ ਕਸ਼ਮੀਰੀ ਅਵਾਮ ਦੇ ਵੱਡੇ ਧਾਰਮਿਕ ਇਕੱਠਾਂ ਲਈ ਜਾਣੀ ਜਾਂਦੀ ਹੈ। ਜਾਮੀਆ ਮਸਜਿਦ ਦੀ ਇੰਤਜ਼ਾਮੀਆ ਕਮੇਟੀ ਅਨੁਸਾਰ ਪਿਛਲੇ ਛੇ ਸਾਲਾਂ 'ਚ ਅਮਨ-ਕਾਨੂੰਨ ਦੀ ਸਮੱਸਿਆ ਦੇ ਬਹਾਨੇ ਮਸਜਿਦ ਵਿਚ ਜੁੰਮੇ ਦੀ ਨਮਾਜ 160 ਤੋਂ ਵਧੇਰੇ ਵਾਰ ਬੰਦ ਕੀਤੀ ਗਈ ਹੈ।

ਕਸ਼ਮੀਰੀ ਮੁਸਲਮਾਨਾਂ ਨੂੰ ਪ੍ਰੇਸ਼ਾਨ ਕਰਨ ਵਾਲੀ ਇਕ ਹੋਰ ਪਾਬੰਦੀ ਉੱਤਰੀ ਕਸ਼ਮੀਰ ਦੇ ਇਕ ਸਕੂਲ ਦੇ ਪ੍ਰਬੰਧਕਾਂ ਵੱਲੋਂ ਸਟਾਫ ਮੈਂਬਰਾਂ ਦੇ ਹਿਜਾਬ ਪਹਿਨਣ ਉੱਪਰ ਲਗਾਈ ਗਈ ਹੈ। ਇਹ ਸਕੂਲ ਭਾਰਤੀ ਫੌਜ ਵੱਲੋਂ ਪੁਣੇ ਦੀ ਇਕ ਐਨ.ਜੀ.ਓ 'ਇੰਦਰਾਨੀ ਬਾਲਨ ਫਾਊਂਡੇਸ਼ਨ' ਨਾਲ ਮਿਲ ਕੇ ਚਲਾਇਆ ਜਾ ਰਿਹਾ ਹੈ। ਡੈਗਰ ਪਰਿਵਾਰ ਸਕੂਲ ਬਾਰਾਮੂਲਾ ਨੇ 25 ਅਪਰੈਲ ਨੂੰ ਜਾਰੀ ਸਰਕੂਲਰ ਵਿਚ ਹਦਾਇਤ ਕੀਤੀ ਹੈ ਕਿ ਸਕੂਲ ਦੇ ਅੰਦਰ ਸਟਾਫ ਮੈਂਬਰ ਹਿਜਾਬ ਨਹੀਂ ਪਹਿਨ ਸਕਣਗੇ ਤਾਂ ਜੋ 'ਵਿਦਿਆਰਥੀ ਸਹਿਜ ਮਹਿਸੂਸ ਕਰ ਸਕਣ ਅਤੇ ਅਧਿਆਪਕਾਂ ਤੇ ਸਟਾਫ ਨਾਲ ਗੱਲਬਾਤ ਕਰ ਸਕਣ।' ਕਰਨਾਟਕ ਵਾਲਾ ਹਿਜਾਬ ਪ੍ਰਯੋਗ ਹੁਣ ਕਸ਼ਮੀਰ 'ਚ ਕੀਤਾ ਜਾ ਰਿਹਾ ਹੈ।

ਇਹ ਹਮਲਾ ਮੁਸਲਮਾਨਾਂ ਤੱਕ ਸੀਮਤ ਰਹਿਣ ਵਾਲਾ ਨਹੀਂ। 'ਸੁਦਰਸ਼ਨ ਨਿਊਜ਼' ਚੈਨਲ ਦੇ ਪ੍ਰਮੁੱਖ ਸੰਪਾਦਕ ਸੁਰੇਸ਼ ਚਵਾਨਕੇ ਦੀ ਅਗਵਾਈ 'ਚ 'ਏਕ ਹੀ ਸਪਨਾ ਹਿੰਦੂ ਰਾਸ਼ਟਰ' ਮੁਹਿੰਮ ਤਹਿਤ ਬਾਕਾਇਦਾ ਸਹੁੰ ਚੁੱਕ ਸਮਾਗਮ ਕੀਤੇ ਜਾ ਰਹੇ ਹਨ। ਪਹਿਲੀ ਮਈ 2022 ਨੂੰ ਅੰਬਾਲਾ ਸ਼ਹਿਰ ਵਿਚ ਚਵਾਨਕੇ ਵੱਲੋਂ ਸਹੁੰ ਚੁਕਵਾਈ ਗਈ ਜਿਸ ਵਿਚ ਭਾਜਪਾ ਦੇ ਵਿਧਾਇਕ ਅਸੀਮ ਗੋਇਲ ਦੀਆਂ ਹੋਰ ਆਗੂਆਂ ਸਮੇਤ ਵੱਡੀ ਤਦਾਦ 'ਚ ਹਿੰਦੂ ਰਾਸ਼ਟਰ ਦੇ ਹਮਾਇਤੀ ਸ਼ਾਮਿਲ ਸਨ। ਇਸ ਤੋਂ ਪਹਿਲਾਂ ਨਾਗਪੁਰ, ਇੰਦੌਰਾ ਅਤੇ ਹੋਰ ਸ਼ਹਿਰਾਂ 'ਚ ਇਸੇ ਤਰ੍ਹਾਂ ਦੇ ਸਹੁੰ ਚੁੱਕ ਸਮਾਗਮ ਕੀਤੇ ਜਾ ਚੁੱਕੇ ਹਨ। ਤਮਾਮ ਘੱਟਗਿਣਤੀਆਂ ਅਤੇ ਹੋਰ ਇਨਸਾਫਪਸੰਦਾਂ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

# ਮੁਖਬੰਧ ਦੀ ਥਾਂ, ਆਮ ਕਰਕੇ ਮੁਖਬੰਧਾਂ ਬਾਰੇ

*ਇਸ ਸਾਲ ਅਪਰੈਲ ਮਹੀਨੇ ਦੀ 14 ਤਾਰੀਕ ਨੂੰ ਉਘੇ ਵਿਦਵਾਨ ਅਤੇ ਅਨੁਵਾਦਕ ਡਾ. ਗੁਰਬਖਸ਼ ਸਿੰਘ ਫਰੈਂਕ ਦਾ ਦੇਹਾਂਤ ਹੋ ਗਿਆ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਤੋਂ ਬਤੌਰ ਪ੍ਰੋਫੈਸਰ ਰਿਟਾਇਰ ਹੋਏ ਸਨ। ਉਨ੍ਹਾਂ ਮੌਲਿਕ ਕਿਤਾਬਾਂ ਦੇ ਨਾਲ-ਨਾਲ ਅਨੁਵਾਦ ਦਾ ਵਡੇਰਾ ਕਾਰਜ ਵੀ ਕੀਤਾ ਜਿਸ ਵਿਚ ਮੂਲ ਰੂਸੀ ਵਿਚੋਂ ਕੀਤਾ ਪੰਜਾਬੀ ਅਨੁਵਾਦ ਖਾਸ ਹੈ। ਰਸੂਲ ਹਮਜ਼ਾਤੋਵ ਦੀ ਸੰਸਾਰ ਪ੍ਰਸਿੱਧ ਕਿਤਾਬ 'ਮੇਰਾ ਦਾਗਿਸਤਾਨ' ਦਾ ਅਨੁਵਾਦ ਡਾ ਫਰੈਂਕ ਨੇ ਕੀਤਾ ਸੀ ਜੋ ਪੰਜਾਬੀ ਸਾਹਿਤ ਵਿਚ ਵਾਹਵਾ ਮਕਬੂਲ ਹੋਇਆ। ਅਸੀਂ ਪਾਠਕਾਂ ਲਈ 'ਮੇਰਾ ਦਾਗਿਸਤਾਨ' ਦਾ ਪਹਿਲਾ ਅਧਿਆਇ ਛਾਪ ਰਹੇ ਹਾਂ।*

**ਰਸੂਲ ਹਮਜ਼ਾਤੋਵ**
**ਅਨੁਵਾਦ: ਗੁਰਬਖਸ਼ ਸਿੰਘ ਫਰੈਂਕ**

ਨੀਂਦ ਖੁੱਲ੍ਹੇ ਤਾਂ ਇਕਦਮ ਨਾ ਬਿਸਤਰੇ ਵਿਚੋਂ ਕੁੱਦ ਪਵੋ
ਜਿਵੇਂ ਤੁਹਾਨੂੰ ਕਿਸੇ ਨੇ ਡੰਗਿਆ ਹੋਵੇ। ਪਹਿਲਾਂ,
ਜੋ ਕੁਝ ਤੁਸੀਂ ਸੁਪਨੇ ਵਿਚ ਦੇਖਿਆ ਸੀ, ਉਸ ਬਾਰੇ ਵਿਚਾਰੋ।

ਮੇਰਾ ਖਿਆਲ ਹੈ ਕਿ ਖੁਦ ਅੱਲਾਹ ਵੀ, ਆਪਣੇ ਸੇਵਕਾਂ ਨੂੰ ਕੋਈ ਦਿਲ ਬਹਿਲਾਉਂਦੀ ਕਹਾਣੀ ਸੁਣਾਉਣ, ਜਾਂ ਇਕ ਹੋਰ ਮਹਾਂਵਾਕ ਉਚਰਨ ਤੋਂ ਪਹਿਲਾਂ, ਸਿਗਰਟ ਬਾਲਦਾ ਹੋਵੇਗਾ, ਅਲਸਾਏ ਜਿਹੇ ਕਸ਼ ਭਰਦਾ ਹੋਵੇਗਾ ਤੇ ਅੰਤਰਧਿਆਨ ਹੋ ਕੇ ਸੋਚਦਾ ਹੋਵੇਗਾ।



ਹਵਾ ਵਿਚ ਉਡਣ ਤੋਂ ਪਹਿਲਾਂ ਹਵਾਈ ਜਹਾਜ਼ ਬਹੁਤ ਸ਼ੋਰ ਮਚਾਉਂਦਾ ਹੈ: ਇਸ ਨੂੰ ਸਾਰੇ ਹਵਾਈ ਅੱਡੇ ਵਿਚੋਂ ਦੀ ਕੱਢ ਕੇ ਰਨ-ਵੇ ਤੱਕ ਲਿਜਾਇਆ ਜਾਂਦਾ ਹੈ, ਉਹ ਹੋਰ ਵੀ ਜ਼ਿਆਦਾ ਸ਼ੋਰ ਮਚਾਉਂਦਾ ਹੈ, ਤੇ ਫਿਰ ਆਪਣੀ ਦੌੜ ਸ਼ੁਰੂ ਕਰ ਦੇਂਦਾ ਹੈ। ਇਹ ਸਾਰਾ ਕੁਝ ਕਰਨ ਤੋਂ ਪਿਛੋਂ ਹੀ, ਉਹ ਉਪਰ ਨੂੰ ਉਠਦਾ ਹੈ।

ਹੈਲੀਕਾਪਟਰ ਨੂੰ ਦੌੜ ਨਹੀਂ ਲਾਉਣੀ ਪੈਂਦੀ ਪਰ ਇਹ ਵੀ ਹਵਾ ਵਿਚ ਉੱਡਨ ਤੋਂ ਪਹਿਲਾਂ ਬਹੁਤ ਸਾਰਾ ਸ਼ੋਰ ਮਚਾਉਂਦਾ ਹੈ, ਗਰਜਦਾ ਹੈ ਤੇ ਗੜਗੜਾਹਟ ਪੈਦਾ ਕਰਦਾ ਹੈ, ਤੇ ਬੁਰੀ ਤਰ੍ਹਾਂ ਕੰਬਣੀਆਂ ਖਾਂਦਾ ਹੈ।

ਸਿਰਫ ਪਹਾੜੀ ਉਕਾਬ ਹੀ ਆਪਣੀ ਚਟਾਨ ਤੋਂ ਸਿੱਧਾ ਉਤਾਂਹ ਵੱਲ, ਨੀਲੱਤਣ ਵੱਲ ਸ਼ੂਟ ਵੱਟਦਾ ਹੈ, ਜਿਥੇ ਇਹ ਠਾਠ ਨਾਲ ਉਡਦਾ ਹੋਰ ਉੱਚਾ, ਹੋਰ ਉੱਚਾ ਜਾਈ ਜਾਂਦਾ ਹੈ ਤੇ ਆਖਰ ਦਿਸਣੋਂ ਹਟ ਜਾਂਦਾ ਹੈ।

ਕੋਈ ਵੀ ਚੰਗੀ ਕਿਤਾਬ ਇਸ ਤਰ੍ਹਾਂ ਨਾਲ ਸ਼ੁਰੂ ਹੋਣੀ ਚਾਹੀਦੀ ਹੈ, ਬਿਨਾਂ ਲੰਮੀਆਂ-ਚੌੜੀਆਂ ਤੇ ਅਕਾਵੀਆਂ ਭੂਮਿਕਾਵਾਂ ਦੇ। ਜੇ ਤੁਸੀਂ ਸਾਨ੍ਹ ਨੂੰ ਸਿੰਗਾਂ ਤੋਂ ਫੜਨ ਵਿਚ ਸਫਲ ਨਹੀਂ ਹੁੰਦੇ ਜਦੋਂ ਇਹ ਤੁਹਾਡੇ ਕੋਲੋਂ ਦੀ ਦੌੜਦਾ ਲੰਘ ਰਿਹਾ ਹੁੰਦਾ ਹੈ, ਤਾਂ ਤੁਸੀਂ ਇਸ ਨੂੰ ਪੂਛ ਤੋਂ ਵੀ ਫੜ ਕੇ ਰੋਕਣ ਦੇ ਸਮਰੱਥ ਨਹੀਂ ਹੋਣ ਲੱਗੇ।

ਮੰਨ ਲਵੋ ਕਿ ਇਕ ਗਾਇਕ ਨੇ ਆਪਣਾ ਪਾਂਡੂਰ (ਕਾਕੇਸ਼ੀਆ ਦਾ ਇਕ ਸਾਜ਼) ਚੁੱਕ ਲਿਆ ਹੈ। ਮੈਨੂੰ ਪਤਾ ਹੈ ਕਿ ਉਸ ਦੀ ਆਵਾਜ਼ ਚੰਗੀ ਹੈ ਪਰ ਗੀਤ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੀਆਂ ਉਂਗਲਾਂ ਕਿਉਂ ਤਾਰਾਂ ਉਤੇ ਬਿਨਾਂ ਮੰਤਵ ਭਟਕਦੀਆਂ ਨੇ? ਕਿਸੇ ਕਾਨਸਰਟ ਤੋਂ ਪਹਿਲਾਂ ਪੜ੍ਹੀ ਜਾਂਦੀ ਰਿਪੋਰਟ ਬਾਰੇ, ਜਾਂ ਨਾਟਕ ਤੋਂ ਪਹਿਲਾਂ ਲੈਕਚਰ ਬਾਰੇ ਜਾਂ ਆਪਣੇ ਜਵਾਈ ਨੂੰ ਮੇਜ਼ ਉਤੇ ਆਉਣ ਦਾ ਸੱਦਾ ਦੇਣ ਜਾਂ ਉਸ ਨੂੰ ਪਿਆਲਾ ਭਰ ਕੇ ਸ਼ਰਾਬ ਦਾ ਭੇਟ ਕਰਨ ਦੀ ਥਾਂ ਸਹੁਰੇ ਵੱਲੋਂ ਦਿਤੀ ਗਈ ਅਕਾਵੀਂ ਸਿੱਖਿਆ ਬਾਰੇ ਵੀ ਮੈਂ ਇਹੀ ਕਹਾਂਗਾ।

ਇਕ ਵਾਰੀ ਕੁਝ ਮੁਰੀਦ ਆਪਣੀਆਂ ਤਲਵਾਰਾਂ ਦੇ ਫਲਾਂ ਦੀ ਪਾਣ ਬਾਰੇ ਇਕ ਦੂਜੇ ਅੱਗੇ ਸ਼ੇਖੀਆਂ ਮਾਰ ਰਹੇ ਸਨ। ਉਹ ਉਸ ਉੱਚ ਦਰਜੇ ਦੇ ਫੌਲਾਦ ਦੀਆਂ ਗੱਲਾਂ ਕਰ ਰਹੇ ਸਨ ਜਿਸ ਤੋਂ ਉਹਨਾਂ ਦੇ ਫਲ ਢਾਲੇ ਗਏ ਸਨ, ਤੇ ਉਹਨਾਂ ਫਲਾਂ ਉਤੇ ਉਕਰੀਆਂ ਕੁਰਾਨ ਸ਼ਰੀਫ ਦੀਆਂ ਸਰਵ-ਸਰੇਸ਼ਠ ਆਇਤਾਂ ਬਾਰੇ ਗੱਲਾਂ ਕਰ ਰਹੇ ਸਨ। ਮੁਰੀਦਾਂ ਵਿਚ ਵੱਡੇ ਸ਼ਾਮਿਲ ਦਾ ਨਾਇਬ ਹਾਜੀ ਮੁਰਾਦ ਵੀ ਸੀ। ਉਹ ਬੋਲਿਆ:

"ਦਰਖਤ ਦੀ ਠੰਢੀ ਛਾਂ ਹੇਠ ਬੈਠੇ ਤੁਸੀਂ ਕੀ ਬਹਿਸਾਂ ਕਰ ਰਹੇ ਹੋ? ਭਲਕੇ ਪਹੁ-ਫੁੱਟਦੀ ਨੂੰ ਹੋਣ ਵਾਲੀ ਲੜਾਈ ਵਿਚ ਤੁਹਾਡੀਆਂ ਤਲਵਾਰਾਂ ਆਪਣੇ ਬਾਰੇ ਆਪ ਦੱਸਣਗੀਆਂ।"

**ਤਾਂ ਵੀ**, ਮੈਨੂੰ ਯਕੀਨ ਹੈ ਕਿ ਅੱਲਾਹ ਉਚਰਨਾ ਸ਼ੁਰੂ ਕਰਨ ਤੋਂ ਪਹਿਲਾਂ ਬਿਨਾਂ ਕਾਹਲੀ ਕੀਤਿਆਂ ਸਿਗਰਟ ਜ਼ਰੂਰ ਬਾਲਦਾ ਹੋਵੇਗਾ।

**ਤਾਂ ਵੀ**, ਮੇਰੇ ਜੱਦੀ ਪਹਾੜਾਂ ਵਿਚ ਇਹ ਰੀਤ ਨਹੀਂ ਕਿ ਕੋਈ ਘੋੜ-ਸਵਾਰ ਆਪਣੀ ਸਕਲੀਆ (ਪਿੰਡ ਵਿਚ ਝੁੱਗੀ) ਦੀਆਂ ਬਰੂਹਾਂ ਤੋਂ ਹੀ ਆਪਣੇ ਘੋੜੇ ਉਤੇ ਪਲ੍ਹਾਕੀ ਮਾਰ ਕੇ ਬੈਠ ਜਾਏ। ਉਹ ਸਗੋਂ ਆਪਣੇ ਘੋੜੇ ਨੂੰ ਲਗਾਮ ਤੋਂ ਫੜ ਕੇ ਮਗਰ ਤੋਰੀ ਲਿਆਇਗਾ, ਜਿੰਨਾ ਚਿਰ ਤੱਕ ਉਹ ਆਊਲ (ਕਾਕੇਸ਼ੀਆ ਵਿਚ ਪਹਾੜੀ ਪਿੰਡ) ਤੋਂ ਬਾਹਰ ਨਹੀਂ ਆ ਜਾਂਦੇ। ਕਾਰਨ ਸ਼ਾਇਦ ਇਹ ਹੈ ਕਿ ਉਹ ਨਵੇਂ ਸਿਰਿਉਂ ਵਿਚਾਰ ਕਰਦਾ ਹੋਵੇਗਾ ਕਿ ਉਹ ਪਿੱਛੇ ਕੀ ਛੱਡ ਕੇ ਜਾ ਰਿਹਾ ਹੈ, ਤੇ ਅਗਲੀ ਵਾਟ ਉਤੇ ਉਸ ਨੂੰ ਕੀ ਉਡੀਕ ਰਿਹਾ ਹੈ। ਭਾਵੇਂ ਉਸ ਦਾ ਕੰਮ ਕਿੰਨਾ ਵੀ ਜਲਦੀ ਦਾ ਕਿਉਂ ਨਾ ਹੋਵੇ, ਉਹ ਸੋਚਾਂ ਵਿਚ ਮਗਨ ਤੇ ਬਿਨਾਂ ਕਾਹਲੀ ਕੀਤਿਆਂ ਆਪਣੇ ਘੋੜੇ ਨੂੰ ਤੋਰ ਕੇ ਆਊਲ ਤੋਂ ਬਾਹਰ ਲਿਆਉਂਦਾ ਹੈ, ਤੇ ਉਸ ਤੋਂ ਪਿਛੋਂ ਹੀ ਉਹ ਰਕਾਬ ਨੂੰ ਛੋਹੇ ਤੋਂ ਬਿਨਾਂ, ਪਲਾਕੀ ਮਾਰ ਕੇ ਕਾਠੀ ਉਤੇ ਬਹਿ ਜਾਂਦਾ ਹੈ, ਹੰਨੇ ਉਤੇ ਝੁਕਦਾ, ਤੇ ਧੂੜ ਦੇ ਬੱਦਲਾਂ ਵਿਚ ਅਲੋਪ ਹੋ ਜਾਂਦਾ ਹੈ।








*ਰਸੂਲ ਹਮਜ਼ਾਤੋਵ ਦੀ ਚਰਚਿਤ ਰਚਨਾ 'ਮੇਰਾ ਦਾਗਿਸਤਾਨ' ਦਾ ਮੁਖੜਾ। ਇਹ ਐਡੀਸ਼ਨ ਪ੍ਰਗਤੀ ਪ੍ਰਕਾਸ਼ਨ, ਮਾਸਕੋ ਨੇ 1975 ਵਿਚ ਛਾਪਿਆ ਸੀ; (ਵਿਚਕਾਰ) 'ਮੇਰਾ ਦਾਗਿਸਤਾਨ' ਦੀ ਸ਼ੁਰੂਆਤ ਵਿਚ ਲਾਇਆ ਚਿੱਤਰ ਅਤੇ (ਐਨ ਸੱਜੇ) 'ਮੇਰਾ ਦਾਗਿਸਤਾਨ' ਦਾ ਅਨੁਵਾਦਕ ਗੁਰਬਖਸ਼ ਸਿੰਘ ਫਰੈਂਕ।*

ਮੈਂ ਵੀ ਆਪਣੀ ਕਿਤਾਬ ਦੀ ਕਾਠੀ ਉਤੇ ਪਲ੍ਹਾਕੀ ਮਾਰ ਕੇ ਚੜ੍ਹਨ ਤੋਂ ਪਹਿਲਾਂ ਅੰਤਰਧਿਆਨ ਹੋ ਕੇ ਤੁਰਦਾ ਹਾਂ। ਮੈਂ ਆਪਣੀ ਘੋੜੀ ਨੂੰ ਇਸ ਦੀ ਲਗਾਮ ਤੋਂ ਫੜੀ, ਇਸ ਦੇ ਨਾਲ ਨਾਲ ਤੁਰੀ ਜਾਂਦਾ ਹਾਂ। ਮੈਂ ਸੋਚਾਂ ਵਿਚ ਮਗਨ ਹਾਂ। ਕੋਈ ਲਫਜ਼ ਕਹਿਣ ਤੋਂ ਪਹਿਲਾਂ ਮੈਂ ਜ਼ਰਾ ਰੁਕ ਜਾਂਦਾ ਹਾਂ।

ਕੋਈ ਲਫਜ਼ ਹੋ ਸਕਦਾ ਹੈ ਆਦਮੀ ਦੀ ਜ਼ਬਾਨ ਤੋਂ ਨਿਕਲਣ ਲੱਗਿਆਂ ਦੇਰ ਲਾਵੇ, ਸਿਰਫ ਇਸ ਲਈ ਨਹੀਂ ਕਿ ਉਹ ਥੱਥਾ ਹੋਵੇਗਾ ਸਗੋਂ ਇਸ ਲਈ ਵੀ ਕਿ ਉਹ ਸਭ ਤੋਂ ਢੁਕਵਾਂ, ਜ਼ਰੂਰੀ ਤੇ ਸਿਆਣਾ ਲਫਜ਼ ਲੱਭ ਰਿਹਾ ਹੁੰਦਾ ਹੈ। ਮੈਂ ਕਿਸੇ ਨੂੰ ਆਪਣੀ ਸਿਆਣਪ ਨਾਲ ਚਕ੍ਰਿਤ ਨਹੀਂ ਕਰਨਾ ਚਾਹੁੰਦਾ ਪਰ ਮੈਂ ਥੱਥਾ ਵੀ ਨਹੀਂ। ਮੈਂ ਢੁਕਵੇਂ ਲਫਜ਼ਾਂ ਦੀ ਭਾਲ ਵਿਚ ਹਾਂ, ਇਸ ਲਈ ਹੋ ਸਕਦਾ ਹੈ ਮੈਂ ਕਦੀ-ਕਦੀ ਅਟਕ ਜਾਵਾਂ।

**ਅਬੂਤਾਲਿਬ ਦਾ ਕਹਿਣਾ ਸੀ:** ਕਿਤਾਬ ਦਾ ਮੁਖਬੰਧ ਵਹਿਮਣ ਔਰਤ ਵਲੋਂ ਦੰਦਾਂ ਵਿਚਕਾਰ ਫੜੇ ਤਿਨਕੇ ਵਾਂਗ ਹੁੰਦਾ ਹੈ, ਜਦਕਿ ਉਹ ਆਪਣੇ ਪਤੀ ਦਾ ਭੇਡ ਦੀ ਖੱਲ ਵਾਲਾ ਕੋਟ ਮੁਰੰਮਤ ਕਰ ਰਹੀ ਹੁੰਦੀ ਹੈ। ਆਮ ਵਿਸ਼ਵਾਸ ਇਹ ਹੈ ਕਿ ਇਹੋ ਜਿਹਾ ਕੰਮ ਕਰਦਿਆਂ ਜੇ ਉਹ ਦੰਦਾਂ ਵਿਚ ਤਿਨਕਾ ਨਹੀਂ ਫੜੇਗੀ, ਤਾਂ ਭੇਡ ਦੀ ਖੱਲ ਵਾਲਾ ਕੋਟ ਉਸ ਦੇ ਕਫਨ ਵਿਚ ਬਦਲ ਸਕਦਾ ਹੈ।

**ਅਬੂਤਾਲਿਬ ਦਾ ਹੀ ਕਹਿਣਾ ਸੀ:** ਮੈਂ ਐਸੇ ਮਨੁੱਖ ਵਾਂਗ ਹਾਂ ਜੋ ਹਨੇਰੇ ਵਿਚ ਦਰਵਾਜ਼ਾ ਟੋਹ ਰਿਹਾ ਹੋਵੇ, ਜਾਂ ਐਸੇ ਮਨੁੱਖ ਵਾਂਗ ਜਿਸ ਨੂੰ ਸਬਬ ਨਾਲ ਦਰਵਾਜ਼ਾ ਮਿਲ ਤਾਂ ਗਿਆ ਹੈ ਪਰ ਜਿਸ ਨੂੰ ਯਕੀਨ ਨਹੀਂ ਕਿ ਅੰਦਰ ਜਾਣਾ ਸੰਭਵ ਜਾਂ ਕਸ਼ਟ ਕਰਨ ਯੋਗ ਹੈ ਜਾਂ ਨਹੀਂ। ਏਨੇ ਚਿਰ ਵਿਚ ਉਹ ਬੂਹਾ ਖੜਕਾਉਂਦਾ ਹੈ: ਠਕ-ਠਕ ਠਕ-ਠਕ।

"ਹੇ, ਦਰਵਾਜ਼ੇ ਤੋਂ ਪਾਰ ਰਹਿਣ ਵਾਲਿਓ: ਜੇ ਤੁਸੀਂ ਕੁਝ ਮਾਸ ਰਿੰਨ੍ਹਣ ਦੀ ਇੱਛਾ ਰੱਖਦੇ ਹੋ, ਤਾਂ ਸਮਾਂ ਏ ਕਿ ਉਠੋ ਤੇ ਸ਼ੁਰੂ ਕਰੋ!"

"ਹੇ, ਦਰਵਾਜ਼ੇ ਤੋਂ ਪਾਰ ਰਹਿਣ ਵਾਲਿਓ: ਜੇ ਤੁਸੀਂ ਜਵੀ ਦਾ ਦਲੀਆ ਕੁੱਟਣਾ ਚਾਹੁੰਦੇ ਹੋ, ਤਾਂ ਕਾਹਲੀ ਦੀ ਕੋਈ ਲੋੜ ਨਹੀਂ! ਤੁਸੀਂ ਭਾਵੇਂ ਹੋਰ ਸੌਂ ਲਵੋ!"

"ਹੇ, ਦਰਵਾਜ਼ੇ ਤੋਂ ਪਾਰ ਰਹਿਣ ਵਾਲਿਓ: ਜੇ ਤੁਸੀਂ ਚੰਗੀ ਬੂਜ਼ਾ (ਬਾਜਰੇ ਅਤੇ ਕੁਝ ਕੌੜੀਆਂ ਚੀਜ਼ਾਂ ਤੋਂ ਬਣੀ ਤੁਰਸ਼ ਤੇ ਖਮੀਰੀ ਪੀਣ ਵਾਲੀ ਚੀਜ਼) ਪੀਣ ਦੀ ਸਲਾਹ ਰੱਖਦੇ ਹੋ, ਤਾਂ ਆਪਣੇ ਗੁਆਂਢੀ ਨੂੰ ਸੱਦਾ ਦੇਣਾ ਨਾ ਭੁੱਲਣਾ!"

ਠਕ-ਠਕ, ਠਕ-ਠਕ!

"ਅੱਛਾ, ਮੈਂ ਤੁਹਾਡੇ ਵਿਚ ਸ਼ਾਮਲ ਹੋਵਾਂ ਜਾਂ ਮੇਰੇ ਤੋਂ ਬਿਨਾਂ ਹੀ ਸਰ ਜਾਇਗਾ?"

ਬੱਚੇ ਨੂੰ ਬੋਲਣਾ ਸਿੱਖਣ ਲਈ ਦੋ ਸਾਲ ਲਗਦੇ ਨੇ; ਆਦਮੀ ਨੂੰ ਆਪਣੀ ਜ਼ਬਾਨ ਸੰਭਾਲਣੀ ਸਿੱਖਣ ਉਤੇ ਸੱਠ ਸਾਲ ਲੱਗ ਜਾਂਦੇ ਨੇ।

ਮੈਂ ਦੋ ਸਾਲਾਂ ਦਾ ਨਹੀਂ; ਨਾ ਮੈਂ ਸੱਠਾਂ ਦਾ ਹੋ ਗਿਆ ਹਾਂ। ਮੈਂ ਜ਼ਿੰਦਗੀ ਦੇ ਅੱਧ-ਵਿਚਾਲੇ ਹਾਂ, ਤਾਂ ਵੀ ਮੈਂ ਦੂਜੀ ਸੀਮਾ ਦੇ ਜ਼ਿਆਦਾ ਨੇੜੇ ਹਾਂ, ਤੇ ਇਸੇ ਕਰਕੇ ਮੇਰੇ ਲਈ ਅਨ-ਕਿਹਾ ਲਫਜ਼ ਕਹੇ ਗਏ ਸਾਰੇ ਲਫਜ਼ਾਂ ਨਾਲੋਂ ਵਧੇਰੇ ਕੀਮਤੀ ਹੈ। ਜਿਹੜੀ ਕਿਤਾਬ ਅਜੇ ਮੈਂ ਨਹੀਂ ਲਿਖੀ, ਉਹ ਉਹਨਾਂ ਸਾਰੀਆਂ ਕਿਤਾਬਾਂ ਨਾਲੋਂ ਮੇਰੇ ਲਈ ਵਧੇਰੇ ਕੀਮਤੀ ਹੈ ਜਿਹੜੀਆਂ ਮੇਰੀ ਕਲਮ ਤੋਂ ਆਈਆਂ ਨੇ। ਇਹ ਕੀਮਤ ਤੋਂ ਉਪਰ ਹੈ, ਮੇਰੇ ਦਿਲ ਦੇ ਸਭ ਤੋਂ ਨੇੜੇ, ਤੇ ਸੱਚ ਦੀ ਮੰਗ ਕਰਨ ਵਿਚ ਸਭ ਤੋਂ ਵਧ ਡਾਢੀ।

ਨਵੀਂ ਕਿਤਾਬ ਮੇਰੇ ਲਈ ਉਸ ਗੁਫਾ ਵਾਂਗ ਹੈ ਜਿਸ ਵਿਚ ਮੈਂ ਕਦੀ ਦਾਖਲ ਨਹੀਂ ਹੋਇਆ ਪਰ ਜਿਸ ਦੀਆਂ ਦੀਵਾਰਾਂ ਪਹਿਲਾਂ ਹੀ ਮੇਰੇ ਅੱਗਿਉਂ ਲਾਂਭੇ ਹਟ ਰਹੀਆਂ ਹਨ, ਤੇ ਮੈਨੂੰ ਧੁੰਦਲੀ ਦੂਰੀ ਦੇ ਅੰਦਰ ਆਉਣ ਲਈ ਇਸ਼ਾਰੇ ਸੁੱਟਦੀ ਹੈ। ਨਵੀਂ ਕਿਤਾਬ ਉਸ ਘੋੜੀ ਵਾਂਗ ਹੈ ਜਿਸ ਉਤੇ ਮੈਂ ਕਦੀ ਕਾਠੀ ਨਹੀਂ ਪਾਈ, ਉਸ ਕਟਾਰ ਵਾਂਗ ਜਿਸ ਨੂੰ ਮੈਂ ਕਦੀ ਮਿਆਨ ਵਿਚੋਂ ਨਹੀਂ ਕੱਢਿਆ।

ਪਹਾੜੀ ਲੋਕ ਕਿਹਾ ਕਰਦੇ ਨੇ: "ਬਿਨਾਂ ਯੋਗ ਕਾਰਨ ਦੇ ਆਪਣੀ ਕਟਾਰ ਕਦੀ ਨਾ ਕੱਢੋ ਪਰ ਜੇ ਤੁਹਾਨੂੰ ਕੱਢਣੀ ਪਵੇ, ਤਾਂ ਇੰਝ ਚਲਾਓ ਕਿ ਘੋੜੀ ਤੇ ਸਵਾਰ ਦੋਹਾਂ ਨੂੰ ਚਿੱਤ ਕਰ ਦਿਓ।"

ਤੁਸੀਂ ਕਿੰਨਾ ਠੀਕ ਕਿਹੈ, ਪਹਾੜਾਂ ਦੇ ਵਾਸੀਓ।

**ਜ਼ਬਾਨ**

***ਬੱਚੇ ਨੂੰ ਬੋਲਣਾ ਸਿੱਖਣ ਲਈ ਦੋ ਸਾਲ ਲਗਦੇ ਨੇ; ਆਦਮੀ ਨੂੰ ਆਪਣੀ ਜ਼ਬਾਨ ਸੰਭਾਲਣੀ ਸਿੱਖਣ ਉਤੇ ਸੱਠ ਸਾਲ ਲੱਗ ਜਾਂਦੇ ਨੇ।...***

**ਤਾਂ ਵੀ:** ਕਟਾਰ ਮਿਆਨ ਵਿਚੋਂ ਕੱਢਣ ਤੋਂ ਪਹਿਲਾਂ ਪੱਕਾ ਕਰ ਲਓ ਕਿ ਇਸ ਦੀ ਧਾਰ ਚੰਗੀ ਤੇਜ਼ ਹੋਵੇ।

ਓ, ਪੁਸਤਕ ਮੇਰੀਏ, ਤੂੰ ਮੇਰੇ ਅੰਦਰ ਕਈ ਸਾਲ ਵੱਸੀਂ ਏ! ਤੂੰ ਉਸ ਪ੍ਰੀਤਮਾ ਵਾਂਗ ਏਂ ਜਿਸ ਨੂੰ ਦੂਰੋਂ ਦੇਖਿਆ ਹੋਵੇ, ਜਿਸ ਦੇ ਸੁਪਨੇ ਲਏ ਹੋਣ ਪਰ ਕਦੀ ਛੂਹਣ ਦੀ ਦਲੇਰੀ ਨਾ ਕੀਤੀ ਹੋਵੇ। ਕਦੀ ਕਦੀ ਉਹ ਬਿਲਕੁਲ ਨੇੜੇ ਰਹੀ ਹੈ, ਲਗਭਗ ਪਹੁੰਚ ਵਿਚ ਪਰ ਮੈਂ ਡਰਦਾ ਤੇ ਸੰਗਦਾ, ਲਾਲ ਬਿੰਬ ਹੁੰਦਾ ਤੇ ਪਿੱਛੇ ਹਟ ਜਾਂਦਾ ਰਿਹਾ ਹਾਂ।

ਪਰ ਜੋ ਹੋ ਚੁੱਕਾ, ਸੋ ਹੋ ਚੁੱਕਾ। ਮੈਂ ਦਲੇਰੀ ਨਾਲ ਉਸ ਕੋਲ ਜਾਣ ਦਾ ਤੇ ਉਸ ਦਾ ਹੱਥ ਆਪਣੇ ਹੱਥ ਵਿਚ ਲੈਣ ਦਾ ਫੈਸਲਾ ਕਰ ਲਿਆ ਹੈ। ਸੰਗਾਊ ਪਰੇਮੀ ਤੋਂ ਮੈਂ ਦਲੇਰ ਤੇ ਤਜਰਬਾਕਾਰ ਆਦਮੀ ਵਿਚ ਬਦਲਣਾ ਚਾਹੁੰਦਾ ਹਾਂ। ਮੈਂ ਆਪਣੇ ਘੋੜੇ ਉਤੇ ਕਾਠੀ ਪਾਉਂਦਾ ਤੇ ਤਿੰਨ ਵਾਰੀ ਚਾਬਕ ਮਾਰਦਾ ਹਾਂ। ਜੋ ਹੁੰਦਾ ਹੈ, ਸੋ ਹੋਵੇ!

**ਤਾਂ ਵੀ**, ਪਹਿਲਾਂ ਮੈਂ ਆਪਣੇ ਲਈ ਆਪਣੇ ਪਹਾੜੀ, ਘਰ-ਉਗਾਏ ਤੰਬਾਕੂ ਦੀ ਸਿਗਰਟ ਵਲਦਾ ਹਾਂ, ਤੇ ਇਸ ਉਤੇ ਸਮਾਂ ਲਾਉਂਦਾ ਹਾਂ। ਜੇ ਸਿਗਰਟ ਵਲਣੀ ਹੀ ਏਨਾ ਸੁਆਦ ਦੇਂਦੀ ਹੈ, ਤਾਂ ਸਿਗਰਟ ਪੀਣੀ ਕਿੰਨੀ ਜ਼ਿਆਦਾ ਖੁਸ਼ੀ ਦੇਵੇਗੀ!

ਓ ਪੁਸਤਕ ਮੇਰੀਏ, ਤੈਨੂੰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਤੂੰ ਮੇਰੇ ਅੰਦਰ ਕਿਵੇਂ ਕਰੂੰਬਲ ਵਾਂਗ ਫੁੱਟੀ, ਕਿਵੇਂ ਮੈਨੂੰ ਤੇਰਾ ਨਾਂ ਮਿਲਿਆ, ਤੇ ਕਿਉਂ ਮੈਂ ਤੈਨੂੰ ਲਿਖ ਰਿਹਾ ਹਾਂ, ਤੇ ਜ਼ਿੰਦਗੀ ਵਿਚ ਮੇਰੇ ਕੀ ਨਿਸ਼ਾਨੇ ਨੇ।

ਮੈਂ ਆਪਣੇ ਮਹਿਮਾਨ ਰਸੋਈ ਵਿਚ ਲੈ ਜਾਂਦਾ ਹਾਂ, ਜਿਥੇ ਭੇਡ ਅਜੇ ਬਣਾਈ ਜਾ ਰਹੀ ਹੈ, ਤੇ ਵਾਸ਼ਨਾ ਅਜੇ ਕਬਾਬ ਦੀ ਨਹੀਂ ਸਗੋਂ ਖੂਨ ਦੀ ਚਰਬੀ ਦੀ ਤੇ ਹੁਣੇ-ਹੁਣੇ ਲਾਹੀ ਖੱਲ ਦੀ ਹੈ।

ਮੈਂ ਆਪਣੇ ਦੋਸਤਾਂ ਨੂੰ ਆਪਣੇ ਕੰਮ ਦੀ ਗੁਫਾ ਵਿਚ ਲੈ ਜਾਂਦਾ ਹਾਂ ਜਿੱਥੇ ਮੇਰੀਆਂ ਹੱਥਲਿਖਤਾਂ ਪਈਆਂ ਹਨ, ਤੇ ਉਹਨਾਂ ਨੂੰ ਉਥੇ ਫੋਲਾ-ਫਾਲੀ ਕਰਨ ਦੇਂਦਾ ਹਾਂ।

**ਭਾਵੇਂ ਮੇਰੇ ਪਿਤਾ ਜੀ ਕਿਹਾ ਕਰਦੇ ਸਨ** ਕਿ ਜਿਹੜਾ ਕੋਈ ਦੂਜੇ ਲੋਕਾਂ ਦੀਆਂ ਹੱਥਲਿਖਤਾਂ ਦੀ ਫੋਲਾ-ਫਾਲੀ ਕਰਦਾ ਹੈ, ਉਹ ਉਸ ਆਦਮੀ ਵਰਗਾ ਹੈ ਜਿਹੜਾ ਦੂਜਿਆਂ ਦੀਆਂ ਜੇਬਾਂ ਟੋਲਦਾ ਫਿਰਦਾ ਹੈ।

**ਪਿਤਾ ਜੀ ਇਹ ਵੀ ਕਿਹਾ ਕਰਦੇ ਸਨ:** ਮੁਖਬੰਧ ਵੱਡਾ ਉੱਚਾ ਜੱਤ ਦਾ ਟੋਪ ਪਾਈ ਚੌੜੀ ਪਿੱਠ ਵਾਲੇ ਆਦਮੀ ਵਾਂਗ ਹੁੰਦਾ ਹੈ ਜਿਹੜਾ ਥੇਟਰ ਵਿਚ ਅਗਲੀ ਕਤਾਰ ਵਿਚ ਤੁਹਾਡੇ ਅੱਗੇ ਬੈਠਾ ਹੋਵੇ। ਬੰਦੇ ਨੂੰ ਸ਼ੁਕਰ ਕਰਨਾ ਚਾਹੀਦਾ ਹੈ ਜੇ ਉਹ ਸਿੱਧਾ ਬੈਠਾ ਰਹੇ ਤਾਂ, ਬਿਨਾਂ ਸੱਜੇ ਜਾਂ ਖੱਬੇ ਵੱਲ ਝੁਕਿਆਂ। ਦਰਸ਼ਕ ਵਜੋਂ ਇਹੋ ਜਿਹਾ ਆਦਮੀ ਮੇਰੇ ਲਈ ਬੜੀ ਔਖ ਪੈਦਾ ਕਰਦਾ ਹੈ, ਤੇ ਅਖੀਰ ਮੈਨੂੰ ਖਿਝ ਚਾੜ੍ਹ ਦੇਂਦਾ ਹੈ।

**ਆਪਣੀ ਨੋਟਬੁਕ ਵਿਚੋਂ:** ਮੈਨੂੰ ਮਾਸਕੋ ਜਾਂ ਦੂਜੇ ਰੂਸੀ ਸ਼ਹਿਰਾਂ ਵਿਚ ਕਵਿਤਾ ਦੀਆਂ ਸ਼ਾਮਾਂ ਵੇਲੇ ਅਕਸਰ ਸਰੋਤਿਆਂ ਸਾਹਮਣੇ ਬੋਲਣਾ ਪੈਂਦਾ ਹੈ। ਉਥੇ ਲੋਕ ਮੇਰੀ ਮਾਤਭਾਸ਼ਾ ਅਵਾਰ ਨੂੰ ਨਹੀਂ ਸਮਝਦੇ। ਮੈਂ ਆਪਣੇ ਉਚਾਰਨ ਨਾਲ ਉਹਨਾਂ ਨੂੰ ਕੁਝ ਆਪਣੇ ਬਾਰੇ ਦੱਸਣ ਨਾਲ ਸ਼ੁਰੂ ਕਰਦਾ ਹਾਂ ਜਿਸ ਤੋਂ ਪਿਛੋਂ ਮੇਰੇ ਰੂਸੀ ਕਵੀ ਦੋਸਤ ਮੇਰੀਆਂ ਕਵਿਤਾਵਾਂ ਦੇ ਅਨੁਵਾਦ ਸੁਣਾਉਂਦੇ ਹਨ। ਉਹਨਾਂ ਦੇ ਸ਼ੁਰੂ ਕਰਨ ਤੋਂ ਪਹਿਲਾਂ, ਮੈਨੂੰ ਅਕਸਰ ਕਿਹਾ ਜਾਂਦਾ ਹੈ ਕਿ ਮੈਂ ਇਕ ਕਵਿਤਾ ਮੂਲ ਬੋਲੀ ਵਿਚ ਸੁਣਾਵਾਂ। "ਅਸੀਂ ਅਵਾਰ ਬੋਲੀ ਦਾ ਸੰਗੀਤ ਤੇ ਕਵਿਤਾ ਦਾ ਸੰਗੀਤ ਸੁਣਨਾ ਚਾਹੁੰਦੇ ਹਾਂ।" ਮੈਂ ਪੜ੍ਹਦਾ ਹਾਂ, ਤੇ ਮੇਰਾ ਪੜ੍ਹਨਾ, ਗੀਤ ਸ਼ੁਰੂ ਕਰਨ ਤੋਂ ਪਹਿਲਾਂ ਪਾਂਡੂਰ ਦੀਆਂ ਤਾਰਾਂ ਟੁਣਕਾਉਣ ਤੋਂ ਛੁੱਟ ਕੁਝ ਨਹੀਂ ਹੁੰਦਾ।

ਕਿਸੇ ਕਿਤਾਬ ਦਾ ਮੁਖਬੰਧ ਕੋਈ ਇਹੋ ਜਿਹੀ ਚੀਜ਼ ਹੀ ਨਹੀਂ ਹੁੰਦੀ?

**ਆਪਣੀ ਨੋਟਬੁਕ ਵਿਚੋਂ:** ਜਦੋਂ ਮੈਂ ਮਾਸਕੋ ਵਿਚ ਪੜ੍ਹਦਾ ਸਾਂ ਤਾਂ ਮੇਰੇ ਪਿਤਾ ਨੇ ਮੈਨੂੰ ਕੁਝ ਪੈਸੇ ਭੇਜੇ ਕਿ ਮੈਂ ਇਸ ਨਾਲ ਸਰਦੀਆਂ ਲਈ ਕੋਟ ਖਰੀਦ ਲਵਾਂ। ਹੋਇਆ ਇਹ ਕਿ ਮੈਂ ਪੈਸੇ ਖਰਚ ਲਏ ਤੇ ਕੋਟ ਖਰੀਦਿਆ ਨਾ। ਮੈਨੂੰ ਸਰਦੀਆਂ ਦੀਆਂ ਛੁੱਟੀਆਂ ਵਿਚ ਦਾਗਿਸਤਾਨ ਆਪਣੇ ਘਰ ਉਹਨਾਂ ਹੀ ਕੱਪੜਿਆਂ ਵਿਚ ਜਾਣਾ ਪਿਆ ਜਿਨ੍ਹਾਂ ਵਿਚ ਮੈਂ ਗਰਮੀਆਂ ਵਿਚ ਮਾਸਕੋ ਗਿਆ ਸਾਂ।

ਜਦੋਂ ਮੈਂ ਉੱਥੇ ਪੁੱਜਾ ਤਾਂ ਮੈਂ ਹਰ ਤਰ੍ਹਾਂ ਦੇ ਬਹਾਨੇ ਸੋਚਣੇ ਸ਼ੁਰੂ ਕਰ ਦਿਤੇ ਪਰ ਹਰ ਨਵਾਂ ਬਹਾਨਾ ਪਹਿਲੇ ਨਾਲੋਂ ਜ਼ਿਆਦਾ ਬੋਦਾ ਤੇ ਹਾਸੋਹੀਣਾ ਨਿਕਲਦਾ।

ਜਦੋਂ ਮੈਂ ਆਪਣੇ ਆਪ ਨੂੰ ਗੁੰਝਲਾਂ ਵਿਚ ਪੂਰੀ ਤਰ੍ਹਾਂ ਫਸਾ ਲਿਆ ਤਾਂ ਮੇਰੇ ਪਿਤਾ ਨੇ ਮੈਨੂੰ ਰੋਕਿਆ ਤੇ ਕਹਿਣ ਲੱਗੇ:

"ਠਹਿਰ ਜਾ, ਰਸੂਲ। ਮੈਂ ਤੈਨੂੰ ਦੋ ਸਵਾਲ ਪੁੱਛਣਾ ਚਾਹੁੰਦਾ ਹਾਂ।"

"ਚਲੋ, ਪੁੱਛੋ।"

"ਤੂੰ ਆਪਣੇ ਲਈ ਕੋਟ ਖਰੀਦਿਐ?"

"ਨਹੀਂ।"

"ਤੂੰ ਪੈਸੇ ਖਰਚ ਲਏ ਨੇ?"

"ਹਾਂ।"

"ਹੁਣ ਸਭ ਕੁਝ ਸਾਫ ਏ। ਐਵੇਂ ਵਾਧੂ ਦਾ ਏਨਾ ਕੁਝ ਕਹਿਣ ਦੀ ਤੇ ਏਨੀ ਲੰਮੀ ਭੂਮਿਕਾ ਬੰਨ੍ਹਣ ਦੀ ਕੀ ਲੋੜ, ਜੇ ਤੱਤ ਦੋ ਲਫਜ਼ਾਂ ਵਿਚ ਪੇਸ਼ ਕੀਤਾ ਜਾ ਸਕਦੈ ਤਾਂ।"

ਇਹ ਸੀ ਜੋ ਮੇਰੇ ਪਿਤਾ ਨੇ ਮੈਨੂੰ ਸਿਖਾਇਆ।

**ਤਾਂ ਵੀ:** ਨਵ-ਜਨਮਿਆ ਬਾਲ ਇਕਦਮ ਬੋਲਣਾ ਨਹੀਂ ਸ਼ੁਰੂ ਕਰ ਦੇਂਦਾ। ਲਫਜ਼ ਬੋਲਣ ਤੋਂ ਪਹਿਲਾਂ ਉਹ ਵਾਵੇਲੀਆਂ ਲੈਂਦਾ ਹੈ। ਜਦੋਂ ਕਦੀ-ਕਦੀ ਉਹ ਰੋ ਪੈਂਦਾ ਹੈ ਕਿਉਂਕਿ ਕੋਈ ਚੀਜ਼ ਤਕਲੀਫ ਦੇ ਰਹੀ ਹੁੰਦੀ ਹੈ, ਤਾਂ ਉਸ ਦੀ ਮਾਂ ਨੂੰ ਵੀ ਸਮਝ ਨਹੀਂ ਆਉਂਦੀ ਕਿ ਕਿਹੜੀ ਚੀਜ਼ ਕਸ਼ਟ ਦੇ ਰਹੀ ਹੈ।

ਕੀ ਕਵੀ ਦੀ ਆਤਮਾ ਉਸ ਬਾਲ ਦੀ ਆਤਮਾ ਵਰਗੀ ਨਹੀਂ ਹੁੰਦੀ?

**ਪਿਤਾ ਜੀ ਕਿਹਾ ਕਰਦੇ ਸਨ:** ਜਦੋਂ ਭੇਡਾਂ ਦੇ ਇੱਜੜ ਦੀ ਪਹਾੜੀ ਚਰਾਗਾਹਾਂ ਤੋਂ ਮੁੜਨ ਦੀ ਉਡੀਕ ਹੁੰਦੀ ਹੈ, ਤਾਂ ਸਭ ਤੋਂ ਪਹਿਲਾਂ ਲੋਕਾਂ ਨੂੰ ਬੱਕਰੀ ਦੇ ਸਿੰਗ ਦਿਖਾਈ ਦੇਂਦੇ ਨੇ, ਜਿਹੜੀ ਸਭ ਤੋਂ ਅੱਗੇ ਚੱਲ ਰਹੀ ਹੁੰਦੀ ਹੈ, ਫਿਰ ਬੱਕਰੀ ਤੇ ਇਸ ਤੋਂ ਮਗਰੋਂ ਜਾ ਕੇ ਇੱਜੜ ਦਿਖਾਈ ਦੇਂਦਾ ਹੈ।

ਜਦੋਂ ਜੰਞ ਚੜ੍ਹਨੀ ਜਾਂ ਨੜੋਆ ਨਿਕਲਣਾ ਹੋਵੇ, ਤਾਂ ਸਭ ਤੋਂ ਪਹਿਲਾਂ ਲੋਕ ਨਾਈ ਨੂੰ ਦੇਖਦੇ ਨੇ।

ਜਦੋਂ ਪਹਾੜੀ ਪਿੰਡ ਵਿਚ ਕੋਈ ਹਰਕਾਰਾ ਆਉਣਾ ਹੋਵੇ, ਲੋਕਾਂ ਨੂੰ ਸਭ ਤੋਂ ਪਹਿਲਾਂ ਧੂੜ ਦੇ ਬੱਦਲ ਦਿਖਾਈ ਦੇਂਦੇ ਨੇ, ਤੇ ਫਿਰ ਘੋੜ-ਸਵਾਰ।

ਜਦੋਂ ਸ਼ਿਕਾਰੀ ਦੇ ਮੁੜਨ ਦੀ ਆਸ ਹੋਵੇ, ਤਾਂ ਲੋਕਾਂ ਨੂੰ ਸਭ ਤੋਂ ਪਹਿਲਾਂ ਉਸ ਦਾ ਕੁੱਤਾ ਨਜ਼ਰ ਆਉਂਦਾ ਹੈ।

ਜਿੱਥੇ ਜਿੱਥੇ ਖੂਨ ਬੇਦੋਸ਼ਿਆਂ ਦਾ ਡੁੱਲ੍ਹਦਾ ਹੈ, ਸਦੀਆਂ ਤੀਕਰ ਓਹ ਸਾਕਾ ਨੀ ਭੁੱਲਦਾ ਹੈ

## ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

ਕਾਲੇ ਪਾਣੀ ਦੇ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਤ

# 20ਵਾਂ ਮੇਲਾ ਗਦਰੀ ਬਾਬਿਆਂ ਦਾ

**15 ਮਈ 2022 ਦਿਨ ਐਤਵਾਰ, 12 ਵਜੇ ਤੋਂ 6 ਵਜੇ ਤੱਕ**

*Central High School (East) Gymnasium, 3535 N. Cornelia Ave, Fresno, CA 93722*

ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ।

Corner of Cornelia & Dakota
ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ

## ਕਾਲੇ ਪਾਣੀ ਦੇ ਮਹਾਨ ਸ਼ਹੀਦ



ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਸੂਰਮੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ



ਮੁੱਖ ਮਹਿਮਾਨ: ਡਾ: ਸਵੈਮਾਨ ਸਿੰਘ
ਸਰਪਰਸਤ: ਗੁਰਦੀਪ ਸਿੰਘ ਅਣਖੀ

ਕਲਾਕਾਰ : ਸੱਤੀ ਪਾਵਲਾ,ਰਾਜ ਬਰਾੜ
ਹਰਜੀਤ ਸਿੰਘ ਮਰਸਿਡ
ਭੰਗੜਾ : ਜੀ. ਐਚ . ਜੀ ਸੰਗੀਤ ਐਂਡ ਡਾਂਸ ਅਕੈਡਮੀ



ਮੰਚ ਸੰਚਾਲਨ ਆਸ਼ਾ ਸ਼ਰਮਾ
ਜੀਤਾ ਗਿੱਲ
ਗਾਇਕ ਸੱਤੀ ਪਾਵਲਾ

4.0 ਜੀ. ਪੀ. ਏ. ਗਰੇਡ ਵਾਲੇ ਹਾਈ ਸਕੂਲ ਦੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। *Note: Students with 4.0 grade should register at IAHForum@gmail.com*







### ਮੇਲਾ ਕਮੇਟੀ:

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਡਾਲੀ ਸਰਨਜੀਤ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਹਰਿੰਦਰ ਕੌਰ ਮੰਡਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਪ੍ਰੀਤ ਖਾਨਖਾਨਾ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਪ੍ਰੋ. ਅਰਜਨ ਸਿੰਘ ਜੋਸਨ, ਭੁਪਿੰਦਰ ਸਿੰਘ ਜਾਡਲਾ, ਟਹਿਲ ਸਿੰਘ ਦੇਸੀ,ਗੁਰਮੀਤ ਸਿੰਘ ਰਾਇਪੁਰ ਡੱਬਾ, ਮਨਵੀਰ ਸਿੰਘ ਫੁੱਲਰ, ਸੁਰਿੰਦਰ ਸਿੰਘ ਢਿੱਲ, ਹਰਮਨ ਸਿੰਘ ਗਿੱਲ, ਅਮਨਦੀਪ ਸਿੰਘ, ਮਨਵੀਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਮਾਸਟਰ ਸ਼ਮਸ਼ੇਰ ਸਿੰਘ, ਸੁੱਖੀ ਹੇਅਰ, ਪਰਗਟ ਸਿੰਘ ਧਾਲੀਵਾਲ ਜਸਪਾਲ ਸਿੰਘ ਧਾਲੀਵਾਲ, ਸ਼ੇਰ ਸਿੰਘ, ਮੇਜਰ ਸਿੰਘ ਸੇਖੋਂ, ਪ੍ਰਿ:ਬਲਵਿੰਦਰ ਸਿੰਘ ਭੁੱਟਰ, ਇੰਦਰਜੀਤ ਸਿੰਘ ਚੁਗਾਵਾਂ,ਗੁਰਬਖਸ਼ ਸਿੰਘ ਸਿੱਧੂ ਹਰਨੇਕ ਸਿੰਘ ਲੋਹਗੜ੍ਹ, ਗੈਰੀ ਦੇਸੀ, ਮਲਕੀਤ ਸਿੰਘ ਕਿੰਗਰਾ, ਸੁਖਪਾਲ ਸਿੰਘ ਧਾਲੀਵਾਲ।

ਗੁਰਦੀਪ ਸਿੰਘ ਗਿੱਲ (ਪ੍ਰਧਾਨ) * ਸੁਰਿੰਦਰ ਸਿੰਘ ਮੰਡਾਲੀ (ਸੈਕਟਰੀ) * ਜਸਵੰਤ ਸਿੰਘ ਮਾਨ (ਖਜ਼ਾਨਚੀ)

ਹੋਰ ਜਾਣਕਾਰੀ ਲਈ: ਨਵਦੀਪ ਸਿੰਘ ਧਾਲੀਵਾਲ :559-287-0822, ਪਰਮਜੀਤ ਸਿੰਘ ਢਿੱਲੋਂ :559-900-9001
ਗੁਰਮੀਤ ਸਿੰਘ ਗਿੱਲ :805-215-0681, ਹਰਜਿੰਦਰ ਸਿੰਘ ਦੇਸੀ :559-618-0156
ਕੁਲਵੀਰ ਸਿੰਘ ਹੇਅਰ (ਮੀਡੀਆ ਸਕੱਤਰ) :559-239-5000, ਗੁਰਮੀਤ ਸਿੰਘ ਗਾਜ਼ੀਆਣਾ :559-801-8200

ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚਲੇਗਾ। ਦਾਖਲਾ ਤੇ ਪਾਰਕਿੰਗ ਮੁਫਤ !!

Corner of Cornelia & Dakota
ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ

# ਮੇਰੇ ਪੁੱਤ ਦਾ ਬਾਗ ਵੀਰਾਨ ਹੋਇਆ...

***ਪੰਜਾਬ ਵਿਚ ਨਵੀਂ ਬਣੀ ਸਰਕਾਰ ਨੇ ਪੰਜਾਬ ਦੇ ਲੋਕਾਂ ਅੰਦਰ ਕਈ ਤਰ੍ਹਾਂ ਦੀਆਂ ਆਸਾਂ-ਉਮੀਦਾਂ ਜਗਾਈਆਂ ਹਨ। ਅਸਲ ਵਿਚ ਪੰਜਾਬ ਇਸ ਵਕਤ ਜਿੱਡੇ ਵੱਡੇ ਸੰਕਟ ਨਾਲ ਜੂਝ ਰਿਹਾ ਹੈ, ਹਰ ਕੋਈ ਇਹ ਅਰਜ਼ੋਈ ਕਰ ਰਿਹਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੀ ਲੀਹੋਂ ਲੱਥੀ ਗੱਡੀ ਲੀਹ ਉਤੇ ਚੜ੍ਹ ਜਾਵੇ। ਉਘੇ ਸ਼ਾਇਰ ਸੁਰਜੀਤ ਪਾਤਰ ਨੇ ਆਪਣੇ ਇਸ ਲੇਖ ਵਿਚ ਲੋਕਾਂ ਦੀਆਂ ਇਨ੍ਹਾਂ ਅਰਜ਼ੋਈਆਂ ਬਾਰੇ ਗੱਲਾਂ ਕੀਤੀਆਂ ਹਨ ਅਤੇ ਕਾਵਿਕ ਅੰਦਾਜ਼ ਵਿਚ ਪੰਜਾਬ ਵਿਚ ਮੌਲਣ ਵਾਲੀ ਨਵੀਂ ਸਿਆਸਤ ਦਾ ਜ਼ਿਕਰ ਛੇੜਿਆ ਹੈ।***

ਜਦੋਂ ਵੀ ਪੰਜਾਬ ਵਿਚ ਕੋਈ ਚਿਹਰਾ ਉੱਭਰਦਾ ਹੈ, ਜੋ ਤਨੋਂ ਮਨੋਂ ਰੂਹੋਂ ਵਿਯੋਗੇ ਹੋਏ ਪੰਜਾਬ ਦੇ ਦੁੱਖਾਂ ਨੂੰ ਦੂਰ ਕਰਨ ਦੀ ਗੱਲ ਕਰਦਾ ਹੈ ਤਾਂ ਮੇਰੇ ਮਨ ਵਿਚ ਸਹਿਵਨ ਹੀ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਦੀਆਂ ਇਹ ਸਤਰਾਂ ਉੱਭਰ ਆਉਂਦੀਆਂ ਹਨ:

ਮੀਮ ਮਿਲਣ ਆਈ ਰਾਣੀ ਇੱਛਰਾਂ ਵੀ
ਲੋਕਾਂ ਆਖਿਆ ਆਇਆ ਏ ਸਾਧ ਕੋਈ
ਮੇਰੇ ਪੁੱਤ ਦਾ ਬਾਗ ਵੀਰਾਨ ਹੋਇਆ
ਆਇਆ ਕਰਨ ਹੈ ਫੇਰ ਆਬਾਦ ਕੋਈ
ਮੈਂ ਵੀ ਲੈ ਆਵਾਂ ਦਾਰੂ ਅੱਖੀਆਂ ਦਾ
ਪੂਰਨ ਛੱਡ ਨਾ ਗਿਆ ਸੁਆਦ ਕੋਈ
ਕਾਦਰਯਾਰ ਮੈਂ ਤਾਂ ਲੱਖ ਵੱਟਨੀ ਆਂ
ਦਾਰੂ ਦੇਇ ਫਕੀਰ ਮੁਰਾਦ ਕੋਈ

ਕਿੰਨੀ ਵਾਰ ਮੇਰਾ ਇਹ ਅਹਿਸਾਸ ਮੇਰਾ ਭੁਲੇਖਾ ਹੀ ਨਿਕਲਿਆ। ਰਾਜਨੀਤੀ ਦੇ ਖੇਤਰ ਦੀ ਗੱਲ ਕਰਾਂ ਤਾਂ ਇਨ੍ਹਾਂ ਸਾਲਾਂ ਦੌਰਾਨ ਇਸ ਧਰਤੀ ਉੱਤੇ ਗਰਜੇ ਅਤੇ ਲਿਸ਼ਕੇ ਤਾਂ ਬਹੁਤ, ਵਰ੍ਹਿਆ ਕੋਈ ਨਹੀਂ। ਰਾਜੇ ਸ਼ੀਂਹ ਮੁਕੱਦਮ ਕੁੱਤੇ ਰੱਬ ਦੇ ਬੰਦਿਆਂ ਦੀ ਰੱਤ ਪਿੱਤ ਪੀਂਦੇ ਰਹੇ।



**ਸੁਰਜੀਤ ਪਾਤਰ**
**ਫੋਨ: +91-98145-04272**

ਪੰਜਾਬ ਦੀ ਧਰਤੀ ਪੂਰਨ ਦੀ ਮਾਂ ਇੱਛਰਾਂ ਵਾਂਗ ਗਲੀਆਂ ਵਿਚ, ਉਜਾੜਾਂ ਵਿਚ, ਵਸੇਬਿਆਂ ਵਿਚ ਰੋਂਦੀ ਰਹੀ। ਪੰਜਾਬ ਦੀ ਧਰਤੀ ਜਿਸ ਬਾਰੇ ਕਦੀ ਬਾਬੂ ਫੀਰੋਜ਼ਦੀਨ ਸ਼ਰਫ ਹੋਰਾਂ ਲਿਖਿਆ ਸੀ:

ਸੁਹਣਾ ਦੇਸਾਂ ਵਿਚੋਂ ਦੇਸ ਪੰਜਾਬ ਨੀ ਸਈਓ
ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓ

ਹੁਣ ਉਸ ਧਰਤੀ 'ਤੇ ਸਮੂਹ-ਗਾਨ ਚੱਲ ਰਿਹਾ ਹੈ: ਚਲੋ ਏਥੋਂ ਚੱਲੀਏ।

ਪੰਛੀ ਤਾਂ ਉੱਡ ਗਏ ਨੇ
ਰੁੱਖ ਵੀ ਸਲਾਹਾਂ ਕਰਨ
ਚਲੋ ਏਥੋਂ ਚੱਲੀਏ
ਘਰ ਘਰ ਪੁੱਤ ਕਹਿਣ
ਛੱਡ ਬਾਪੂ
ਹੁਣ ਕੀ ਏ ਰੱਖਿਆ ਜ਼ਮੀਨ ਵਿਚ
ਵੇਚ ਕੇ ਸਿਆੜ ਚਾਰ
ਕਰ ਕੇ ਜੁਗਾੜ ਕੋਈ
ਚਲ ਏਥੋਂ ਚੱਲੀਏ
ਤੂੰ ਨਈਂ ਸੁਣੇ
ਟਿਕੀ ਰਾਤੇ
ਪਿੰਡ ਦੇ ਉਜਾੜਾਂ ਵਿਚ
ਮੋਏ ਕ੍ਰਿਸਾਨ ਤੇ ਮਜ਼ੂਰ ਸਾਰੇ
ਏਹੀ ਵ੍ਰਿੰਦਗਾਨ ਗਾਉਂਦੇ
ਚਲੋ ਏਥੋਂ ਚੱਲੀਏ
ਏਹੀ ਹੈ ਸਮੂਹ-ਗਾਨ
ਏਹੀ ਹੈ ਵਰਿੰਦ-ਗਾਨ
ਗੈਰ-ਸਰਕਾਰੀ ਅੱਜ ਏਹੀ ਕੌਮੀ ਗੀਤ ਹੈ:
ਚਲੋ ਏਥੋਂ ਚੱਲੀਏ ... ... ਚਲੋ ਏਥੋਂ ਚੱਲੀਏ

ਪਰਦੇਸੀ ਹੋਣਾ ਕੋਈ ਮਿਹਣਾ ਨਹੀਂ ਪਰ ਪਰਦੇਸੀ ਹੋਣ ਦਾ ਵਿਸ਼ੇਸ਼ ਕਾਰਨ ਤਾਂ ਹਾਕਮਾਂ ਲਈ ਮਿਹਣਾ ਹੀ ਹੈ:

ਲੱਖ ਕੋਈ ਪਰਦੇਸੀ ਹੋਵੇ,
ਇਲਮ ਗਿਆਨ ਦੀ ਖਾਤਰ
ਲੱਖ ਕੋਈ ਪਰਦੇਸੀ ਹੋਵੇ,
ਦਰਸ ਜਹਾਨ ਦੀ ਖਾਤਰ
ਸਦਕੇ ਜੋ ਪਰਦੇਸੀ ਹੋਵੇ,
ਨੂਰ ਫੈਲਾਣ ਦੀ ਖਾਤਰ
ਪਰ ਕਿਉਂ ਮਾਂ ਧਰਤੀ ਤੋਂ ਵਿਛੜਨ,
ਹਾਏ ਬੱਸ ਗੁਜ਼ਰਾਨ ਦੀ ਖਾਤਰ
ਹੁੰਦੇ ਜੇ ਹਾਕਮ ਚੱਜ ਦੇ
ਸਾਡੇ ਪੁੱਤ ਪਰਦੇਸੀ ਨਾ ਹੁੰਦੇ

ਚੱਜ ਦੇ ਹਾਕਮਾਂ ਦੀ ਆਸ ਦੇ ਬਣਨ ਤੇ ਮਿਟਣ ਕਾਰਨ ਮੈਂ ਅਸਥਿਰ ਮਤਦਾਤਾ ਹਾਂ; ਯਾਨੀ ਮੈਂ ਜਦ ਦਾ ਵੋਟਰ ਬਣਿਆ, ਮੈਂ ਵੋਟ ਪਾਉਣ ਵੇਲੇ ਕਈ ਪਾਰਟੀਆਂ ਬਦਲੀਆਂ। ਮੇਰੀ ਇਹ ਅਸਥਿਰਤਾ ਡਾਂਵਾਂਡੋਲ ਹੋਣਾ ਜਾਂ ਬੇਵਫਾਈ ਨਹੀਂ, ਇਹ ਮੇਰੀ ਤੜਫ ਹੈ, ਮੇਰਾ ਜੀ-ਭਿਆਣਾਪਨ ਹੈ, ਮੇਰੀ ਤਲਾਸ਼ ਹੈ। ਜਿਵੇਂ ਕਹਿੰਦੇ ਹਨ ਕਿ ਪੰਜਾਬ ਉਸ ਬਿਮਾਰ ਵਾਂਗ ਹੈ ਜੋ ਕਰਵਟਾਂ ਬਦਲਦਾ ਰਹਿੰਦਾ ਹੈ ਤਾਂ ਜੋ ਕਿਸੇ ਤਰ੍ਹਾਂ ਉਸ ਦੀ ਪੀੜ ਘਟੇ। ਮੈਂ ਵੀ ਪੰਜਾਬ ਵਾਂਗ ਕਰਵਟਾਂ ਬਦਲਦਾ ਰਹਿੰਦਾ ਹਾਂ। ਸ਼ਾਇਦ ਅਸੀਂ ਬਹੁਤ ਸਾਰੇ।

10 ਮਾਰਚ 2022 ਦੇ ਦਿਨ ਵੀ ਅਸੀਂ ਸਭ ਦੇਖ ਰਹੇ ਸਾਂ ਕਿ ਦੇਖੀਏ ਪੰਜਾਬ ਕਿਸ ਪਾਸੇ ਵੱਲ ਕਰਵਟ ਲੈਂਦਾ ਹੈ। 10 ਮਾਰਚ 2022 ਦਾ ਵੱਡਾ ਤੜਕਾ ਆਸ਼ਾ ਨਿਰਾਸ਼ਾ ਦਾ ਮਿਸ਼ਰਨ ਸੀ, ਚਾਨਣ ਥੋੜ੍ਹਾ ਅਤੇ ਨ੍ਹੇਰਾ ਜ਼ਿਆਦਾ ਸੀ। ਮਨ ਸੰਸਿਆਂ ਤੇ ਵਿਸਵਿਸਿਆਂ ਨਾਲ ਭਰੇ ਹੋਏ ਸਨ। ਲਟਕਵੀਂ ਸਰਕਾਰ ਦੀ ਤਲਵਾਰ ਲਟਕ ਰਹੀ ਸੀ।



ਵਿਧਾਇਕ ਘੋੜਿਆਂ ਵਾਂਗ ਵਿਕਦੇ ਨਜ਼ਰ ਆ ਰਹੇ ਸਨ। ਮੇਰੇ ਆਸਪਾਸ ਦਾਨਿਸ਼ਵਰਾਂ ਦੇ ਕਹੇ ਬੋਲ ਘੁੰਮ ਰਹੇ ਹਨ:

ਏਥੇ ਚੋਣਾਂ ਪੈਸੇ ਨਾਲ ਲੜੀਆਂ ਜਾਂਦੀਆਂ ਹਨ ਤੇ ਪੈਸੇ ਵਾਸਤੇ ਲੜੀਆਂ ਜਾਂਦੀਆਂ ਹਨ। ਲੋਕਾਂ ਦਾ ਲੁੱਟਿਆ ਹੋਇਆ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਹੈ। ਪੈਸਾ 'ਕੱਠਾ ਕਰਦਿਆਂ ਜੇ ਹੱਥ ਦਾਗੀ ਹੋ ਜਾਣ ਤਾਂ ਉਹ ਦਾਗ ਧੋਣ ਲਈ ਵੀ ਉਸੇ ਪੈਸੇ ਨੂੰ ਪਾਣੀ ਵਾਂਗ ਵਹਾਇਆ ਜਾਂਦਾ ਹੈ।

ਇਕ ਨੇ ਦੂਜੇ ਨੂੰ ਪੁੱਛਿਆ: ਤੁਹਾਡੇ ਖਿਆਲ ਮੁਤਾਬਿਕ ਕਿਸ ਪਾਰਟੀ ਦੀ ਸਰਕਾਰ ਬਣ ਰਹੀ ਹੈ।

ਦੂਜਾ ਕਹਿਣ ਲੱਗਾ: ਵੀ.ਐੱਚ.ਵੀ. ਦੀ, ਯਾਨੀ ਵਿਕੇ ਹੋਏ ਵਿਧਾਇਕਾਂ ਦੀ।

ਇਕ ਨੇ ਕਿਹਾ: ਇਸ ਵਾਰ ਕਤਾਰਬੰਦੀ ਧਰਮਾਂ ਮੁਤਾਬਿਕ ਹੋ ਗਈ ਹੈ। ਮਹਾਨ ਆਤਮਾਵਾਂ ਦੀਆਂ ਰੂਹਾਂ ਵਿਚੋਂ ਧਰਮ ਜਨਮਦੇ ਹਨ। ਚਤੁਰ ਬੰਦੇ ਧਰਮ ਦਾ ਇਸਤੇਮਾਲ ਕਰਦੇ ਹਨ ਤੇ ਭੋਲੇ ਲੋਕ ਉਨ੍ਹਾਂ ਪਿੱਛੇ ਲੱਗ ਕੇ ਗੁਮਰਾਹ ਹੋ ਜਾਂਦੇ ਹਨ।

ਇਕ ਨੇ ਕਿਹਾ: ਇਹ ਵੀ ਹੋ ਸਕਦਾ ਪੰਜਾਬ 'ਤੇ ਗਵਰਨਰੀ ਰਾਜ ਹੋ ਜਾਏ।

ਪਰ ਜਿਉਂ-ਜਿਉਂ ਦਿਨ ਚੜ੍ਹਦਾ ਗਿਆ, ਪੰਜਾਬ ਦੇ ਰੁੱਖਾਂ ਨੂੰ ਫੁੱਲ ਪੈਣੇ ਸ਼ੁਰੂ ਹੋ ਗਏ। ਦੇਖਦਿਆਂ-ਦੇਖਦਿਆਂ ਸਾਰਾ ਪੰਜਾਬ ਬਸੰਤੀ ਫੁੱਲਾਂ ਨਾਲ ਭਰ ਗਿਆ।

ਲੋਕਾਂ ਨੇ ਪੰਜਾਬ ਨੂੰ ਕਈ ਸ਼ਰਮਸਾਰੀਆਂ ਤੋਂ ਬਚਾ ਲਿਆ

ਪੰਜਾਬ ਦੇ ਲੋਕਾਂ ਨੇ ਪੰਜਾਬ ਨੂੰ ਕਈ ਸ਼ਰਮਸਾਰੀਆਂ ਤੋਂ ਬਚਾ ਲਿਆ। ਲੋਕਾਂ ਨੂੰ ਫਿਰਕਾਪ੍ਰਸਤੀ ਦੇ ਇਲਜ਼ਾਮ ਤੋਂ, ਵਿਧਾਇਕਾਂ ਨੂੰ ਵਿਕਣ ਦੀ ਤੁਹਮਤ ਤੋਂ। ਲੋਕਾਂ ਨੇ ਮੌਸਮ ਬਦਲ ਦਿੱਤਾ। ਲੋਕਾਂ ਨੇ ਚੁੱਪ-ਚੁਪੀਤੇ ਸੰਸਿਆਂ ਅਤੇ ਦੋ-ਚਿੱਤੀਆਂ ਦੇ ਦਿਨ ਨੂੰ ਨਵੀਆਂ ਆਸਾਂ ਉਮੀਦਾਂ, ਨਵੀਂ ਚੇਤਨਾ ਦਾ ਦਿਨ ਬਣਾ ਦਿੱਤਾ। ਲੋਕ-ਸਿਆਣਪ ਨੇ ਕੂਟਨੀਤੀ ਵਾਲਿਆਂ ਦੀਆਂ ਚਤੁਰਾਈਆਂ ਚਾਲਾਕੀਆਂ ਨੂੰ ਸ਼ਰਮਸਾਰ ਕਰ ਦਿੱਤਾ। ਉੱਚੀਆਂ ਮਮਟੀਆਂ 'ਤੇ ਖੜੋਤੇ ਵੱਡੇ ਲੋਕ ਮੂਧੇ ਮੂੰਹ ਲੋਕਾਂ ਦੇ ਪੈਰਾਂ ਵਿਚ ਡਿੱਗ ਪਏ। ਗੱਲ ਇਸ ਜਾਂ ਉਸ ਪਾਰਟੀ ਦੀ ਨਹੀਂ, ਗੱਲ ਤਾਂ ਇਹ ਹੈ ਕਿ ਲੋਕਾਂ ਨੇ ਇਹ ਦੱਸ ਦਿੱਤਾ ਕਿ ਅਸੀਂ ਜਾਗਦੇ ਹਾਂ।

ਦਾਨਿਸ਼ਵਰ ਕੁੜੀ ਕਹਿਣ ਲੱਗੀ: ਇਹ ਵੋਟਾਂ ਲੋਕਾਂ ਨੇ ਨਹੀਂ ਪਾਈਆਂ। ਲੋਕਾਂ ਦੇ ਦੁੱਖਾਂ ਦੀ ਸ਼ਿੱਦਤ ਨੇ ਪਾਈਆਂ। ਲੋਕਾਂ ਦੇ ਦਿਲਾਂ ਵਿਚ ਦੱਬੇ ਗੁੱਭਗਰ੍ਹਾਟ ਨੇ ਪਾਈਆਂ। ਪੀੜ ਘਟਾਉਣ ਲਈ ਕਰਵਟ ਬਦਲਣ ਦੀ ਥਾਂ ਇਸ ਵਾਰ ਲੋਕ ਉੱਠ ਕੇ ਬੈਠ ਗਏ। ਉਨ੍ਹਾਂ ਕਿਹਾ: ਕੋਈ ਨਵਾਂ ਰਾਹ, ਕੋਈ ਨਵਾਂ ਦਰਵਾਜ਼ਾ।

ਇਕ ਆਸ ਜਗੀ
ਇਕ ਚੋਟ ਨਗਾਰੇ ਤੇ ਟੁਣਕੀ
ਸਾਜ਼ਾਂ ਤੇ ਛਿੜੀ ਝਣਕਾਰ ਨਵੀਂ
ਉੱਠ ਕਲਮ ਉਠਾ
ਜੀਅ ਜਾਨ ਲਗਾ
ਅਪਣਾ ਤੇ ਅਪਣੀ ਧਰਤੀ ਦਾ
ਦੁਨੀਆ ਦੇ ਵਿਚ ਤੂੰ ਨਾਂ ਚਮਕਾ
ਉੱਠ ਬੁੱਲ੍ਹਿਆ
ਉਸ ਠੱਗਾਂ ਦੇ ਠੱਗ ਨੂੰ ਠੱਗ

ਕਿਸੇ ਨੇ ਕਿਹਾ- ਇਸ ਵਾਰ ਲੋਕਾਂ ਨੇ ਠੱਗਾਂ ਨੂੰ ਠੱਗ ਲਿਆ: ਬਈ ਜੇ ਕੋਈ ਪੈਸੇ ਦੇਵੇ, ਨਿਸ਼ੰਗ ਲੈ ਲਿਓ। ਇਹ ਪੈਸੇ ਤੁਹਾਡੇ ਹੀ ਹਨ, ਤੁਹਾਡੇ ਹੀ ਖੂਨ ਪਸੀਨੇ ਦੀ ਕਮਾਈ ਪਰ ਵੋਟ ਉਸ ਨੂੰ ਹੀ ਪਾਇਓ ਜਿਹੜਾ ਤੁਹਾਨੂੰ ਸਹੀ ਲੱਗੇ। ਲੋਕਾਂ ਦਾ ਵਿਸ਼ਵਾਸ ਤੋੜਨ ਵਾਲਿਆਂ ਨਾਲ ਕੀਤੇ ਵਾਅਦੇ ਤੋੜੋਗੇ ਤਾਂ ਅੰਤਰਜਾਮੀ ਰੱਬ ਤੁਹਾਡੇ ਨਾਲ ਨਾਰਾਜ਼ ਨਹੀਂ ਹੋਵੇਗਾ। ਕਈ ਥਾਈਂ ਇਉਂ ਵੀ ਹੋਇਆ ਕਿ ਘਰਾਂ 'ਤੇ ਝੰਡੇ ਹੋਰ ਸਨ, ਦਿਲਾਂ ਵਿਚ ਹਕੀਕਤਾਂ ਹੋਰ। ਭੇਸ ਬਦਲ ਕੇ ਲੁਟੇਰਿਆਂ ਕੋਲੋਂ ਆਪਣੇ ਹੱਕ ਦੇ ਘੋੜੇ ਲਿਆਉਣ ਵਾਲਾ ਬਿਧੀ ਚੰਦ ਚੋਰ ਨਹੀਂ ਹੁੰਦਾ। ਠੱਗਾਂ ਨੂੰ ਠੱਗਣ ਵਾਲਾ ਠੱਗ ਨਹੀਂ ਹੁੰਦਾ।

10 ਮਾਰਚ 2022 ਨੂੰ ਮੈਨੂੰ 20 ਨਵੰਬਰ 2021 ਦੀ ਸ਼ਾਮ ਯਾਦ ਆਈ ਜਦੋਂ ਕਿਸਾਨਾਂ ਦੀ ਸ਼ਾਂਤਮਈ ਸੂਰਬੀਰਤਾ ਵਾਲੇ ਸੰਘਰਸ਼ ਤੇ 700 ਸ਼ਹਾਦਤਾਂ ਤੋਂ ਬਾਅਦ ਆਖਰਕਾਰ ਭਾਰਤ ਦੇ ਪ੍ਰਧਾਨ ਮੰਤਰੀ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ। ਉਹ ਪੰਜਾਬ ਲਈ ਮਾਣਯੋਗ ਜਸ਼ਨ ਦਾ ਦਿਨ ਸੀ। ਦਸ ਮਾਰਚ 2022 ਵੀ ਪੰਜਾਬ ਲਈ ਜਸ਼ਨ ਦਾ ਦਿਨ ਹੈ। ਲੋਕਾਂ ਨੇ ਡੂੰਘੀਆਂ ਜੜ੍ਹਾਂ ਵਾਲੇ ਭ੍ਰਿਸ਼ਟ ਹੋ ਚੁੱਕੇ ਨੇਤਾਵਾਂ ਨੂੰ ਪੁੱਟ ਕੇ ਰੱਖ ਦਿੱਤਾ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਨੂੰ ਤੇ ਆਪਣੀਆਂ ਪਾਰਟੀਆਂ ਨੂੰ ਖੋਖਲੀਆਂ ਕਰ ਦਿੱਤਾ ਸੀ ਜਿਨ੍ਹਾਂ ਪਾਰਟੀਆਂ ਦਾ ਮੁੱਢਲਾ ਇਤਿਹਾਸ ਨਿਰਸੰਦੇਹ ਮਾਣਮੱਤਾ ਹੈ ਪਰ ਵਰਤਮਾਨ ਨੇਤਾਵਾਂ ਨੇ ਉਸ ਇਤਿਹਾਸ ਨੂੰ ਭੁਲਾ ਦਿੱਤਾ। ਇਨ੍ਹਾਂ ਪਾਰਟੀਆਂ ਨੂੰ ਡੋਬਣ ਦੇ ਜ਼ਿੰਮੇਵਾਰ ਇਨ੍ਹਾਂ ਦੇ ਮਲਾਹ ਆਪ ਹੀ ਹਨ।

ਮੈਨੂੰ ਇਕ ਵਾਰ ਫੇਰ ਲੱਗਾ ਕਿ ਪੰਜਾਬ ਦੀ ਧਰਤੀ ਜਿਵੇਂ ਇੱਛਰਾਂ ਹੈ, ਪੁੱਤਰ ਵਿਯੋਗ ਵਿਚ ਰੋ ਰੋ ਅੰਨ੍ਹੀ ਹੋਈ ਮਾਂ ਤੇ ਅੱਜ ਦਾ ਦਿਨ ਉਸ ਦੇ ਪੂਰਨ ਪੁੱਤਰ ਦੀ ਆਮਦ। ਪੂਰਨ ਨੇ ਦੂਰੋਂ ਆਉਂਦੀ ਆਪਣੀ ਮਾਂ ਨੂੰ ਦੇਖਿਆ:

***ਲੋਕਾਂ ਨੇ ਆਪਣਾ ਕੰਮ ਕਰ ਦਿੱਤਾ ਹੈ। ਹੁਣ ਸਰਕਾਰ ਦਾ ਕੰਮ ਹੈ। 'ਕੱਲੀ ਸਰਕਾਰ ਦਾ ਹੀ ਨਹੀਂ; ਦਾਨਿਸ਼ਵਰਾਂ, ਕਿਸਾਨਾਂ, ਸਾਹਿਤਕਾਰਾਂ, ਪੱਤਰਕਾਰਾਂ, ਕਿਰਤੀਆਂ, ਆਪਾਂ ਸਾਰਿਆਂ ਦਾ। ਜਦੋਂ ਧਰਤੀ ਹੀ ਮਾਂ ਇੱਛਰਾਂ ਬਣ ਜਾਵੇ, ਫਿਰ ਉਸ ਦੇ ਦੁੱਖ ਇਕ ਪੂਰਨ ਪੁੱਤਰ ਨਹੀਂ ਦੂਰ ਕਰ ਸਕਦਾ। ਆਪਾਂ ਸਾਰਿਆਂ ਨੂੰ ਉਸ ਦੇ ਪੂਰਨ ਪੁੱਤ ਬਣਨਾ ਪਵੇਗਾ। ਆਪਾਂ ਸਿਰਫ ਨਿੰਦਕ ਨਾ ਬਣੀਏ, ਸਿਰਜਕ ਬਣੀਏ। ਨਵੀਆਂ ਤਰਕੀਬਾਂ ਸੋਚੀਏ। ਨਵੇਂ ਸੁਪਨੇ ਲਈਏ।***

ਨੂਨ ਨਜ਼ਰ ਕੀਤੀ ਪੂਰਨ ਭਗਤ ਡਿੱਠਾ
ਮਾਤਾ ਆਂਵਦੀ ਏ ਕਿਸੇ ਹਾਲ ਮੰਦੇ
ਅੱਡੀ ਖੋੜਿਆਂ ਨਾਲ ਬਿਹੋਸ਼ ਹੋਈ
ਉਹਨੂੰ ਨਜ਼ਰ ਨਾ ਆਂਵਦੇ ਖਾਰ ਕੰਡੇ
ਪੂਰਨ ਵੇਖ ਕੇ ਸਹਿ ਨਾ ਸਕਿਆ ਈ
ਰੋਏ ਉੱਠਿਆ ਹੋਇ ਹੈਰਾਨ ਬੰਦੇ
ਕਾਦਰਯਾਰ ਮੀਆਂ ਅੱਗੋਂ ਉੱਠ ਪੂਰਨ,
ਦੇਖਾਂ ਕਿਸ ਤਰ੍ਹਾਂ ਮਾਉਂ ਦੇ ਦਰਦ ਵੰਡੇ

ਲੋਕ ਜੋ ਕਰ ਸਕਦੇ ਸਨ, ਉਨ੍ਹਾਂ ਨੇ ਕਰ ਦਿਖਾਇਆ। ਹੁਣ ਵਾਰੀ ਹੈ ਜਿੱਤੇ ਹੋਏ ਵਿਧਾਇਕਾਂ ਦੀ ਤੇ ਬੁੱਧੀਜੀਵੀਆਂ ਦੀ, ਕਲਾਕਾਰਾਂ ਦੀ, ਰੰਗਕਰਮੀਆਂ ਦੀ, ਸਾਇੰਸਦਾਨਾਂ ਦੀ, ਸੱਚੇ ਧਾਰਮਿਕ ਨੇਤਾਵਾਂ ਦੀ। ਧਰਮ ਨਹੀਂ ਹਾਰਿਆ, ਧਰਮ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਲੇ ਅਧਰਮੀ ਹਾਰੇ ਹਨ।

ਯੇ ਯਾਦ ਨਾ ਮਾਤਾ ਨੂੰ ਗਮ ਰਿਹਾ
ਪੜਦੇ ਬੇ-ਦੀਦੇ ਸੁਣ ਕੇ ਖੁੱਲ੍ਹ ਗਏ
ਪੂਰਨ ਵੇਖਦੀ ਨੂੰ ਥਣੀਂ ਦੁੱਧ ਪਇਆ
ਧਾਰ ਮੁੱਖ ਪਰਨਾਲੜੇ ਚੱਲ ਗਏ
ਉਹਨੂੰ ਉੱਠ ਕੇ ਸੀਨੇ ਦੇ ਨਾਲ ਲਾਇਆ
ਰੱਬ ਸੁੱਖ ਦਿੱਤੇ ਦੁੱਖ ਭੁੱਲ ਗਏ
ਵਾਉ ਵਰਤਿਆ ਕੀ ਤੇਰੇ ਨਾਲ ਮਾਤਾ
ਪੂਰਨ ਆਖਦਾ ਦੱਸ ਖਾਂ ਸਾਰ ਮੈਨੂੰ
ਤੇਰੇ ਰੋਂਦੀ ਦੇ ਨੈਣ ਬੇਸੀਰ ਹੋਏ,
ਨਜ਼ਰ ਆਂਵਦਾ ਏ ਆਜ਼ਾਰ ਮੈਨੂੰ
ਮਾਤਾ ਆਖਦੀ ਦੁੱਖ ਨਾ ਫੋਲ ਬੇਟਾ
ਪਿਆ ਪੁੱਤਰ ਬੈਰਾਗ ਗੁਬਾਰ ਮੈਨੂੰ
ਕਾਦਰਯਾਰ ਬੁਰੇ ਦੁੱਖ ਪੁੱਤਰਾਂ ਦੇ,
ਗਿਆ ਦਰਦ ਵਿਛੋੜੇ ਦਾ ਮਾਰ ਮੈਨੂੰ
ਪੂਰਨ ਕਿਸ ਤਰ੍ਹਾਂ ਮਾਉਂ ਦੇ ਦੁੱਖ ਵੰਡੇ

ਹੁਣ ਦੇਖਣਾ ਹੈ ਕਿ ਨਵੀਂ ਸਰਕਾਰ ਰੋ-ਰੋ ਅੰਨ੍ਹੀ ਹੋਈ ਇੱਛਰਾਂ ਮਾਂ ਜਿਹੀ ਧਰਤੀ ਦੇ ਦੁੱਖ ਕਿਸ ਤਰ੍ਹਾਂ ਵੰਡਾਉਂਦੀ ਹੈ। ਭਗਵੰਤ ਮਾਨ ਮੁੱਖ ਮੰਤਰੀ ਬਣਿਆ ਤਾਂ ਕਵੀ ਕਹਿਣ ਲੱਗਾ: ਲੈ ਬਈ ਆਪਣੇ ਕਾਵਿ ਕਬੀਲੇ ਦਾ ਬੰਦਾ ਮੁੱਖ ਮੰਤਰੀ ਬਣ ਗਿਆ।

ਦੂਜਾ ਕਵੀ ਕਹਿਣ ਲੱਗਾ:
ਹੱਸਦਾ ਹੱਸਦਾ ਜੁਗਨੂੰ ਸੂਰਜ ਬਣ ਗਿਆ
ਉਸ ਦੇ ਸੁੱਚੇ ਹਾਸੇ ਦਾ ਪ੍ਰਤਾਪ ਹੈ
ਜਿਸ ਵਿਚ ਅਤਿ ਦਲੇਰੀ, ਤਿੱਖੀ ਸਮਝ ਹੈ
ਜਿਸ ਵਿਚ ਨਸ਼ਤਰ ਵੀ ਹੈ,
ਨਾਲੇ ਮਲਮ ਵੀ
ਜਿਸ ਵਿਚ ਲੋਕਾਂ ਖਾਤਰ
ਗਹਿਰਾ ਪਿਆਰ ਹੈ
ਸ਼ੀਂਹਾਂ ਰਾਜਿਆਂ ਦੀ ਖਾਤਰ ਲਲਕਾਰ ਹੈ

ਕੁਝ ਦਿਨ ਬਾਅਦ ਦਾਨਿਸ਼ਵਰ ਦੋਸਤ ਕਹਿਣ ਲੱਗਾ: ਕਵੀਆ ਐਵੇਂ ਖੁਸ਼ ਨਾ ਹੋ। ਤੈਨੂੰ ਇਕ ਵਾਰ ਫੇਰ ਪੂਰਨ ਦੇ ਆਉਣ ਦਾ ਭੁਲੇਖਾ ਪਿਆ ਹੈ। ਤੇਰਾ ਇਹ ਭੁਲੇਖਾ ਵੀ ਛੇਤੀ ਹੀ ਦੂਰ ਹੋ ਜਾਵੇਗਾ। ਬਹੁਤ ਵੱਡੇ ਮਸਲੇ ਹਨ। ਬਹੁਤ ਵੱਡੀਆਂ ਵੰਗਾਰਾਂ। ਬਹੁਤ ਵੱਡੇ ਮਾਫੀਏ। ਬਹੁਤ ਵੱਡੇ ਮਗਰਮੱਛ। ਦੋ ਅਲੱਗ ਅਲੱਗ ਸ਼ਕਤੀ ਕੇਂਦਰ: ਮੁੱਖ ਮੰਤਰੀ ਤੇ ਪਾਰਟੀ ਸੁਪਰੀਮੋ। ਆਹ ਦੇਖ ਰਾਜ ਸਭਾ ਵਿਚ ਭੇਜੇ ਗਏ ਬੰਦਿਆਂ ਦੀ ਲਿਸਟ। ਗੱਲ ਇਹ ਹੈ ਕਿ ਸਾਡਾ ਪੁਲੀਟੀਕਲ ਕਲਚਰ ਆਪ ਹੀ ਮਸਲਾ ਬਣ ਚੁੱਕਿਆ ਹੈ। ਇਸ ਉਲਝੀ ਤਾਣੀ ਨੂੰ ਸੁਲਝਾਉਣਾ ਸੌਖਾ ਨਹੀਂ।

ਕਵੀ ਕਹਿਣ ਲੱਗਾ: ਨਿਰਾਸ਼ ਹੋ ਕੇ ਕਿਨਾਰਾ ਕਰ ਲੈਣਾ ਕੋਈ ਬਹਾਦਰੀ ਜਾਂ ਸਿਆਣਪ ਨਹੀਂ। ਲੋਕਾਂ ਨੇ ਆਪਣਾ ਕੰਮ ਕਰ ਦਿੱਤਾ ਹੈ। ਹੁਣ ਸਰਕਾਰ ਦਾ ਕੰਮ ਹੈ। 'ਕੱਲੀ ਸਰਕਾਰ ਦਾ ਹੀ ਨਹੀਂ। ਦਾਨਿਸ਼ਵਰਾਂ ਦਾ, ਸਾਹਿਤਕਾਰਾਂ ਦਾ, ਪੱਤਰਕਾਰਾਂ ਦਾ, ਕਿਸਾਨਾਂ ਦਾ, ਸਾਰੇ ਕਿਰਤੀਆਂ ਦਾ। ਆਪਾਂ ਸਾਰਿਆਂ ਦਾ। ਜਦੋਂ ਧਰਤੀ ਹੀ ਮਾਂ ਇੱਛਰਾਂ ਬਣ ਜਾਵੇ ਫਿਰ ਉਸ ਦੇ ਦੁੱਖ ਇਕ ਪੂਰਨ ਪੁੱਤਰ ਨਹੀਂ ਦੂਰ ਕਰ ਸਕਦਾ। ਆਪਾਂ ਸਾਰਿਆਂ ਨੂੰ ਉਸ ਦੇ ਪੂਰਨ ਪੁੱਤ ਬਣਨਾ ਪਵੇਗਾ। ਆਪਾਂ ਸਿਰਫ ਨਿੰਦਕ ਨਾ ਬਣੀਏ, ਆਪਾਂ ਸਿਰਜਕ ਬਣੀਏ। ਨਵੀਆਂ ਤਰਕੀਬਾਂ ਸੋਚੀਏ। ਨਵੇਂ ਸੁਪਨੇ ਲਈਏ।

ਜੇ ਇਸ ਵਾਰ ਵੀ ਅਸੀਂ ਆਪਣੀ ਧਰਤੀ ਆਪਣੀ ਇੱਛਰਾਂ ਮਾਂ ਦਾ ਦੁੱਖ ਨਾ ਦੂਰ ਕਰ ਸਕੇ ਤਾਂ ਪੰਜਾਬ ਉਦਾਸੀ ਦੇ ਅੰਧਕਾਰ ਵਿਚ ਖੋ ਜਾਵੇਗਾ। ਬਹੁਤ ਜ਼ਖਮੀ ਨਾਗ ਇਸ ਨੂੰ ਡੰਗਣ ਲਈ ਵਿਸ ਘੋਲ ਰਹੇ ਹਨ। ਬੜੇ ਸ਼ੀਂਹ ਘਾਤ ਲਗਾ ਕੇ ਬੈਠੇ ਹਨ।

ਦੋਸਤ ਉਦਾਸੀ ਦੇ ਆਲਮ ਵਿਚੋਂ ਬੋਲਦਾ ਹੈ: ਭਗਵੰਤ ਦਾ ਹਰਾ ਪੈੱਨ ਕੀ ਕਰ ਲਵੇਗਾ ਜੇ ਉਸ ਦੇ ਹਸਤਾਖਰਾਂ ਉਤਲੀ ਇਬਾਰਤ ਅਜਿਹੇ ਲੋਕਾਂ ਦੀ ਲਿਖੀ ਹੋਈ ਹੋਵੇਗੀ ਜਿਨ੍ਹਾਂ ਦੇ ਮਨਾਂ ਵਿਚ ਪੰਜਾਬ ਲਈ ਭਗਵੰਤ ਵਾਂਗ ਤੇ ਉਸ ਦੇ ਸਾਥੀ ਵਿਧਾਇਕਾਂ ਵਾਂਗ ਪਿਆਰ, ਤੜਪ ਤੇ ਸੁਹਿਰਦਤਾ ਨਾ ਹੋਈ।

ਮੈਂ ਆਖਦਾ ਹਾਂ: ਮੈਨੂੰ ਯਕੀਨ ਹੈ। ਪੰਜਾਬ ਦੇ ਲੋਕਾਂ ਦੀ ਤੜਫ ਤੇ ਸ਼ਕਤੀ ਦੇ ਸਹਾਰੇ, ਸਾਥੀ ਵਿਧਾਇਕਾਂ ਦੀ ਸੁਹਿਰਦਤਾ ਅਤੇ ਪਿਆਰ ਦੇ ਸਹਾਰੇ ਭਗਵੰਤ ਦਾ ਹਰਾ ਪੈੱਨ ਪੰਜਾਬ ਦੀ ਧਰਤੀ ਨੂੰ ਹਰੀ ਭਰੀ ਬਣਾਉਣ ਲਈ ਤੇ ਪੰਜਾਬ ਦੇ ਲੋਕਾਂ ਦੇ ਤਨ ਮਨ ਹਰੇ ਕਰਨ ਲਈ ਚੱਲੇਗਾ। ਇਹ ਸਾਡੀ ਆਸ ਵੀ ਹੈ ਤੇ ਅਰਦਾਸ ਵੀ।

ਪੰਜਾਬ ਦੇ ਕਾਵਿ ਕਬੀਲੇ ਦੀ। ਚੁੱਲ੍ਹੇ ਵਰਗੀ ਪਿਆਰੀ ਕਵਿਤਾ ਲਿਖਣ ਵਾਲੇ ਭਗਵੰਤ ਮਾਨ ਦੇ ਪੈੱਨ ਤੋਂ ਪੰਜਾਬ ਦੀ ਧਰਤੀ ਨੂੰ ਏਹੀ ਉਮੀਦ ਹੈ। ਉਹ ਲੋਕ ਜਿਨ੍ਹਾਂ ਨੇ ਆਪਣੀ ਸ਼ਾਂਤਮਈ ਸੂਰਬੀਰਤਾ ਨਾਲ ਕਿਸਾਨ ਮੋਰਚੇ ਜਿਹੀ ਵੱਡੀ ਜੰਗ ਜਿੱਤੀ, ਜਿਨ੍ਹਾਂ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਚਿੰਤਕ ਨੌਮ ਚੌਮਸਕੀ ਨੇ ਵਿਸ਼ਵ ਲਈ ਚਾਨਣ-ਮੁਨਾਰੇ ਮੰਨਿਆ। ਉਹ ਭਗਵੰਤ ਦੀ ਸ਼ਕਤੀ ਬਣਨਗੇ। ਪੰਜਾਬ ਦੀ ਧਰਤੀ ਦੇ ਧੀਆਂ ਪੁੱਤਰ, ਸੁਹਿਰਦ ਵਿਧਾਇਕ ਉਹਦੀ ਸ਼ਕਤੀ ਬਣਨਗੇ। ਉਹ ਉਨ੍ਹਾਂ ਦੀ ਸ਼ਕਤੀ ਬਣੇਗਾ। ਜੇ ਕੋਈ ਇਸ ਵੇਲੇ ਆਪਣੀ ਪੂਰੀ ਸੁਹਿਰਦਤਾ ਨਾਲ ਪੰਜਾਬ ਦੇ ਦੁੱਖਾਂ ਨੂੰ ਦੂਰ ਕਰਨ ਲਈ ਨਹੀਂ ਲੜਦਾ ਤਾਂ ਉਹ ਇਸ ਧਰਤੀ ਨਾਲ ਧ੍ਰੋਹ ਕਮਾਉਂਦਾ ਹੈ।

ਸਾਨੂੰ ਹੁਣ ਪਿੱਛੇ ਮੁੜਨਾ ਨਹੀਂ ਪੁੱਗਦਾ। ਪਿੱਛੇ ਤਾਂ ਫਿਰ ਓਹੀ ਅੰਧਕਾਰ ਹੈ, ਭ੍ਰਿਸ਼ਟਾਚਾਰ ਹੈ, ਆਪੋਧਾਪੀ ਹੈ। ਅਸੀਂ ਸ਼ਾਂਤਮਈ ਸੂਰਬੀਰਤਾ ਤੇ ਗਿਆਨ ਖੜਗ ਵਾਲਾ ਸੰਘਰਸ਼ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰੱਖਾਂਗੇ। ਉਹ ਹੁਣ ਪਿੱਛੇ ਨਹੀਂ ਮੁੜ ਸਕਦੇ।

ਅਸੀਂ ਹੁਣ ਮੁੜ ਨਹੀਂ ਸਕਦੇ
ਅਸੀਂ ਇਕ ਬਣ ਰਹੀ ਸੁਹਣੀ ਜਿਹੀ ਕਵਿਤਾ
'ਚ ਸ਼ਾਮਿਲ ਹੋਣ ਵਾਲੇ
ਲਫਜ਼ ਹਾਂ ਯਾਰੋ
ਅਸੀਂ ਹੁਣ ਥੁੜ ਨਹੀਂ ਸਕਦੇ
ਅਸੀਂ ਹੁਣ ਮੁੜ ਗਏ ਤਾਂ
ਫਿਰ ਤਾਂ ਸਮਝੋ
ਮੁੜ ਗਿਆ ਇਤਿਹਾਸ ਪਿੱਛੇ ਵੱਲ
ਜਿੱਤ ਗਈ
ਹਉਮੈ ਤੇ ਨਫਰਤ ਦੀ ਸਿਆਸਤ
ਜਿੱਤ ਗਏ ਕਾਤਿਲ ਮਨੁੱਖਤਾ ਦੇ
ਅਸੀਂ ਹੁਣ ਮੁੜ ਗਏ ਤਾਂ
ਫਿਰ ਤਾਂ ਸਮਝੋ
ਡੁੱਬ ਗਿਆ ਸੂਰਜ ਉਮੀਦਾਂ ਦਾ
ਚੰਦਰਮਾ ਸੱਚ ਵਾਲਾ
ਬੁਝ ਗਏ ਤਾਰੇ ਉਮੀਦਾਂ ਦੇ
ਤੇ ਕਵਿਤਾ ਰੌਸ਼ਨੀ ਦਾ...


ਗੱਲ ਇਸ ਜਾਂ ਉਸ ਪਾਰਟੀ ਦੀ ਨਹੀਂ ਹੈ, ਗੱਲ ਪੰਜਾਬ ਦੇ ਲੋਕਾਂ ਦੇ ਦਰਦ ਦੀ ਹੈ, ਪੰਜਾਬ ਦੀ ਤੜਫ ਦੀ ਹੈ, ਪੰਜਾਬ ਲਈ ਕੋਈ ਰਾਹ ਲੱਭਣ ਦੀ ਹੈ।

ਆਓ ਸੁਹਣੇ ਲਫਜ਼ ਤੇ ਸੁਹਣੇ ਕਰਮ ਬੀਜੀਏ। ਤੇ ਦੁਆ ਕਰੀਏ ਕਿ ਰੋ ਰੋ ਅੰਨ੍ਹੀ ਹੋਈ ਮਾਂ ਇੱਛਰਾਂ ਤੇ ਪੂਰਨ ਪੁੱਤਰ ਦੇ ਮਿਲਾਪ ਦਾ ਮੰਜ਼ਰ ਇਸ ਵਾਰ ਵੀ ਸਾਡਾ ਭਰਮ ਨਾ ਨਿਕਲੇ।

# 'ਅਮੋਲਕ ਹੀਰਾ' ਦੀ ਦਾਸਤਾਨ

***ਸਾਲ 2000 ਵਿਚ ਆਰੰਭ ਹੋਏ ਹਫਤਾਵਾਰੀ ਪਰਚੇ 'ਪੰਜਾਬ ਟਾਈਮਜ਼' ਦੇ ਕਰਤਾ-ਧਰਤਾ ਅਮੋਲਕ ਸਿੰਘ ਨੂੰ ਸਰੀਰਕ ਤੌਰ 'ਤੇ ਰੁਖਸਤ ਹੋਇਆਂ ਇਕ ਵਰ੍ਹਾ ਲੰਘ ਗਿਆ ਹੈ। ਇਸ ਇਕ ਵਰ੍ਹੇ ਦੌਰਾਨ ਪਰਚੇ ਨੂੰ ਉਸੇ ਲੀਹ ਉਤੇ ਚੱਲਦਾ ਰੱਖਣ ਲਈ ਅਦਾਰੇ ਨੂੰ ਬੜੀ ਮੁਸ਼ੱਕਤ ਕਰਨੀ ਪਈ ਹੈ। ਮੁਸ਼ੱਕਤ ਦੀ ਇਹ ਉਹੀ ਮੁਹਰਾਨੀ ਹੈ ਜੋ ਅਮੋਲਕ ਸਿੰਘ ਦੀ ਰਗ-ਰਗ ਅੰਦਰ ਸਮਾਈ ਹੋਈ ਸੀ ਅਤੇ ਉਹ ਆਪਣੇ ਸੰਗੀ-ਸਾਥੀਆਂ ਨੂੰ ਇਸ ਕਾਰਜ ਵਿਚ ਲਾਈ ਰੱਖਦੇ ਸਨ। ਉਨ੍ਹਾਂ ਦੇ 'ਪੰਜਾਬੀ ਟ੍ਰਿਬਿਊਨ' ਦੇ ਵੇਲਿਆਂ ਦੇ ਸਹਿਕਰਮੀ ਅਤੇ ਮਿੱਤਰ ਸੁਰਿੰਦਰ ਸਿੰਘ ਤੇਜ ਨੇ ਅਮੋਲਕ ਸਿੰਘ ਦੀਆਂ ਯਾਦਾਂ ਅਤੇ ਯੋਗਦਾਨ ਨੂੰ ਸਾਂਭਣ ਹਿਤ ਪੁਸਤਕ 'ਅਮੋਲਕ ਹੀਰਾ ਤਿਆਰ ਕੀਤੀ ਹੈ। ਇਸ ਲਿਖਤ ਵਿਚ ਉਨ੍ਹਾਂ ਨੇ ਇਸ ਪੁਸਤਕ ਬਾਰੇ ਚਰਚਾ ਦੇ ਨਾਲ-ਨਾਲ ਅਮੋਲਕ ਸਿੰਘ ਅਤੇ ਪਰਿਵਾਰ ਨਾਲ ਆਪਣੀ ਸਾਂਝ ਦਾ ਜ਼ਿਕਰ ਵੀ ਕੀਤਾ ਹੈ।***

ਅਮੋਲਕ ਇਨਸਾਨ ਸੀ ਅਮੋਲਕ ਸਿੰਘ ਜੰਮੂ। ਪੁਰਖ਼ਲੂਸ ਦੋਸਤ, ਕਾਬਲ ਸਹਿਕਰਮੀ, ਸੂਝਵਾਨ ਅਦੀਬ ਅਤੇ ਸੁਹਿਰਦ ਪੱਤਰਕਾਰ। ਸਾਡੀ ਸਾਂਝ ਸਤੰਬਰ 1978 ਤੋਂ ਸ਼ੁਰੂ ਹੋਈ, ਟ੍ਰਿਬਿਊਨ ਅਦਾਰੇ ਵਿਚ ਮੇਰੀ ਆਮਦ ਦੇ ਦੋ ਦਿਨ ਬਾਅਦ। ਸਾਡਾ ਜਨਮ ਵਰ੍ਹਾ (1955) ਇਕ ਸੀ। ਕੌਣ ਮਹੀਨਾ-ਅੱਧ ਛੋਟਾ-ਵੱਡਾ ਸੀ, ਇਹ ਮੈਂ ਨਹੀਂ ਜਾਣਦਾ ਪਰ ਉਸ ਨੇ ਮੈਨੂੰ ਹਮੇਸ਼ਾ ਵੱਡਿਆਂ ਵਾਲਾ ਮਾਣ-ਸਤਿਕਾਰ ਦਿੱਤਾ; ਸ਼ਾਇਦ ਮੇਰਾ ਅਹੁਦਾ ਥੋੜ੍ਹਾ ਜਿਹਾ ਵੱਡਾ ਹੋਣ ਕਰਕੇ (ਹੋਰ ਕੋਈ ਵਜ੍ਹਾ ਮੇਰੇ ਸਮਝ ਨਹੀਂ ਆਈ)। ਮੇਰੇ ਨਾਲੋਂ ਵੱਧ ਪੜ੍ਹਿਆ ਹੋਇਆ ਸੀ ਉਹ। ਭਾਸ਼ਾ ਦੀ ਸੂਝ ਵੀ ਉਸ ਨੂੰ ਮੇਰੇ ਨਾਲੋਂ ਜ਼ਿਆਦਾ ਸੀ ਪਰ ਨੌਕਰੀਆਂ ਦੀ ਖੇਡ ਨਿਰਾਲੀ ਹੈ। ਇਸ ਖੇਡ ਵਿਚ ਅਹਿਮੀਅਤ ਦਾਅ ਲੱਗਣ ਦੀ ਹੈ;



**ਸੁਰਿੰਦਰ ਸਿੰਘ ਤੇਜ**
**ਸਾਬਕਾ ਸੰਪਾਦਕ, ਪੰਜਾਬੀ ਟ੍ਰਿਬਿਊਨ**
**ਫੋਨ: +91-98555-01488**

ਕਾਬਲੀਅਤ ਦੀ ਪਰਖ ਤਾਂ ਭੀੜ ਪੈਣ 'ਤੇ ਹੀ ਹੁੰਦੀ ਹੈ। ਅਮੋਲਕ ਨੂੰ ਆਪਣੀ ਕਾਬਲੀਅਤ ਦਰਸਾਉਣ ਲਈ ਬੜੀ ਜੱਦੋਜਹਿਦ ਕਰਨੀ ਪਈ। ਚੰਡੀਗੜ੍ਹ ਵਿਚ ਵੀ, ਅਮਰੀਕਾ ਵਿਚ ਵੀ। ਇਹ ਵੀ ਤਕਦੀਰ ਦਾ ਪੁੱਠਾ ਗੇੜ ਸੀ ਕਿ ਜਦੋਂ ਉਸ ਦੀ ਕਾਬਲੀਅਤ ਨਿਖਰ ਕੇ ਸਾਹਮਣੇ ਆਉਣੀ ਸ਼ੁਰੂ ਹੋਈ, ਉਸ ਦੀ ਕਾਇਆ ਉਸ ਦੇ ਮਨ-ਮਸਤਕ ਤੋਂ ਬਾਗ਼ੀ ਹੋਣ ਲੱਗੀ। ਸ਼ਾਇਦ ਉਹ ਸਦਾ ਸੰਘਰਸ਼ ਕਰਨ ਲਈ ਹੀ ਜਨਮਿਆ ਸੀ। ਇਸ ਸੰਘਰਸ਼ ਦੇ ਬਾਵਜੂਦ ਜ਼ਿੰਦਗੀ ਦਾ ਰਸ-ਰੰਗ ਮਾਨਣ ਦਾ ਜਜ਼ਬਾ ਉਸ ਅੰਦਰ ਅਸੀਮ ਸੀ। ਇਹ ਕੁਝ ਉਸ ਦੀਆਂ ਲਿਖਤਾਂ ਤੋਂ ਵੀ ਸਪਸ਼ਟ ਹੈ ਅਤੇ ਉਸ ਦੀ ਜੀਵਨ ਯਾਤਰਾ ਤੋਂ ਵੀ। ਉਸ ਦੀਆਂ ਯਾਦਾਂ ਰੰਗਲੀਆਂ ਹਨ, ਸੁਰੀਲੀਆਂ ਹਨ, ਰਸੀਲੀਆਂ ਹਨ।

ਸਾਡੇ ਪਰਿਵਾਰਕ ਸੰਬੰਧ ਅਮੋਲਕ ਤੇ ਜਸਪ੍ਰੀਤ ਦੇ ਵਿਆਹ ਤੋਂ ਬਾਅਦ ਬਣੇ। ਮੇਰੀ (ਹੁਣ ਮਰਹੂਮ) ਹਮਸਫ਼ਰ ਤੇਜਿੰਦਰ ਨੂੰ ਜਸਪ੍ਰੀਤ ਦੇ ਭੋਲੇਪਣ ਨਾਲ ਬੜਾ ਮੋਹ ਸੀ। ਵੱਡੀ ਭੈਣ ਵਾਲਾ ਮੋਹ। ਜਦੋਂ ਅਮੋਲਕ ਦੀ ਲਾਇਲਾਜ ਮਰਜ਼ ਬਾਰੇ ਪਤਾ ਲੱਗਾ ਤਾਂ ਉਹ ਅਮੋਲਕ ਨਾਲ ਜਸਪ੍ਰੀਤ ਬਾਰੇ ਵੱਧ ਫ਼ਿਕਰਮੰਦ ਸੀ ਪਰ ਮੁਸੀਬਤ ਨੇ ਜਸਪ੍ਰੀਤ ਦੀ ਕੋਮਲ ਕਾਇਆ ਅੰਦਰ ਜੋ ਸਵਿੱਤਰੀਨੁਮਾ ਮਜ਼ਬੂਤੀ ਜਗਾਈ, ਉਸ ਤੋਂ ਤੇਜਿੰਦਰ ਨੂੰ ਵੀ ਦੁੱਖਾਂ ਨਾਲ ਖਿੜੇ-ਮੱਥੇ ਜੂਝਣ ਦੀ ਪ੍ਰੇਰਨਾ ਮਿਲੀ। ਜਸਪ੍ਰੀਤ ਦੇ ਸਬਰ-ਸੰਜਮ ਤੇ ਰੂਹਾਨੀ ਦ੍ਰਿੜਤਾ ਨੇ ਅਮੋਲਕ ਦੀ ਜਿਸਮਾਨੀ ਅਉਧ ਤੇ ਅਦਬੀ ਕੱਦ ਵਧਾਉਣ ਵਿਚ ਨਿੱਗਰ ਯੋਗਦਾਨ ਪਾਇਆ। ਜਦੋਂ ਕਾਦਿਰ ਨੇ ਅਮੋਲਕ ਨੂੰ ਸਿਰਫ਼ ਦਿਮਾਗ ਤੱਕ ਮਹਿਦੂਦ ਕਰ ਦਿੱਤਾ ਤਾਂ ਜਸਪ੍ਰੀਤ ਇਸ ਦਿਮਾਗ ਜਿਸਮ ਵਜੋਂ ਵਿਚਰਦੀ ਰਹੀ। ਉਸ ਨੇ ਅਮੋਲਕ ਨੂੰ ਅਖੀਰ ਤੱਕ ਅਧੂਰਾ ਨਹੀਂ ਰਹਿਣ ਦਿੱਤਾ।

ਇਹ ਪੁਸਤਕ ਜਿੱਥੇ ਅਮੋਲਕ ਦੇ ਬੇਮਿਸਾਲ ਸੰਘਰਸ਼ ਨੂੰ ਸਲਾਮ ਹੈ, ਉਥੇ ਜਸਪ੍ਰੀਤ ਦੇ ਸਿਰੜ-ਸਿਦਕ ਨੂੰ ਸਿਜਦਾ ਵੀ ਹੈ। ਮੈਂ 'ਪੰਜਾਬ ਟਾਈਮਜ਼' ਦਾ ਨਿਯਮਿਤ ਪਾਠਕ ਨਹੀਂ। ਜਸਪ੍ਰੀਤ ਵੱਲੋਂ ਇਸ ਸੰਗ੍ਰਹਿ ਦੇ ਸੰਪਾਦਨ ਦੀ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਮੈਂ ਦੁਬਿਧਾ ਵਿਚ ਸਾਂ ਕਿ ਇਹ ਕਾਰਜ ਕਿੱਥੋਂ ਆਰੰਭਾਂ। ਇਹ ਦੁਬਿਧਾ ਪਰਮ ਮਿੱਤਰ ਗੁਰਦਿਆਲ ਸਿੰਘ ਬਲ ਹੁਰਾਂ ਨੇ ਦੂਰ ਕਰ ਦਿੱਤੀ। ਵਿਦਵਤਾ ਤੇ ਵਿਚਾਰਵਾਨਤਾ ਦੀ ਮੂਰਤ ਬਾਬਾ ਬਲ ਦਾ ਅਮੋਲਕ ਤੇ ਪੰਜਾਬ ਟਾਈਮਜ਼' ਨਾਲ ਨਾਤਾ ਬਹੁਤ ਗਹਿਰਾ ਹੈ। ਉਨ੍ਹਾਂ ਨੇ ਜੋ ਸਮੱਗਰੀ ਚੁਣੀ, ਉਹ ਮੇਰੇ ਲਈ ਰੂਹਾਨੀ ਖ਼ੁਰਾਕ ਸਾਬਤ ਹੋਈ। ਮੇਰਾ ਕੰਮ ਇਸ ਸਮੱਗਰੀ ਨੂੰ ਤਰਤੀਬ ਦੇਣ, ਬਿੰਦੀਆਂ-ਟਿੱਪੀਆਂ ਠੀਕ ਕਰਨ ਅਤੇ ਤੱਥਾਂ-ਤਿੱਥਾਂ ਨੂੰ ਦਰੁਸਤ ਕਰਨ ਦਾ ਰਹਿ ਗਿਆ। ਬਾਕੀ ਜਿੱਥੇ ਕਿਤੇ ਵੀ ਮਸ਼ਵਰੇ ਤੇ ਮਦਦ ਦੀ ਲੋੜ ਪਈ, ਅਜ਼ੀਜ਼ ਜਸਵੀਰ ਸਮਰ (ਜੋ ਖ਼ੁਦ ਪ੍ਰਬੁੱਧ ਪੱਤਰਕਾਰ ਹੈ), ਸਦ-ਸਹਾਈ ਸਾਬਤ ਹੋਇਆ।

ਇਸ ਸੰਗ੍ਰਹਿ ਦੇ ਪੰਜ ਅਨੁਭਾਗ ਹਨ। ਪਹਿਲੇ ਤਿੰਨ ਅਮੋਲਕ ਦੀ ਸਵੈ-ਜੀਵਨੀ ਵਾਂਗ ਹਨ। ਇਹ ਹੁਸੀਨ ਪਲਾਂ ਦੀ ਦਾਸਤਾਂ ਵੀ ਹਨ ਅਤੇ ਸੰਘਰਸ਼ਾਂ ਦੀ ਕਥਾ-ਵਾਰਤਾ ਵੀ। ਚੌਥਾ ਅਨੁਭਾਗ ਅਮੋਲਕ ਦੀ ਸਿਰਜੀ ਸ਼ਖਸੀਅਤ ਨੂੰ ਅਕੀਦਤਾਂ ਦੇ ਰੂਪ ਵਿਚ ਹੈ। ਕੋਸ਼ਿਸ਼ ਇਹ ਰਹੀ ਕਿ ਬੇਲੋੜੀ ਵਡਿਆਈ ਦੀ ਥਾਂ ਇਸ ਅਨੁਭਾਗ ਨੂੰ ਯਥਾਰਥ ਦੇ ਆਈਨੇ ਨਾਲ ਲੈਸ ਕੀਤਾ ਜਾਵੇ। ਪੰਜਵਾਂ ਅਨੁਭਾਗ 'ਪੰਜਾਬ ਟਾਈਮਜ਼' ਦੀ ਬੌਧਿਕ ਅਮੀਰੀ ਦਾ ਤਸੱਵੁਰ ਪੇਸ਼ ਕਰਦਾ ਹੈ। ਇਹ ਇਸ ਹਕੀਕਤ ਦੀ ਤਸਦੀਕ ਕਰਦਾ ਹੈ ਕਿ ਅਮੋਲਕ ਨੇ ਆਪਣੀ ਅਖ਼ਬਾਰ ਨੂੰ ਮਿਆਰੀ ਵਿਚਾਰ ਚਿੰਤਨ ਦਾ ਮੰਚ ਬਣਾਇਆ। ਇਸ ਅਨੁਭਾਗ ਅੰਦਰਲੀ ਹਰ ਲਿਖਤ ਦੇ ਅਖੀਰ ਵਿਚ ਉਸ ਦੀ ਛਪਣ ਤਿਥੀ ਵੀ ਦਰਜ ਕੀਤੀ ਗਈ ਹੈ ਤਾਂ ਜੋ ਲਿਖਤ ਦਾ ਪ੍ਰਸੰਗ ਤੇ ਪਰਿਪੇਖ ਸਪਸ਼ਟ ਹੋ ਸਕੇ। ਇਹ ਸਮੁੱਚਾ ਉੱਦਮ ਕਿੰਨਾ ਕੁ ਕਾਮਯਾਬ ਰਿਹਾ ਹੈ, ਇਸ ਬਾਰੇ ਤੁਹਾਡੇ ਹੁੰਗਾਰੇ ਦੀ 'ਪੰਜਾਬ ਟਾਈਮਜ਼' ਨੂੰ ਉਡੀਕ ਰਹੇਗੀ।







*'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਅਮੋਲਕ ਸਿੰਘ ਜੰਮੂ ਦੀਆਂ ਯਾਦਾਂ ਤੇ ਯੋਗਦਾਨ ਬਾਰੇ ਕਿਤਾਬ 'ਅਮੋਲਕ ਹੀਰਾ' ਦਾ ਮੁਖੜਾ ਅਤੇ (ਸੱਜੇ) ਕਿਤਾਬ ਦਾ ਪਿਛਲਾ ਪੰਨਾ।*

## ਵੀਰ ਅਮੋਲਕ ਸਿੰਘ ਨੂੰ ਯਾਦ ਕਰਦਿਆਂ

ਵੀਰੇ ਤੈਨੂੰ ਗਏ ਨੂੰ
ਅੱਜ ਹੋ ਗਿਆ ਇਕ ਸਾਲ ਵੇ।
ਜ਼ਿੰਦਗੀ ਬੇਰੰਗ ਹੋ ਗਈ
ਮੁੱਕ ਗਏ ਸੁਰ ਤਾਲ ਵੇ।

ਪਿਆਰ ਤੇਰਾ ਸੀ ਮੁਕੱਦਸ
ਤੂੰ ਫ਼ਰਿਸ਼ਤਾ ਸੀ ਕੋਈ,
ਮਿਲਿਆ ਨਾ ਤੇਰਾ ਪਤਾ
ਕੀਤੀ ਬਥੇਰੀ ਭਾਲ ਵੇ।



**ਸੁਰਜੀਤ ਕੌਰ ਸੈਕਰਾਮੈਂਟੋ**

ਜ਼ਿੰਦਗੀ ਦਾ ਜੋ ਸਮਾਂ
ਵੀਰੇ ਤੇਰੇ ਨਾਲ ਬੀਤਿਆ
ਉਹ ਖ਼ਜ਼ਾਨਾ ਕੀਮਤੀ
ਰੱਖਾਂ ਸਦਾ ਮੈਂ ਨਾਲ ਵੇ।

ਹੋਇਆ ਸੀ ਰੁਖ਼ਸਤ ਜਦੋਂ
ਤੂੰ ਟੁੱਟਿਆ ਕੋਈ ਕਹਿਰ ਸੀ,
ਧਰਤ ਸਾਰੀ ਤਿੜਕ ਗਈ
ਐਸਾ ਸੀ ਉਹ ਭੂਚਾਲ ਵੇ।

ਸ਼ਬਦ ਵੀ ਗੁੰਮ ਹੋ ਗਏ
ਹੁਣ ਕਲਮ ਵੀ ਲਿਖਦੀ ਨਹੀਂ,
ਵੀਰ ਬਿਨ ਇਸ ਭੈਣ ਦਾ
ਹੋਇਆ ਏ ਮੰਦੜਾ ਹਾਲ ਵੇ।

ਬੂਟਾ ਤੇਰੇ ਨਾਮ ਦਾ ਲਾਇਆ
ਮੈਂ ਜੋ ਘਰ ਆਪਣੇ
ਕਰਦੀ ਹਾਂ ਗੱਲਾਂ ਤੇਰੀਆਂ
ਨਿੱਤ ਬੈਠ ਉਸਦੇ ਨਾਲ ਵੇ।

ਸਦਾ ਸੂਰਜ ਬਣ ਕੇ ਚਮਕੇਗਾ
ਤੇਰਾ 'ਪੰਜਾਬ ਟਾਈਮਜ਼'
ਰੱਖਾਂ ਰੱਬ ਦੀਆਂ ਓਸਨੂੰ
ਹੋਵੇ ਨਾ ਵਿੰਗਾ ਵਾਲ ਵੇ।

ਬੇ-ਧੜਕ, ਬੇ-ਬਾਕ ਤੇ ਬੇ-ਖ਼ੌਫ਼
ਪੁਤਲਾ ਅਣਖ ਦਾ
ਡਿਗਿਆ, ਨਾ ਡੋਲਿਆ ਸ਼ੇਰਾਂ ਦੀ
ਚੱਲਿਆ ਚਾਲ ਵੇ।

ਜ਼ਿੰਦਗੀ ਹੈ ਝੂਠ ਜਗ ਵਿਚ
ਮੌਤ ਹੀ ਇਕ ਸੱਚ ਹੈ,
ਇਸ ਸਚਾਈ ਨੂੰ ਕਦੀ
ਸਕਿਆ ਨਾ ਕੋਈ ਟਾਲ ਵੇ।

ਯਾਦ ਤੇਰੀ ਢਾਲ ਬਣ
'ਸੁਰਜੀਤ' ਦੇ ਹੁਣ ਨਾਲ ਹੈ
ਅਣਖ ਤੇ ਗ਼ੈਰਤ ਸਦਾ
ਰੱਖਾਂਗੀ ਮੈਂ ਸੰਭਾਲ ਵੇ।

## ਮੇਰੇ ਪ੍ਰੇਰਨਾ ਸਰੋਤ ਸਨ ਭਾਜੀ ਅਮਲੋਕ ਸਿੰਘ ਜੰਮੂ

ਪੰਜਾਬ ਰਹਿੰਦਿਆਂ ਮੈਂ 'ਪੰਜਾਬੀ ਟ੍ਰਿਬਿਊਨ' ਦਾ ਪਾਠਕ ਸਾਂ। ਅਮਰੀਕਾ ਆ ਕੇ ਜਦੋਂ ਇੱਥੋਂ ਦੇ ਅਖਬਾਰ ਦੇਖੇ ਤਾਂ ਉਹ ਮੇਰੀ ਸਹਿਤਕ ਭੁੱਖ ਤੋਂ ਊਣੇ ਸਨ ਪਰ ਜਦੋਂ 'ਪੰਜਾਬ ਟਾਈਮਜ਼' ਨਾਲ ਸਾਂਝ ਪਈ ਤਾਂ 'ਪੰਜਾਬੀ ਟ੍ਰਿਬਿਊਨ' ਨਾਲੋਂ ਵੱਧ ਸਹਿਤਕ ਸਾਂਝ ਬਣ ਗਈ। ਪਹਿਲਾਂ ਮੈਂ ਆਪਣੀਆਂ ਕਵਿਤਾਵਾਂ ਭੇਜਣੀਆਂ ਸ਼ੁਰੂ ਕੀਤੀਆਂ। ਜਦੋਂ ਪੰਜਾਬ ਟਾਈਮਜ਼ ਨੇ ਬਹੁਤ ਹੀ ਵਧੀਆ ਢੰਗ ਨਾਲ ਛਾਪੀਆਂ ਤਾਂ ਮਨ ਨੂੰ ਬਹੁਤ ਖੁਸ਼ੀ ਹੋਈ।

ਆਪਣੀ ਸੰਸਥਾ ਇੰਡੋ-ਯੂ ਐਸ ਹੈਰੀਟੇਜ ਵਲੋਂ ਜਦੋਂ ਸੰਸਥਾ ਦੇ ਸਮਾਗਮਾਂ ਦੇ ਇਸ਼ਤਿਹਾਰ ਤੇ ਉਸ ਦੀਆਂ ਸਰਗਮੀਆਂ ਦੀ ਰਿਪੋਰਟਿੰਗ ਭੇਜਣੀ ਸ਼ੁਰੂ ਕੀਤੀ ਤਾਂ ਸਾਂਝ ਹੋਰ ਵਧ ਗਈ। ਕਦੇ ਕਦੇ ਭਾਜੀ ਅਮੋਲਕ ਜੀ ਨਾਲ ਗੱਲ ਵੀ ਹੋ ਜਾਂਦੀ। ਭਾਜੀ ਗੱਲ-ਬਾਤ ਵਿਚ ਹਾਸਾ ਠੱਠਾ ਵੀ ਕਰ ਲੈਂਦੇ ਸਨ। ਇੱਕ ਵਾਰੀ ਸਾਡਾ ਸਮਾਗਮ ਦੋ ਕੁ ਮਹੀਨੇ ਲੇਟ ਹੋ ਗਿਆ। ਭਾਜੀ ਦਾ ਫੋਨ ਆਇਆ, "ਮਿਨਹਾਸ ਕੀ ਗੱਲ ਹੋ ਗਈ; ਇਸ ਸਾਲ ਸਮਾਗਮ ਨਹੀਂ ਰੱਖਿਆ" ਮੈਂ ਆਖਿਆ "ਭਾਜੀ ਸਾਡੀ ਸੰਸਥਾ ਦੇ ਬਹੁਤੇ ਮੈਂਬਰ ਕਿਸਾਨ ਹਨ, ਅਜੇ ਸੋਗੀ ਕੱਠੀ ਕਰਨ ਲੱਗੇ ਹੋਏ ਹਨ।" "ਚਲ ਫਿਰ ਓਨਾ ਚਿਰ ਸੋਗੀ ਦਾ ਟਰੱਕ ਭੇਜ ਦੇ,



ਇਸ਼ਤਿਹਾਰ ਫੇਰ ਭੇਜ ਦੀਂ"। ਇਸੇ ਤਰ੍ਹਾਂ ਜਦੋਂ ਕਦੇ ਵੀ ਗੱਲ ਹੁੰਦੀ ਉਹ ਜ਼ਰੂਰ ਕੋਈ ਨਾ ਕੋਈ ਹਾਸੇ-ਮਜ਼ਾਕ ਦੀ ਗੱਲ ਕਰਦੇ।

ਸਮਾਂ ਆਪਣੀ ਤੋਰ ਤੁਰਦਾ ਰਿਹਾ। ਅਸੀਂ ਹੌਲੀ-ਹੌਲੀ ਭਾਜੀ ਦੀ ਆਵਾਜ਼ ਤੋਂ ਵੀ ਵਾਂਝੇ ਹੋ ਗਏ। ਬਸ ਈ-ਮੇਲ ਰਾਹੀਂ ਹੀ ਸੁਨੇਹਾ ਆਉਣ ਲੱਗਾ। ਉਨ੍ਹਾਂ ਦਿਨਾਂ ਵਿਚ 'ਪੰਜਾਬ ਟਾਈਮਜ਼' ਵਿੱਚ ਮੇਰੇ ਨਿਬੰਧ ਛਪ ਰਹੇ ਸਨ। ਜੇ ਮੈਂ ਦੋ ਕੁ ਮਹੀਨੇ ਕੋਈ ਲੇਖ ਨਾ ਭੇਜਣਾ ਤਾਂ ਉਨ੍ਹਾਂ ਦੀ ਈ-ਮੇਲ ਆ ਜਾਂਦੀ। "ਸਾਨੂੰ ਚੰਗੇ ਵਿਚਾਰ ਛਾਪ ਕੇ ਖੁਸ਼ੀ ਹੁੰਦੀ ਹੈ, ਲੇਖ ਭੇਜਦੇ ਰਿਹਾ ਕਰੋ"। ਮੈਨੂੰ ਇਸ ਤਰ੍ਹਾਂ ਲੱਗਦਾ ਜਿਵੇਂ ਇਹ ਭਾਜੀ ਦਾ ਹੁਕਮ ਹੈ, ਮੈਂ ਫਿਰ ਅਧੂਰੇ ਪਏ ਨਿਬੰਧਾਂ ਨੂੰ ਸੋਧਦਾ ਤੇ 'ਪੰਜਾਬ ਟਾਈਮਜ਼' ਨੂੰ ਭੇਜ ਦਿੰਦਾ। ਮੇਰੀ ਨਿਬੰਧਾਂ ਦੀ ਕਿਤਾਬ 'ਉਕਾਬ ਵਾਲਾ ਪਾਸਪੋਰਟ' ਭਾਜੀ ਅਮੋਲਕ ਸਿੰਘ ਦੀ ਪ੍ਰੇਰਨਾ ਸਦਕਾ 'ਪੰਜਾਬ ਟਾਈਮਜ਼' ਦੀ ਹੀ ਦੇਣ ਹੈ। ਉਨ੍ਹਾਂ ਦੀ ਉਤਸ਼ਾਹੀ ਥਾਪੀ ਨੇ ਮੈਨੂੰ ਹਮੇਸ਼ਾਂ ਬਲ ਦਿੱਤਾ। ਭਾਜੀ ਦੇ ਤੁਰ ਜਾਣ ਦਾ 'ਪੰਜਾਬ ਟਾਈਮਜ਼' ਨਾਲ ਜੁੜੇ ਲੇਖਕਾਂ, ਪਾਠਕਾਂ ਤੇ ਪਰਿਵਾਰ ਨੂੰ ਦੁੱਖ ਹੈ ਪਰ ਉਨ੍ਹਾਂ ਦਾ ਸਿਰੜ, ਮਿਹਨਤ ਤੇ ਪਿਆਰ ਸਾਡਾ ਸਦਾ ਰਾਹ ਦਸੇਰਾ ਬਣਿਆ ਰਹੇਗਾ।

*-ਸੰਤੋਖ ਸਿੰਘ ਮਿਨਹਾਸ*

# ਬਾਤਾਂ ਦਾ ਵਿਹੜਾ

ਕਲਾ ਪਰਿਕਰਮਾ

ਗੁਲਜ਼ਾਰ ਸਿੰਘ ਸੰਧੂ

ਸੰਸਾਰ ਸਾਹਿਤ ਅਤੇ ਸਭਿਆਚਾਰ ਨਾਲ ਜੁੜੀ ਤੇਜਿੰਦਰ ਕੌਰ ਨੇ ਦੇਸ਼ ਦੇਸ਼ਾਂਤਰ ਦੀਆਂ ਚੋਣਵੀਆਂ ਲੋਕ ਕਹਾਣੀਆਂ ਨੂੰ ਬਾਤਾਂ ਦੇ ਰੂਪ ਵਿਚ ਉਲਥਾ ਕੇ ਅਤੇ ਪ੍ਰਕਾਸ਼ਤ ਕਰ ਕੇ ਪੰਜਾਬੀ ਦੀ ਸਾਹਿਤਕ ਰਚਨਾਕਾਰੀ ਨੂੰ ਨਵਾਂ ਮੋੜ ਦਿੱਤਾ ਹੈ। ਮੇਰੀ ਤੇ ਮੇਰੇ ਨਾਲੋਂ ਥੋੜ੍ਹੀ ਘੱਟ ਉਮਰ ਦੇ ਲੋਕ ਆਪਣੇ ਬਚਪਨ ਵਿਚ ਆਪਣੀਆਂ ਨਾਨੀਆਂ, ਦਾਦੀਆਂ, ਮਾਸੀਆਂ, ਫੂਫੀਆਂ ਅਤੇ ਗਵਾਂਢਣਾਂ ਤੋਂ ਪੁਸ਼ਤ-ਦਰ-ਪੁਸ਼ਤ ਪਾਈਆਂ ਬਾਤਾਂ ਸੁਣ ਕੇ ਹੀ ਆਪਣੇ ਜੀਵਨ ਦੇ ਸੁਪਨੇ ਘੜਦੇ ਆਏ ਹਨ। ਇਨ੍ਹਾਂ ਬਾਤਾਂ ਵਿਚ ਚੰਦ, ਤਾਰੇ, ਬਿਰਖ ਅਤੇ ਪਰਬਤ, ਮਨੁੱਖ ਵਾਂਗ ਬੋਲਦੇ, ਹੁੰਗਾਰੇ ਭਰਦੇ ਤੇ ਵਿਚਰਦੇ ਹਨ। ਇਨ੍ਹਾਂ ਦਾ ਮੂਲ ਮੰਤਵ ਭਵਿੱਖ ਦੇ ਜੀਵਨ ਦਾ ਮਾਰਗ ਦਰਸ਼ਨ ਕਰਨਾ ਸੀ ਤੇ ਹੈ। ਮਨ ਭਾਉਂਦੇ ਬੰਦਿਆਂ ਦਾ ਸਾਥ ਦੇਣਾ ਤੇ ਉਨ੍ਹਾਂ ਦੇ ਦੁਖ ਸੁਖ ਦੇ ਸਾਂਝੀ ਹੋਣਾ ਇਨ੍ਹਾਂ ਬਾਤਾਂ ਦਾ ਮੂਲ ਮੰਤਵ ਹੁੰਦਾ ਸੀ ਤੇ ਅੱਜ ਵੀ ਹੈ।

ਇਨ੍ਹਾਂ ਬਾਤਾਂ ਦੇ ਪਾਤਰ ਬੁੱਢੇ ਬੁੱਢੀਆਂ ਵੀ ਹਨ, ਪੌਣ-ਪਾਣੀ ਤੇ ਚੰਦ-ਤਾਰੇ ਵੀ ਅਤੇ ਗਿਠਮੁਠੀਏ ਤੇ ਹਵਾਈ ਘੋੜੇ ਵੀ। ਨੰਨ੍ਹੇ-ਮੁੰਨੇ ਬਾਲ ਇਨ੍ਹਾਂ ਬਾਤਾਂ ਰਾਹੀਂ ਆਪਣੇ ਵਡੇਰਿਆਂ ਦੀਆਂ ਦਰਸਾਈਆਂ ਕਦਰਾਂ-ਕੀਮਤਾਂ ਦੇ ਸੁਪਨੇ ਹੀ ਨਹੀਂ ਸੀ ਲੈਂਦੇ, ਇਨ੍ਹਾਂ ਨੂੰ ਆਪਣੇ ਤਨ ਮਨ ਵਿਚ ਰਚਾਉਂਦੇ, ਇਨ੍ਹਾਂ ਉਤੇ ਪਹਿਰਾ ਦਿੰਦੇ ਤੇ ਵੱਡੀ ਉਮਰਾ ਵਿਚ ਪ੍ਰਵੇਸ਼ ਕਰਨ ਪਿੱਛੋਂ ਆਪਣੇ ਪੋਤਰੇ ਪੋਤਰੀਆਂ, ਦੋਹਤਰੇ ਦੋਹਤਰੀਆਂ ਨੂੰ ਇਨ੍ਹਾਂ ਦੇ ਅੰਗ ਸੰਗ ਨਿਭਣ ਦਾ ਉਪਦੇਸ਼ ਦਿੰਦੇ ਸਨ।

ਚਾਲੀ ਸਾਲਾਂ ਤੋਂ ਕਹਾਣੀਆਂ, ਨਾਟਕ ਤੇ ਕਵਿਤਾਵਾਂ ਰਚਦੀ ਆ ਰਹੀ ਤੇਜਿੰਦਰ ਨੇ ਇਹ ਵਾਲੀ ਪੁਸਤਕ ਆਪਣੇ ਬੀ ਜੀ ਰਾਜ ਮਹਿੰਦਰ ਕੌਰ ਮਾਨ ਨੂੰ ਸਮਰਪਿਤ ਕੀਤੀ ਹੈ। ਨਿਸਚੇ ਹੀ ਮੁੱਢਲੀਆਂ ਬਾਤਾਂ ਜਿਨ੍ਹਾਂ ਨੂੰ ਲੇਖਕ 'ਏਨੀ ਮੇਰੀ ਬਾਤ ਉਪਰੋਂ ਪੈ ਗਈ ਰਾਤ' ਦੱਸਦੀ ਹੈ, ਖੇਤੀਬਾੜੀ ਪਿਛੋਕੜ ਵਾਲੀ ਬੀ ਜੀ ਜਾਂ ਪਰਿਵਾਰ ਦੀ ਹੋਰ ਵਡੇਰੀ ਸੁਆਣੀ ਤੋਂ ਸੁਣੀਆਂ ਜਾਪਦੀਆਂ ਹਨ। ਉਂਝ ਆਪਣੇ ਲਿਖੇ ਮੁੱਢਲੇ ਸ਼ਬਦਾਂ ਵਿਚ ਤੇਜਿੰਦਰ ਨੇ ਆਪਣੇ ਦਾਦੀ ਜੀ ਅੱਛਰ ਕੌਰ ਦੀ ਸੁਣਾਈ ਉਸ ਸੌਦਾਗਰ ਦੀ ਗੱਲ ਕੀਤੀ ਹੈ ਜਿਹੜਾ ਆਪਣੀ ਸਾਂਢਣੀ ਉਤੇ ਸਵਾਰ ਹੋ ਕੇ ਦੂਰ ਨੇੜੇ ਕਮਾਈ ਕਰਨ ਜਾਂਦਾ ਹੁੰਦਾ ਸੀ। ਫਿਰ ਇਕ ਦਿਨ ਰਸਤੇ ਵਿਚ ਉਸ ਨੂੰ ਬੜੀ ਤੇਹ ਲੱਗੀ ਤੇ ਉਹ ਟਿੰਡਾਂ ਵਾਲੇ ਖੂਹ ਤੋਂ ਪਾਣੀ ਪੀ ਕੇ ਨੇੜਲੇ ਤੂਤ ਦੀ ਛਾਵੇਂ ਸੌਂ ਗਿਆ। ਜਦੋਂ ਤੇਜਿੰਦਰ ਨੇ ਆਪਣੀ ਦਾਦੀ ਕੋਲੋਂ ਇਹ ਜਾਨਣਾ ਚਾਹਿਆ ਕਿ ਅੱਗੇ ਕੀ ਹੋਇਆ ਤਾਂ ਉਸ ਦੀ ਦਾਦੀ ਨੇ ਉਸ ਨੂੰ ਪਿਆਰ ਨਾਲ ਸਮਝਾਇਆ ਕਿ ਉਸ ਤੋਂ ਅੱਗੇ ਦੀ ਗਾਥਾ ਦਾਦੀ ਉਸ ਸੌਦਾਗਰ ਦੀ ਜਾਗ ਖੁੱਲ੍ਹਣ ਤੋਂ ਪਿੱਛੋਂ ਹੀ ਦੱਸ ਸਕੇਗੀ। ਇਸ ਲਈ ਸੁਣਨ ਵਾਲੀ ਤੇਜਿੰਦਰ ਨੂੰ ਵੀ ਹਾਲ ਦੀ ਘੜੀ ਸੌਂ ਜਾਣਾ ਚਾਹੀਦਾ ਹੈ।

ਪੁਸਤਕ 'ਬਾਤਾਂ ਦੇਸ਼ ਵਿਦੇਸ਼ ਦੀਆਂ' ਵਿਚ ਇਸ ਤੋਂ ਵੱਧ ਪ੍ਰਭਾਵੀ ਤੇ ਉਤਮ 21 ਬਾਤਾਂ ਹਨ ਜਿਨ੍ਹਾਂ ਦਾ ਧੁਰਾ ਤਿੱਬਤ, ਬਰਮਾ (ਹੁਣ ਮਿਆਂਮਾਰ), ਪੋਲੈਂਡ, ਮੈਕਸੀਕੋ, ਆਈਸਲੈਂਡ, ਅਮਰੀਕਾ, ਅਫਰੀਕਾ, ਤਨਜ਼ਾਨੀਆ, ਇਟਲੀ, ਜਰਮਨੀ, ਚੀਨ ਤੇ ਭਾਰਤ ਦੀ ਮਿੱਟੀ ਵਿਚ ਹੈ; ਖਾਸਕਰ ਇਨ੍ਹਾਂ ਦੇਸ਼ਾਂ ਦੇ ਆਦਿਵਾਸੀਆਂ ਦੇ ਵਿਹੜੇ। ਇਕ ਥਾਂ ਦੋ ਬੁੱਢੀਆਂ ਆਪੋ ਵਿਚ ਸ਼ਰਤ ਲਾਉਂਦੀਆਂ ਹਨ ਕਿ ਉਹ ਆਪਣੀਆਂ ਗੱਲਾਂ ਦੇ ਹੁਨਰ ਨਾਲ ਆਪੋ-ਆਪਣੇ ਪਤੀਆਂ ਨੂੰ ਕਿਸ ਹੱਦ ਤਕ ਕੀਲ ਸਕਦੀਆਂ ਹਨ। ਪਹਿਲੀ ਬੁੱਢੀ ਚੰਗੇ ਭਲੇ ਪਤੀ ਨੂੰ ਵਾਰ-ਵਾਰ ਇਹ ਚਿਤਾਰਦੀ ਹੈ ਕਿ ਉਹ ਕਮਜ਼ੋਰ ਹੋ ਰਿਹਾ ਹੈ, ਸੁੱਕ ਕੇ ਤੀਲ੍ਹਾ ਹੋ ਗਿਆ ਹੈ। ਉਸ ਵਿਚ ਜਾਨ ਨਹੀਂ ਰਹੀ। ਉਸ ਨੂੰ ਦਬਾਉਣ ਲਈ ਤਾਬੂਤ ਮੰਗਵਾ ਕੇ ਪਤੀ ਨੂੰ ਉਸ ਵਿਚ ਲਿਟਾ ਦਿੰਦੀ ਹੈ। ਇਥੋਂ ਤਕ ਕਿ ਪਤੀ ਆਪਣੇ ਆਪ ਨੂੰ ਮਰਿਆ ਅਨੁਭਵ ਕਰਦਾ ਹੈ ਤੇ ਹੀਲ ਹੁੱਜਤ ਕੀਤੇ ਬਿਨਾਂ ਲੇਟ ਜਾਂਦਾ ਹੈ।

ਦੂਜੀ ਬੁੱਢੀ ਆਪਣੇ ਸ਼ਬਦਾਂ ਦੀ ਕਲਾ ਨਾਲ ਆਪਣੇ ਘਰ ਵਾਲੇ ਨੂੰ ਅਜਿਹੀ ਉਨ ਕੱਤਦੀ ਦੱਸਦੀ ਹੈ ਜਿਹੜੀ ਝੂਠ ਬੋਲਣ ਵਾਲੇ ਪਤੀ ਨੂੰ ਦਿਖਾਈ ਨਹੀਂ ਦਿੰਦੀ। ਫਿਰ ਜਦੋਂ ਉਹ ਪਤੀ ਵਾਸਤੇ ਨਵਾਂ ਸੂਟ ਸਿਉਂ ਕੇ ਉਸ ਨੂੰ ਪਹਿਨਣ ਲਈ ਕਹਿੰਦੀ ਹੈ ਤਾਂ ਉਹ ਸਿਰ ਦੇ ਹੈਟ, ਤੇੜ ਦੇ ਕੱਛੇ ਤੇ ਪੈਰਾਂ ਦੇ ਬੂਟਾਂ ਤੋਂ ਬਿਨਾਂ ਸਾਰੇ ਵਸਤਰ ਉਤਾਰ ਕੇ ਪਤਨੀ ਦਾ ਤਿਆਰ ਕੀਤਾ ਸੂਟ ਪਹਿਨ ਲੈਂਦਾ ਹੈ ਜਿਹੜਾ ਪਤੀ ਨੂੰ ਦਿਖਾਈ ਨਹੀਂ ਦਿੰਦਾ। ਉਸ ਪਿੱਛੋਂ ਪਤੀ ਸਭ ਦੇ ਸਾਹਮਣੇ ਸਜ ਧਜ ਕੇ ਖਲੋਂਦਾ ਹੈ ਤਾਂ ਦਰਸ਼ਕ ਉਸ ਨੂੰ ਨਿਰਵਸਤਰ ਦੇਖ ਕੇ ਖਿੜ-ਖਿੜਾ ਕੇ ਹੱਸ ਪੈਂਦੇ ਹਨ। ਇੰਨਾ ਉੱਚਾ ਕਿ ਤਾਬੂਤ ਵਾਲੇ ਬੁੱਢੜੇ ਨੂੰ ਵੀ ਹੋਸ਼ ਆ ਜਾਂਦੀ ਹੈ ਤੇ ਉਹ ਨਿਰਵਸਤਰ ਬੁੱਢੇ ਨੂੰ ਦੇਖ ਕੇ ਖੁਦ ਹੱਸਣ ਲੱਗ ਪੈਂਦਾ ਹੈ। ਹੁਣ ਜਦੋਂ ਦੋਵੇਂ ਬੁੱਢੀਆਂ ਸ਼ਰਤ ਜਿੱਤਣ ਬਾਰੇ ਬਹਿਸ ਕਰ ਰਹੀਆਂ ਹਨ ਤਾਂ ਬਾਤ ਪਾਉਣ ਵਾਲੀ/ਵਾਲਾ ਪਾਤਰ ਆਪ ਫੈਸਲਾ ਸੁਣਾਉਣ ਦੀ ਥਾਂ ਤਾਬੂਤ ਵਿਚ ਉਠ ਕੇ ਬਾਹਰ ਆਏ ਬੁੱਢੇ ਦੇ ਮੂੰਹ ਵਿਚ ਇਹ ਸ਼ਬਦ ਪਾਉਂਦੀ/ਪਾਉਂਦਾ ਹੈ- 'ਮੇਰੇ ਨਾਲ ਜੋ ਹੋਈ ਸੋ ਹੋਈ ਪਰ ਉਹ ਦੂਸਰਾ ਮਰਦ ਤਾਂ ਮੈਨੂੰ ਵੀ ਮਾਤ ਪਾ ਗਿਆ।'

ਇਕ ਹੋਰ ਬਾਤ ਵਿਚ ਜਦੋਂ ਸੂਰਜ ਤੇ ਚੰਦ ਦਾ ਪਾਣੀ ਨਾਲ ਤਕਰਾਰ ਹੁੰਦਾ ਹੈ ਤਾਂ ਪਾਣੀ ਦੀ ਬਹੁਤਾਤ, ਜਲਥਲ ਇਕ ਕਰ ਕੇ ਪਰਬਤ ਨੂੰ ਵੀ ਆਪਣੇ ਪੈਰਾਂ ਥੱਲੇ ਲੈ ਆਂਦੀ ਅਤੇ ਸੂਰਜ ਤੇ ਚੰਨ ਨੂੰ ਸਦਾ ਲਈ ਆਪਣਾ ਡੇਰਾ ਆਕਾਸ਼ ਵਿਚ ਲਾਉਣ ਲਈ ਮਜਬੂਰ ਕਰ ਦਿੰਦੀ ਹੈ। ਇਕ ਹੋਰ ਬਾਤ ਵਿਚ ਸ਼ੈਤਾਨ ਨੇ ਕਿਸਾਨ ਨੂੰ ਡਰਾਉਣ ਦੀ ਭਾਵਨਾ ਨਾਲ ਇਹ ਦਾਅਵਾ ਕੀਤਾ ਕਿ ਜਿਹੜੀ ਵੀ ਫਸਲ ਕਿਸਾਨ ਬੀਜੇਗਾ, ਉਸ ਦਾ ਧਰਤੀ ਉਤਲਾ ਭਾਗ ਸ਼ੈਤਾਨ ਦਾ ਹੋਵੇਗਾ ਤਾਂ ਕਿਸਾਨ ਨੇ ਗੋਂਗਲੂ ਬੀਜ ਦਿੱਤੇ ਜਿਸ ਦੇ ਨਤੀਜੇ ਵਜੋਂ ਸ਼ੈਤਾਨ ਦੇ ਹਿੱਸੇ ਕੇਵਲ ਗੋਂਗਲੂਆਂ ਦੇ ਸੁੱਕੇ ਸੜੇ ਪੱਤੇ ਹੀ ਆਏ; ਤੇ ਫਿਰ ਜਦੋਂ ਸ਼ੈਤਾਨ ਨੇ ਕਿਹਾ ਕਿ ਉਹ ਧਰਤੀ ਦੇ ਥੱਲੇ ਵਾਲੇ ਭਾਗ ਦਾ ਮਾਲਕ ਹੋਵੇਗਾ ਤਾਂ ਕਿਸਾਨ ਨੇ ਕਣਕ ਬੀਜ ਦਿੱਤੀ ਤੇ ਸ਼ੈਤਾਨ ਦੇ ਹਿੱਸੇ ਕੇਵਲ ਮਿੱਟੀ ਲਿੱਬੜੇ ਬੁੱਥੇ ਆਏ ਅਤੇ ਕਿਸਾਨ ਸਿੱਟੇ ਤੇ ਡੰਡੀਆਂ ਵੱਢ ਕੇ ਤੁਰਦਾ ਬਣਿਆ। ਤੇਜਿੰਦਰ ਨੇ ਮੈਕਸੀਕੋ ਦੇ ਕਿਸਾਨਾਂ ਦੀ ਉਹ ਬਾਤ ਵੀ ਚੁਣੀ ਹੈ ਜਿਸ ਵਿਚ ਭੁੱਖੇ ਭਾਣੇ ਕਿਸਾਨ ਤੋਂ ਰੱਬ ਰੋਟੀ ਮੰਗਣ ਆਉਂਦਾ ਹੈ। ਰੱਬ ਦੇ ਲੱਖ ਤਰਲੇ ਕਰਨ ਉਤੇ ਵੀ ਕਿਸਾਨ ਉਸ ਨੂੰ ਬੁਰਕੀ ਤੱਕ ਨਹੀਂ ਦਿੰਦਾ। ਦਲੀਲ ਇਹ ਕਿ ਰੱਬ ਕਿਸੇ ਨੂੰ ਅੰਤਾਂ ਦਾ ਗਰੀਬ ਬਣਾ ਦਿੰਦਾ ਹੈ ਤੇ ਕਿਸੇ ਨੂੰ ਅੰਤਾਂ ਦਾ ਅਮੀਰ ਪਰ ਰੱਬ ਦੇ ਤੁਰ ਜਾਣ ਪਿੱਛੋਂ ਮੌਤ ਰੋਟੀ ਮੰਗਦੀ ਹੈ ਤਾਂ ਕਿਸਾਨ ਉਸ ਨੂੰ ਇਕ ਡੰਗ ਦੀ ਰੋਟੀ ਦੇਣਾ ਮੰਨ ਜਾਂਦਾ ਹੈ ਕਿਉਂਕਿ ਉਹ ਅਮੀਰ ਗਰੀਬ ਵਿਚ ਵਿਤਕਰਾ ਨਹੀਂ ਕਰਦੀ ਤੇ ਦੋਵਾਂ ਨਾਲ ਇਕ ਸਮਾਨ ਵਰਤਾਓ ਕਰਦੀ ਹੈ।

ਚੇਤੇ ਰਹੇ ਕਿ ਇਨ੍ਹਾਂ ਬਾਤਾਂ ਵਿਚ ਉਪਰੋਕਤ ਦਲੀਲਾਂ ਇੰਨੀਆਂ ਸਹਿਲ ਤੇ ਸਪਸ਼ਟ ਨਹੀਂ ਜਿੰਨੀਆਂ ਮੈਂ ਦੱਸ ਰਿਹਾ ਹਾਂ। ਇਨ੍ਹਾਂ ਵਿਚ ਅਜਿਹਾ ਕਥਾ ਰਸ ਹੈ ਜਿਹੜਾ ਗਿਣੇ ਮਿਥੇ ਸ਼ਬਦਾਂ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ। ਪ੍ਰਮਾਣ ਵਜੋਂ ਮੈਂ ਪੁਸਤਕ ਵਿਚ ਦਰਜ ਅਮਰੀਕਨ ਆਦਿਵਾਸੀਆਂ ਦੀ 'ਦੁਨੀਆਂ ਦਾ ਅੰਤ' ਨਾਂ ਦੀ ਕਹਾਣੀ ਨੂੰ ਥੋੜ੍ਹੇ ਵਿਸਥਾਰ ਤੇ ਤਰਤੀਬ ਨਾਲ ਦੱਸਣਾ ਚਾਹਾਂਗਾ। ਪੜ੍ਹੋ ਤੇ ਸੁਣੋ:

ਇਸ ਧਰਤੀ ਉਤੇ ਇਕ ਅਜਿਹੀ ਥਾਂ ਹੈ ਜਿਸ ਦੇ ਇਕ ਹੱਥ ਬੰਜਰ ਹੈ ਤੇ ਦੂਜੇ ਹੱਥ ਸਬਜ਼ਾ। ਦੋਹਾਂ ਦੇ ਅੱਧ ਵਿਚਕਾਰ ਗੁਫਾ ਹੈ ਜਿਸ ਵਿਚ ਇਕ ਬੁੱਢੀ ਮਾਈ ਆਦਿ ਕਾਲ ਤੋਂ ਰਹਿ ਰਹੀ ਹੈ। ਉਹਦੇ ਕੋਲ ਆਪਣੇ ਗੁਜ਼ਾਰੇ ਲਈ ਮੱਝ ਵੀ ਹੈ ਤੇ ਰਾਖੀ ਲਈ ਕਾਲਾ ਕੁੱਤਾ ਵੀ। ਨੇੜੇ ਤੇੜੇ ਦੇ ਜੰਗਲ ਦੀ ਮਾਲਕ ਹੋਣ ਦੇ ਨਾਤੇ ਉਹ ਜੰਗਲ ਦੀਆਂ ਲੱਕੜਾਂ ਬਾਲ ਕੇ ਮਿੱਟੀ ਦੇ ਬਰਤਨ ਵਿਚ ਸੂਪ ਉਬਾਲ ਕੇ ਆਪਣੇ ਢਿੱਡ ਨੂੰ ਝੁਲਕਾ ਦਿੰਦੀ ਰਹਿੰਦੀ ਹੈ। ਆਪਣੀ ਮੱਝ ਲਈ ਝੁੱਲ ਬੁਣਨਾ ਵੀ ਉਸ ਦੀ ਮਜਬੂਰੀ ਹੈ। ਉਹ ਆਦਿ ਕਾਲ ਤੋਂ ਝੁੱਲ ਬੁਣਨ ਵਿਚ ਮਗਨ ਹੈ। ਹੁੰਦਾ ਇਹ ਹੈ ਕਿ ਜਦ ਕਦੀ ਵੀ ਬੁੱਢੀ ਔਖੀ ਸੌਖੀ ਉਠ ਕੇ ਸੂਪ ਵਿਚ ਕੜਛੀ ਫੇਰਨ ਜਾਂਦੀ ਹੈ ਤਾਂ ਕਾਲਾ ਕੁੱਤਾ ਸੱਜਰਾ ਧਾਗਾ ਮੂੰਹ ਵਿਚ ਲੈ ਕੇ ਇੰਨੀ ਦੂਰ ਚਲਾ ਜਾਂਦਾ ਹੈ ਕਿ ਬੁੱਢੀ ਦਾ ਉਦੋਂ ਤਕ ਦਾ ਬੁਣਿਆ ਝੁੱਲ ਉੱਧੜ ਜਾਂਦਾ ਹੈ। ਬੁੱਢੀ ਨਵੇਂ ਸਿਰਿਉਂ ਮੱਝ ਵਾਸਤੇ ਝੁੱਲ ਬੁਣਨ ਲਈ ਮਜਬੂਰ ਹੋ ਜਾਂਦੀ ਹੈ। ਇਹ ਝੁੱਲ ਕਦੇ ਵੀ ਪੂਰਾ ਨਹੀਂ ਬੁਣਿਆ ਗਿਆ। ਲੋਕਾਂ ਦਾ ਮੰਨਣਾ ਹੈ ਕਿ ਬੁੱਢੀ ਮਾਈ ਨੇ ਜਿਸ ਦਿਨ ਵੀ ਇਹ ਝੁੱਲ ਪੂਰਾ ਉਣ ਲਿਆ ਤੇ ਇਸ ਦਾ ਆਖਰੀ ਤੋਪਾ ਭਰ ਲਿਆ, ਗੁਫਾ ਦੇ ਸੱਜੇ ਖੱਬੇ ਦੀ ਉਜਾੜ ਤੇ ਬਨਸਪਤ ਖਤਮ ਹੋ ਜਾਵੇਗੀ ਤੇ ਇਸ ਦੁਨੀਆ ਦਾ ਜਿਸ ਦੇ ਅਸੀਂ ਵਸਨੀਕ ਹਾਂ, ਅੰਤ ਹੋ ਜਾਵੇਗਾ।

ਇਸ ਕਹਾਣੀ ਦਾ ਅੰਤ ਵੀ ਉਸ ਸੌਦਾਗਰ ਦੀ ਕਥਾ ਵਰਗਾ ਹੈ ਜਿਸ ਦੀ ਬਾਤ ਲੇਖਕ ਦੀ ਦਾਦੀ ਪਾਉਂਦੀ ਹੁੰਦੀ ਸੀ। ਉਹ ਸੌਦਾਗਰ ਹਾਲੀ ਵੀ ਤੂਤ ਦੀ ਛਾਵੇਂ ਸੁੱਤਾ ਪਿਆ ਹੈ ਪਰ ਹੁਣ ਤਾਂ ਤੇਜਿੰਦਰ ਕੋਲ ਦੇਸ਼ ਵਿਦੇਸ਼ ਦੀਆਂ ਬਾਤਾਂ ਮੌਜੂਦ ਹਨ। ਤੇਜਿੰਦਰ ਕੌਰ ਨੂੰ ਉਸ ਦਾ ਉੱਦਮ ਤੇ ਲਗਨ ਮੁਬਾਰਕ!



ਤੇਜਿੰਦਰ ਕੌਰ ਦੀ ਪੁਸਤਕ 'ਬਾਤਾਂ ਦੇਸ਼ ਵਿਦੇਸ਼ ਦੀਆਂ' ਦਾ ਮੁਖੜਾ।


ਲੇਖਕ ਤੇਜਿੰਦਰ ਕੌਰ

### ਬਾਤਾਂ ਦਾ ਦੇਸ

*'ਬਾਤਾਂ ਦੇਸ਼ ਵਿਦੇਸ਼ ਦੀਆਂ' ਵਿਚ ਪ੍ਰਭਾਵੀ ਅਤੇ ਉਤਮ 21 ਬਾਤਾਂ ਦਰਜ ਹਨ ਜਿਨ੍ਹਾਂ ਦਾ ਧੁਰਾ ਤਿੱਬਤ, ਬਰਮਾ (ਮਿਆਂਮਾਰ), ਪੋਲੈਂਡ, ਮੈਕਸੀਕੋ, ਚੀਨ, ਆਈਸਲੈਂਡ, ਅਮਰੀਕਾ, ਇਟਲੀ, ਅਫਰੀਕਾ, ਤਨਜ਼ਾਨੀਆ, ਜਰਮਨੀ ਤੇ ਭਾਰਤ ਦੀ ਮਿੱਟੀ ਵਿਚ ਹੈ; ਖਾਸਕਰ ਇਨ੍ਹਾਂ ਦੇਸ਼ਾਂ ਦੇ ਆਦਿਵਾਸੀਆਂ ਦੇ ਵਿਹੜੇ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਮਈ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-533



**ਬੱਲੇ ਨੀ ਵਣਜਾਰਨ ਕੁੜੀਏ, ਚੜ੍ਹਿਆ ਤੈਨੂੰ ਰੂਪ ਸਵਾਇਆ,**
**ਹਾਰ ਹਮੇਲਾਂ ਗਲ 'ਚ ਪਾਏ, ਤਿਲ ਠੋਡੀ ਗੱਲ੍ਹੀਂ ਖੁਦਵਾਇਆ।**
**ਚਿੱਟੇ ਦੰਦ ਪਾਏ ਕੰਨੀ ਬੂੰਦੇ, ਕਿਉਂ ਮੱਥੇ ਨਾ ਚੰਦ ਬਣਾਇਆ,**
**ਫਿਰ ਵੀ ਤੂੰ ਲੱਗੇ ਸ਼ੌਕੀਨਣ, ਵਿਹਲੇ ਬੈਠ ਰੱਬ ਹੈ ਬਣਾਇਆ।**

## ਕੈਪਸ਼ਨ ਮੁਕਾਬਲਾ-531



ਸਾਉਣ ਮਹੀਨਾ ਛੰਮ ਛੰਮ ਬਰਸੇ,
ਮੀਂਹ ਦੀਆਂ ਪੈਣ ਫੁਹਾਰਾਂ,
ਘਰ ਪਹੁੰਚਣ ਦਾ ਦਿਲ 'ਚ ਧੁੜਕੂ,
ਸਾਧਨ ਨਾ ਮਿਲੇ ਸਵਾਰਾਂ।
ਮਾੜਕੂ ਜਿਹਾ ਇਕ ਰਿਕਸ਼ੇ ਵਾਲਾ,
ਮਸਾਂ ਮਸਾਂ 'ਥਿਆਇਆ,
ਪੇਟ ਦੀ ਖਾਤਰ ਹੋਏ ਸਾਹੋ ਸਾਹੀ,
ਤੱਕ ਤਰਸ ਬੀਬੀ ਨੂੰ ਆਇਆ।
***-ਸੇਵਾ ਸਿੰਘ ਨੂਰਪੁਰੀ***

---

ਸਾਉਣ ਮਹੀਨਾ, ਬੱਦਲ ਗਰਜਦੇ,
ਕਾਲੀ ਘਟਾ ਸਭ ਤਾਈਂ ਡਰਾਵੇ।
ਹਰ ਕੋਈ ਸਾਧਨ ਫਿਰੇ ਭਾਲਦਾ,
ਕਾਹਲ ਨਾਲ ਜੋ ਘਰ ਪਹੁੰਚਾਏ।
ਰਿਕਸ਼ਾ ਲੈ ਕੇ ਚਲ ਪਈ ਬੀਬੀ,
ਰਸਤੇ ਦੇ ਵਿਚ, ਪਾਣੀ ਹੀ ਪਾਣੀ।
ਛੱਤ ਹੇਠਾਂ ਬੈਠੀ ਇਨਸਾਨੀਅਤ ਜਾਗੀ,
ਫਟਾਫਟ ਕੱਢ ਕੇ ਛਤਰੀ ਤਾਣੀ।
**-ਗੁਰਦੇਵ ਸਿੰਘ ਢਪਾਲੀ**
**ਗੁਰੂ ਤੇਗ ਬਹਾਦੁਰ ਨਗਰ ਬਠਿੰਡਾ।**
**ਫੋਨ: 94176-49275**

---

ਕਰ ਬੈਠੀ ਰਿਕਸ਼ਾ, ਜ਼ਰੂਰੀ ਜਾਣ ਲਈ
ਘਟਾ ਘਨਕੋਰ ਚੜ੍ਹੀ,
ਪੰਡਾਂ ਹੀ ਖੁੱਲ੍ਹ ਗਈਆਂ ਮੀਂਹ ਦੀਆਂ।
ਚਾਲਕ ਅਤੇ ਸਵਾਰੀ ਘਿਰ ਗਏ ਦੋਵੇਂ
ਸੜਕਾਂ ਟੁੱਟੀਆਂ,
ਟੋਏ ਨਜ਼ਰ ਨਹੀਂ ਆਉਂਦੇ।
ਅੰਦਾਜ਼ਿਆਂ ਨਾਲ ਹੀ ਧੂਹੀ ਜਾਂਦਾ
ਸਿਰੋਂ ਢੱਕਣ ਲਈ ਸਵਾਰੀ ਤਾਣੀ ਛਤਰੀ
ਦੇਖ ਹਮਦਰਦੀ
ਚਾਲਕ ਦਾ ਹੋਰ ਹੌਸਲਾ ਵਧਿਆ
ਇਹ ਹੈ ਇਕ ਛੋਟਾ ਮਜ਼ਦੂਰ
ਜੋ ਢਿੱਡ ਭਰਨ ਲਈ ਕੀ ਨਹੀਂ ਕਰਦਾ।
***-ਦਰਸ਼ਨਪਾਲ ਦੋਸਾਂਝ***

---

ਕਦਰ ਓਸ ਦੀ ਕਰੋ ਹਮੇਸ਼ਾ
ਜੋ ਹੱਡ ਭੰਨਵੀਂ ਕਰੇ ਕਮਾਈ
ਸਦਕੇ ਜਾਈਏ ਕਲਾਕਾਰ ਦੇ
ਜਿਸ ਨੇ ਹੈ ਤਸਵੀਰ ਬਣਾਈ।
***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਕੈਨੇਡਾ***
***ਫੋਨ: +1 2042963177***

---

ਦੂਸਰਿਆਂ ਦੇ ਦਰਦ ਨੂੰ
ਜੋ ਆਪਣਾ ਜਾਨਣ
ਕੁਦਰਤ ਬਖਸ਼ੇ ਸ਼ਾਂਤੀ ਉਨ੍ਹਾਂ ਤਾਈਂ
ਰਿਕਸ਼ਾ ਚਾਲਕ ਸਾਹੋ-ਸਾਹੀ ਹੋਇਆ,
ਘਟਾ ਚੜ੍ਹ ਆਈ।
ਮੀਂਹ ਵਿਚ ਭਿੱਜ ਕੇ
ਕਿਤੇ ਚਾਲਕ ਬਿਮਾਰ ਨਾ ਹੋ ਜਾਏ,
ਬੈਠੀ ਸਵਾਰੀ ਨੇ
ਆਪਣੀ ਛਤਰੀ ਉਸ 'ਤੇ ਤਾਣੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾ (ਪਟਿਆਲਾ)***
***ਫੋਨ: 98784-69639***

---

ਇਕੋ ਜਿਹਾ ਹੁੰਦਾ ਹੈ
ਸੰਬੰਧ ਤੇ ਪਾਣੀ
ਆਸਮਾਨੋਂ ਵਰ੍ਹਿਆ ਪਾਣੀ
ਸਵਾਰੀ ਪੁੱਛਦੀ ਹੈ ਵੇਖ ਪਾਣੀ
ਪਾਣੀ ਵੇ ਪਾਣੀ
ਤੇਰਾ ਰੰਗ ਕਿੱਦਾਂ ਦਾ
ਪਾਣੀ ਨੇ ਜਵਾਬ ਦਿੱਤਾ
ਜਿਸ ਵਿਚ ਮਿਲਾ ਦਿਓ
ਓਦਾਂ ਦਾ।
***-ਬੱਲਾ ਲਬਾਣਾ***
***ਫੋਨ: 848-235-8344***

# ਕਵਿਤਾ ਕਵਿਤਾ ਹੋਣਾ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਕਵਿਤਾ ਦੀ ਮਹੱਤਤਾ ਨੂੰ ਦਰਸਾਇਆ ਹੈ। ਕਵਿਤਾ ਲਿਖਣ ਲਈ ਕਵਿਤਾ ਵਰਗੀ ਜੀਵਨ-ਜਾਚ ਦਾ ਹੋਣਾ ਜ਼ਰੂਰੀ ਹੈ। ਕਵਿਤਾ ਹੋ ਕੇ ਸਿਰਜੀ ਹੋਈ ਕਵਿਤਾ ਹੀ ਕਵਿਤਾ ਕਹਿਲਾਉਣ ਦੀ ਹੱਕਦਾਰ ਹੁੰਦੀ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕਵਿਤਾ, ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਅ। ਦਿਲ ਵਿਚ ਉਠਿਆ ਆਵੇਸ਼ ਜੋ ਹਰਫ਼ਾਂ ਦੀ ਪ੍ਰਵਾਜ਼ ਰਾਹੀਂ ਵਰਕਿਆਂ 'ਤੇ ਫੈਲਦਾ। ਇਸ 'ਚੋਂ ਵਹਿੰਦਾ ਉਨ੍ਹਾਂ ਸੋਚਾਂ ਦਾ ਪ੍ਰਵਾਹ ਜਿਹੜੀਆਂ ਬਣ ਜਾਂਦੀਆਂ ਜੀਵਨ-ਜਾਚ ਲਈ ਰਾਹ।

ਕਵਿਤਾ, ਇਕ ਫੁਰਨਾ। ਮਨ ਵਿਚ ਆਏ ਵਿਚਾਰ ਦੇ ਆਲੇ-ਦੁਆਲੇ ਬੁਣਿਆ ਤਾਣਾ-ਬਾਣਾ। ਇਸ ਦੀਆਂ ਪਰਤਾਂ ਵਿਚ ਛੁਪਿਆ ਹੁੰਦਾ ਏ ਮਾਸੂਮ ਤੇ ਕੋਮਲ ਭਾਵਾਂ ਦਾ ਅਜਿਹਾ ਵਹਾਅ ਜਿਸ ਰਾਹੀਂ ਹੁੰਦੇ ਬੰਦੇ ਦੀ ਰੂਹ ਦੇ ਦੀਦਾਰ।

ਕਵਿਤਾ, ਕਦੇ ਵੀ ਸ਼ਬਦਾਂ ਦਾ ਮੇਲ-ਜੋਲ, ਹਰਫ਼ਾਂ ਦੀ ਕਤਾਰਬੰਦੀ ਜਾਂ ਵਾਕ ਬਣਤਰ ਨੂੰ ਦਿਤੀ ਵੱਖਰੀ ਤੇ ਅਨੂਠੀ ਤਰਜੀਹ ਜਾਂ ਤਰਤੀਬ ਨਹੀਂ ਹੁੰਦੀ। ਇਸ ਵਿਚ ਬਹੁਤ ਕੁਝ ਅਜਿਹਾ ਹੁੰਦਾ ਜੋ ਅਦਿੱਖ ਰਹਿ ਕੇ ਬਹੁਤ ਕੁਝ ਜੱਗ-ਜ਼ਾਹਰ ਕਰ ਜਾਂਦਾ, ਜਿਸਦਾ ਕਈ ਵਾਰ ਸਿਰਜਣਹਾਰੇ ਨੂੰ ਵੀ ਪਤਾ ਨਹੀਂ ਹੁੰਦਾ।

ਕਵਿਤਾ, ਬੰਦੇ ਵਿਚੋਂ ਉਸਦੀ ਬੰਦਿਆਈ, ਖੁਦਾਈ, ਖੁਦਦਾਰੀ, ਰਹਿਨੁਮਾਈ ਜਾਂ ਆਸ਼ਨਾਈ ਦਾ ਬਿਰਤਾਂਤ ਜਿਹੜਾ ਉਸਦੀਆਂ ਸੋਚਾਂ ਤੇ ਕਰਮਾਂ ਨੂੰ ਆਪਣੇ ਰੰਗ ਵਿਚ ਰੰਗਦਾ। ਇਹ ਰੰਗਤ ਹੀ ਹੁੰਦੀ ਹੈ, ਜੋ ਜੀਵਨ ਨੂੰ ਸੁਰਖ਼-ਭਾਅ ਵੀ ਦਿੰਦੀ। ਕਈ ਵਾਰ ਪਲਿੱਤਣਾਂ ਵੀ ਵਣਜਦੀ ਅਤੇ ਕਈ ਵਾਰ ਕਾਲਖ਼ੀ ਰੰਗ ਵੀ ਚਾੜ੍ਹਦੀ। ਪਰ ਕਈ ਵਾਰ ਚੜ੍ਹਦੀ ਧੁੱਪ ਵਰਗੀ ਲਿਸ਼ਕੋਰ ਜੀਵਨ ਦੀਆਂ ਸੁੱਤੀਆਂ ਕਲਾਵਾਂ ਦੇ ਨਾਮ ਕਰ, ਇਸਨੂੰ ਸੁਪਨਿਆਂ ਦਾ ਹਾਣੀ ਵੀ ਬਣਾਉਂਦੀ।


ਕਵਿਤਾ, ਆਵੇਗ, ਅਦਲੀ, ਅਜ਼ਲੀ ਤੇ ਅਜ਼ੀਮ ਹੁੰਦੀ ਤਾਂ ਇਹ ਵਿਲੱਖਣ ਤੇ ਵਿਕਲੋਤਰੀ। ਸਥਾਪਤ ਦਾਇਰਿਆਂ ਨੂੰ ਨਕਾਰਦੀ। ਆਪਣੀਆਂ ਸੀਮਾਵਾਂ ਤੇ ਕਦਰਾਂ-ਕੀਮਤਾਂ ਨੂੰ ਖ਼ੁਦ ਨਿਸ਼ਚਿਤ ਕਰਦੀ ਕਿਉਂਕਿ ਬਹੁਤੀ ਵਾਰ ਬਣੀਆਂ ਰਾਹਾਂ 'ਤੇ ਤੁਰਦਿਆਂ ਤੁਹਾਡੀ ਪਛਾਣ ਨੂੰ ਨਵੀਨਤਾ ਨਹੀਂ ਮਿਲਦੀ। ਜਦ ਵੱਖਰਤਾ ਵਿਚੋਂ ਕੋਈ ਕਵਿਤਾ ਆਪਣੀ ਪਛਾਣ ਸਿਰਜਦੀ ਤਾਂ ਇਹ ਸਮਿਆਂ ਦੀ ਅੱਖ ਵਿਚ ਅੱਖ ਪਾ ਕੇ ਵੀ ਝਾਕਦੀ। ਆਪਣੀ ਤੋਰ ਅਤੇ ਮਟਕ ਨਾਲ ਅਜੇਹੀ ਰੂਹ-ਰੇਜ਼ਤਾ ਨੂੰ ਵਰਕਿਆਂ ਦੇ ਨਾਮ ਕਰਦੀ ਕਿ ਪੈਰ ਵਿਚ ਪੈਰ ਧਰਨ ਵਾਲੀ ਕਵਿਤਾ ਨੂੰ ਵੀ ਇਸ ਨਿਕੋਰ ਪਛਾਣ 'ਤੇ ਮਾਣ ਮਹਿਸੂਸ ਹੁੰਦਾ। ਸਿਰਫ਼ ਉਹ ਕਵੀ ਹੀ ਵਕਤ ਦੇ ਹਰ ਦੌਰ ਵਿਚ ਆਪਣੀ ਭਰਵੀਂ ਹਾਜ਼ਰੀ ਨਾਲ ਹਾਜ਼ਰ-ਨਾਜ਼ਰ ਰਹਿੰਦਾ, ਜਿਸ ਨੇ ਕਵਿਤਾ ਨੂੰ ਆਪਣੀ ਰੂਹ ਵਿਚ ਰੰਗ ਕੇ ਇਸ ਨੂੰ ਮਨ ਦੀ ਸਰਜ਼ਮੀਂ 'ਤੇ ਪੁੰਗਰਾਇਆ ਹੋਵੇ। ਹਿਰਦੇ ਦੀਆਂ ਭਾਵਨਾਵਾਂ ਦਾ ਪਾਣੀ ਅਤੇ ਦਿਲ ਦੀਆਂ ਝੀਤਾਂ ਵਿਚੋਂ ਆਉਂਦੀ ਧੁੱਪ ਨਾਲ ਇਸਦੀ ਨੁਹਾਰ ਨੂੰ ਚਾਨਣ-ਰੰਗਾ ਕੀਤਾ ਹੋਵੇ।

ਕਵਿਤਾ ਸਿਰਫ਼ ਕਵੀ ਮਨ ਦਾ ਚਿਤਰਨ ਜਾਂ ਉਸਦੇ ਖ਼ਿਆਲਾਂ ਦੀ ਪ੍ਰਵਾਜ਼ ਹੀ ਨਹੀਂ। ਕਵਿਤਾ ਦੇ ਉਦੈ ਹੋਣ ਤੋਂ ਪਹਿਲਾਂ ਬਹੁਤ ਕੁਝ ਵਾਪਰਦਾ ਹੈ ਕਵੀ-ਮਨ ਵਿਚ। ਅਵਚੇਤਨੀ ਉਥਲ-ਪੁਥਲ ਵਿਚ ਉਹ ਕਵਿਤਾ ਦੀਆਂ ਪੀੜਾਂ ਵੀ ਹੰਢਾਉਂਦਾ ਅਤੇ ਫਿਰ ਆਵੇਸ਼ੀ ਪਲ ਵਿਚ ਕਵਿਤਾ ਦੀ ਆਮਦ ਉਸ ਲਈ ਰਾਹਤ ਤੇ ਸਕੂਨ ਦਾ ਸਬੱਬ ਬਣਦੀ। ਉਹ ਇਸਨੂੰ ਅੱਖਰਾਂ ਦੇ ਹਵਾਲੇ ਕਰ, ਪਾਠਕ ਦੀ ਕਚਹਿਰੀ ਵਿਚ ਪੇਸ਼ ਕਰਦਾ। ਕਵਿਤਾ ਵਿਚੋਂ ਝਰਦੀ ਚਾਨਣੀ ਨਾਲ ਆਪਣੇ ਅੰਤਰੀਵ ਨੂੰ ਰੌਸ਼ਨ-ਰੌਸ਼ਨ ਕਰਨ ਦੇ ਆਹਰ ਵਿਚ ਹਮੇਸ਼ਾ ਜੁਟਿਆ ਰਹਿੰਦਾ।

ਕਵਿਤਾ ਨੂੰ ਪ੍ਰਭਾਵਿਤ ਕਰਦਾ ਹੈ ਕਵੀ ਮਨ, ਉਸਦੀ ਜ਼ਿੰਦਗੀ ਵਿਚ ਵਾਪਰਦੇ ਹਾਦਸੇ ਤੇ ਘਟਨਾਵਾਂ। ਉਸਦੇ ਆਲੇ-ਦੁਆਲੇ ਵਿਚ ਵਾਪਰ ਰਹੀਆਂ ਕਿਰਿਆਵਾਂ ਤੇ ਸਮਾਜਿਕ ਸਰੋਕਾਰਾਂ ਦੀ ਸਮਝ। ਸਮਾਜ ਵਿਚ ਵਾਪਰ ਰਹੇ ਤੇ ਹੋ ਰਹੇ ਵਰਤਾਰਿਆਂ ਵਿਚੋਂ ਝਲਕਦਾ ਮਨੁੱਖੀ ਕਿਰਦਾਰ। ਕੁਦਰਤ ਦੀਆਂ ਅਸੀਮਤ ਕਿਰਿਆਵਾਂ, ਰੰਗਾਂ ਅਤੇ ਕਿਰਤਾਂ ਵਿਚੋਂ ਕੁਝ ਅਛੋਹ ਤੇ ਅਨੂਠਾ ਦੇਖਣਾ। ਇਨ੍ਹਾਂ ਨੂੰ ਅੱਖ ਦੇ ਲੈਂਜ਼ ਰਾਹੀਂ ਬਾਰੀਕਬੀਨੀ ਨਾਲ ਨਿਹਾਰਨ ਦੀ ਅਦਾਅ ਅਤੇ ਅਦਾਇਗੀ ਹੀ ਮਨੁੱਖ ਨੂੰ ਕਵੀ ਬਣਾਉਂਦੀ ਹੈ।

ਕਵਿਤਾ ਲਈ ਸਭ ਤੋਂ ਜ਼ਰੂਰੀ ਹੁੰਦਾ ਹੈ ਖ਼ੁਦ ਦਾ ਕਵਿਤਾ-ਕਵਿਤਾ ਹੋਣਾ। ਰੋਂਦੀ ਅੱਖ ਵਿਚਲਾ ਹੰਝੂ ਬਣਨਾ। ਬਸਤੇ ਵਿਚ ਰੋਂਦੇ ਪੂਰਨਿਆਂ ਨੂੰ ਵਰਾਉਣ ਵਾਲਾ ਤਰਲਾ ਬਣ ਜਾਣਾ। ਭੁੱਖੇ ਪੇਟ ਦੀ ਚੀਖ਼ ਨੂੰ ਸਮਝਣ ਦੀ ਆਦਤ। ਖੇਤ ਵਿਚ ਹਰਕੋਟੇ ਭਰਦੀਆਂ ਫਸਲਾਂ ਵਿਚੋਂ ਖੁਦਕੁਸ਼ੀ ਦੇ ਰਾਹ ਤੁਰੇ ਕਿਸਾਨ ਨੂੰ ਦੇਖਣਾ। ਖੜਸੁੱਕ ਹੋ ਰਹੀ ਧਰਤੀ ਦੇ ਵਿਰਲਾਪ ਨੂੰ ਰੂਹ ਵਿਚ ਵਸਾਉਣ ਦੀ ਲੋਚਾ। ਪੱਤਹੀਣ ਬਿਰਖ਼ਾਂ ਦਾ ਵੇਦਨ ਅਤੇ ਆਲ੍ਹਣੇ ਵਿਚ ਪਸਰੀ ਉਜਾੜ ਨੂੰ ਮੁਖ਼ਾਤਬ ਹੋਣ ਦਾ ਹੁਨਰ।

ਕਵਿਤਾ ਲਈ ਜ਼ਰੂਰੀ ਹੁੰਦਾ ਹੈ ਅੱਖਾਂ ਵਿਚ ਖਾਰੇ ਪਾਣੀ ਦਾ ਸਮੁੰਦਰ ਉਗਾਉਣਾ। ਪੈਰਾਂ ਵਿਚ ਉਨ੍ਹਾਂ ਰਾਹਾਂ ਦੀ ਇਬਾਰਤ ਨੂੰ ਲਿਖਣਾ ਜਿਨ੍ਹਾਂ ਰਾਹਾਂ ਵਿਚੋਂ ਜ਼ਿੰਦਗੀ ਨੂੰ ਮੁਖਾਤਬ ਹੋਣ ਦਾ ਮੌਕਾ ਮਿਲਿਆ। ਝੁਰੜੀਆਂ ਵਿਚੋਂ ਜੀਵਨ ਦੀ ਦਾਸਤਾਨ ਨੂੰ ਪੜ੍ਹਨ ਦੀ ਆਦਤ ਵੀ ਹੋਣੀ ਚਾਹੀਦੀ ਹੈ। ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਦਰਾਂ 'ਤੇ ਬੈਠੀ, ਪ੍ਰਦੇਸੀ ਪੁੱਤ ਨੂੰ ਉਡੀਕਦੀ ਮਾਂ ਦੇ ਨੈਣਾਂ ਵਿਚ ਉਗ ਰਹੀਆਂ ਉਨ੍ਹਾਂ ਰਾਹਾਂ ਨੂੰ ਕੀ ਨਾਮ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਰਾਹਾਂ ਥੀਂ ਉਸਦੇ ਪ੍ਰਦੇਸੀ ਪੁੱਤ ਨੇ ਘਰ ਪਰਤਣਾ ਹੈ।



ਕਵੀ ਲਈ ਇਹ ਵੀ ਜਾਨਣਾ ਜ਼ਰੂਰੀ ਹੁੰਦਾ ਕਿ ਮਾਂ ਲਈ ਮਾਂ ਬਣਨ ਦੇ ਕੀ ਅਰਥ ਨੇ? ਬਾਪ ਨੇ ਧੀ ਦੀ ਹਿੱਕ ਵਿਚ ਉਗੀ ਸਿਸਕੀ ਨੂੰ ਕਿਵੇਂ ਉਲਥਾਉਣਾ ਹੈ? ਆਪਣੇ ਪੁੱਤ ਦੇ ਨੈਣਾਂ ਵਿਚ ਉਗੇ ਸੁਪਨਿਆਂ ਨੂੰ ਕਿਵੇਂ ਪੂਰਨਤਾ ਦਾ ਮਾਰਗ ਦਰਸਾਉਣਾ ਹੈ ਅਤੇ ਬੱਚੇ ਦੇ ਲੀਰਾਂ ਹੋਏ ਸੁਪਨਿਆਂ ਨੂੰ ਕਿਵੇਂ ਸਿਉਣਾ ਹੈ?

ਕਵੀ ਨੂੰ ਇਸਦਾ ਵੀ ਅਹਿਸਾਸ ਹੁੰਦਾ ਕਿ ਜਦ ਘਰ ਤੋਂ ਬੇਦਖ਼ਲ ਕੀਤਾ ਜਾਵੇ ਤਾਂ ਘਰ ਕਿਵੇਂ ਹੁੱਬਕੀਂ ਹੁੱਬਕੀ ਰੋਂਦਾ ਹੈ? ਘਰ ਤੋਂ ਬਾਹਰ ਨੂੰ ਜਾਂਦੇ ਪੈਰਾਂ ਵਿਚ ਕਿਵੇਂ ਕਿੱਲ ਠੁੱਕ ਜਾਂਦੇ ਨੇ? ਘਰ ਵਿਚ ਉਸਰਦੀਆਂ ਕੰਧਾਂ ਅਤੇ ਖੇਤਾਂ ਵਿਚ ਉਗਦੀਆਂ ਵੱਟਾਂ ਕਿਵੇਂ ਕਬਰਾਂ ਬਣਦੀਆਂ ਨੇ ਅਤੇ ਇਨ੍ਹਾਂ ਕਬਰਾਂ 'ਤੇ ਆਪਣੇ ਹੀ ਕਿਵੇਂ ਮਹਿਲਾਂ ਦੀ ਤਾਮੀਰਦਾਰੀ ਕਰਦੇ ਨੇ?

ਕਵੀ ਨੂੰ ਇਸਦਾ ਵੀ ਪਤਾ ਹੁੰਦਾ ਕਿ ਆਪਣੇ ਹਿੱਸੇ ਦੇ ਅੰਬਰ ਨੂੰ ਕਿਵੇਂ ਤਲਾਸ਼ਣਾ? ਇਹ ਤਲਾਸ਼ ਕਿਵੇਂ ਸੁਪਨਹੀਣ ਦੀਦਿਆਂ ਵਿਚ ਆਲ੍ਹਣਾ ਪਾਉਂਦੀ ਹੈ? ਇਸ ਵਿਚੋਂ ਹੀ ਆਸਾਂ ਦੇ ਪਰਿੰਦੇ ਆਪਣੀ ਪ੍ਰਵਾਜ਼ ਨੂੰ ਨਵਾਂ ਨਕੋਰ ਨਾਮਕਰਨ ਦਿੰਦੇ। ਕਿਵੇਂ ਚਾਨਣੀ ਵਿਚ ਭਿੱਜੀਆਂ ਰੂਹਾਂ ਵਿਚੋਂ ਤ੍ਰਿਪਤੀ ਦੀ ਵਰਖਾ ਹੁੰਦੀ ਹੈ? ਇਸ ਬਾਰਸ਼ ਵਿਚ ਕਿਵੇਂ ਤਪਦਿਆਂ ਤਨਾਂ ਨੂੰ ਰਾਹਤ ਅਤੇ ਸੁੱਕਣੇ ਪਈਆਂ ਆਸ਼ਾਵਾਂ ਨੂੰ ਫਿਰ ਤੋਂ ਪੁੰਗਰਨ ਅਤੇ ਫਲਣ-ਫੁੱਲਣ ਦਾ ਵਰਦਾਨ ਮਿਲਦਾ ਹੈ?

ਕਵਿਤਾ ਸਿਰਫ਼ ਵਰਕਿਆਂ 'ਤੇ ਹੀ ਨਹੀਂ ਲਿਖੀ ਜਾਂਦੀ ਅਤੇ ਨਾ ਹੀ ਕਿਸੇ ਕਲਮ ਦੀ ਮੁਥਾਜ ਹੁੰਦੀ। ਕਵਿਤਾ ਬਹੁਤ ਸਾਰੇ ਰੂਪਾਂ ਵਿਚ ਸਾਡੇ ਆਲੇ-ਦੁਆਲੇ ਪਸਰੀ ਹੁੰਦੀ ਹੈ। ਸਿਰਫ਼ ਸਾਨੂੰ ਹੀ ਇਸਨੂੰ ਪੜ੍ਹਨ ਲਈ ਕਵਿਤਾ ਦੇ ਹਾਣੀ ਹੋਣ ਦਾ ਚੱਜ ਨਹੀਂ ਹੁੰਦਾ ਅਤੇ ਨਾ ਹੀ ਅਸੀਂ ਇਸਦੀ ਇਬਾਰਤ ਵਿਚੋਂ ਇਬਾਦਤ ਦੇ ਦੀਦਾਰੇ ਕਰ ਸਕਦੇ।

ਕਵਿਤਾ ਤਾਂ ਅੰਬਰ ਦੇ ਵਿਹੜੇ ਵਿਚ ਤਾਰੇ ਵੀ ਲਿਖਦੇ। ਇਨ੍ਹਾਂ ਦੀਆਂ ਖ਼ਿੱਤੀਆਂ ਦੇ ਵੱਖੋ-ਵੱਖਰੇ ਅਕਾਰ ਬਹੁਤ ਕੁਝ ਅੰਬਰ ਦੇ ਪਿੰਡੇ 'ਤੇ ਉਕਰਦੇ। ਸਿਰਫ਼ ਮਨੁੱਖ ਹੀ ਇਸਨੂੰ ਸਮਝਣ ਦੇ ਕਾਬਲ ਨਹੀਂ। ਪੁੰਨਿਆ ਦੀ ਰਾਤੇ ਛੱਤ 'ਤੇ ਅਲਸਾਏ ਪਿੰਡਿਆਂ 'ਤੇ ਚਾਨਣੀ ਵਲੋਂ ਖੁਣੀ ਜਾ ਰਹੀ ਕਵਿਤਾ ਦੇ ਸੰਗੀਤ ਵਿਚ ਹੀ ਜੀਵਨ ਦੀਆਂ ਮਦਹੋਸ਼ੀਆਂ ਨੂੰ ਮਾਣਿਆ ਅਤੇ ਮਨਾਇਆ ਜਾ ਸਕਦਾ। ਬਹੁਤ ਵਿਰਲੇ ਹੁੰਦੇ ਜਿਹੜੇ ਇਸ ਕਵਿਤਾ ਦੇ ਕਦਰਦਾਨ ਬਣ ਕੇ ਆਪਣੀਆਂ ਪੱਲੇ ਵਿਚਲੇ ਪਲਾਂ ਨੂੰ ਸੁਨਹਿਰੀ ਸਮੇਂ ਦਾ ਰੁਤਬਾ ਪ੍ਰਦਾਨ ਕਰਦੇ।

ਵਗਦੇ ਦਰਿਆ ਤੇ ਪਾਣੀ ਦੀਆਂ ਲਹਿਰਾਂ ਨਾਲ ਲਿਖੀ ਵਰਣਮਾਲਾ ਵਿਚੋਂ ਜਿਹੜੀ ਕਵਿਤਾ ਸਿਰਜੀ ਜਾਂਦੀ ਇਸਨੂੰ ਸਿਰਫ਼ ਰਾਵੀ ਦੀ ਹਿੱਕ ਨੂੰ ਚੀਰਦੀ ਸੋਹਣੀ ਪੜ੍ਹ ਸਕਦੀ ਹੈ ਜਾਂ ਅਟਕ ਦਰਿਆ ਦੀ ਹਿੱਕ 'ਤੇ ਪੈੜ ਪਾਉਂਦੀ ਰਣਜੀਤ ਸਿੰਘ ਦੀ ਲਲਕਾਰ ਜਾਂ ਸਰਸਾ ਨਦੀ ਦੇ ਪਾਣੀ ਵਿਚ ਗੁਰੂਆਂ ਦੀ ਲਾਡਲੀ ਵਹੀਰ ਨੂੰ ਹੀ ਇਸ ਕਵਿਤਾ ਨੂੰ ਉਲਥਾਉਣ ਦਾ ਮਾਣ ਮਿਲਦਾ। ਇਸ ਕਵਿਤਾ ਨੂੰ ਸਰਸਾ ਦੇ ਪਾਣੀ ਹੁਣ ਵੀ ਗੁਣਗੁਣਾਉਂਦੇ ਨੇ। ਕਦੇ ਇਸਦੇ ਕੰਢੇ ਬਹਿ ਕੇ ਆਪਣੀ ਸੁਰਤੀ ਨੂੰ ਸਰਸਾ ਨਦੀ ਦੀ ਕਵਿਤਾ ਨਾਲ ਜ਼ਰੂਰ ਜੋੜਨਾ।

ਕਵਿਤਾ ਤਾਂ ਕੁਦਰਤ ਦੀ ਗੋਦ ਵਿਚ ਮੌਲਦੀ ਹਰ ਵਸਤ ਅਤੇ ਵਰਤਾਰੇ ਵਿਚ ਹਰਦਮ ਪ੍ਰਕਾਸ਼ਮਾਨ ਹੁੰਦੀ। ਇਹ ਕਵਿਤਾ ਜੋ ਜੀਵਨਦਾਨੀ ਹੈ, ਬ੍ਰਹਮ ਗਿਆਨੀ ਹੈ, ਅੰਤਰ-ਧਿਆਨੀ ਹੈ ਅਤੇ ਰੂਹ ਦੀ ਜਾਨੀ ਹੈ। ਸਿਰਫ਼ ਇਸ ਕਵਿਤਾ ਨੂੰ ਪੜ੍ਹਨ ਲਈ ਕੁਦਰਤ ਨਾਲ ਇਕਮਿਕਤਾ ਬਹੁਤ ਜ਼ਰੂਰੀ ਕਿਉਂਕਿ ਕੁਦਰਤ ਸਰੂਰੀ ਨੂੰ ਮਾਨਣ ਲਈ ਇਸ ਵਿਚੋਂ ਆਪਣੀ ਹੋਂਦ ਨੂੰ ਸਮਝਣਾ ਅਤੇ ਇਸਦੇ ਅਹਿਸਾਸ ਨੂੰ ਆਪਣੀਆਂ ਤਰਜੀਹਾਂ ਤੇ ਤਰਕੀਬਾਂ ਬਣਾਉਣਾ ਬਹੁਤ ਜ਼ਰੂਰੀ ਹੁੰਦਾ।

ਕਦੇ ਕਮਰੇ ਵਿਚ ਮੂਕ ਹੋਈ ਕਵਿਤਾ ਨੂੰ ਪੜ੍ਹਨ ਦਾ ਤਰਦੱਦ ਕਰਨਾ। ਕੰਧ 'ਤੇ ਇਕ ਪਾਸੇ ਲਟਕਦੀ ਹੈ ਬਾਪ ਦੀ ਤਸਵੀਰ ਅਤੇ ਦੂਸਰੇ ਪਾਸੇ ਮਾਂ ਦੀ ਤਸਵੀਰ ਵਿਚੋਂ ਦੁਆਵਾਂ ਦੀਆਂ ਕਿਰਨਾਂ ਦਾ ਫੁਟਾਰਾ ਹੁੰਦਾ। ਇਹ ਕਵਿਤਾ ਸਮਝਾਉਂਦੀ ਹੈ ਕਿ ਤੁਹਾਡੇ ਮਾਪੇ ਮਰ ਕੇ ਵੀ ਕਿਧਰੇ ਨਹੀਂ ਜਾਂਦੇ। ਉਹ ਸਦਾ ਤੁਹਾਡੇ ਕੋਲ ਤੁਹਾਡੀਆਂ ਖ਼ੈਰਾਂ-ਸੁੱਖਾਂ ਮੰਗਦੇ, ਤੁਹਾਨੂੰ ਅਸ਼ੀਰਵਾਦਾਂ ਨਾਲ ਨਿਵਾਜਦੇ। ਸਿਰਫ਼ ਤੁਸੀਂ ਹੀ ਇੰਨੇ ਨਿਰਮੋਹੇ ਹੋ ਜਾਂਦੇ ਹੋ ਕਿ ਇਨ੍ਹਾਂ ਦੁਆਵਾਂ ਦੀ ਅਧੀਨਗੀ ਵਿਚੋਂ ਆਪਣੀ ਨਵੀਂ ਜੀਵਨ-ਜਾਚ ਤੇ ਰੰਗਤ ਬਖਸ਼ਣ ਤੋਂ ਮਹਿਰੂਮ ਹੋ ਜਾਂਦੇ ਹੋ।

ਕਦੇ ਕਦਾਈਂ ਕਮਰੇ ਵਿਚ ਅਣਲਿਖੀ ਉਸ ਕਵਿਤਾ ਨੂੰ ਜ਼ਰੂਰ ਪੜ੍ਹਨਾ ਜਿਹੜੀ ਕਵਿਤਾ ਇਕ ਹੀ ਮੰਜੇ 'ਤੇ ਲੇਟੇ ਦੋ ਜਿਸਮਾਂ ਵਿਚਲੀ ਦੂਰੀ ਨੂੰ ਬਿਆਨਦੀ ਹੈ। ਜਿਸਦੀ ਅਬੋਲਤਾ ਵਿਚੋਂ ਕਮਰੇ ਵਿਚ ਸੁੰਨ ਪਸਰਦੀ ਹੈ, ਜਿਸਦੀ ਅੱਖ ਵਿਚ ਸੁੱਕੇ ਅੱਥਰੂਆਂ ਦਾ ਬੜਬੋਲਾਪਣ ਹੁੰਦਾ। ਬਿਨ-ਅੱਖਰੀ ਇਸ ਕਵਿਤਾ ਨੂੰ ਕੋਈ ਹੋਰ ਕਵਿਤਾ ਕਿਵੇਂ ਸਮਝ ਅਤੇ ਸਮਝਾ ਸਕਦੀ ਹੈ। ਉਹ ਕਵਿਤਾ ਸਭ ਤੋਂ ਅਜ਼ੀਮ ਅਤੇ ਸੋਹਣੀ ਹੁੰਦੀ ਹੈ ਜਿਹੜੀ ਦੋ ਤਾਬੂਤਾਂ ਨੂੰ ਰੂਹਾਂ ਬਣਾਉਣ ਅਤੇ ਸੁੰਨ ਵਿਚ ਹਾਸੇ ਲਰਜ਼ਾਉਣ ਦੇ ਸਮਰੱਥ। ਪਰ ਅਸੀਂ ਇਸ ਕਵਿਤਾ ਤੋਂ ਬੇਮੁੱਖ ਹੋ ਕੇ ਸਿਰਫ਼ ਆਪਣੇ ਚਾਵਾਂ ਦੀ ਧੂਣੀ ਨੂੰ ਅੰਦਰ ਵਿਚ ਧੁਖਾਉਣ ਲਈ ਰੁਚਿਤ ਹਾਂ। ਇਸ ਸੋਚ ਕਾਰਨ ਹੀ ਅਸੀਂ ਤੁਰਦੀਆਂ ਫਿਰਦੀਆਂ ਲਾਸ਼ਾ ਹਾਂ। ਦੁਨਿਆਵੀ ਦੌੜ ਵਿਚ ਹੰਭੂ ਹਾਰੇ ਖੁਦ ਤੋਂ ਬੇਮੁਖਤਾ ਨੂੰ ਹੰਢਾਉਣ ਜੋਗੇ ਹੀ ਰਹਿ ਗਏ ਹਾਂ।

'ਵਾ ਦੀ ਰੁਮਕਣੀ ਵਿਚ ਤੈਰਦੀ ਉਸ ਕਵਿਤਾ ਨੂੰ ਕਿਹੜਾ ਨਾਮ ਦੇਵੋਗੇ ਜਿਸ ਵਿਚ ਉਡੀਕ ਦੀ ਆਸ ਵੀ ਹੁੰਦੀ, ਦੂਰ-ਦੇਸ਼ਾਂਤਰਾਂ ਤੋਂ ਭੇਜੇ ਹੋਏ ਸੁਨੇਹੇ ਵੀ, ਸਿਸਕੀਆਂ ਦੀ ਗੂੰਜ ਵੀ, ਮਹਿਕੀਲੇ ਪਲਾਂ ਦੀ ਸੁਗੰਧ ਵੀ ਅਤੇ ਸੜਦੀਆਂ ਤਮੰਨਾਵਾਂ ਦੀ ਤਿੱਖੀ ਦੁਰਗੰਧ ਵੀ। ਬਾਰਸ਼ ਤੋਂ ਬਾਅਦ ਧਰਤ ਵਿਚੋਂ ਉਠੀ ਮਿੱਟੀ ਦੀ ਮਹਿਕ ਵੀ ਹੁੰਦੀ। ਸੋਕਾ ਹੰਢਾਉਂਦੀ ਫਸਲ ਦੀ ਪਾਣੀ ਲਈ ਸਹਿਕ ਵੀ ਅਤੇ ਪੱਤਿਆਂ ਸੰਗ ਲਰਜਦੀ ਕੂਲੀਆਂ ਲਗਰਾਂ ਦੀ ਟਹਿਕ ਵੀ। 'ਵਾ ਸੁਗਮ ਸੁਨੇਹਿਆਂ ਦੀ ਅਜੇਹੀ ਸੰਦੇਸ਼-ਵਾਹਕ ਜਿਸਦੀ ਸਭ ਨੂੰ ਉਡੀਕ ਤੇ ਆਸ ਹੁੰਦੀ। ਇਸ ਵਿਚੋਂ ਵਕਤ ਨੂੰ ਜਿਉਂਦੇ ਜਾਗਦੇ ਹੋਣ ਦਾ ਅਹਿਸਾਸ ਤੇ ਆਭਾਸ ਹੁੰਦਾ।

ਕਦੇ ਸਮਾਂ ਮਿਲੇ ਤਾਂ ਮਾਰੂਥਲ ਦੇ ਪਿੰਡੇ 'ਤੇ ਕਵਿਤਾ ਦੀਆਂ ਲਹਿਰ-ਰੂਪੀ ਤਰੰਗਾਂ ਨੂੰ ਪੜ੍ਹਨਾ। ਇਸਦੀ ਸੂਖ਼ਮ ਭਾਸ਼ਾ, ਸਮੋਏ ਹੋਏ ਸੰਵੇਦਨਸ਼ੀਲ ਅਰਥਾਂ ਅਤੇ ਇਨ੍ਹਾਂ ਵਿਚੋਂ ਕੁਦਰਤੀ ਸੁੰਦਰਤਾ, ਸਹਿਜਤਾ, ਸਾਰਥਿਕਤਾ ਅਤੇ ਸਮਰਪਣ ਨੂੰ ਉਲਥਾਉਣਾ। ਪਤਾ ਲੱਗੇਗਾ ਕਿ ਕਿਵੇਂ ਟਿੱਬਿਆਂ ਦੀ ਕਾਵਿ-ਚਿੱਤਰਕਾਰੀ ਦੀ ਜੁਗਲਬੰਦੀ ਵਿਚੋਂ ਮਨੁੱਖ ਨੂੰ ਸੁਖਨ ਅਤੇ ਸਕੂਨ ਮਿਲਦਾ ਹੈ ਪਰ ਮਨੁੱਖ ਨੂੰ ਯਾਦ ਰਹਿੰਦਾ ਹੈ ਵਗਦੀ ਹਨੇਰੀ ਵਿਚ ਧੂੜ ਨਾਲ ਭਰਿਆ ਪਿੰਡਾ। ਉਹ ਕਦੇ ਵੀ ਮਾਰਥੂਲ 'ਤੇ ਉਕਰੀ ਕਵਿਤਾ ਵਿਚੋਂ ਆਪਣੇ ਨਕਸ਼ਾਂ ਦੀ ਨਿਸ਼ਾਨਦੇਹੀ ਨਹੀਂ ਕਰਦਾ। ਇਸ ਵਿਚੋਂ ਜੀਵਨ ਦੀਆਂ ਉਨ੍ਹਾਂ ਅਦਾਵਾਂ ਦੀ ਦ੍ਰਿਸ਼ਮਾਨੀ ਹੁੰਦੀ ਜੋ ਸਾਡੀਆਂ ਕਲਪਨਾਵਾਂ ਅਤੇ ਕਿਰਿਆਸ਼ੀਲਤਾ ਨੂੰ ਕਰਮਯੋਗਤਾ ਦਾ ਰੁਤਬਾ ਪ੍ਰਦਾਨ ਕਰਦੀਆਂ। ਕਵਿਤਾ ਜਦ ਕਵਿਤਾ ਕਵਿਤਾ ਹੋ ਕੇ ਉਤਰਦੀ ਹੈ ਤਾਂ ਸ਼ਬਦਾਂ ਦਾ ਅਥਾਹ ਭੰਡਾਰ ਤੁਹਾਡੀਆਂ ਬਰੂਹਾਂ 'ਤੇ ਖ਼ੁਦ-ਬ-ਖ਼ੁਦ ਹਾਜ਼ਰ। ਇਸ ਵਿਚੋਂ ਸ਼ਬਦ-ਮੋਤੀਆਂ ਨੂੰ ਚੁਣਨਾ ਅਤੇ ਪਰੋਣਾ, ਇਕ ਆਵੇਸ਼ੀ ਅੰਦਾਜ਼ ਤੇ ਕਵੀ ਦੀ ਮਾਨਸਿਕ ਪ੍ਰਵਾਜ਼। ਇਨ੍ਹਾਂ ਹਰਫ਼ਾਂ ਵਿਚ ਨਾਦ ਤੇ ਰਾਜ਼ ਹੁੰਦੇ। ਇਨ੍ਹਾਂ ਰਾਜ਼ਾਂ ਨੇ ਮਨੁੱਖ ਨੂੰ ਮਨੁੱਖਤਾ ਦੇ ਹਾਣੀ ਬਣਨ ਲਈ ਕਰਨਾ ਹੁੰਦਾ ਆਗਾਜ਼।

ਲੋਕ ਵੀ ਕਵਿਤਾ ਦੇ ਵਿਭਿੰਨ ਰੂਪਾਂ ਵਰਗੇ ਹੀ ਹੁੰਦੇ ਤਾਂ ਹੀ ਕਲਮ ਕਹਿੰਦੀ;

ਕੁਝ ਲੋਕ
ਹੰਝੂਆਂ 'ਚ ਖੁਰੀ ਕਵਿਤਾ ਹੰਢਾਉਂਦੇ
ਤੇ ਹੰਝੂ ਦੀ ਤਕਦੀਰ ਹੋ ਜਾਂਦੇ।
ਕੁਝ ਲੋਕ
ਵਰਕਿਆਂ 'ਤੇ ਉਕਰੀ ਕਵਿਤਾ ਜਿਉਂਦੇ,
ਤੇ ਪਾਟੇ ਵਰਕੇ ਦੀ ਤਫ਼ਸੀਲ ਹੁੰਦੇ।
ਕੁਝ ਲੋਕ
ਪਾਣੀ 'ਚ ਘੁਲੀ ਕਵਿਤਾ ਪੀਂਦੇ,
ਤੇ ਪਾਣੀ ਦੀ ਤਾਸੀਰ ਹੋ ਜਾਂਦੇ।
ਕੁਝ ਲੋਕ
'ਵਾ 'ਤੇ ਉਕਰੀ ਕਵਿਤਾ ਨੂੰ ਸਾਹ ਬਣਾਉਂਦੇ
ਤੇ ਹਵਾ ਦਾ ਹਉਕਾ ਬਣ ਜਾਂਦੇ।
ਕੁਝ ਲੋਕ
ਬਿਰਖ਼ਾਂ 'ਤੇ ਖੁਣੀ ਕਵਿਤਾ ਕਿਆਸਦੇ,
ਤੇ ਬਿਰਖ਼ ਬਿਰਖ਼ ਹੋ ਜਾਂਦੇ।
ਕੁਝ ਲੋਕ
ਧਰਤ 'ਤੇ ਪੁੰਗਰੀ ਕਵਿਤਾ ਉਚਾਰਦੇ,
ਤੇ ਧੌਲ-ਧਰਮ ਬਣ ਜਾਂਦੇ।
ਕੁਝ ਲੋਕ
ਚਾਨਣੀ ਵਿਚ ਲਿਪਟੀ ਕਵਿਤਾ ਓੜਦੇ
ਤੇ ਪੁੰਨਿਆ ਬਣ ਜਾਂਦੇ।
ਕੁਝ ਲੋਕ
ਧੁੱਪ ਵਿਚ ਸਮਾਈ ਕਵਿਤਾ ਉਘਾੜਦੇ
ਤੇ ਰੰਗਰੇਜ਼ ਹੋ ਜਾਂਦੇ।
ਕੁਝ ਲੋਕ
ਅੰਬਰ 'ਤੇ ਚਿੱਤਰੀ ਕਵਿਤਾ ਉਲਥਾਉਂਦੇ,
ਤੇ ਅੰਬਰ ਹੋ ਜਾਂਦੇ।
ਕੁਝ ਲੋਕ
ਸ਼ਬਦਾਂ 'ਚੋਂ ਸਿੰਮਦੀ ਕਵਿਤਾ ਸਿਮਰਦੇ
ਤੇ ਸ਼ਬਦ ਸ਼ਬਦ ਹੋ ਜਾਂਦੇ।
ਪਰ
ਬਹੁਤ ਘੱਟ ਲੋਕ
ਅੰਤਰੀਵ 'ਚ ਸਿਮਟੀ ਕਵਿਤਾ ਪਲੋਸਦੇ
ਤੇ ਕਵਿਤਾ ਕਵਿਤਾ ਹੋ ਜਾਂਦੇ।

ਕਵਿਤਾ ਕੋਈ ਧਿੰਗੋਜ਼ੋਰੀ ਜਾਂ ਜ਼ੋਰ-ਜ਼ਬਰਦਸਤੀ ਲਿਖਤ ਨਹੀਂ। ਨਾ ਹੀ ਇਸਨੂੰ ਅਗਵਾ ਕੀਤਾ ਜਾ ਸਕਦਾ, ਖਰੀਦਿਆ ਜਾ ਸਕਦਾ ਜਾਂ ਇਸਨੂੰ ਮਨਮਰਜ਼ੀ ਦਾ ਮੁਹਾਂਦਰਾ ਦਿਤਾ ਜਾ ਸਕਦਾ। ਕਵਿਤਾ ਆਪਣਾ ਰੰਗ, ਅੰਦਾਜ਼, ਸਰੂਪ, ਸਮਰੂਪ ਅਤੇ ਪ੍ਰਤੀਰੂਪ ਖੁਦ ਲੈ ਕੇ ਦਸਤਕ ਦਿੰਦੀ। ਕਵਿਤਾ ਸਿਰਫ਼ ਕਵਿਤਾ ਹੁੰਦੀ ਅਤੇ ਇਸਨੂੰ ਇਸਦੇ ਅੰਦਾਜ਼ ਅਤੇ ਰੂਪ ਵਿਚ ਸਮਝਦਿਆਂ ਹੀ ਇਸਨੂੰ ਪੜ੍ਹਿਆ ਜਾਂ ਮਾਣਿਆ ਜਾ ਸਕਦਾ।

ਕਵਿਤਾ ਨੂੰ ਕਦੇ ਵੀ ਕਿਸੇ ਸਥਾਪਤ ਫਰੇਮ ਦੀ ਅੱਖ ਰਾਹੀਂ ਪੜ੍ਹਨ ਜਾਂ ਸਮਝਣ ਦੀ ਕੋਸ਼ਿਸ਼ ਨਾ ਕਰੋ ਕਿਉਂਕਿ ਸਥਾਪਤ ਦਾਇਰਿਆਂ ਵਿਚੋਂ ਸਿਰਫ਼ ਸਥਾਪਤ ਕਵਿਤਾ ਨੂੰ ਹੀ ਪੜ੍ਹਿਆ ਜਾ ਸਕਦਾ। ਜਦ ਅਸੀਂ ਕਵਿਤਾ ਨੂੰ ਫਰੇਮਹੀਣ ਕਰ ਕੇ ਪੜ੍ਹਦੇ ਤਦ ਇਸਦੀ ਉਡਾਣ, ਅਰਥਾਂ ਦੀ ਤਸ਼ਬੀਹ ਅਤੇ ਅਲੰਕਾਰਾਈ ਧਾਰਨਾਵਾਂ ਨੂੰ ਨਵੇਂ ਰੂਪ ਵਿਚ ਪਰਿਭਾਸ਼ਤ ਅਤੇ ਪ੍ਰਤੀਬੱਧਤ ਕਰ ਕੇ, ਇਸਨੂੰ ਇਸਦੀ ਰੰਗਤ ਅਤੇ ਮੌਲਿਕਤਾ ਵਿਚ ਮਾਨਣ ਦੇ ਸਮਰੱਥ ਹੁੰਦੇ।

ਕਵਿਤਾ ਨੂੰ ਕਦੇ ਵੀ ਰਖੇਲ ਨਾ ਬਣਾਓ ਅਤੇ ਨਾ ਹੀ ਇਸਨੂੰ ਨਿੱਜ ਤੀਕ ਸੀਮਤ ਕਰੋ। ਇਸਦੀ ਵਸੀਹਤਾ ਵਿਚੋਂ ਹੀ ਕਵਿਤਾ ਨੂੰ ਆਪਣੇ ਬਹੁ-ਪਾਸਾਰੀ ਕੋਣਾਂ ਰਾਹੀ ਵਰਤਾਰਿਆਂ ਨੂੰ ਦੇਖਣ, ਆਪਣੇ ਵਿਚ ਜਜ਼ਬ ਕਰਨ, ਉਲਥਾਉਣ ਅਤੇ ਪ੍ਰਗਟਾਉਣ ਦੀ ਖੁੱਲ੍ਹ ਹੋਵੇਗੀ।

ਕਵਿਤਾ, ਖੁੱਲ੍ਹੀ ਅੱਖ ਰਾਹੀਂ ਚੌਗਿਰਦੇ ਨੂੰ ਨਿਹਾਰਨ ਦੀ ਅਦਾਅ। ਦਿਮਾਗ ਦੇ ਖੁੱਲ੍ਹੇ ਕਪਾਟਾਂ ਰਾਹੀਂ ਸਮਾਜਿਕ ਸਰੋਕਾਰਾਂ ਦੀ ਸਮੁੱਚਤਾ ਅਤੇ ਸੱਚ ਨੂੰ ਸਮਝਣ ਦੀ ਸੋਝੀ। ਮਾਨਸਿਕ ਧਰਾਤਲ 'ਤੇ ਸਕਾਰਾਤਮਕ ਕਿਰਿਆਵਾਂ ਨੂੰ ਹਰਫ਼ਾਂ ਦੇ ਹਵਾਲੇ ਕਰਨ ਦੀ ਕਲਾਕਾਰੀ। ਮਨੋਵਿਗਿਆਨਕ ਅਵਸਥਾ, ਭਾਵਨਾਤਮਿਕ ਪਹਿਲੂਆਂ ਅਤੇ ਸਰੀਰਕ ਸੰਬੰਧਾਂ ਵਿਚਲੀ ਖੂਬਸੂਰਤੀ ਜਾਂ ਕਰੂਪਤਾ ਨੂੰ ਸ਼ਬਦਾਂ 'ਚ ਪਰੋਣ ਦਾ ਅਲਾਹੀ ਹੁਨਰ।

ਕਵਿਤਾ ਕਵਿਤਾ ਹੋਣਾ ਹੁੰਦਾ ਵਿਰਲਿਆਂ ਦਾ ਨਸੀਬ। ਉਹ ਹੀ ਹੁੰਦਾ ਜੋ ਖ਼ੁਦ ਦੇ ਕਰੀਬ। ਕਵਿਤਾ ਕਵਿਤਾ ਹੋਣ ਦੀ ਹੁੰਦੀ ਨਾ ਹੀ ਕੋਈ ਜ਼ਰੀਬ। ਇਹ ਤਾਂ ਹੁੰਦੀ ਖ਼ੁਦ ਨੂੰ ਖ਼ੁਦ ਦੀ ਰਹਿਣੀ ਤਾਮੀਜ਼। ਖ਼ੁਦ ਦੀ ਜਾਗਦੀ ਮਨੁੱਖ-ਭਾਵੀ ਤਹਿਜ਼ੀਬ। ਕਵਿਤਾ ਕਵਿਤਾ ਹੋ ਕੇ ਕਵਿਤਾ ਬਣੇ ਅਦੀਬ ਅਤੇ ਪਰ ਕਵਿਤਾ ਕਦੇ ਨਾ ਬਣਦੀ ਜਿਉਂਦਾ ਜਾਗਦਾ ਰਕੀਬ। ਕਵਿਤਾ ਵਿਚੋਂ ਉਗਦੀ ਚਾਨਣ ਦੀ ਲੀਰ। ਕਵਿਤਾ ਜੀਵਨ-ਜਾਚ ਤੇ ਕਵਿਤਾ ਜੱਗ ਦਾ ਸੀਰ। ਕਵਿਤਾ ਨਹੀਂ ਹੋਂਵਦੀ ਕਦੇ ਅਧੀਰ। ਕਵਿਤਾ ਜ਼ਿੰਦਗੀ ਮੰਗਦੀ, ਚਾਹੇ ਨਾ ਕਬਰ-ਸਰੀਰ। ਕਵਿਤਾ ਦੇ ਵਿਹੜੇ ਹੋਂਦੀ ਨਹੀਂ ਅਖੀਰ ਤੇ ਇਸਦੇ ਸਰਦਲੀਂ ਡੋਲਦੇ ਰਹੋ ਨੀਰ।

ਕਵਿਤਾ, ਓਝਲ ਜ਼ਿੰਦਗੀ ਮੱਥੇ ਧਰਨਾ ਇਕ ਚਿਰਾਗ। ਸੁੰਨ-ਉਜਾੜਾਂ ਵਿਚ ਗੂੰਜਦਾ ਨਾਦੀ ਰਾਗ। ਕਵਿਤਾ ਹੁੰਦੀ ਸੁੱਤੀ ਰੂਹੀਂ, ਲਾਉਣਾ ਚਾਨਣ-ਜਾਗ ਅਤੇ ਖਾਲੀ ਮਸਤਕਾਂ ਉਪਰ ਖੁਣਨੇ ਜਿਉਣ-ਭਾਗ। ਕਵਿਤਾ ਹੁੰਦੀ 'ਨੇਰਿਆਂ ਜੂਹੇ ਕਰਨੇ ਸਮਝ-ਸੁਰਾਗ। ਤਾਂ ਕਿ ਪੱਤਝੜੀਂ ਉਜਾੜਿਆ, ਵੱਸਦਾ ਹੋਜੇ ਜ਼ਿੰਦਗੀ ਦਾ ਬਾਗ। ਕਵਿਤਾ ਹੁੰਦੀ ਖੁਦ ਦੇ ਵਿਚੋਂ ਖੁਦ ਦਾ ਪਾਇਆ ਦੀਦਾਰ ਅਤੇ ਖੁਦ ਦੀ ਅੱਖ ਵਿਚੋਂ ਦੇਖਣਾ ਆਪਣਾ ਆਰ ਤੇ ਪਾਰ। ਖੁਦ ਦੀ ਬਿੜਕਦੀ ਤੋਰੇ ਲਾਉਣੀ ਉਦਮੀ ਆਰ। ਖੁਦ ਹੀ ਖੁਦ ਦੀ ਗਲਵਕੜੀ ਤੇ ਖੁਦ ਨੂੰ ਬਣਾਉਣਾ ਯਾਰ ਅਤੇ ਖੁਦ 'ਚੋਂ ਖੁਦ ਨੂੰ ਦੇਖਣਾ, ਖੁਦ ਨੂੰ ਹੀ ਖਲਿਆਰ।

ਕਵਿਤਾ ਹਰ ਕੋਈ ਨਹੀਂ ਲਿਖ ਸਕਦਾ। ਕੁਝ ਕਵਿਤਾ ਦੇ ਨਾਮ 'ਤੇ ਕਲਮਕਾਰੀ ਕਰਦੇ, ਕੁਝ ਕਵਿਤਾ ਰਾਹੀ ਹਉਮੈ ਨੂੰ ਪੱਠੇ ਪਾਉਂਦੇ ਅਤੇ ਕੁਝ ਕਵਿਤਾ ਰਾਹੀਂ ਅਕਵਿਤਾ ਨੂੰ ਉਤਸ਼ਾਹਿਤ ਕਰਦੇ। ਅਜੇਹੇ ਲੋਕ ਕਵਿਤਾ ਦੀ ਖੁਦਕੁਸ਼ੀ ਦਾ ਕਾਰਨ। ਸਿਰਫ਼ ਕੁਝ ਹੀ ਹੁੰਦੇ ਜੋ ਕਵਿਤਾ ਨੂੰ ਕਵਿਤਾ ਵਾਂਗ ਲਿਖਦੇ ਕਿਉਂਕਿ ਉਨ੍ਹਾਂ ਲਈ ਕਵਿਤਾ ਮਜਬੂਰੀ ਨਹੀਂ ਸਗੋਂ ਮਨ ਦਾ ਅਲੋਕਾਰੀ ਵਹਿਣ ਜੋ ਸ਼ਬਦਾਂ ਰਾਹੀਂ ਆਪ-ਮੁਹਾਰੇ ਹੀ ਵਹਿ ਤੁਰਦਾ।

ਕਵਿਤਾ ਲਈ ਜ਼ਰੂਰੀ ਹੈ ਕਿ ਕਵਿਤਾ ਵਰਗੀ ਜੀਵਨ-ਜਾਚ ਹੋਵੇ। ਕਵਿਤਾ ਦੀ ਅੱਖ ਨਾਲ ਹਰ ਕਿਰਿਆ, ਕਰਮ, ਕਿਰਤ ਜਾਂ ਕਲਾ ਨੂੰ ਸਮਝਣ ਅਤੇ ਨਿਰੀਖਣ ਦੀ ਰੁਚੀ ਹੋਵੇ। ਕਵਿਤਾ ਹੋ ਕੇ ਸਿਰਜੀ ਹੋਈ ਕਵਿਤਾ ਹੀ ਉਹ ਕਵਿਤਾ ਹੁੰਦੀ ਜਿਹੜੀ ਕਵਿਤਾ ਕਹਿਲਾਉਣ ਦੀ ਹੱਕਦਾਰ।

# ਪੰਜਾਬ ਕਲਾ ਭਵਨ ਦੇ ਵਿਹੜੇ ਢੁਕੀ ਕੌਮੀ ਸਾਹਿਤ ਅਕਾਦਮੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਚੰਡੀਗੜ੍ਹ ਦੇ ਵਸਨੀਕਾਂ ਨੂੰ ਇਸ ਗੱਲ ਦੀ ਖੁਸ਼ੀ ਹੋਣੀ ਚਾਹੀਦੀ ਹੈ ਕਿ ਲੰਘੇ ਹਫ਼ਤੇ ਪੰਜਾਬ ਕਲਾ ਭਵਨ ਦੇ ਰੰਧਾਵਾ ਆਡੀਟੋਰੀਅਮ ਵਿਚ ਨੈਸ਼ਨਲ ਸਾਹਿਤ ਅਕਾਦਮੀ ਨੇ ਆਪਣਾ ਇਕ ਵਿਸ਼ੇਸ਼ ਸਮਾਗਮ ਕਰਵਾਇਆ। ਏਥੇ 27 ਮਈ ਦੀ ਸ਼ਾਮ ਪੰਜਾਬੀ ਦੇ ਜਾਣੇ-ਪਛਾਣੇ ਅਨੁਵਾਦਕ ਤੇ ਆਲੋਚਕ ਤੇਜਵੰਤ ਸਿੰਘ ਗਿੱਲ ਨੂੰ ਸਾਹਿਤ ਅਕਾਦਮੀ ਦੀ ਉੱਚਤਮ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਇਸ ਤੋਂ ਪਹਿਲਾਂ ਇਹ ਸਨਮਾਨ ਪ੍ਰਾਪਤ ਕਰਨ ਵਾਲੇ ਭਾਵੇਂ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ ਤੇ ਗੁਰਦਿਆਲ ਸਿੰਘ ਨਾਵਲਕਾਰ ਵਰਗੇ ਉੱਚ ਦੁਮਾਲੜੇ ਸਾਹਿਤਕਾਰ ਸਨ ਪਰ ਉਹ ਸਾਹਿਤ ਅਕਾਦਮੀ ਦੇ ਪ੍ਰਬੰਧਕਾਂ ਨੂੰ ਚੰਡੀਗੜ੍ਹ ਲਿਆਉਣ ਦਾ ਵਸੀਲਾ ਨਹੀਂ ਬਣ ਸਕੇ। ਇਹ ਵੀ ਮਾਣ ਵਾਲੀ ਗੱਲ ਹੈ ਕਿ ਇਸ ਫੈਲੋਸ਼ਿਪ ਨਾਲ ਤੇਜਵੰਤ ਗਿੱਲ ਨੂੰ ਨਿਵਾਜਣ ਦੀ ਰਸਮ ਸਾਹਿਤ ਅਕਾਦਮੀ ਦੇ ਪ੍ਰਧਾਨ ਚੰਦਰਸ਼ੇਖਰ ਕੰਬਾਰ ਦੀ ਗ਼ੈਰਹਾਜ਼ਰੀ ਵਿਚ ਚੰਡੀਗੜ੍ਹ ਨਿਵਾਸੀ, ਮਾਧਵ ਕੌਸ਼ਿਕ ਨੇ ਨਿਭਾਈ, ਜਿਹੜਾ ਰਾਸ਼ਟਰੀ ਸਾਹਿਤ ਅਕਾਦਮੀ ਦਾ ਮੀਤ ਪ੍ਰਧਾਨ ਹੈ। ਦਾਸ ਨੂੰ ਏਸ ਸਮਾਗਮ ਲਈ ਮਹਿੰਦਰ ਸਿੰਘ ਰੰਧਾਵਾ ਵਲੋਂ ਸਥਾਪਤ ਪੰਜਾਬ ਕਲਾ ਭਵਨ ਦੇ ਚੁਣੇ ਜਾਣ ਦੀ ਉਚੇਚੀ ਖ਼ੁਸ਼ੀ ਹੈ।

ਸਰ ਫਰੋਸ਼ੀ ਕੀ ਤਮੰਨਾ
ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ
ਬਾਜ਼ੂ-ਏ-ਕਾਤਲ ਮੇਂ ਹੈ
ਵਕਤ ਆਨੇ ਪੇ ਬਤਾ ਦੇਂਗੇ
ਤੁਝੇ ਐ ਆਸਮਾਂ
ਹਮ ਅਭੀ ਸੇ ਕਿਆ ਬਤਾਏਂ
ਜੋ ਹਮਾਰੇ ਦਿਲ ਮੇਂ ਹੈ।

ਕਰਤਾਰਪੁਰ ਵਿਖੇ ਜੰਗ-ਏ-ਆਜ਼ਾਦੀ ਅਜਾਇਬਘਰ ਵਿਚ ਪ੍ਰਵੇਸ਼ ਕਰੀਏ ਤਾਂ ਉਪਰੋਕਤ ਬੋਲਾਂ ਦੀ ਮਧੁਰ ਧੁਨੀ ਕੰਨਾਂ ਵਿਚ ਰਸ ਘੋਲਣ ਲੱਗਦੀ ਹੈ। ਏਥੇ ਸੁਤੰਤਰਤਾ ਸੰਗਰਾਮ ਦੀ ਗੌਰਵਮਈ ਦਿੱਖ ਪੇਸ਼ ਕਰਦੀਆਂ ਅੱਧੀ ਦਰਜਨ ਗੈਲਰੀਆਂ ਹਨ, ਜਿਨ੍ਹਾਂ ਵਿਚ 1857 ਦੀਆਂ ਘਟਨਾਵਾਂ, ਗਦਰ ਪਾਰਟੀ ਲਹਿਰ, ਨਾਮਧਾਰੀ ਅੰਦੋਲਨ, ਜੈਤੋ ਦਾ ਮੋਰਚਾ, ਨਨਕਾਣਾ ਸਾਹਿਬ ਦਾ ਸਾਕਾ, ਅਕਾਲੀ ਲਹਿਰ ਨਾਲ ਸਬੰਧਤ ਜੁਝਾਰੂ ਤੇ ਪ੍ਰਭਾਵੀ ਦ੍ਰਿਸ਼ ਪੇਸ਼ ਕੀਤੇ ਗਏ ਹਨ। ਪੜ੍ਹਨ ਵਾਲਿਆਂ ਲਈ ਸਬੰਧਤ ਜਾਣਕਾਰੀ ਲਿਖਤੀ ਰੂਪ ਵਿਚ ਪੇਸ਼ ਕੀਤੀ ਗਈ ਹੈ ਤੇ ਸੁਣਨ ਵਾਲੇ ਤਾਂ ਬਟਨ ਦਬਾ ਕੇ ਸੁਣ ਸਕਦੇ ਹਨ। ਅਖੰਡ ਹਿੰਦੁਸਤਾਨ ਦੇ ਹਿੰਦੂ, ਮੁਸਲਮਾਨ ਤੇ ਸਿੱਖ ਵਸਨੀਕਾਂ ਨੇ ਕਿਵੇਂ ਇਕ ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਦੀ ਕਰੁਣਾਮਈ ਪੇਸ਼ਕਾਰੀ ਵੇਖ ਕੇ ਅੰਤਾਂ ਦਾ ਗੌਰਵ ਹੁੰਦਾ ਹੈ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਸ ਅਜਾਇਬਘਰ ਦੇ ਦਰਸ਼ਕ ਕੇਵਲ ਪੰਜਾਬੀ ਹੀ ਨਹੀਂ ਉੱਤਰ, ਦੱਖਣ, ਪੂਰਬ, ਪੱਛਮ ਦੇ ਪਹਿਰਾਵੇ ਤੇ ਵਰਤਾਰੇ ਵਾਲੇ ਭਾਰਤੀ ਹੁੰਦੇ ਹਨ। ਭਾਵੇਂ ਅੰਮ੍ਰਿਤਸਰ ਵਿਖੇ ਦੇਸ਼ ਵੰਡ ਵਾਲਾ ਅਜਾਇਬਘਰ ਵੀ ਖਿੱਚ ਦਾ ਕੇਂਦਰ ਹੈ। ਉਥੋਂ ਦੇ ਦਰਸ਼ਕਾਂ ਵਿਚ ਏਥੇ ਵਾਲੀ ਧਰਮ-ਨਿਰਪੱਖਤਾ ਨਹੀਂ ਦਿਖਾਈ ਦਿੰਦੀ। ਵਡੇਰੀ ਉਮਰ ਦੇ ਬਜ਼ੁਰਗਾਂ ਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਸਾਂਝੇ ਵਿਰਸੇ ਦੀਆਂ ਇਨ੍ਹਾਂ ਪ੍ਰਾਪਤੀਆਂ ਨੂੰ ਖੁਦ ਵੀ ਦੇਖਣ ਤੇ ਨਵੀਂ ਪੀੜ੍ਹੀ ਦੇ ਬੱਚੇ ਬੱਚੀਆਂ ਨੂੰ ਵੀ ਦਿਖਾਉਣ ਤਾਂ ਕਿ ਉਨ੍ਹਾਂ ਦੇ ਮਨਾਂ ਉੱਤੇ ਆਪਣੇ ਵਡੇਰਿਆਂ ਦੀਆਂ ਕੁਰਬਾਨੀਆਂ ਦੀ ਮੋਹਰ ਲੱਗੇ ਤੇ ਉਹ ਲੋੜ ਪੈਣ 'ਤੇ ਅਜਿਹੀ ਕੁਰਬਾਨੀ ਦੇਣ ਲਈ ਆਪਣੇ ਆਪ ਨੂੰ ਤਿਆਰ ਕਰਨ।

ਚੇਤੇ ਰਹੇ ਕਿ ਜਿਹੜੀ ਗ਼ਜ਼ਲ ਦੇ ਸ਼ਿਅਰ ਇਸ ਅਜਾਇਬਘਰ ਵਿਚ ਤੁਹਾਡਾ ਸਵਾਗਤ ਕਰਦੇ ਹਨ ਉਹ ਸਈਅਦ ਸ਼ਾਹ ਮੁਹੰਮਦ ਹੁਸੈਨ ਬਿਸਮਲ ਅਜ਼ੀਮਾਬਾਦੀ ਦੀ ਲਿਖੀ ਹੋਈ 1921 ਵਿਚ 'ਸਬਾ' ਨਾਂ ਦੇ ਪਰਚੇ ਵਿਚ ਛਪੀ ਸੀ। 'ਸਬਾ' ਦਾ ਮਾਲਕ ਕਾਜ਼ੀ ਅਬਦੁਲ ਗਫਾਰ ਪਟਨੇ ਦਾ ਅਮੀਰ ਜ਼ਿਮੀਂਦਾਰ ਸੀ। ਇਸ ਦੇ ਛਪਣ ਉਪਰੰਤ ਸਰਕਾਰੀ ਕਰਿੰਦਿਆਂ ਦੀ ਘੁਸਰ-ਮੁਸਰ ਤੱਕਦਿਆਂ ਸ਼ਾਹ ਮੁਹੰਮਦ ਦੇ ਮਾਪਿਆਂ ਨੇ ਉਸ ਨੂੰ ਇਸ ਰਚਨਾ ਤੋਂ ਪਾਸਾ ਵੱਟਣ ਲਈ ਕਿਹਾ ਤਾਂ ਉਸਦੀ ਇਹ ਰਚਨਾ ਗ਼ਜ਼ਲਗੋ ਹਸਰਤ ਮੁਹਾਨੀ ਦੇ ਨਾਂ ਲੱਗ ਗਈ।

ਇਹ ਵੀ ਕਿ ਸਮਾਂ ਪਾ ਕੇ ਇਸ ਦਾ ਕਰਤਾ ਰਾਮ ਪ੍ਰਸਾਦ ਬਿਸਮਿਲ ਮੰਨਿਆ ਜਾਣ ਲੱਗਿਆ। ਫੇਰ ਜਦੋਂ ਅਜ਼ੀਮਾਬਾਦੀ ਦੇ ਪੋਤਰਿਆਂ ਨੇ ਆਪਣੇ ਪੜਦਾਦੇ ਦਾ ਮੁੱਦਾ ਚੁੱਕਿਆ ਤਾਂ ਇਸਦੇ ਅਸਲ ਲੇਖਕ ਦਾ ਨਾਂ ਤਾਂ ਪਤਾ ਲੱਗ ਗਿਆ ਪਰ ਸੁਤੰਤਰਤਾ ਸੰਗਰਾਮ ਵਿਚ ਏਨੀ ਹਰਮਨ-ਪਿਆਰੀ ਹੋਈ ਕਿ ਆਮ ਲੋਕ ਇਸਨੂੰ ਰਾਮ ਪ੍ਰਸਾਦ ਬਿਸਮਿਲ ਦੀ ਰਚਨਾ ਸਮਝਣ ਲੱਗ ਪਏ ਤੇ ਹੁਣ ਤਕ ਇਹੀਓ ਮੰਨਦੇ ਹਨ।



**ਨਾਨਕ ਸਿੰਘ ਦੀ ਖ਼ੂਨੀ ਵਿਸਾਖੀ ਦਾ ਮੰਚਨ**

ਜਲ੍ਹਿਆਂਵਾਲਾ ਬਾਗ ਦੇ ਕਤਲ-ਏ-ਆਮ ਦੀ ਦਾਸਤਾਨ ਅੱਜ ਤੱਕ ਭਾਰਤ ਤੇ ਪਾਕਿਸਤਾਨ ਦੇ ਵਸਨੀਕਾਂ ਦੀ ਜ਼ੁਬਾਨ ਉੱਤੇ ਹੈ। ਇਸਦਾ ਬਦਲਾ ਲੈਣ ਲਈ ਸ਼ਹੀਦ ਊਧਮ ਸਿੰਘ ਦੀ ਵਿਉਂਤਬੰਦੀ ਤੇ ਕੁਰਬਾਨੀ ਵੀ ਕਿਸੇ ਨੂੰ ਭੁੱਲੀ ਹੋਈ ਨਹੀਂ ਪਰ ਨਵੀਂ ਪੀੜ੍ਹੀ ਨੂੰ ਇਸ ਗੱਲ ਦਾ ਬਹੁਤ ਘੱਟ ਪਤਾ ਹੈ ਕਿ ਪੰਜਾਬੀ ਦਾ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਵੀ ਇਸ ਸਾਕੇ ਦਾ ਚਸ਼ਮਦੀਦ ਗਵਾਹ ਸੀ ਅਤੇ ਉਸ ਨੇ ਇਸਦੇ ਪ੍ਰਤੀਕਰਮ ਵਜੋਂ ਜਿਹੜੀ ਕਾਵਿਕ ਰਚਨਾ 'ਖ਼ੂਨੀ ਵਿਸਾਖੀ' ਦੇ ਨਾਂ ਹੇਠ ਲਿਖੀ ਤੇ ਛਪਵਾਈ ਸੀ ਉਹ ਏਨੀ ਹਰਮਨ ਪਿਆਰੀ ਹੋਈ ਸੀ ਕਿ ਬਰਤਾਨਵੀ ਹਾਕਮਾਂ ਨੇ ਇਸਨੂੰ ਜ਼ਬਤ ਕਰਨ ਦਾ ਆਦੇਸ਼ ਦੇ ਦਿੱਤਾ ਸੀ। ਅਖੰਡ ਹਿੰਦੁਸਤਾਨ ਵਿਚ ਇਸ ਦੀਆਂ ਕੁੱਲ ਕਾਪੀਆਂ ਨਸ਼ਟ ਕਰ ਦਿੱਤੀਆਂ ਗਈਆਂ ਸਨ। ਇਹ ਸਬੱਬ ਦੀ ਗੱਲ ਹੈ ਕਿ ਨਾਨਕ ਸਿੰਘ ਦੇ ਕਿਸੇ ਮੱਦਾਹ ਨੂੰ ਇਸਦੀ ਇਕ ਕਾਪੀ ਲੰਡਨ ਵਿਚੋਂ ਮਿਲ ਗਈ ਜਿਸਨੂੰ ਨਾਨਕ ਨੇ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਮੁੜ ਛਪਾਇਆ ਤੇ ਪਾਠਕਾਂ ਨੇ ਖ਼ੂਬ ਸਲਾਹੀ।

ਹੁਣ ਪੰਜਾਬੀ ਦੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਇਸ ਰਚਨਾ ਦੇ ਆਧਾਰ ਉੱਤੇ ਅਜਿਹਾ ਨਾਟਕੀ ਰੂਪ ਦਿੱਤਾ ਹੈ ਕਿ ਇਸਦੀ ਪੇਸ਼ਕਾਰੀ ਅੱਜ ਕੱਲ੍ਹ ਵਿਰਸਾ ਵਿਹਾਰ ਕੇਂਦਰ ਵਿਚ ਚੱਲ ਰਹੇ ਰਾਸ਼ਟਰੀ ਰੰਗ ਮੰਚ ਉਤਸਵ ਦੇ ਦਰਸ਼ਕਾਂ ਦਾ ਮਨ ਮੋਹ ਰਹੀ ਹੈ। ਖਾਸ ਕਰਕੇ ਏਸ ਲਈ ਕਿ ਇਹ ਉਤਸਵ ਜਲ੍ਹਿਆਂਵਾਲਾ ਬਾਗ ਹੱਤਿਆ ਕਾਂਡ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਕੀਤਾ ਗਿਆ ਹੈ।

ਭਾਵੇਂ ਕੇਵਲ ਧਾਲੀਵਾਲ ਦੀ ਪੇਸ਼ਕਾਰੀ ਪਹਿਲਾਂ ਹੀ ਹਰਮਨ ਪਿਆਰੀ ਹੋ ਚੁੱਕੀ ਸੀ ਪਰ ਪਿਛਲੇ ਹਫ਼ਤੇ ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਵਲੋਂ ਜਦੋਂ ਇਸਨੂੰ ਦੋ ਰੋਜ਼ਾ ਸੈਮੀਨਾਰ ਦਾ ਅੰਗ ਬਣਾਇਆ ਗਿਆ ਤਾਂ ਇਸ ਨਾਲ ਇਸ ਰਚਨਾ ਵਿਚ ਨਵੀਂ ਰੂਹ ਫੂਕੀ ਗਈ। ਇਸ ਪੇਸ਼ਕਾਰੀ ਵਿਚ ਨਾਨਕ ਸਿੰਘ ਨਾਵਲਕਾਰ ਦੇ ਕਾਵਿਕ ਬੋਲਾਂ ਸਮੇਤ ਡੌਲੀ ਸਡਲ ਦੀ ਅਦਾਕਾਰੀ ਅਤਿਅੰਤ ਪ੍ਰਭਾਵਕਾਰੀ ਸੀ ਜਿਸਨੇ ਰਤਨਾ ਦੇਵੀ ਦਾ ਰੋਲ ਅਦਾ ਕੀਤਾ। ਚੇਤੇ ਰਹੇ ਕਿ ਜਲ੍ਹਿਆਂਵਾਲਾ ਕਤਲੇਆਮ ਵਿਚ ਰਤਨਾ ਦੇਵੀ ਦਾ ਪਤੀ ਸ਼ਹੀਦੀ ਪਾ ਗਿਆ ਸੀ ਤੇ ਬੇਟਾ ਏਨਾ ਗੰਭੀਰ ਜ਼ਖ਼ਮੀ ਹੋ ਗਿਆ ਸੀ ਕਿ ਆਪਣੇ ਪਿਤਾ ਦੀ ਲਾਸ਼ ਤਕ ਨਹੀਂ ਸੀ ਪਹੁੰਚ ਸਕਿਆ। ਸਿਤਮਜ਼ਰੀਫੀ ਇਹ ਵੀ ਕਿ ਗੋਰੀ ਸਰਕਾਰ ਨੇ ਰਤਨਾ ਦੇਵੀ ਨੂੰ ਆਪਣੇ ਪਤੀ ਦੀ ਲਾਸ਼ ਤੱਕ ਸੰਭਾਲਣ ਦਾ ਮੌਕਾ ਨਹੀਂ ਦਿੱਤਾ। ਇਹ ਵੀ ਨੋਟ ਕੀਤਾ ਗਿਆ ਹੈ ਕਿ ਕੇਵਲ ਧਾਲੀਵਾਲ ਖ਼ੂਨੀ ਵਿਸਾਖੀ ਨਾਂ ਦੇ ਇਸ ਨਾਟਕ ਨੂੰ ਸਮੇਂ ਸਮੇਂ ਬਦਲਦੇ ਹਾਲਾਤ ਅਨੁਸਾਰ ਢਾਲਦਾ ਰਹਿੰਦਾ ਹੈ। ਆਪਣੀ ਸੱਜਰੀ ਪੇਸ਼ਕਾਰੀ ਵਿਚ ਜਦੋਂ ਉਸਨੇ ਇਸ ਰਚਨਾ ਨੂੰ ਵਰਤਮਾਨ ਸਰਕਾਰ ਵਲੋਂ ਜਲ੍ਹਿਆਂਵਾਲਾ ਬਾਗ਼ ਦੇ ਵਿਗਾੜੇ ਗਏ ਰੂਪ ਨਾਲ ਜੋੜ ਕੇ ਵਿਰਸਾ ਵਿਹਾਰ ਭਵਨ ਅੰਮ੍ਰਿਤਸਰ ਵਿਚ ਦਰਸ਼ਕਾਂ ਦੇ ਰੂਬਰੂ ਕੀਤਾ ਤਾਂ ਦਰਸ਼ਕਾਂ ਵਿਚ ਹਾਜ਼ਰ ਪੰਜਾਬ ਦੇ ਪੰਚਾਇਤ ਤੇ ਵਿਕਾਸ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਨਾਟਕ ਨੂੰ ਦੂਰ ਦੁਰਾਡੇ ਸ਼ਹਿਰਾਂ ਵਿਚ ਵਿਖਾਉਣ ਦੀ ਚਾਹਨਾ ਜਤਾਈ ਜਿਸ ਲਈ ਪੰਜਾਬ ਸਰਕਾਰ ਲੋੜੀਂਦੀ ਮਾਇਆ ਜੁਟਾ ਸਕਦੀ ਹੈ।

**ਅੰਤਿਕਾ**

ਗੁਰਚਰਨ ਕੌਰ ਕੋਚਰ
ਸ਼ਹੀਦਾਂ ਦੀ ਸ਼ਹਾਦਤ ਵੀ ਤਾਂ
ਬਹੁਮੁੱਲਾ ਖਜ਼ਾਨਾ ਹੈ,
ਜੋ ਸ਼ਬਦਾਂ ਵਿਚ ਜਾਂ ਉਂਗਲਾਂ 'ਤੇ
ਗਿਣਾਇਆ ਜਾ ਨਹੀਂ ਸਕਦਾ।
ਬਲੇ ਦੀਵਾ ਅਜ਼ਾਦੀ ਦਾ
ਜਿਗਰ ਦਾ ਖ਼ੂਨ ਪਾ ਕੇ ਹੀ,
ਤੇ ਇਹ ਦੀਵਾ ਸ਼ਹਾਦਤ ਬਿਨ
ਜਗਾਇਆ ਜਾ ਨਹੀਂ ਸਕਦਾ।
ਜੋ ਮਰਦੇ ਕੌਮ ਦੀ ਖ਼ਾਤਰ
ਉਹਦੀ ਪਹਿਚਾਣ ਦਾ ਰੁਤਬਾ,
ਸਮੇਂ ਦੀ ਪੈੜ ਕੋਲੋਂ ਵੀ
ਮਿਟਾਇਆ ਜਾ ਨਹੀਂ ਸਕਦਾ।

# ਭਾਰਤ ਦੀ ਹਸਤੀ ਨੂੰ ਅੰਦਰਲੀਆਂ ਘੇਰਾਬੰਦੀਆਂ ਤੋਂ ਖਤਰਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ ਇਕ ਪ੍ਰਮੁੱਖ ਪੱਤਰਕਾਰ ਹੁੰਦਾ ਸੀ, ਉਹ ਅਜੇ ਵੀ ਹੈ, ਪਰ ਅੱਜ-ਕੱਲ੍ਹ ਉਹ ਪੱਤਰਕਾਰ ਨਹੀਂ, ਰਾਜਸੀ ਲੀਡਰ ਹੋ ਗਿਆ ਹੈ ਤੇ ਰਾਜਸੀ ਲੀਡਰ ਵੀ ਇੱਕ ਵਾੜੇ ਦੀ ਭੇਡ ਬਣਨ ਦੀ ਥਾਂ ਸੱਤਾ ਦੇ ਸੁੱਖ ਲਈ ਹਰ ਕਿਸੇ ਪਾਰਟੀ ਦੀ ਸਰਦਲ ਉੱਤੇ ਮੱਥਾ ਟੇਕਣ ਵਾਲਿਆਂ ਵਿਚ ਗਿਣਿਆ ਜਾਂਦਾ ਹੈ। ਜਦੋਂ ਹਾਲੇ ਉਹ ਸੱਤਾ ਦੀ ਲਾਲਸਾ ਲਈ ਕਿਸੇ ਪਾਰਟੀ ਦੀ ਸਰਦਲ ਉੱਤੇ ਅਲਖ ਜਗਾਉਣ ਦੇ ਰਾਹ ਨਹੀਂ ਸੀ ਪਿਆ, ਪੈਂਤੀ ਕੁ ਸਾਲ ਪਹਿਲਾਂ ਉਸ ਨੇ ਇੱਕ ਕਿਤਾਬ 'ਇੰਡੀਆ: ਦਾ ਸੀਜ਼ ਵਿਦਿਨ' ਲਿਖੀ ਸੀ, ਜਿਸ ਦਾ ਪੰਜਾਬੀ ਵਿਚ ਭਾਵ 'ਭਾਰਤ ਦੇ ਅੰਦਰੋਂ-ਅੰਦਰ ਘੇਰਾਬੰਦੀਆਂ' ਲਿਆ ਜਾ ਸਕਦਾ ਹੈ। ਇਹ ਕਿਤਾਬ ਬਹੁਤ ਵਧੀਆ ਸਮਝੀ ਗਈ ਸੀ ਅਤੇ ਕਈ ਲੋਕ ਇਸ ਨੂੰ ਭਾਰਤ ਦੇ ਵਿਗੜ ਰਹੇ ਹਾਲਾਤ ਨੂੰ ਸਮਝਣ ਲਈ ਇੱਕ ਹੈਂਡ-ਬੁੱਕ ਵਾਂਗ ਨਾਲ ਰੱਖ ਕੇ ਮਾਣ ਮਹਿਸੂਸ ਕਰਦੇ ਸਨ। ਫਿਰ ਅਕਬਰ ਹੀ ਅਕਬਰ ਨਹੀਂ ਸੀ ਰਿਹਾ ਅਤੇ ਇੱਕ ਪਿੱਛੋਂ ਦੂਸਰੀ ਪਾਰਟੀ ਦੀ ਚਾਕਰੀ ਕਰਦਾ ਅੰਤ ਵਿਚ ਉਹ ਓਸੇ ਭਾਜਪਾ ਦੀ ਸਰਕਾਰ ਵਿਚ ਕੇਂਦਰੀ ਮੰਤਰੀ ਬਣ ਗਿਆ ਸੀ, ਜਿਸ ਦੇ ਖ਼ਿਲਾਫ ਲਿਖਦਾ ਹੁੰਦਾ ਸੀ। ਭਾਰਤ ਦੇ ਹਾਲਾਤ ਸਮਝਣ ਵਿਚ ਉਸ ਦੀ ਉਹ ਕਿਤਾਬ ਅੱਜ ਵੀ ਬਹੁਤ ਮਦਦ ਕਰ ਸਕਦੀ ਹੈ, ਜਿਹੜੀ ਦੇਸ਼ ਦੇ ਅੰਦਰ ਹੁੰਦੀਆਂ ਘੇਰਾਬੰਦੀਆਂ ਦੀ ਵਿਆਖਿਆ ਕਰਦੀ ਹੈ।

ਅਸੀਂ ਭਾਰਤੀ ਲੋਕ ਲੰਮਾ ਸਮਾਂ ਇਸ ਗੱਲ ਦਾ ਮਾਣ ਕਰਦੇ ਰਹੇ ਹਾਂ ਤੇ ਭਵਿੱਖ ਵਿਚ ਵੀ ਕਰਨਾ ਚਾਹੁੰਦੇ ਹਾਂ ਕਿ ਭਾਰਤ ਕੁਦਰਤੀ ਦਾਤਾਂ ਦੇ ਪੱਖੋਂ ਹੀ ਅਨੇਕਤਾ ਵਿਚ ਏਕਤਾ ਦਾ ਨਮੂਨਾ ਨਹੀਂ, ਇਸ ਦੇ ਲੋਕਾਂ ਦੀ ਧਰਮ ਦੀ ਅਨੇਕਤਾ ਦੇ ਬਾਵਜੂਦ ਇਹ ਲੋਕਤੰਤਰ ਦੇ ਰਾਹ ਉੱਤੇ ਸ਼ਾਂਤਮਈ ਚੱਲੀ ਜਾਂਦਾ ਹੈ। ਇਹ ਠੀਕ ਹੈ ਕਿ ਅਸੀਂ ਭਵਿੱਖ ਵਿਚ ਵੀ ਇਸ ਦੇ ਏਸੇ ਤਰ੍ਹਾਂ ਚੱਲਦੇ ਰਹਿਣ ਦਾ ਮਾਣ ਕਰਨਾ ਚਾਹੁੰਦੇ ਹਾਂ, ਪਰ ਭਵਿੱਖ ਵਿਚ ਇਸ ਦੀ ਅਨੇਕਤਾ ਵਿਚ ਏਕਤਾ ਤੇ ਇਸ ਦੀ ਏਕਤਾ ਦੇ ਪੱਕੇ ਪੈਰੀਂ ਰਹਿਣ ਦਾ ਯਕੀਨ ਸਾਡੇ ਵਿਚ ਕਿੰਨੇ ਲੋਕਾਂ ਨੂੰ ਹੈ, ਇਹ ਦੱਸ ਸਕਣਾ ਔਖਾ ਹੈ। 'ਪਿਆਰੀ ਭਾਰਤ ਮਾਂ' ਗਾਉਣ ਵਾਲੇ ਬਹੁਤ ਸਾਰੇ ਲੋਕਾਂ ਦਾ ਇਹ ਵਿਸ਼ਵਾਸ ਪਹਿਲਾਂ ਜਿੰਨਾ ਪੱਕਾ ਨਹੀਂ ਰਿਹਾ ਅਤੇ ਉਹ ਗੱਲਾਂ ਕਰਨ ਲੱਗੇ ਹਨ ਕਿ ਜੇ ਹਾਲਾਤ ਇਹੋ ਰਹੇ ਤਾਂ ਸੁਰਜੀਤ ਪਾਤਰ ਦਾ ਇਹ ਸ਼ੇਅਰ ਯਾਦ ਰੱਖਣਾ ਚਾਹੀਦਾ ਹੈ ਕਿ "ਜੇ ਹਵਾ ਇਹ ਰਹੀ ਤਾਂ ਫਿਰ ਕਬਰਾਂ 'ਤੇ ਕੀ, ਸਭ ਘਰਾਂ ਦੇ ਵੀ ਦੀਵੇ ਬੁਝੇ ਰਹਿਣਗੇ।" ਭਾਰਤ ਉਸ ਪਾਸੇ ਵੱਲ ਵਧ ਰਿਹਾ ਜਾਪਦਾ ਹੈ।

ਸਾਨੂੰ ਇਸ ਗੱਲੋਂ ਪੂਰੀ ਤਸੱਲੀ ਹੈ ਕਿ ਪਟਿਆਲਾ ਵਿਚ ਇੱਕ ਸ਼ੋਹਦੇ ਵੱਲੋਂ ਫਿਰਕੂ ਸੱਦਾ ਦੇ ਕੇ ਚੁਆਤੀ ਲਾਉਣ ਦਾ ਉਸ ਨੂੰ ਜਾਂ ਉਸ ਦੇ ਪਿੱਛੇ ਖੜ੍ਹੀਆਂ ਤਾਕਤਾਂ ਨੂੰ ਮਨ-ਚਾਹਿਆ ਮਕਸਦ ਹਾਸਲ ਨਹੀਂ ਹੋ ਸਕਿਆ। ਉਸ ਸ਼ਰਾਰਤੀ ਦੇ ਆਪਣੇ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਉਸ ਨੂੰ ਇਸ ਗੱਲੋਂ ਝਾੜਿਆ ਅਤੇ ਨਾ ਸਿਰਫ ਗੱਲਾਂ ਨਾਲ ਝਾੜਿਆ, ਸਰੀਰਕ ਤੌਰ ਉੱਤੇ ਵੀ ਕੁਝ ਹੱਦ ਤੱਕ ਝੰਬ ਦਿੱਤਾ ਕਿ ਉਹ ਸੁੱਖੀਂ ਵੱਸਦੇ ਦੋਵਾਂ ਭਾਈਚਾਰਿਆਂ ਦੇ ਲੋਕਾਂ ਵਿਚਾਲੇ ਫਸਾਦ ਕਰਾਉਣ ਦੇ ਲਈ ਸ਼ੋਸ਼ੇ ਛੱਡਦਾ ਫਿਰਦਾ ਹੈ। ਸਿੱਖ ਭਾਈਚਾਰਾ ਵੀ ਆਮ ਕਰਕੇ ਸ਼ਾਂਤ ਤੇ ਜ਼ਿੰਮੇਵਾਰੀ ਦੇ ਅਹਿਸਾਸ ਤੱਕ ਸੀਮਤ ਰਹਿ ਕੇ ਪਟਿਆਲਾ ਸ਼ਹਿਰ ਤੇ ਪੰਜਾਬ ਦਾ ਮਾਹੌਲ ਵਿਗੜਨ ਤੋਂ ਬਚਾਉਣ ਵਿਚ ਕਾਮਯਾਬ ਰਿਹਾ ਹੈ। ਫਿਰ ਵੀ ਇਹ ਨੋਟ ਕਰਨ ਦੀ ਲੋੜ ਹੈ ਕਿ ਏਦਾਂ ਦੀ ਕੋਈ ਚੁਆਤੀ ਲਾਉਣ ਦਾ ਕੰਮ ਕੋਈ ਇਕੱਲਾ ਬੰਦਾ ਆਪਣੇ ਆਪ ਨਹੀਂ ਕਰਦਾ ਹੁੰਦਾ, ਅਸਲ ਵਿਚ ਉਸ ਦੇ ਪਿੱਛੇ ਕੋਈ ਨਾ ਕੋਈ ਸ਼ਰਾਰਤੀ ਧਿਰ ਹੋ ਸਕਦੀ ਹੈ, ਜਿਹੜੀ ਮੁੜ ਸਾਜ਼ਿਸ਼ ਕਰ ਸਕਦੀ ਹੈ।

ਦੂਸਰੇ ਪਾਸੇ ਦੇਸ਼ ਦੇ ਪੱਧਰ ਉੱਤੇ ਕਦੀ ਰਾਜਧਾਨੀ ਦਿੱਲੀ ਦੇ ਜਹਾਂਗੀਰਪੁਰੀ ਵਿਚ ਦੰਗੇ ਤੇ ਕਦੀ ਮੱਧ ਪ੍ਰਦੇਸ਼ ਦੇ ਖਰਗੋਨ ਵਿਚ ਇਹੋ ਕੁਝ ਹੋਣਾ ਦੱਸਦਾ ਹੈ ਕਿ ਸ਼ਰਾਰਤੀ ਅਨਸਰ ਇਸ ਦੇਸ਼ ਨੂੰ ਆਰਾਮ ਨਾਲ ਵੱਸਦਾ ਬਰਦਾਸ਼ਤ ਨਹੀਂ ਕਰਦੇ। ਇਹੋ ਕਾਰਨ ਹੈ ਕਿ ਵੱਖ-ਵੱਖ ਥਾਈਂ ਵੱਖ-ਵੱਖ ਰੂਪਾਂ ਵਿਚ ਇਹੋ ਜਿਹੀ ਕੋਈ ਨਾ ਕੋਈ ਗੱਲ ਬਾਹਰ ਆ ਜਾਂਦੀ ਹੈ, ਜਿਹੜੀ ਵਕਤ ਰਹਿੰਦਿਆਂ ਸੰਭਾਲੀ ਨਾ ਜਾਵੇ ਤਾਂ ਬਾਤ ਦਾ ਬਤੰਗੜ ਹੀ ਨਹੀਂ, ਸਮੁੱਚੇ ਦੇਸ਼ ਦੇ ਮਾਹੌਲ ਨੂੰ ਵਿਗਾੜਨ ਵਾਲੀ ਹੋ ਸਕਦੀ ਹੈ। ਫਿਰਕੂ ਤੱਤ ਅਜਿਹੇ ਗੁੱਝੇ ਦਾਅ ਖੇਡਣ ਲਈ ਸਰਗਰਮ ਹਨ। ਇਸ ਦੀ ਝਲਕ ਮੱਧ ਪ੍ਰਦੇਸ਼ ਦੇ ਸ਼ਹਿਰ ਖੰਡਵਾ ਵਿਚ ਕ੍ਰਿਕਟ ਨੂੰ ਫਿਰਕੂ ਰੰਗ ਦੇਣ ਤੋਂ ਵੀ ਸਾਹਮਣੇ ਆਈ ਹੈ, ਜਿੱਥੇ ਹਰ ਸਾਲ ਹੁੰਦੇ ਕ੍ਰਿਕਟ ਟੂਰਨਾਮੈਂਟ ਵਿਚ ਪਹਿਲੀ ਵਾਰੀ ਇੱਕ ਧਰਮ ਦੇ ਖਿਡਾਰੀ ਸ਼ਾਮਲ ਨਹੀਂ ਸਨ ਕੀਤੇ ਗਏ। ਪੁੱਛਣ ਉੱਤੇ ਉਸ ਹਲਕੇ ਵਿਚੋਂ ਲੋਕਾਂ ਵੱਲੋਂ ਚੁਣੇ ਹੋਏ ਭਾਜਪਾ ਵਿਧਾਇਕ ਨੇ ਤਾਂ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ ਉਸ ਦਾ ਇਸ ਨਾਲ ਸੰਬੰਧ ਹੀ ਕੋਈ ਨਹੀਂ, ਪਰ ਉਸ ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਨੇ ਸਾਫ ਸ਼ਬਦਾਂ ਵਿਚ ਇਹ ਕਹਿ ਦਿੱਤਾ ਕਿ 'ਮੇਰੇ ਘਰ ਵਿਚ ਕੋਈ ਵਿਆਹ ਜਾਂ ਹੋਰ ਸਮਾਗਮ ਹੋਵੇ ਤਾਂ ਕਿਸ ਨੂੰ ਸੱਦਣਾ ਤੇ ਕਿਸ ਨੂੰ ਨਹੀਂ, ਮੇਰੀ ਮਰਜ਼ੀ ਹੀ ਚੱਲੇਗੀ।' ਇਸ ਤਰ੍ਹਾਂ ਓਥੇ ਹਰ ਸਾਲ ਹੋਣ ਵਾਲਾ 'ਵਿਧਾਇਕ ਕ੍ਰਿਕਟ ਟੂਰਨਾਮੈਂਟ' ਪਹਿਲੀ ਵਾਰ ਫਿਰਕੂ ਰੰਗ ਵਿਚ ਰੰਗਿਆ ਗਿਆ ਅਤੇ ਕ੍ਰਿਕਟ ਦੇ ਬੈਟ ਤੇ ਬਾਲ ਫਿਰਕੂ ਰੰਗ ਵਿਚ ਰੰਗੇ ਜਾਣ ਦਾ ਉਹ ਪ੍ਰਭਾਵ ਮਿਲਣ ਲੱਗ ਪਿਆ, ਜਿਹੜਾ ਦੇਸ਼ ਲਈ ਸ਼ੁਭ ਨਹੀਂ।

ਤੀਸਰੇ ਪਾਸੇ ਰਾਮ ਭਗਵਾਨ ਦੀ ਨਗਰੀ ਕਹੇ ਜਾਂਦੇ ਅਯੁੱਧਿਆ ਸ਼ਹਿਰ ਦੀ ਖ਼ਬਰ ਚਿੰਤਾ ਪੈਦਾ ਕਰਨ ਵਾਲੀ ਹੈ ਤੇ ਇਹ ਵਿਸ਼ਵਾਸ ਬੰਨ੍ਹਾਉਣ ਵਾਲੀ ਵੀ ਕਿ ਲੋਕ ਅਜੇ ਭਾਈਚਾਰਕ ਸਾਂਝਾ ਕਾਇਮ ਰੱਖਣ ਲਈ ਵਚਨਬੱਧ ਹਨ। ਭਾਰਤ ਜਾਂ ਇਸ ਤੋਂ ਬਾਹਰ ਦੇ ਬਹੁਤੇ ਲੋਕ ਇਹ ਗੱਲ ਨਹੀਂ ਜਾਣਦੇ ਕਿ ਜਦੋਂ ਅਯੁੱਧਿਆ ਵਿਚ ਬਾਬਰੀ ਮਸਜਿਦ ਢਾਹੀ ਜਾਣ ਲਈ ਇੱਕ ਖਾਸ ਪਾਰਟੀ ਦੇ ਮੁਖੀ ਆਗੂ ਦੀ ਅਗਵਾਈ ਵਿਚ ਰੱਥ ਘੁਮਾਇਆ ਗਿਆ ਤੇ ਫਿਰ ਮਸਜਿਦ ਤੋੜਨ ਮਗਰੋਂ ਸਮੁੱਚੇ ਭਾਰਤ ਵਿਚ ਦੰਗੇ ਹੋਣ ਲੱਗੇ ਹਨ, ਅਯੁੱਧਿਆ ਦੇ ਲੋਕ ਓਦੋਂ ਵੀ ਇੱਕ ਦੂਸਰੇ ਨਾਲ ਨਹੀਂ ਸੀ ਲੜੇ। ਹਰ ਨਾਜ਼ੁਕ ਮੋੜ ਉੱਤੇ ਉਨ੍ਹਾਂ ਸੂਝ ਦਾ ਸਬੂਤ ਦਿੱਤਾ ਸੀ ਤੇ ਅੱਜ ਵੀ ਉਸ ਸੂਝ ਨਾਲ ਚੱਲ ਰਹੇ ਹਨ, ਪਰ ਲੋਕਾਂ ਦੀ ਇਸ ਸੂਝ ਦੇ ਦੁਸ਼ਮਣ ਚੁਆਤੀਆਂ ਲਾਉਣ ਤੋਂ ਓਥੇ ਵੀ ਬਾਜ਼ ਨਹੀਂ ਆਏ। ਇਸ ਹਫਤੇ ਕੁਝ ਅਖਬਾਰਾਂ ਨੇ ਇਹ ਖਬਰ ਦਿੱਤੀ ਹੈ ਕਿ ਓਥੇ ਕੁਝ ਸ਼ਰਾਰਤੀਆਂ ਨੇ ਹਿੰਦੂ-ਮੁਸਲਿਮ ਦੰਗੇ ਕਰਾਉਣ ਦੀ ਸਾਜ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋ ਸਕੇ ਅਤੇ ਅੰਤ ਵਿਚ ਜੇਲ੍ਹ ਜਾ ਪੁੱਜੇ ਹਨ। ਇਨ੍ਹਾਂ ਲੋਕਾਂ ਨੇ ਇੱਕ ਖਾਸ ਧਰਮ ਦੇ ਲੋਕਾਂ ਵਰਗੇ ਕੁੜਤੇ-ਪਜਾਮੇ ਪਹਿਨੇ ਅਤੇ ਜਾਲੀਦਾਰ ਟੋਪੀਆਂ ਪਾ ਕੇ ਕੁਝ ਥਾਵਾਂ ਤੋਂ ਮਾਸ ਖਰੀਦਣ ਦੇ ਬਾਅਦ ਕੁਝ ਖਾਸ ਧਰਮ ਅਸਥਾਨਾਂ ਵਿਚ ਸੁੱਟਣ ਦੀ ਹਰਕਤ ਕੀਤੀ ਤਾਂ ਸੀ ਸੀ ਟੀ ਵੀ ਕੈਮਰਿਆਂ ਦੀ ਅੱਖ ਤੋਂ ਲੁਕੇ ਨਹੀਂ ਰਹਿ ਸਕੇ। ਉਨ੍ਹਾਂ ਬਾਰੇ ਚੌਕਸੀ ਕੈਮਰਿਆਂ ਦੀ ਵੀਡੀਓ ਫੁਟੇਜ ਬਹੁਤ ਜ਼ਿਆਦਾ ਸਾਫ ਮਿਲ ਗਈ ਅਤੇ ਉਸ ਰਾਜ ਦੀ ਸਰਕਾਰ ਨੂੰ ਵੀ ਉਨ੍ਹਾਂ ਵਿਰੁੱਧ ਕਾਰਵਾਈ ਕਰਨੀ ਪਈ ਹੈ। ਦੋਸ਼ੀਆਂ ਵਿਚੋਂ ਜਿਹੜਾ ਆਗੂ ਮੰਨਿਆ ਜਾਂਦਾ ਹੈ, ਉਸ ਦੇ ਭਰਾ ਦਾ ਕਹਿਣਾ ਹੈ ਕਿ ਮੇਰਾ ਭਰਾ ਤਾਂ ਦਿੱਲੀ ਦੇ ਜਹਾਂਗੀਰਪੁਰੀ ਵਿਚ ਵਾਪਰੇ ਦੰਗਿਆਂ ਦਾ ਬਦਲਾ ਲੈਣਾ ਚਾਹੁੰਦਾ ਸੀ। ਪਹਿਲੀ ਗੱਲ ਤਾਂ ਇਹ ਕਿ ਜਹਾਂਗੀਰਪੁਰੀ ਵਿਚ ਜੋ ਹੋਇਆ, ਉਹ ਅੰਤਾਂ ਦਾ ਮਾੜਾ ਤੇ ਨਿੰਦਣਯੋਗ ਸੀ, ਦੂਸਰੀ ਇਹ ਕਿ ਉਹ ਦੇਸ਼ ਦੀ ਰਾਜਧਾਨੀ ਦਿੱਲੀ ਦਾ ਮਾਮਲਾ ਸੀ, ਜਿੱਥੇ ਅਯੁੱਧਿਆ ਦੇ ਲੋਕ ਇੱਕ ਜਾਂ ਦੂਸਰੇ ਪਾਸੇ ਤੋਂ ਲੜਨ ਲਈ ਨਹੀਂ ਸਨ ਗਏ ਤਾਂ ਉਸ ਦਾ ਬਦਲਾ ਅਯੁੱਧਿਆ ਵਿਚ ਲੈਣ ਦੀ ਗੱਲ ਕਰਨ ਦਾ ਕੋਈ ਮਤਲਬ ਹੀ ਨਹੀਂ ਸੀ ਹੋਣਾ ਚਾਹੀਦਾ। ਇਹ ਸਿਰੇ ਦੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਸੀ।

ਅਸੀਂ ਅਲਾਮਾ ਇਕਬਾਲ ਦੇ ਇਹ ਸ਼ਬਦ ਕਈ ਵਾਰ ਦੁਹਰਾਏ ਹਨ ਕਿ 'ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ, ਸਦੀਉਂ ਰਹਾ ਹੈ ਦੁਸ਼ਮਨ ਦੌਰ-ਇ-ਜ਼ਮਾਂ ਹਮਾਰਾ'। ਭਾਰਤ ਦੀ ਹਸਤੀ ਜੇ ਅੱਜ ਤੱਕ ਕਾਇਮ ਰਹੀ ਹੈ ਤਾਂ ਇਸ ਦੇ ਹਾਕਮਾਂ: ਰਾਜਿਆਂ ਜਾਂ ਲੋਕਤੰਤਰੀ ਲੀਡਰਾਂ ਦੀ ਅਗਵਾਈ ਕਰ ਕੇ ਨਹੀਂ ਰਹੀ, ਸਗੋਂ ਇਸ ਕਾਰਨ ਕਾਇਮ ਰਹਿ ਸਕੀ ਹੈ ਕਿ ਇਸ ਦੇਸ਼ ਦੇ ਲੋਕ ਆਪਸੀ ਭਾਈਚਾਰੇ ਦੀਆਂ ਤੰਦਾਂ ਨੂੰ ਹਰ ਵਾਰੀ ਟੁੱਕੇ ਜਾਣ ਤੋਂ ਬਚਾ ਲੈਂਦੇ ਰਹੇ ਹਨ।

ਭਾਰਤ ਦੇ ਦੁਸ਼ਮਣ ਪਹਿਲਾਂ ਵੀ ਬਹੁਤ ਰਹੇ ਹਨ ਅਤੇ ਅੱਜ ਵੀ ਬਹੁਤ ਹਨ, ਪਰ ਭਾਰਤ ਨੂੰ ਖਤਰਾ ਬਾਹਰਲੇ ਦੁਸ਼ਮਣਾਂ ਕੋਲੋਂ ਨਹੀਂ, ਸਗੋਂ ਇਸ ਦੇ ਅੰਦਰਲੀਆਂ ਉਨ੍ਹਾਂ ਘੇਰਾਬੰਦੀਆਂ ਤੋਂ ਹੈ, ਜਿਨ੍ਹਾਂ ਦਾ ਜ਼ਿਕਰ ਐਮ ਜੇ ਅਕਬਰ ਨੇ ਉਸ ਵਕਤ ਕੀਤਾ ਸੀ, ਜਦੋਂ ਉਹ ਪੁਰਾਣਾ ਅਕਬਰ ਹੁੰਦਾ ਸੀ, ਰਾਜਸੀ ਚਾਹਤਾਂ ਦਾ ਗ਼ੁਲਾਮ ਨਹੀਂ ਸੀ ਬਣਿਆ। ਉਸ ਦੀਆਂ ਰਾਜਸੀ ਚਾਹਤਾਂ ਨੂੰ ਆਪਣੀ ਥਾਂ ਰੱਖਦੇ ਹੋਏ ਅੱਜ ਵੀ ਭਾਰਤ ਦੇ ਲੋਕਾਂ ਨੂੰ ਇਹ ਸੋਚਣ ਦੀ ਲੋੜ ਹੈ ਕਿ ਭਾਰਤ ਦੇ ਅੰਦਰਲੀਆਂ ਘੇਰਾਬੰਦੀਆਂ ਅਤੇ ਇਹ ਘੇਰਾਬੰਦੀਆਂ ਕਰਨ ਵਾਲੇ ਇਸ ਦੇਸ਼ ਲਈ ਕਿਸੇ ਵੀ ਹੋਰ ਖਤਰੇ ਤੋਂ ਵੱਧ ਖਤਰਾ ਹਨ। ਭਵਿੱਖ ਵਿਚ ਭਾਰਤ ਅਤੇ ਭਾਰਤੀਆਂ ਨੇ ਆਪਣੀ ਹਸਤੀ ਕਾਇਮ ਰੱਖਣੀ ਹੈ ਤਾਂ ਉਨ੍ਹਾਂ ਨੂੰ ਇਸ ਖਤਰੇ ਵਿਰੁੱਧ ਸੁਚੇਤ ਰਹਿਣਾ ਪਵੇਗਾ।

# ਵਧ ਰਿਹਾ ਆਰਥਿਕ ਪਾੜਾ ਕਿਵੇਂ ਰੁਕੇ

ਮੁਲਕ ਵਿਚ ਆਰਥਿਕ ਪਾੜਾ ਖਤਰਨਾਕ ਹੱਦ ਪਾਰ ਕਰ ਗਿਆ ਹੈ। ਇਹ ਵਰਤਾਰਾ ਸੰਵਿਧਾਨ ਦੀ ਭਾਵਨਾ ਦੇ ਖ਼ਿਲਾਫ ਹੈ। ਸੰਵਿਧਾਨ ਦੀ ਮਦ 39(ਬੀ) ਮੁਤਾਬਿਕ ਅਰਥਚਾਰਾ ਆਮ ਲੋਕਾਂ ਦੀ ਭਲਾਈ ਵਾਸਤੇ ਵਿਕਸਿਤ ਕੀਤਾ ਜਾਵੇਗਾ। ਸੰਵਿਧਾਨ ਦੀ ਮਦ 39(ਸੀ) ਅਨੁਸਾਰ ਅਰਥਚਾਰਾ ਇਸ ਤਰੀਕੇ ਨਾਲ ਵਿਕਸਿਤ ਹੋਵੇਗਾ ਕਿ ਆਰਥਿਕ ਵਸੀਲੇ/ਸ਼ਕਤੀ ਥੋੜ੍ਹੇ ਜਿਹੇ ਹੱਥਾਂ ਵਿਚ ਇਕੱਤਰ ਨਾ ਹੋ ਜਾਵੇ। ਵਧ ਰਹੇ ਆਰਥਿਕ ਪਾੜੇ ਕਾਰਨ ਆਰਥਿਕ ਵਿਕਾਸ ਅਤੇ ਸਮਾਜਿਕ ਤਾਣੇ-ਬਾਣੇ ਵਾਸਤੇ ਗੰਭੀਰ ਅਸਰ ਪੈਦਾ ਹੋ ਸਕਦੇ ਹਨ। ਧਨ-ਦੌਲਤ ਵੱਡੇ ਪੱਧਰ 'ਤੇ ਥੋੜ੍ਹੇ ਹੱਥਾਂ ਵਿਚ ਇਕੱਤਰ ਹੋਣ ਕਾਰਨ ਆਮ ਲੋਕਾਂ ਕੋਲ ਖਰੀਦ ਸ਼ਕਤੀ ਆਮਦਨ ਦੇ ਰੂਪ ਵਿਚ ਨਹੀਂ ਪਹੁੰਚ ਰਹੀ, ਜਿਸ ਕਾਰਨ ਉਹ ਆਪਣੀਆਂ ਬੁਨਿਆਦੀ

ਸੁੱਚਾ ਸਿੰਘ ਗਿੱਲ
ਸੰਪਰਕ: 98550-82857

ਲੋੜਾਂ ਪੂਰੀਆਂ ਨਹੀਂ ਕਰ ਸਕਦੇ। ਇਸ ਨਾਲ ਉਨ੍ਹਾਂ ਦੇ ਬੱਚਿਆਂ ਦਾ ਜਿਸਮਾਨੀ ਅਤੇ ਬੌਧਿਕ ਵਿਕਾਸ ਵੀ ਠੀਕ ਨਹੀਂ ਹੋ ਰਿਹਾ। ਇਸ ਦਾ ਅਨੁਮਾਨ ਤਾਜ਼ਾ ਨੈਸ਼ਨਲ ਫੈਮਿਲੀ ਅਤੇ ਹੈਲਥ ਸਰਵੇਖਣ 2019-20 ਤੋਂ ਲੱਗ ਸਕਦਾ ਹੈ। ਇਸ ਸਰਵੇ ਅਨੁਸਾਰ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚੋਂ 23 ਤੋਂ 47% ਬੱਚੇ ਬੌਣੇ ਹਨ। ਇਨ੍ਹਾਂ ਦਾ ਕੱਦ ਆਪਣੇ ਭਾਰ ਤੇ ਉਮਰ ਮੁਤਾਬਕ ਘੱਟ ਹੈ। ਸਤਾਰਾਂ ਵਿਚੋਂ ਗਿਆਰਾਂ ਸੂਬਿਆਂ ਦੇ ਬੱਚਿਆਂ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਬੌਣੇ ਬੱਚਿਆਂ ਦਾ ਅਨੁਪਾਤ ਵਧਿਆ ਹੈ। ਇਸ ਸਮੇਂ ਦੌਰਾਨ ਸਖ਼ਤ ਭੁੱਖਮਰੀ ਦੇ ਸ਼ਿਕਾਰ ਬੱਚਿਆਂ ਦੇ ਅਨੁਪਾਤ ਵਿਚ ਵੀ ਵਾਧਾ ਹੋਇਆ ਹੈ। ਘੱਟ ਅਤੇ ਅਸੰਤੁਲਤ ਖੁਰਾਕ ਕਰਕੇ 50% ਤੋਂ ਵੱਧ ਗਰਭਵਤੀ ਔਰਤਾਂ ਵਿਚ ਖ਼ੂਨ ਦੀ ਘਾਟ ਇਸ ਸਰਵੇ ਵਿਚ ਦਰਜ ਹੋਈ ਹੈ। ਖ਼ੂਨ ਦੀ ਘਾਟ ਵਾਲੀਆਂ ਔਰਤਾਂ ਦੀ ਗਿਣਤੀ ਅਤੇ ਅਨੁਪਾਤ ਵੀ ਪਿਛਲੇ ਪੰਜ ਸਾਲਾਂ ਦੌਰਾਨ ਵਧਿਆ ਹੈ। ਵਧ ਰਹੇ ਆਰਥਿਕ ਪਾੜੇ ਕਾਰਨ 10% ਲੋਕਾਂ ਕੋਲ ਮੁਲਕ ਦਾ 77% ਧਨ ਇਕੱਠਾ ਹੋ ਗਿਆ ਹੈ। ਇਸ ਕਰਕੇ ਅਰਬਪਤੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਨ੍ਹਾਂ ਦੀ ਗਿਣਤੀ ਸੰਨ 2000 ਵਿਚ ਸਿਰਫ਼ ਨੌਂ ਸੀ, ਜਿਹੜੀ 2022 ਵਿਚ 119 ਹੋ ਗਈ ਹੈ।

ਕਾਰਪੋਰੇਟ ਕੰਪਨੀਆਂ ਦਾ ਮੁਲਕ ਦੀ 40% ਆਮਦਨ ਉੱਤੇ ਕਬਜ਼ਾ ਹੋ ਗਿਆ ਹੈ। ਦੂਜੇ ਪਾਸੇ, 77% ਆਬਾਦੀ ਗਰੀਬ ਤੇ ਕਮਜ਼ੋਰ ਲੋਕਾਂ ਦੀ ਹੈ ਅਤੇ ਇਨ੍ਹਾਂ ਕੋਲ ਮੁਲਕ ਦੀ ਕੁੱਲ ਆਮਦਨ ਦਾ 20% ਤੋਂ ਵੀ ਘੱਟ ਰਹਿ ਗਿਆ ਹੈ। ਸਿੱਟੇ ਵਜੋਂ ਮੁਲਕ ਵਿਚ ਪੈਦਾ ਵਸਤੂਆਂ ਦੀ ਖਰੀਦ ਵਿਚ ਖੜੋਤ ਆ ਗਈ ਹੈ। ਸੰਸਾਰ ਮੰਡੀ ਵਿਚ ਆਈ ਮੰਦੀ ਕਾਰਨ ਇਨ੍ਹਾਂ ਦੀ ਮੰਗ ਵੀ ਸੁੰਗੜ ਗਈ ਹੈ ਅਤੇ ਵਿਕਾਸ ਦਰ ਵਿਚ ਗਿਰਾਵਟ ਆਈ ਹੈ। ਇਹ ਗਿਰਾਵਟ 2014-15 ਤੋਂ 2019-2020 (ਕੋਵਿਡ-19 ਤੋਂ ਪਹਿਲਾਂ) ਲਗਾਤਾਰ ਜਾਰੀ ਸੀ। ਇਸ ਕਰਕੇ ਆਰਥਿਕ ਵਿਕਾਸ ਵਿਚ ਆਮ ਲੋਕਾਂ ਦੀ ਸ਼ਮੂਲੀਅਤ, ਭੁੱਖਮਰੀ ਦੇ ਖ਼ਾਤਮੇ, ਆਮ ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਹਿੱਤ ਅਤੇ ਆਰਥਿਕ ਵਿਕਾਸ ਮੁੜ ਲੀਹਾਂ ਉਤੇ ਲਿਆਉਣ ਲਈ ਜ਼ਰੂਰੀ ਹੈ ਕਿ ਵਧ ਰਹੇ ਆਰਥਿਕ ਪਾੜੇ ਨੂੰ ਠੀਕ ਕੀਤਾ ਜਾਵੇ। ਥੌਮਸ ਪਿਕਟੀ ਨੇ ਆਪਣੀ ਪ੍ਰਸਿੱਧ ਪੁਸਤਕ '21ਵੀਂ ਸਦੀ ਵਿਚ ਸਰਮਾਇਆ' ਵਿਚ ਸੰਸਾਰ ਦੇ ਮੁਲਕਾਂ ਵਿਚ ਵਧ ਰਹੀ ਨਾ-ਬਰਾਬਰੀ ਦਾ ਅਧਿਐਨ ਪਿਛਲੀ ਇਕ ਸਦੀ ਦੇ ਅੰਕੜੇ ਇਕੱਠੇ ਕਰਨ ਤੋਂ ਬਾਅਦ ਕੀਤਾ ਹੈ। ਉਹ ਇਸ ਨਤੀਜੇ 'ਤੇ ਪਹੁੰਚਿਆ ਹੈ ਕਿ ਜੇ ਮੁਲਕ ਦੇ ਵਿਕਾਸ ਦੀ ਦਰ ਨਾਲੋਂ ਸਰਮਾਏ ਦੇ ਮੁਨਾਫ਼ੇ ਦੀ ਦਰ ਵਧ ਜਾਵੇ ਤਾਂ ਆਮਦਨ ਵਿਚ ਨਾ-ਬਰਾਬਰੀ ਵਧ ਜਾਵੇਗੀ ਅਤੇ ਧਨ-ਦੌਲਤ ਥੋੜ੍ਹੇ ਵਿਅਕਤੀਆਂ ਕੋਲ ਇਕੱਠੀ ਹੋ ਜਾਵੇਗੀ। ਵੱਖ-ਵੱਖ ਮੁਲਕਾਂ ਵਿਚ 1980 ਤੋਂ ਬਾਅਦ ਨਵ-ਉਦਾਰਵਾਦੀ ਨੀਤੀਆਂ ਲਾਗੂ ਹੋਣ ਬਾਅਦ ਅਜਿਹਾ ਤੇਜ਼ੀ ਨਾਲ ਹੋਇਆ ਹੈ। ਇਨ੍ਹਾਂ ਮੁਲਕਾਂ ਅੰਦਰ ਕੰਪਨੀਆਂ ਦੇ ਮੁਨਾਫ਼ੇ ਦੀਆਂ ਦਰਾਂ ਵਿਕਾਸ ਦੀਆਂ ਦਰਾਂ ਤੋਂ ਵੱਧ ਹੋ ਗਈਆਂ ਹਨ। ਭਾਰਤ ਵਿਚ ਵੀ 1991 ਤੋਂ ਬਾਅਦ ਅਜਿਹਾ ਤੇਜ਼ੀ ਨਾਲ ਵਾਪਰਿਆ ਹੈ। ਕੰਪਨੀਆਂ ਨੂੰ ਆਪੋ-ਆਪਣੇ ਕਾਰੋਬਾਰ ਵਧਾਉਣ ਵਾਸਤੇ ਭਾਰਤ ਸਰਕਾਰ ਨੇ ਬਹੁਤ ਰਿਆਇਤਾਂ ਅਤੇ ਸਹੂਲਤਾਂ ਦਿੱਤੀਆਂ। ਦੂਜੇ ਪਾਸੇ, ਕਿਰਤੀਆਂ ਤੇ ਕਿਸਾਨਾਂ ਦੀ ਲੁੱਟ ਵਧਾ ਕੇ ਕੰਪਨੀਆਂ ਦੀਆਂ ਤਜੌਰੀਆਂ ਭਰੀਆਂ ਗਈਆਂ।

ਪਿਕਟੀ ਦਾ ਵਿਚਾਰ ਹੈ ਕਿ ਆਰਥਿਕ ਨਾ-ਬਰਾਬਰੀ ਘਟਾਉਣ ਵਾਸਤੇ ਸਭ ਤੋਂ ਵੱਧ ਜ਼ਰੂਰੀ ਹੈ, ਨਵ-ਉਦਾਰਵਾਦੀ ਨੀਤੀ ਬਦਲੀ ਜਾਵੇ। ਬਦਲਣ ਦੀ ਪ੍ਰਕਿਰਿਆ ਬਾਰੇ ਉਸ ਦਾ ਸੁਝਾਅ ਹੈ ਕਿ ਸੁਪਰ ਅਮੀਰ ਕਰੋੜਪਤੀਆਂ 'ਤੇ ਟੈਕਸ ਵਧਾ ਕੇ ਸਰਕਾਰ ਦੀ ਆਮਦਨ ਵਧਾਈ ਜਾ ਸਕਦੀ ਹੈ ਅਤੇ ਇਹ ਆਮਦਨ ਆਮ ਲੋਕਾਂ ਦੇ ਕਲਿਆਣ ਤੇ ਆਰਥਿਕ ਵਿਕਾਸ ਵਾਸਤੇ ਖਰਚੀ ਜਾ ਸਕਦੀ ਹੈ। ਉਸ ਨੇ ਧਨ-ਦੌਲਤ ਟੈਕਸ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਉਸ ਅਨੁਸਾਰ, ਧਨ-ਦੌਲਤ ਦੀ ਕਾਣੀ ਵੰਡ ਨਾ-ਬਰਾਬਰੀ ਵਧਾਉਂਦੀ ਹੈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਆਮਦਨ ਵਿਚ ਹਿੱਸਾ 50% ਤੋਂ ਵੀ ਜ਼ਿਆਦਾ ਹੋਣ ਕਾਰਨ ਅਮੀਰਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਅਮੀਰ ਕਰਦਾ ਜਾਂਦਾ ਹੈ। ਇਹ ਵੀ ਦੇਖਿਆ ਗਿਆ ਕਿ ਸਰਕਾਰਾਂ ਕਾਰਪੋਰੇਟ ਆਮਦਨ ਤੇ ਟੈਕਸ ਲਗਾਤਾਰ ਘਟਾ ਰਹੀਆਂ ਹਨ। ਪਿਕਟੀ ਦਾ ਸੁਝਾਅ ਹੈ ਕਿ ਕਾਰਪੋਰੇਟ ਆਮਦਨ ਟੈਕਸ ਦੀ ਦਰ ਵਧਾਈ ਜਾਵੇ। ਕੈਨੇਡਾ ਅਤੇ ਸਕੈਂਡੇਨੇਵੀਅਨ ਮੁਲਕਾਂ ਵਿਚ ਇਹ ਦਰਾਂ ਕਾਫੀ ਉੱਚੀਆਂ ਹਨ। ਸੰਸਾਰ ਪੱਧਰ 'ਤੇ ਸਰਮਾਇਆ ਕਿਉਂਕਿ ਇਕ ਤੋਂ ਦੂਜੇ ਮੁਲਕਾਂ ਨੂੰ ਤੇਜ਼ੀ ਨਾਲ ਚਲਾ ਜਾਂਦਾ ਹੈ, ਇਸ ਕਰਕੇ ਇਸ ਮੁੱਦੇ ਨੂੰ ਸੰਸਾਰ ਪੱਧਰ 'ਤੇ ਵਿਚਾਰ ਕੇ ਕਾਰਵਾਈ ਦੀ ਕੋਸ਼ਿਸ਼ ਕਰਨ ਦੀ ਲੋੜ ਹੈ। ਮੋਦੀ ਸਰਕਾਰ ਨੇ 2016 ਵਿਚ ਧਨ ਦੌਲਤ ਟੈਕਸ ਖਤਮ ਕਰ ਦਿੱਤਾ ਸੀ। ਇਹ ਟੈਕਸ ਬਹਾਲ ਕਰ ਕੇ ਇਸ ਦੀ ਦਰ ਘੱਟੋ-ਘੱਟ 10% ਤੈਅ ਕਰਨੀ ਬਣਦੀ ਹੈ। ਇਵੇਂ ਹੀ ਕਾਰਪੋਰੇਟ ਆਮਦਨ ਟੈਕਸ ਦੀ ਦਰ



35% ਤੋਂ ਘਟਾ ਕੇ 23% ਕਰਨ ਦਾ ਵਿਰੋਧ ਕਰਨਾ ਬਣਦਾ ਹੈ। ਇਹ ਟੈਕਸ 35% ਕਰਨ ਨਾਲ ਸਰਕਾਰ ਕੋਲ ਘੱਟੋ-ਘੱਟ ਸਾਲਾਨਾ 1.5 ਲੱਖ ਕਰੋੜ ਦੇ ਬਰਾਬਰ ਹੋਰ ਆਮਦਨੀ ਆਉਣੀ ਸ਼ੁਰੂ ਹੋ ਜਾਵੇਗੀ। ਫਿਰ ਸਰਕਾਰ ਨੂੰ ਪੈਟਰੋਲ, ਡੀਜ਼ਲ, ਰਸੋਈ ਗੈਸ ਅਤੇ ਰਸਾਇਣਕ ਖਾਦਾਂ ਦੀ ਕੀਮਤ ਵਧਾ ਕੇ ਆਮ ਲੋਕਾਂ ਦੀਆਂ ਜੇਬਾਂ ਵਿਚੋਂ ਪੈਸੇ ਕੱਢਣ ਦੀ ਲੋੜ ਘਟ ਜਾਵੇਗੀ। ਵੱਡੇ ਕਾਰਪੋਰੇਟ ਘਰਾਣਿਆਂ ਦੀਆਂ ਕੰਪਨੀਆਂ ਨੂੰ ਸਬਸਿਡੀ ਬੰਦ ਕਰਨੀ ਟੈਕਸ ਦੇ ਸਿਧਾਂਤਾਂ ਦੇ ਅਨੁਕੂਲ ਹੈ। ਉਦਯੋਗਾਂ ਵਿਚ ਸਿਰਫ਼ ਛੋਟੀਆਂ, ਮਾਈਕਰੋ ਅਤੇ ਵਰਕਸ਼ਾਪਾਂ ਨੂੰ ਹੀ ਸਬਸਿਡੀਆਂ ਦੇਣ ਨੂੰ ਤਰਜੀਹ ਦੇਣੀ ਠੀਕ ਲੱਗਦੀ ਹੈ। ਕਾਰਨ ਇਹ ਕਿ ਇਨ੍ਹਾਂ ਵਿਚ ਹੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਰਹੇ ਹਨ। ਇਨ੍ਹਾਂ ਇਕਾਈਆਂ ਰਾਹੀਂ ਹੀ ਨਵੇਂ ਲੋਕ ਉਦਯੋਗ ਅਤੇ ਬਿਜ਼ਨਸ ਸੈਕਟਰ ਵਿਚ ਜ਼ੋਰ-ਅਜ਼ਮਾਈ ਕਰ ਰਹੇ ਹਨ। ਇਸ ਨਾਲ ਧਨ-ਦੌਲਤ ਦੀ ਕਾਣੀ ਵੰਡ ਵੀ ਘਟਦੀ ਹੈ। ਇਸ ਦੇ ਨਾਲ ਹੀ ਜਿਹੜੀਆਂ ਵੱਡੀਆਂ ਕਾਰਪੋਰੇਟ ਕੰਪਨੀਆਂ ਬੈਂਕਾਂ ਦੇ ਪੈਸੇ ਨਹੀਂ ਮੋੜ ਰਹੀਆਂ, ਉਨ੍ਹਾਂ ਦੀ ਜਾਇਦਾਦ ਕੁਰਕ ਕਰ ਕੇ ਇਨ੍ਹਾਂ ਪੈਸਿਆਂ ਦੀ ਉਗਰਾਹੀ ਕਰਨੀ ਚਾਹੀਦੀ ਹੈ। ਇਸ ਨਾਲ ਬੈਂਕਾਂ ਦੀ ਐੱਨਪੀਏ ਘਟਾ ਕੇ ਮਾਇਕ ਹਾਲਤ ਠੀਕ ਕੀਤੀ ਜਾ ਸਕਦਾ ਹੈ। ਇਸ ਕਾਰਵਾਈ ਨਾਲ ਕਾਰਪੋਰੇਟ ਘਰਾਣਿਆਂ ਦੀ ਬੈਂਕਾਂ ਦੀ ਲੁੱਟ ਰੋਕੀ ਜਾ ਸਕਦੀ ਹੈ ਅਤੇ ਸਰਕਾਰੀ ਖਜ਼ਾਨੇ ਤੇ ਬੈਂਕਾਂ ਨੂੰ ਸਿਹਤਮੰਦ ਰੱਖਣ ਲਈ ਬੋਝ ਵੀ ਘਟੇਗਾ। ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਦੇ ਕੰਮਕਾਜ ਨੂੰ ਸਾਫ ਸੁਥਰਾ ਰੱਖਣ ਲਈ ਲਾਜ਼ਮੀ ਹੈ ਕਿ ਇਨ੍ਹਾਂ ਦੇ ਬੋਰਡ ਆਫ ਡਾਇਰੈਕਟਰਜ਼, ਕਰਮਚਾਰੀਆਂ ਅਤੇ ਕਿਰਤੀਆਂ ਦੀ ਨੁਮਾਇੰਦਗੀ ਨੂੰ ਯਕੀਨੀ ਬਣਾਈ ਜਾਵੇ। ਇਉਂ ਹਿਸਾਬ-ਕਿਤਾਬ ਵਿਚ ਹੇਰਾਫੇਰੀ ਕਰ ਕੇ ਟੈਕਸਾਂ ਦੀ ਚੋਰੀ ਬੰਦ ਕੀਤੀ ਜਾ ਸਕਦੀ ਹੈ। ਇਸ ਨੂੰ ਪਬਲਿਕ ਸੈਕਟਰ ਦੇ ਅਦਾਰਿਆਂ ਵਿਚ ਕਿਰਤੀਆਂ ਦੀ ਮੈਨੇਜਮੈਂਟ ਵਿਚ ਸ਼ਮੂਲੀਅਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਵਰਤਾਰਾ ਜਰਮਨੀ ਵਿਚ ਵੱਡੀ ਪੱਧਰ 'ਤੇ ਲਾਗੂ ਕੀਤਾ ਗਿਆ ਹੈ। ਪਬਲਿਕ ਸੈਕਟਰ ਦੇ ਅਦਾਰੇ ਵੇਚਣ ਦਾ ਰੁਝਾਨ ਬੰਦ ਕੀਤਾ ਜਾਵੇ ਅਤੇ ਘਾਟੇ ਵਾਲੇ ਅਦਾਰਿਆਂ ਨੂੰ ਸੁਧਾਰ ਕੇ ਮੁੜ ਪੈਰਾਂ ਸਿਰ ਕੀਤਾ ਜਾ ਸਕਦਾ ਹੈ। ਪਬਲਿਕ ਸੈਕਟਰ ਦੇ ਅਦਾਰੇ ਮੁਲਾਜ਼ਮਾਂ ਨੂੰ ਤਨਖਾਹਾਂ ਅਤੇ ਦੂਜੀਆਂ ਸਹੂਲਤਾਂ ਕਾਰਨ ਮਾਡਲ ਰੁਜ਼ਗਾਰ ਦਾਤਾ ਮੰਨੇ ਜਾਂਦੇ ਹਨ। ਮਹਾਮਾਰੀ ਜਾਂ ਐਮਰਜੈਂਸੀ ਸਮੇਂ ਇਹੀ ਅਦਾਰੇ ਕੰਮ ਆਉਂਦੇ ਹਨ। ਪ੍ਰਾਈਵੇਟ ਅਦਾਰੇ ਤਾਂ ਆਪਣੀ ਦੁਕਾਨ ਬੰਦ ਕਰ ਕੇ ਬੈਠ ਜਾਂਦੇ ਹਨ। ਕੋਵਿਡ-19 ਦੌਰਾਨ ਲੋਕਾਂ ਦਾ ਇਹੀ ਤਜਰਬਾ ਹੈ।

ਦੁਨੀਆ ਵਿਚ ਅੱਜ ਕੱਲ੍ਹ ਅਰਥਚਾਰੇ ਵਿਚ ਨਵੇਂ ਤਜਰਬੇ ਦੀ ਕਾਫੀ ਚਰਚਾ ਹੈ। ਇਹ ਹੈ, ਨਾਗਰਿਕਾਂ ਲਈ ਘੱਟੋ-ਘੱਟ ਬੁਨਿਆਦੀ ਆਮਦਨ ਯਕੀਨੀ ਬਣਾਉਣਾ। ਇਸ ਦਾ ਪੱਧਰ ਮੁਲਕਾਂ ਦੇ ਔਸਤਨ ਆਮਦਨੀ ਅਤੇ ਜੀਵਨ ਪੱਧਰ 'ਤੇ ਨਿਰਭਰ ਕਰਦਾ ਹੈ। ਸਾਡੇ ਮੁਲਕ ਵਿਚ ਘੱਟੋ-ਘੱਟ ਬੁਨਿਆਦੀ ਆਮਦਨ ਨੂੰ ਪ੍ਰਤੀ ਮਹੀਨਾ 10000-12000 ਰੁਪਏ ਪ੍ਰਤੀ ਪਰਿਵਾਰ ਮਿੱਥਿਆ ਜਾ ਸਕਦਾ ਹੈ। ਕੈਨੇਡਾ, ਅਮਰੀਕਾ ਅਤੇ ਯੂਰੋਪ ਵਿਚ ਇਸ ਦਾ ਪੱਧਰ 2000 ਡਾਲਰ ਪ੍ਰਤੀ ਮਹੀਨਾ ਹੋ ਸਕਦਾ ਹੈ। ਇਸ ਨੂੰ ਲਾਗੂ ਕਰਨ ਨਾਲ ਮੁਲਕ ਵਿਚੋਂ ਗਰੀਬੀ ਅਤੇ ਭੁੱਖਮਰੀ ਖਤਮ ਕੀਤੀ ਜਾ ਸਕਦੀ ਹੈ। ਇਸ ਵਾਸਤੇ ਸਾਧਨਾਂ ਦੀ ਉਗਰਾਹੀ ਅਮੀਰਾਂ 'ਤੇ ਟੈਕਸ ਵਧਾ ਕੇ, ਟੈਕਸਾਂ ਦੀ ਚੋਰੀ ਬੰਦ ਕਰ ਕੇ ਅਤੇ ਬੈਂਕਾਂ ਦੀ ਲੁੱਟ ਖਤਮ ਕਰ ਕੇ ਕੀਤੀ ਜਾ ਸਕਦੀ ਹੈ। ਵਧ ਰਿਹਾ ਆਰਥਿਕ ਪਾੜਾ ਰੋਕਣ ਲਈ ਨਵਾਂ ਆਰਥਿਕ ਬਿਰਤਾਂਤ ਉਸਾਰਨ ਦੀ ਲੋੜ ਹੈ। ਇਹ ਬਿਰਤਾਂਤ ਕੁਝ ਪ੍ਰਸਿੱਧ ਲੇਖਕ ਸੰਸਾਰ ਪੱਧਰ 'ਤੇ ਉਸਾਰ ਰਹੇ ਹਨ। ਇਸ ਦੀ ਪ੍ਰੋੜਤਾ ਸਾਡੇ ਮੁਲਕ ਦੇ ਕਈ ਲੇਖਕ ਕਰ ਰਹੇ ਹਨ। ਇਹ ਬਿਰਤਾਂਤ ਨਵ-ਉਦਾਰਵਾਦੀ ਆਰਥਿਕ ਸਿਧਾਂਤ ਦੇ ਉਲਟ ਬਦਲਵਾਂ ਬਿਰਤਾਂਤ ਪੇਸ਼ ਕਰਨ ਦਾ ਯਤਨ ਕਰਦਾ ਹੈ। ਲੋਕ ਪੱਖੀ ਅਤੇ ਵਾਤਾਵਰਨ ਦੀ ਸੁਰੱਖਿਆ ਵਾਲਾ ਇਹ ਬਿਰਤਾਂਤ ਨਵ-ਨਿਰਮਾਣ ਦਾ ਭਵਿੱਖਮੁਖੀ ਬਿਰਤਾਂਤ ਹੋਵੇਗਾ। ਇਹ ਬਰਾਬਰੀ, ਇਨਸਾਫ, ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਦੇ ਸਿਧਾਂਤਾਂ 'ਤੇ ਆਧਾਰਿਤ ਹੋਵੇਗਾ ਅਤੇ ਵਾਤਾਵਰਨ ਨਾਲ ਮੇਲ ਖਾਂਦਾ ਹੋਵੇਗਾ। ਇਹ ਬਿਰਤਾਂਤ ਭਾਰਤੀ ਜਨਤਾ ਪਾਰਟੀ ਦੇ ਧਰਮ ਦੇ ਨਾਮ 'ਤੇ ਲੋਕਾਂ ਨੂੰ ਵੰਡਣ ਦੀ ਨੀਤੀ ਖ਼ਿਲਾਫ ਸਾਰੇ ਧਰਮਾਂ ਦੇ ਮਿਹਨਤਕਸ਼ਾਂ ਨੂੰ ਜੋੜਨ ਵਾਲਾ ਹੋਵੇਗਾ। ਇਸ ਬਿਰਤਾਂਤ ਨੂੰ ਲੋਕਾਂ ਵਿਚ ਪ੍ਰਸਾਰਤ ਕਰ ਕੇ ਪ੍ਰਵਾਨ ਕਰਵਾਉਣਾ ਪਵੇਗਾ। ਇਸ ਵਾਸਤੇ ਸੋਸ਼ਲ ਮੀਡੀਆ ਅਤੇ ਲੋਕਲ ਭਾਸ਼ਾਵਾਂ ਦੇ ਅਖ਼ਬਾਰਾਂ ਵਿਚ ਖ਼ਬਰਾਂ ਅਤੇ ਲੇਖ ਛਾਪਣੇ ਪੈਣਗੇ। ਇਸ ਬਿਰਤਾਂਤ ਨੂੰ ਕਾਰਪੋਰੇਟ ਮੀਡੀਆ ਦੇ ਨਵ-ਉਦਾਰਵਾਦੀ ਬਿਰਤਾਂਤ ਦੇ ਮੁਕਾਬਲੇ ਲੋਕਾਂ ਕੋਲੋਂ ਪ੍ਰਵਾਨ ਕਰਵਾਉਣਾ ਪਵੇਗਾ। ਨਵਾਂ ਬਿਰਤਾਂਤ ਬਣਾਉਣ ਅਤੇ ਨਿਖਾਰਨ ਵਾਸਤੇ ਕਾਫੀ ਗਿਣਤੀ ਵਿਚ ਸੂਝਵਾਨ ਬੁੱਧੀਜੀਵੀਆਂ ਅਤੇ ਲੋਕ ਜਥੇਬੰਦੀਆਂ ਦੇ ਆਗੂਆਂ ਨੂੰ ਯੋਗਦਾਨ ਪਾਉਣਾ ਪਵੇਗਾ। ਲੋਕ ਪੱਖੀ ਵਿਚਾਰਧਾਰਾ ਜਾਂ ਸਮਾਜਿਕ ਅਤੇ ਆਰਥਿਕ ਬਿਰਤਾਂਤ ਉਸਾਰਨ ਨਾਲ ਹੀ ਕੰਮ ਨਹੀਂ ਚੱਲ ਸਕਦਾ, ਇਸ ਲਈ ਜ਼ਰੂਰੀ ਹੈ ਕਿ ਇਸ ਦੇ ਆਧਾਰ 'ਤੇ ਵਿਸ਼ਾਲ ਲੋਕ ਲਹਿਰ ਲਾਮਬੰਦ ਹੋਵੇ। ਇਸ ਦਾ ਤਜਰਬਾ ਸਫ਼ਲ ਕਿਸਾਨ ਅੰਦੋਲਨ ਨਾਲ ਹੋਇਆ ਹੀ ਹੈ। ਲੋਕ ਪੱਖੀ ਬਿਰਤਾਂਤ ਅਪਣਾਉਣ ਲਈ ਲਾਮਬੰਦੀ ਦਾ ਘੇਰਾ ਕਿਸਾਨ ਅੰਦੋਲਨ ਤੋਂ ਵੀ ਵੱਡਾ ਬਣਾਉਣਾ ਪੈਣਾ ਹੈ। ਇਸ ਘੇਰੇ ਵਿਚ ਮਜ਼ਦੂਰਾਂ ਅਤੇ ਕਿਸਾਨਾਂ ਤੋਂ ਇਲਾਵਾ ਦਲਿਤਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ, ਘੱਟਗਿਣਤੀਆਂ, ਛੋਟੇ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ ਅਤੇ ਹੇਠਲੇ ਮੱਧਵਰਗ ਵਰਗਾਂ ਨੂੰ ਸ਼ਾਮਲ ਕਰਨਾ ਪਵੇਗਾ। ਇਸ ਮਾਮਲੇ ਵਿਚ ਮੁਲਕ ਦੇ ਸੰਵਿਧਾਨ ਦੀ ਮੂਲ ਭਾਵਨਾ ਨੂੰ ਮੁੜ ਸਥਾਪਤ ਕਰਨ ਦਾ ਐਲਾਨ ਲੋਕਾਂ ਦੀ ਵਿਸ਼ਾਲ ਲਹਿਰ ਵਿਚ ਸ਼ਮੂਲੀਅਤ ਨੂੰ ਨਿਸ਼ਚਿਤ ਕਰਨ ਲਈ ਸਹਾਈ ਹੋ ਸਕਦਾ ਹੈ।

# ਬੇਈਮਾਨ ਈਮਾਨਦਾਰੀ !

ਤੁਸੀਂ ਕਹੋਗੇ ਇਹ ਬੇਈਮਾਨ ਈਮਾਨਦਾਰੀ ਕੀ ਹੋਈ ਵਈ? ਦੱਸਦਾ ਹਾਂ। ਜਿਵੇਂ ਇੱਕ ਮਿਲਾਵਟੀ ਖਾਦ ਪਦਾਰਥ ਹੁੰਦੇ ਹਨ ਅਤੇ ਦੂਜੇ ਖਾਲਸ ਇਵੇਂ ਇੱਕ ਖਾਲਸ ਈਮਾਨਦਾਰੀ ਹੁੰਦੀ ਹੈ ਤੇ ਦੂਜੀ ਮਿਲਾਵਟੀ ਭਾਵ ਬੇਈਮਾਨ। ਸਬਰ ਕਰੋ ਮਿਸਾਲਾਂ ਵੀ ਦਿਆਂਗਾ। ਕੈਨੇਡਾ ਵਿਖੇ ਐਨ.ਡੀ.ਪੀ. ਦੇ ਨਵੇਂ ਬਣੇ ਮੁਖੀ ਜਗਮੀਤ ਸਿੰਘ



ਹਰਜੀਤ ਦਿਓਲ, ਬਰੈਂਪਟਨ

ਨੇ ਸੀ ਬੀ ਸੀ ਇੰਟਰਵਿਊ ਦੌਰਾਨ 1985 ਵਿਚ ਏਅਰ ਇੰਡੀਆ ਦੀ ਉਡਾਣ 182 ਨੂੰ ਅੱਧ ਅਸਮਾਨ ਵਿਚ ਬੰਬ ਨਾਲ ਉਡਾਉਣ ਵਾਲੇ ਮਾਸਟਰ ਮਾਈਂਡ ਦੀਆਂ ਕੁਝ ਕੈਨੇਡੀਅਨ ਗੁਰਦਵਾਰਿਆਂ ਵਿਚ ਲੱਗੀਆਂ ਤਸਵੀਰਾਂ ਬਾਰੇ ਨਿੰਦਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਇਸ ਤਰ੍ਹਾਂ ਦਹਿਸ਼ਤਗਰਦਾਂ ਦੇ ਹਮਦਰਦ ਬਣੇ ਇਸ ਆਗੂ ਨੂੰ ਹੁਣ ਭਾਰਤ ਵਿਚ ਮੁਸਲਮਾਨਾਂ 'ਤੇ ਹੋ ਰਹੇ ਹਮਲਿਆਂ ਦੀ ਬਹੁਤ ਚਿੰਤਾ ਸਤਾ ਰਹੀ ਹੈ। ਉਹ ਮੋਦੀ ਨੂੰ ਇਹ ਸਭ ਰੋਕਣ ਦੀ ਸਲਾਹ ਦੇ ਰਿਹਾ ਹੈ ਅਤੇ ਆਪਣੀ ਬੇਈਮਾਨ ਈਮਾਨਦਾਰੀ ਦਾ ਸਬੂਤ ਦੇ ਰਿਹਾ ਹੈ। ਕੁਝ ਸਮਾਂ ਪਹਿਲਾਂ ਯੂ ਪੀ ਦੇ ਗਾਜ਼ੀਆਬਾਦ ਕੋਰਟ ਵਿਖੇ ਇੱਕ ਹਿੰਦੂ ਲੜਕੀ ਨਾਲ ਵਿਆਹ ਕਰਾਉਣ ਆਏ ਇੱਕ ਮੁਸਲਿਮ ਨੌਜਵਾਨ ਨੂੰ ਭੀੜ ਨੇ ਬੁਰੀ ਤਰ੍ਹਾਂ ਕੁੱਟ ਦਿੱਤਾ ਸੀ। ਬੜਾ ਮਾੜਾ ਹੋਇਆ ਕਿਉਂਕਿ ਭਾਰਤੀ ਸੰਵਿਧਾਨ ਸਭ ਬਾਲਗਾਂ ਨੂੰ ਮਰਜ਼ੀ ਮੁਤਾਬਕ ਵਿਆਹ ਕਰਾਉਣ ਦੀ ਖੁੱਲ੍ਹ ਦਿੰਦਾ ਹੈ। ਇਸ ਲਈ ਇਸ ਘਟਨਾ ਨੂੰ ਲੈ ਕੇ ਸੰਸਦ, ਸੜਕਾਂ ਅਤੇ ਮੀਡੀਆ ਵਿਚ ਬੜਾ ਹੰਗਾਮਾ ਹੋਇਆ ਹੈ, ਜੋ ਹੋਣਾ ਵੀ ਚਾਹੀਦਾ ਸੀ।

ਭਾਰਤ-ਪਾਕਿ ਸਰਹੱਦ ਨੇੜੇ ਪੈਂਦੇ ਬਾੜਮੇਰ ਦੇ ਇੱਕ ਪਿੰਡ ਮੇਕਰਨਵਾਲਾ ਵਿਚ 22 ਸਾਲਾ ਖੇਤਾਰਾਮ ਭੀਲ ਨੂੰ ਇੱਕ ਸਮਾਜ ਦੇ ਲੋਕਾਂ ਨੇ ਕੁੱਟ ਕੁੱਟ ਮਾਰ ਦਿੱਤਾ ਸੀ ਕਿਉਂਕਿ ਉਸ ਨੇ ਹਿੰਦੂ ਹੁੰਦੇ ਹੋਏ ਮੁਸਲਿਮ ਕੁੜੀ ਨਾਲ ਪਿਆਰ ਕਰਨ ਦੀ ਜੁਰਅਤ ਕੀਤੀ ਸੀ। ਇਸ ਮਾਮਲੇ ਵਿਚ ਬਣਦੀ ਪੁਲਿਸ ਕਾਰਵਾਈ ਹੀ ਹੋਈ ਪਰ ਸੰਸਦ ਜਾਂ ਮੀਡੀਆ ਵਿਚ ਕੋਈ ਹੰਗਾਮਾ ਨਹੀਂ ਹੋਇਆ। ਇਹੋ ਜਿਹੇ ਅਨੇਕਾਂ ਮਾਮਲੇ ਹਨ ਜਿੱਥੇ ਮੁਸਲਿਮ ਕੁੜੀ ਨਾਲ ਸੰਬੰਧ ਰੱਖਣ ਵਾਲੇ ਹਿੰਦੂ ਯੁਵਕ ਮੁਸਲਮ ਕੱਟੜਪੰਥੀਆਂ ਵੱਲੋਂ ਮਾਰ ਮੁਕਾਏ ਗਏ ਪਰ ਇਹ ਮਾਮੂਲੀ ਖ਼ਬਰਾਂ ਬਣ ਕੇ ਰਹਿ ਗਏ। ਜਦ ਇਸ ਦਾ ਉਲਟਾ ਹੁੰਦਾ ਹੈ ਭਾਵ ਮੁਸਲਿਮ ਲੜਕਾ ਹਿੰਦੂ ਕੁੜੀ ਨਾਲ ਰਿਸ਼ਤਾ ਰਖਦਿਆਂ ਹਿੰਦੂਆਂ ਦੀ ਹਿੰਸਾ ਦਾ ਸ਼ਿਕਾਰ ਹੁੰਦਾ ਹੈ ਤਾਂ ਸੈਕੂਲਰ ਮੀਡੀਆ ਭੂਚਾਲ ਲਿਆ ਦਿੰਦਾ ਹੈ। ਫਿਰ ਹਿੰਦੁਤਵ ਭਾਰਤ ਦੀ ਅਖੰਡਤਾ ਲਈ ਵੱਡਾ ਖਤਰਾ ਬਣ ਜਾਂਦਾ ਹੈ। ਹੁਣ ਵੀ ਇਹੀ ਹੋ ਰਿਹੈ। ਹਿੰਦੂ-ਮੁਸਲਿਮ ਦੰਗਿਆਂ ਵਿਚ ਹਿੰਸਾ ਲਈ ਵਧੇਰੇ ਹਿੰਦੂਆਂ ਨੂੰ ਦੋਸ਼ੀ ਠਹਿਰਾਇਆ ਜਾ ਰਿਹੈ। ਬਚਪਨ ਤੋਂ ਲੈ ਕੇ ਲੰਮਾ ਸਮਾਂ ਯੂ ਪੀ ਦੇ ਮੁਸਲਿਮ ਬਹੁਗਿਣਤੀ ਸ਼ਹਿਰਾਂ (ਅਲੀਗੜ੍ਹ, ਮੁਰਾਦਾਬਾਦ, ਰਾਮਪੁਰ ਆਦਿ) ਵਿਚ ਰਿਹਾ ਹਾਂ ਅਤੇ ਦੇਖਿਆ ਹੈ ਕਿ ਕਾਂਗਰਸ ਰਾਜ ਵੇਲੇ ਵੀ ਇਸ ਤਰ੍ਹਾਂ ਦੇ ਦੰਗੇ ਅਕਸਰ ਹੁੰਦੇ ਰਹੇ ਹਨ ਪਰ ਅੱਜ-ਕੱਲ੍ਹ ਦੇ ਦੰਗਿਆਂ ਨੂੰ ਬਹੁਤੀ ਕਵਰੇਜ ਦੇ ਸਿਰਫ ਇਸ ਲਈ ਹਿੰਦੂਆਂ ਸਿਰ ਮੜ੍ਹਿਆ ਜਾ ਰਿਹੈ ਕਿਉਂਕਿ ਇੱਕ ਵਿਸ਼ੇਸ਼ ਵਰਗ ਭਾਜਪਾ ਅਤੇ ਮੋਦੀ ਦਾ ਘੋਰ ਵਿਰੋਧੀ ਹੈ। ਤਰਕਸ਼ੀਲ ਕਾਮਰੇਡ ਅਤੇ ਅਖੌਤੀ ਪ੍ਰਗਤੀਸ਼ੀਲ ਵੀ ਸਿਰਫ ਮੋਦੀ ਅਤੇ ਹਿੰਦੁਤਵ ਦਾ ਵਿਰੋਧ ਸਦਕਾ ਹਿਜਾਬ, ਮਸਜਿਦਾਂ 'ਤੇ ਲਾਊਡ ਸਪੀਕਰਾਂ ਦੁਆਰਾ ਅਜ਼ਾਨ ਅਤੇ ਸਰਵਜਨਕ ਸਥਾਨਾਂ 'ਤੇ ਨਮਾਜ਼ ਅਦਾ ਕਰਨ ਦੇ ਹੱਕ ਵਿਚ ਡਟ ਜਾਂਦੇ ਹਨ। ਉੱਝ ਅਖੌਤੀ ਸੈਕੂਲਰਾਂ ਦੀ ਇਹ ਇੱਕਤਰਫਾ ਨਫਰਤ ਹਿੰਦੂਆਂ ਦਾ ਧਰੁਵੀਕਰਨ ਕਰ ਬੀ ਜੇ ਪੀ ਨੂੰ ਰਾਸ ਵੀ ਆ ਰਹੀ ਹੈ। ਭਾਰਤ ਵਿਚਲੇ ਮੁਸਲਮਾਨਾਂ ਲਈ ਹਾਏ ਤੌਬਾ ਮਚਾਉਣ ਵਾਲਿਆਂ ਲਈ ਇੱਕ ਸਵਾਲ ਹੈ। ਲੰਮੇ ਸਮੇਂ ਤੋਂ ਦੇਖ ਰਹੇ ਹਾਂ ਕਿ ਇਸਲਾਮਿਕ ਮੁਲਕਾਂ ਤੋਂ ਹਿੰਦੂਆਂ-ਸਿੱਖਾਂ ਦਾ ਲਗਾਤਾਰ ਪਲਾਇਨ ਹੋ ਰਿਹੈ ਪਰ ਭਾਰਤ ਦੇ ਮੁਸਲਿਮ ਕਿਸੇ ਕੀਮਤ 'ਤੇ ਇਸਲਾਮਕ ਮੁਲਕਾਂ ਵਿਚ ਵਸਣ ਲਈ ਤਿਆਰ ਨਹੀਂ। ਕਿਉਂ? ਕਿਉਂਕਿ ਉਹ ਆਪਣੇ ਆਪ ਨੂੰ ਭਾਰਤ ਵਿਚ ਹਾਲੇ ਵੀ ਇਸਲਾਮਕ ਮੁਲਕਾਂ ਤੋਂ ਵਧੇਰੇ ਸੁਰੱਖਿਅਤ ਸਮਝਦੇ ਹਨ। ਇਸ ਲਈ ਸਾਨੂੰ ਈਮਾਨਦਾਰੀ ਦਾ ਪੱਲਾ ਫੜਦਿਆਂ ਭਾਰਤ ਵਿਚਲੀ ਹੁਣ ਤੱਕ ਦੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਦਾ ਉਪਰਾਲਾ ਕਰਨਾ ਚਾਹੀਦਾ ਹੈ ਨਾ ਕਿ ਬੇਈਮਾਨ ਈਮਾਨਦਾਰੀ ਦਿਖਾਉਂਦਿਆਂ ਇਸ ਸਾਂਝ ਦਾ ਘਾਣ ਕਰਨਾ ਕਿਉਂਕਿ ਇੱਕ ਤਰਫਾ ਨਿਰਪੱਖਤਾ ਕਦੇ ਨਿਰਪੱਖਤਾ ਨਹੀਂ ਹੁੰਦੀ। ਜੇ ਹੁੰਦੀ ਹੈ ਤਾਂ ਬੇਈਮਾਨ ਨਿਰਪੱਖਤਾ ਜੋ ਦੋ ਧਿਰਾਂ ਵਿਚਲਾ ਪਾੜਾ ਵਧਾਉਂਦੀ ਹੈ, ਘਟਾਉਂਦੀ ਨਹੀਂ।

## ਮਜ਼ਦੂਰ

ਸਦੀਆਂ ਤੋਂ ਮਜਬੂਰ ਰਿਹਾ ਹਾਂ,
ਕਿਸਮਤ ਦਾ ਮਜ਼ਦੂਰ ਰਿਹਾ ਹਾਂ।

ਮੇਰੇ ਮੁੜ੍ਹਕੇ ਵਿਚ ਨਸ਼ਾ ਹੈ,
ਇਸ ਦੇ ਵਿਚ ਹੀ ਚੂਰ ਰਿਹਾ ਹਾਂ।

ਮਿਹਨਤ ਮੇਰੀ ਮਹਿਬੂਬਾ ਹੈ,
ਇਸਨੂੰ ਮੰਨਦਾ ਹੂਰ ਰਿਹਾ ਹਾਂ।

ਚਾਹੇ ਹੱਥਾਂ ਵਿਚ ਹੁਨਰ ਹੈ,
ਫਿਰ ਵੀ ਕਦ ਮਗ਼ਰੂਰ ਰਿਹਾ ਹਾਂ।

ਦੁੱਖਾਂ ਦੇ ਨਾਲ ਯਾਰੀ ਪੱਕੀ,
ਖ਼ੁਸ਼ੀਆਂ ਤੋਂ ਮੈਂ ਦੂਰ ਰਿਹਾ ਹਾਂ।

ਜਦ ਵੀ ਮਿਹਨਤ ਦਾ ਮੁੱਲ ਮੰਗਿਆ,
ਲਗਦਾ ਤਦ ਨਾਸੂਰ ਰਿਹਾ ਹਾਂ।

ਜਿਉਂਦਾ ਦਿਲ ਤੋਂ ਰਾਜਾ ਬਣ ਕੇ
ਭਾਂਵੇਂ ਮੈਂ ਮਜ਼ਦੂਰ ਰਿਹਾ ਹਾਂ।

ਸ਼ੋਸ਼ਣ ਕਰਤਾ ਕਦ ਡਰਦਾ ਹੈ,
ਵੱਟਦਾ ਭਾਵੇਂ ਘੂਰ ਰਿਹਾ ਹਾਂ।

-ਹਰਦੀਪ ਬਿਰਦੀ
ਫੋਨ: 90416-00900

# ਹਰਚੰਦਪੁਰੀ ਦਾ ਅਸਲੀ ਸੁਪਰਮੈਨ ਦਾਰਾ ਪਹਿਲਵਾਨ


**ਪੰਜਾਬੀ ਖੇਡ ਸਾਹਿਤ**



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661



ਦਾਰੇ ਪਹਿਲਵਾਨ ਦੋ ਹੋਏ ਹਨ। ਦੋਵੇਂ ਅੰਬਰਸਰੀਏ ਮਝੈਲ ਸਨ। ਦੋਵੇਂ ਪਹਿਲਵਾਨੀ ਕਰਦਿਆਂ ਫਿਲਮੀ ਐਕਟਰ ਬਣੇ। ਦੋਹਾਂ ਦੀ ਅਸਲੀ-ਨਕਲੀ ਭਲਵਾਨ ਹੋਣ ਵਜੋਂ ਖੁੰਢ ਚਰਚਾ ਵੀ ਹੁੰਦੀ ਰਹੀ। ਲੋਕ ਪੁੱਛਦੇ ਰਹੇ ਕਿ ਅਸਲੀ ਦਾਰਾ ਕਿਹੜਾ ਸੀ ਤੇ ਨਕਲੀ ਦਾਰਾ ਕਿਹੜਾ? ਅਸਲੀਅਤ ਇਹੋ ਹੈ ਕਿ ਦੋਵੇਂ ਦਾਰੇ ਅਸਲੀ ਸਨ। ਇਕ ਦਾ ਤਾਂ ਜਮਾਂਦਰੂ ਨਾਂ ਹੀ ਦਾਰਾ ਸਿੰਘ ਸੀ ਜਦਕਿ ਦੂਜੇ ਦਾਰੇ ਦਾ ਨਾਂ ਸੀ ਦੀਦਾਰ ਸਿੰਘ ਜਿਸ ਨੂੰ ਘਰ ਦੇ ਤੇ ਆਂਢੀ ਗੁਆਂਢੀ 'ਦਾਰੀ' ਕਹਿੰਦੇ ਸਨ। ਦਾਰਾ ਸਿੰਘ, ਦੀਦਾਰ ਸਿੰਘ ਤੋਂ ਦਸ ਸਾਲ ਵੱਡਾ ਸੀ। ਵੱਡੇ ਦਾਰੇ ਦੀ ਗੁੱਡੀ ਚੜ੍ਹੀ ਤਾਂ ਦਾਰੀ ਨੂੰ ਵੀ ਦਾਰਾ ਕਿਹਾ ਜਾਣ ਲੱਗਾ। ਫਿਰ ਦੋਵੇਂ ਪਹਿਲਵਾਨ ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਬਣੇ। ਛੋਟੇ ਦਾਰੇ ਨੂੰ ਤਾਂ ਜੱਗ ਜਾਣਦੈ ਜਿਸ ਨੇ ਅਨੇਕਾਂ ਫਿਲਮਾਂ 'ਚ ਰੋਲ ਅਦਾ ਕੀਤਾ ਅਤੇ ਆਪਣੀ ਸਵੈ-ਜੀਵਨੀ 'ਮੇਰੀ ਆਤਮ ਕਥਾ' ਲਿਖੀ। ਵੱਡੇ ਦਾਰੇ ਬਾਰੇ ਪ੍ਰਿੰ. ਬਲਵੰਤ ਸਿੰਘ ਸੰਧੂ ਨੇ 'ਗੁੰਮਨਾਮ ਚੈਂਪੀਅਨ' ਨਾਵਲ ਲਿਖ ਕੇ ਉਸ ਨੂੰ ਸੁਪਰ ਨਾਇਕ ਬਣਾਇਆ।

ਦੋਹਾਂ ਦਾਰਿਆਂ ਦੀ ਵੱਖਰੀ ਪਛਾਣ ਦਾਰਾ ਦੁਲਚੀਪੁਰੀਆ ਤੇ ਦਾਰਾ ਧਰਮੂਚੱਕੀਆ ਕਰਕੇ ਹੈ। ਦਾਰੇ ਦੁਲਚੀਪੁਰੀਏ ਨੂੰ ਦਾਰਾ ਕਿੱਲਰ ਤੇ ਦਾਰਾ ਜੇਲ੍ਹਰ ਵੀ ਕਿਹਾ ਜਾਂਦੈ। ਦੋਵੇਂ ਦਾਰੇ ਰੋਟੀ ਰੋਜ਼ੀ ਲਈ ਸਿੰਗਾਪੁਰ ਗਏ ਸਨ। ਦੋਹਾਂ ਨੇ ਉਥੋਂ ਫਰੀ ਸਟਾਈਲ ਕੁਸ਼ਤੀਆਂ ਸਿੱਖੀਆਂ। ਉਥੇ ਉਹ ਭਾੜੇ 'ਤੇ ਕੁਸ਼ਤੀਆਂ ਲੜਦੇ ਰਹੇ ਪਰ ਆਪਸ ਵਿਚ ਨਾ ਭਿੜੇ। ਫਿਰ ਵੱਡੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਕਤਲ ਕਰਨ ਦੀ ਸਜ਼ਾ ਭੁਗਤਦਾ ਦਾਰਾ ਦੁਲਚੀਪੁਰੀਆ ਪਹਿਲਾਂ ਜੇਲ੍ਹਰ ਤੇ ਰਿਹਾਅ ਹੋਣ ਪਿੱਛੋਂ ਪਿੰਡ ਦਾ ਸਰਪੰਚ ਬਣਿਆ। ਆਖ਼ਰ ਅਧਰੰਗ ਦੀ ਬਿਮਾਰੀ ਨਾਲ ਪਿੰਡ ਵਿਚ ਹੀ ਹੱਡ ਰਗੜਾਉਂਦਾ ਜਹਾਨੋਂ ਤੁਰ ਗਿਆ।

ਦਾਰਾ ਧਰਮੂਚੱਕੀਆ ਫਿਲਮਾਂ ਦੇ ਸਿਰ 'ਤੇ ਰਾਜ ਸਭਾ ਦਾ ਮੈਂਬਰ ਬਣਿਆ ਤੇ ਮੁੰਬਈ ਦੇ ਫਿਲਮ ਜਗਤ 'ਚ ਨਾਮਜ਼ਾਦੀ ਖੱਟਦਾ ਸੁੱਖੀਂ ਸਾਂਦੀ ਪਰਲੋਕ ਸਿਧਾਰਿਆ। ਜਨਮ ਸਮੇਂ ਉਹ ਕੱਖਪਤੀ ਸੀ, ਜੁਆਨੀ 'ਚ ਲੱਖਪਤੀ ਪਰ ਬੁਢਾਪੇ 'ਚ ਕਰੋੜਪਤੀ ਬਣ ਕੇ ਗੁਜ਼ਰਿਆ। ਉਸ ਦੇ ਅਕਾਲ ਚਲਾਣੇ 'ਤੇ ਕਰੋੜਾਂ ਲੋਕਾਂ ਨੇ ਸੋਗ ਮਨਾਇਆ। ਪਾਸਪੋਰਟ ਉਤੇ ਦਾਰੇ ਦੁਲਚੀਪੁਰੀਏ ਦਾ ਪੂਰਾ ਨਾਂ ਦਾਰਾ ਸਿੰਘ ਸਿੱਧੂ ਸੀ ਤੇ ਦਾਰੇ ਧਰਮੂਚੱਕੀਏ ਦਾ ਦਾਰਾ ਸਿੰਘ ਰੰਧਾਵਾ। ਵੱਡੇ ਦਾਰੇ ਦਾ ਜਨਮ 1918 ਅਤੇ ਦੇਹਾਂਤ 1988 'ਚ ਹੋਇਆ ਸੀ, ਛੋਟੇ ਦਾਰੇ ਦਾ ਜਨਮ 1928 ਤੇ ਦੇਹਾਂਤ 2012 ਵਿਚ ਹੋਇਆ। ਦੋਵੇਂ ਭਲਵਾਨ ਹੀ ਨਹੀਂ, ਸੁਪਰਮੈਨ ਕਹੇ ਜਾਂਦੇ ਹਨ ਜੋ ਪੰਜਾਬੀਆਂ ਦੇ ਨਾਇਕ ਬਣੇ।

ਪਹਿਲਵਾਨ ਦਾਰਾ ਸਿੰਘ ਰੰਧਾਵਾ ਬਾਰੇ ਕਈ ਲੇਖਕਾਂ ਨੇ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸਕੱਤਰ ਜਨਰਲ ਪਵਨ ਹਰਚੰਦਪੁਰੀ ਦੀ ਪੁਸਤਕ ਦਾ ਨਾਂ ਹੈ 'ਜ਼ਿੰਦਗੀ ਦਾ ਅਸਲੀ ਸੁਪਰਮੈਨ ਦਾਰਾ ਸਿੰਘ'। ਦਾਰਾ ਸਿੰਘ ਬਾਰੇ ਕਿਤਾਬਾਂ ਲਿਖਣ ਵਾਲਿਆਂ ਨੇ ਵਧੇਰੇ ਕਰ ਕੇ ਦਾਰਾ ਸਿੰਘ ਦੀ ਕਿਤਾਬ 'ਮੇਰੀ ਆਤਮ ਕਥਾ' ਨੂੰ ਹੀ ਆਧਾਰ ਬਣਾਇਆ ਹੈ। ਪਵਨ ਹਰਚੰਦਪੁਰੀ ਨੇ ਵੀ ਇਹੋ ਕੁਝ ਕੀਤਾ ਹੈ। ਇਸ ਲਿਹਾਜ਼ ਨਾਲ ਉਹ ਪੰਜਾਬੀ ਖੇਡ ਲੇਖਕਾਂ ਦੀ ਪਾਲ ਵਿਚ ਆ ਰਲਿਆ ਹੈ। ਉਸ ਦੀਆਂ ਹੋਰਨਾਂ ਪੁਸਤਕਾਂ ਦੇ ਨਾਂ ਹਨ: 'ਜਨਮ-ਏ-ਖ਼ਾਲਸਾ', 'ਸਤਲੁਜ ਬੋਲਦਾ ਹੈ', 'ਗ਼ਦਰੀ ਬਾਬਾ ਠਾਕਰ ਦਾਸ ਧੂਰਾ', 'ਨਿੱਕੇ ਨਿੱਕੇ ਬਾਲ', 'ਮਿੱਠੇ ਮਿੱਠੇ ਗੀਤ', 'ਪੰਛੀਆਂ ਦੀ ਪੰਚਾਇਤ', 'ਅੰਬਰੀ ਛੋਹਾਂ', 'ਤਾਰਿਆਂ ਭਰਿਆ ਆਸਮਾਨ' ਤੇ 'ਬੱਚਿਓ ਸੁਣੋ ਸੁਣਾਵਾਂ ਬਾਤਾਂ'। ਉਸ ਨੇ ਚਾਰ ਅਭਿਨੰਦਨ ਪੁਸਤਕਾਂ, 'ਆਪਣੇ ਆਪਣੇ ਬੋਲ', 'ਅਭਿਨੰਦਨ ਗ੍ਰੰਥ ਪ੍ਰੀਤਮ ਸਿੰਘ ਰਾਹੀ', 'ਅਭਿਨੰਦਨ ਗ੍ਰੰਥ ਜਸਵੰਤ ਸਿੰਘ ਕੰਵਲ' ਅਤੇ 'ਆਯੁਰਵੈਦਿਕ ਗਿਆਨ ਭੰਡਾਰ' ਸੰਪਾਦਤ ਕਰਨ ਵਿਚ ਵੀ ਯੋਗਦਾਨ ਪਾਇਆ ਹੈ।

ਪਵਨ ਉਹਦਾ ਨਿੱਕਾ ਨਾਂ ਹੈ ਤੇ ਹਰਚੰਦਪੁਰ ਉਹਦੇ ਪਿੰਡ ਦਾ ਨਾਂ, ਜੋ ਜ਼ਿਲ੍ਹਾ ਸੰਗਰੂਰ ਵਿਚ ਪੈਂਦਾ ਹੈ। ਰਿਹਾਇਸ਼ ਉਸ ਨੇ ਧੂਰੀ ਰੱਖੀ ਹੋਈ ਹੈ। ਬਚਪਨ ਵਿਚ ਨਹੀਂ ਸੀ ਲੱਗਦਾ ਕਿ ਪੜ੍ਹੇ ਲਿਖੇਗਾ ਪਰ ਪੜ੍ਹ ਗਿਆ ਸੁੱਖ ਨਾਲ ਸੋਲਾਂ ਜਮਾਤਾਂ। ਪੜ੍ਹਨ ਨਾਲ ਗੁੜ੍ਹਦਾ ਵੀ ਗਿਆ। ਰਜਿਸਟਰ ਤੇ ਕਾਪੀਆਂ ਕਿਤਾਬਾਂ ਵਾਲਾ ਝੋਲਾ ਉਹਦੇ ਗਲ਼ 'ਚ ਹੀ ਪਿਆ ਰਿਹਾ। ਹੋਰਨਾਂ ਡਿਗਰੀਆਂ ਤੋਂ ਬਿਨਾਂ ਐੱਮਏ ਅਰਥ ਸ਼ਾਸਤਰ ਤੇ ਮਾਸਟਰ ਆਫ਼ ਮਾਸ ਕਮਿਊਨੀਕੇਸ਼ਨ, ਡਿਪਲੋਮਾ ਇਨ ਪਬਲਿਕ ਰਿਲੇਸ਼ਨ ਐਂਡ ਐਡਵਰਟਾਈਜ਼ਮੈਂਟ ਦੀਆਂ ਡਿਗਰੀਆਂ ਵੀ ਝੋਲੇ 'ਚ ਪਾਈ ਫਿਰਦਾ ਹੈ। ਮੈਂ ਉਸ ਨੂੰ ਜਸਵੰਤ ਸਿੰਘ ਕੰਵਲ ਕੋਲ ਢੁੱਡੀਕੇ ਕਈ ਵਾਰ ਆਉਂਦਾ-ਜਾਂਦਾ ਵੇਖਿਆ। ਵੇਖਣ ਨੂੰ ਉਹ ਐਨਾ ਨਹੀਂ ਸੀ ਲੱਗਦਾ ਜਿੰਨਾ ਮਿਲਣ ਪਿੱਛੋਂ ਨਿਕਲਿਆ। ਪਹਿਲੀ ਨਜ਼ਰੇ ਉਹ ਕਿਸੇ ਬੀਮਾ ਕੰਪਨੀ ਦਾ ਏਜੰਟ ਲੱਗਾ ਸੀ ਪਰ ਸੀਗਾ ਸਾਹਿਤ ਸਭਾਵਾਂ ਦਾ ਏਜੰਟ। ਇਉਂ ਤਾਂ ਕੇਂਦਰੀ ਲੇਖਕ ਸਭਾ ਦਾ ਪ੍ਰਧਾਨ ਪ੍ਰੋ. ਤੇਜਵੰਤ ਮਾਨ (ਡਾ.) ਵੀ ਵੇਖਣ ਨੂੰ ਲੰਮੀ ਝੂਲਦੀ ਦਾੜ੍ਹੀ ਕਰਕੇ ਗੁਰੂ ਘਰ ਦਾ 'ਭਾਈ ਜੀ' ਹੀ ਲੱਗਦੈ ਪਰ ਹੈਗਾ ਖੱਬਾ ਮਾਰਕਸਵਾਦੀ ਆਲੋਚਕ। ਉਹਦੀ ਪੰਡਤਾਊ ਸ਼ਬਦਾਵਲੀ ਵਾਲੀ ਗੂੜ੍ਹ ਆਲੋਚਨਾ ਜਾਂ ਉਹਦਾ ਸਕੱਤਰ ਹਰਚੰਦਪੁਰੀ ਸਮਝ ਸਕਦੈ ਜਾਂ ਉਹ ਆਪ। ਜਣੇ ਖਣੇ ਦੇ ਵੱਸ ਨਹੀਂ 'ਸਮਾਜਿਕ ਵਿਸੰਗਤੀਆਂ' ਤੇ 'ਕਰਤਾਰੀ-ਮੂਲ-ਵਿਧਾਨ' ਵਰਗੇ ਸ਼ਬਦ-ਜੁੱਟਾਂ ਦੀ ਡੂੰਘੀ ਥਾਹ ਪਾਉਣਾ।


**ਪਵਨ ਹਰਚੰਦਪੁਰੀ ਤੇ ਕਿਤਾਬ 'ਦਾਰਾ ਸਿੰਘ' ਦਾ ਮੁਖੜਾ**

ਪਵਨ ਹਰਚੰਦਪੁਰੀ ਦੀ ਇਸ ਪੁਸਤਕ ਦੇ ਮੁੱਢਲੇ ਸ਼ਬਦ ਮਾਰਕਸਵਾਦੀ ਆਲੋਚਕ ਡਾ. ਤੇਜਵੰਤ ਮਾਨ ਨੇ ਹੀ ਲਿਖੇ ਹਨ: ਪਵਨ ਹਰਚੰਦਪੁਰੀ ਲੋਕ-ਹਿੱਤਾਂ ਨਾਲ ਪ੍ਰਤੀਬੱਧ ਲੇਖਕ ਹੈ। ਉਸ ਦੀ ਰਚਨਾ ਦੇ ਕੇਂਦਰ ਵਿਚ ਵਿਪਰੀਤ ਸਥਿਤੀਆਂ ਨਾਲ ਜੂਝਦਾ ਮੁਕਤੀ-ਯੁੱਧ ਕਰਦਾ ਆਮ ਮਨੁੱਖ ਹੈ। ਮੇਰਾ ਮੱਤ ਹੈ ਕਿ ਮਨੁੱਖਾ-ਜੀਵਨ ਅਤੇ ਉਸ ਜੀਵਨ ਦੀ ਸਿਰਜਨਾਤਮਿਕ ਕੀਰਤੀ ਇੱਕ ਦੂਜੇ ਤੋਂ ਵੱਖ ਨਹੀਂ ਕੀਤੇ ਜਾ ਸਕਦੇ। ਸਮਾਜਿਕ ਉਸਾਰ ਵਿਚਲੇ ਕਰਤਾਰੀ-ਮੂਲ-ਵਿਧਾਨ ਦਾ ਆਧਾਰ ਮਾਨਵ ਦੁਆਰਾ ਆਪਣੀ ਹੋਂਦ ਦੇ ਅਹਿਸਾਸ ਲਈ ਕੀਤਾ ਗਿਆ ਸੰਗਰਾਮ ਹੈ। ਸਮਾਜਿਕ ਵਿਸੰਗਤੀਆਂ ਅਤੇ ਕੁਦਰਤ ਨਾਲ ਜੰਗ ਦੀ ਕਰਮ-ਭੂਮੀ ਸਮਾਜ ਦੇ ਸਾਧਾਰਨ ਤੋਂ ਸਾਧਾਰਨ ਲੋਕਾਂ ਦੀ ਜੀਵਨ-ਧਾਰਾ ਦੇ ਵਿਰਾਟ ਪਾਸਾਰ ਵਿਚ ਕਿਰਤ ਹੈ। ਇਸ ਲੋਕ-ਸੰਗਰਾਮ ਵਿਚਲੇ ਕਾਰਕੀ-ਜੁਜ਼ ਹੀ ਹਨ, ਜੋ ਕਿਸੇ ਸ਼ਖ਼ਸੀਅਤ ਦੀ, ਸ਼ਕਤੀਸ਼ਾਲੀ ਨਾਇਕ ਦੀ ਮਹਾਤਮੀ ਕਰਤਾ-ਪੁਰਖ ਵਜੋਂ ਪਛਾਣ ਕਰਵਾ ਦਿੰਦੇ ਹਨ। ਪਵਨ ਹਰਚੰਦਪੁਰੀ ਨੇ ਅਜਿਹੇ ਕਰਤਾਰੀ ਪੁਰਖ ਦੀ ਪਛਾਣ ਕਰਨ ਲਈ ਆਪਣੀ ਕਲਮ ਤੋਂ ਇਸ ਪੁਸਤਕ ਦੀ ਰਚਨਾ ਕੀਤੀ ਹੈ।

ਹਥਲੀ ਪੁਸਤਕ 'ਜ਼ਿੰਦਗੀ ਦਾ ਅਸਲੀ ਸੁਪਰਮੈਨ ਦਾਰਾ ਸਿੰਘ' ਵਿਚ ਲੇਖਕ ਨੇ ਨਵਯੁਵਕ ਅਵਸਥਾ ਦੇ ਗੱਭਰੂਆਂ ਨੂੰ ਆਸ਼ਾਵਾਦੀ ਪ੍ਰਵਿਰਤੀਆਂ ਦੀ ਪ੍ਰੇਰਨਾ ਦੇਣ ਲਈ ਦਾਰਾ ਸਿੰਘ ਧਰਮੂਚੱਕੀਆ ਜੋ ਇਕ ਨਾਮੀ ਪਹਿਲਵਾਨ ਅਤੇ ਫਿਲਮੀ ਸੰਸਾਰ ਵਿਚ ਨਾਮਣਾ ਖੱਟਣ ਵਾਲਾ ਨਾਇਕ ਬਣਿਆ, ਦੀ ਸੰਘਰਸ਼ੀ ਜੀਵਨ ਗਾਥਾ ਲਿਖੀ ਹੈ। ਦਾਰਾ ਸਿੰਘ ਧਰਮੂਚੱਕ ਦੇ ਜੀਵਨ ਦੀ ਇਸ ਗਾਥਾ ਦਾ ਖਰੜਾ ਪੜ੍ਹਦਿਆਂ ਮੈਨੂੰ ਇਹ ਅਹਿਸਾਸ ਹੋਇਆ ਕਿ ਸਾਨੂੰ ਲੇਖਕਾਂ ਨੂੰ ਸਾਧਾਰਨ ਮਨੁੱਖ ਦੇ ਜੀਵਨ-ਕਾਲ ਦੀਆਂ ਤਣਾਉਪੂਰਕ, ਟਕਰਾਵੀ, ਸੰਘਰਸ਼ੀ ਸਥਿਤੀਆਂ ਤੋਂ ਸੰਭਾਵੀ ਸਿਰਜਨਾਤਮਿਕ ਕਾਰਜਾਂ ਦੀ ਦਿਸ਼ਾ ਨਿਰਧਾਰਤ ਕਰਨ ਲਈ ਸਹਿਣਸ਼ੀਲਤਾ, ਸਹਿਜਤਾ, ਨਿਰੰਤਰ-ਮਿਹਨਤ ਅਤੇ ਸੰਭਵ ਜਿੱਤ ਵਿਚ ਵਿਸ਼ਵਾਸ ਕਰਨ ਵਾਲੇ ਨਾਇਕਾਂ ਨੂੰ ਉਭਾਰਨਾ ਚਾਹੀਦਾ ਹੈ। ਭਾਵੇਂ ਇਹ ਨਾਇਕ ਮਿਥਿਹਾਸ, ਇਤਿਹਾਸ ਦੇ ਹੋਣ ਭਾਵੇਂ ਸਮਕਾਲ ਦੇ...।

ਸਿਨੇ ਪੰਜਾਬੀ ਦੇ ਪੱਤਰਕਾਰ ਮਨਦੀਪ ਸਿੰਘ ਸਿੱਧੂ ਨੇ ਪੁਸਤਕ ਦੇ ਸਰਵਰਕ ਉਤੇ ਲਿਖਿਆ: ਹਿੰਦੋਸਤਾਨ ਵਿਚ ਜਦੋਂ ਕਦੇ ਵੀ ਪਹਿਲਵਾਨੀ ਤੇ ਅਦਾਕਾਰੀ ਦੀ ਗੱਲ ਹੋਵੇਗੀ ਤਾਂ ਇਕ ਨਾਮ ਹਮੇਸ਼ਾਂ ਹੀ ਸਫ਼ਾ-ਏ-ਅੱਵਲ ਰਹੇਗਾ। ਦਾਰਾ ਸਿੰਘ ਸਿਰਫ਼ ਕੁਸ਼ਤੀ ਦਾ ਹੀ ਜੇਤੂ ਨਹੀਂ ਸੀ ਬਲਕਿ ਪੰਜਾਬੀ ਅਤੇ ਹਿੰਦੀ ਸਿਨੇਮੇ ਦਾ ਇਕ ਬਿਹਤਰੀਨ ਅਦਾਕਾਰ ਵੀ ਸੀ। ਉਨ੍ਹਾਂ ਦੁਆਰਾ ਰਾਮਾਇਣ ਟੀਵੀ ਲੜੀਵਾਰ ਵਿਚ ਨਿਭਾਇਆ ਹਨੂੰਮਾਨ ਦਾ ਕਿਰਦਾਰ ਅੱਜ ਵੀ ਕਾਬਲੇ ਫ਼ਖ਼ਰ ਹੈ। ਮੈਨੂੰ ਇਸ ਗੱਲ ਦੀ ਬੇਹੱਦ ਖ਼ੁਸ਼ੀ ਹੈ ਕਿ ਸੁਹਿਰਦ ਕਵੀ, ਲੇਖਕ ਅਤੇ ਸਾਹਿਤਕ ਆਗੂ ਪਵਨ ਹਰਚੰਦਪੁਰੀ ਜੀ ਨੇ 'ਜ਼ਿੰਦਗੀ ਦਾ ਅਸਲੀ ਸੁਪਰਮੈਨ ਦਾਰਾ ਸਿੰਘ' ਨਾਮੀ ਕਿਤਾਬ ਲਿਖ ਕੇ ਸਾਹਿਤ ਦੇ ਜੀਵਨੀ ਖੇਤਰ ਅਤੇ ਸਾਡੀ ਜਾਣਕਾਰੀ ਵਿਚ ਜ਼ਿਕਰਯੋਗ ਇਜ਼ਾਫ਼ਾ ਕੀਤਾ ਹੈ। ਇਹ ਕਿਤਾਬ ਬੱਚਿਆਂ ਤੇ ਨੌਜਵਾਨਾਂ ਅਤੇ ਪਾਠਕਾਂ ਨੂੰ ਸਹੀ ਮਾਰਗ ਦਰਸ਼ਨ ਪ੍ਰਦਾਨ ਕਰੇਗੀ...।

ਪਵਨ ਹਰਚੰਦਪੁਰੀ ਨੇ ਖ਼ੁਦ ਪੁਸਤਕ ਦੀ ਭੂਮਿਕਾ ਬੰਨ੍ਹਦਿਆਂ ਲਿਖਿਆ: ਲੇਖਕਾਂ ਵੱਲੋਂ ਕਈ ਦਫ਼ਾ ਜੋ ਬਿੰਬ, ਤਸ਼ਬੀਹਾਂ ਜਾਂ ਕਲਪਿਤ ਪਾਤਰ ਆਪਣੀਆ ਰਚਨਾਵਾਂ ਵਿਚ ਉਸਾਰ ਲਏ ਜਾਂਦੇ ਹਨ, ਉਨ੍ਹਾਂ ਨੂੰ ਹੀ ਅਸੀਂ ਜੀਵਨ ਦਾ ਅਸਲ ਸੱਚ ਮੰਨ ਲੈਂਦੇ ਹਾਂ। ਲੇਖਕ ਕਿਸੇ ਪਾਤਰ ਦੀ ਬੁਰਾਈ ਨੂੰ ਦਰਸਾਉਣ ਲਈ ਉਸ ਦਾ ਸਰੀਰਕ ਰੂਪ ਵੀ ਵੱਖਰਾ ਉਸਾਰ ਦਿੰਦਾ ਹੈ ਜਿਵੇਂ ਭੂਤ, ਪ੍ਰੇਤ, ਜਿੰਨ ਤੇ ਦੈਂਤ ਆਦਿ। ਇਹ ਪਾਤਰ ਲੇਖਕ ਦੀ ਮਾਨਸਿਕ ਕਲਪਨਾ ਦਾ ਉਸਾਰ ਹੁੰਦੇ ਹਨ, ਮੂਲ ਰੂਪ ਵਿਚ ਇਨ੍ਹਾਂ ਦੀ ਕੋਈ ਹੋਂਦ ਨਹੀਂ ਹੁੰਦੀ। ਜਦੋਂ ਚੰਗਿਆਈ ਤੇ ਬੁਰਿਆਈ ਦਾ ਯੁੱਧ ਹੁੰਦਾ ਹੈ ਤਾਂ ਜਿੱਤ ਚੰਗਿਆਈ ਦੀ ਹੁੰਦੀ ਹੈ। ਪਰ ਉਨ੍ਹਾਂ ਪਾਤਰਾਂ ਨੂੰ ਹੀ ਅਸਲੀ ਸੱਚ ਮੰਨਣ ਕਾਰਨ, ਆਪਣੇ ਲਈ ਉਹੋ ਡਰਾਉਣੇ ਬਣ ਜਾਂਦੇ ਹਨ। ਸਾਡੀ ਇਸ ਕਮਜ਼ੋਰੀ ਨੂੰ ਸਮਝ ਕੇ ਸਮਾਜ ਦੀਆਂ ਕਾਲੀਆਂ ਲੁਟੇਰੀਆਂ ਸ਼ਕਤੀਆਂ ਲੋਕਾਂ ਨੂੰ ਡਰਾਉਣ ਲਈ ਅਜਿਹੇ ਨਾਵਲ/ਕਹਾਣੀਆਂ/ਫ਼ਿਲਮਾਂ ਅਤੇ ਲੜੀਵਾਰ ਸੀਰੀਅਲ ਤਿਆਰ ਕਰਵਾਉਂਦੀਆਂ ਹਨ ਜਿਨ੍ਹਾਂ ਨੂੰ ਵੇਖ ਕੇ ਲੋਕ ਮਾਨਸਿਕਤਾ ਹੋਰ ਕਮਜ਼ੋਰ ਹੋ ਜਾਂਦੀ ਹੈ। ਫਿਰ ਉਨ੍ਹਾਂ ਪਾਤਰਾਂ ਨੂੰ ਕਲਪਿਤ-ਦੈਵੀ ਸ਼ਕਤੀਆਂ ਨਾਲ ਲੜਦੇ ਵਿਖਾਇਆ ਜਾਂਦਾ ਹੈ ਜਿਸ ਵਿਚ ਦੈਵੀ ਸ਼ਕਤੀਆਂ ਦੀ ਜਿੱਤ ਹੁੰਦੀ ਹੈ। ਜਿਸ ਨਾਲ ਇਹ ਸੋਚ ਉਤਪੰਨ ਹੁੰਦੀ ਹੈ ਕਿ ਲੋਕ ਇਨ੍ਹਾਂ ਕਾਲੀਆਂ ਸ਼ਕਤੀਆਂ ਵਿਰੁੱਧ ਲੜ ਨਹੀਂ ਸਕਦੇ, ਸਿਰਫ਼ ਦੈਵੀ ਸ਼ਕਤੀ ਹੀ ਲੜ ਸਕਦੀ ਹੈ। ਭਰਾਵੋ ਇਹੋ ਹੀ ਹੈ ਅੱਜ ਦੇ ਸਮਾਜਿਕ ਬੇਈਮਾਨਾਂ ਦੀ ਸ਼ੈਤਾਨੀ ਦਾ ਸੱਚ, ਜਿਸ ਕਾਰਨ ਲੋਕ ਆਪਣੀਆਂ ਸਮੱਸਿਆਵਾਂ ਦਾ ਆਪ ਹੱਲ ਕਰਨ ਦੀ ਬਜਾਏ ਕਿਸੇ ਦੈਵੀ ਸ਼ਕਤੀ, ਹੀਰੋ, ਸ਼ਕਤੀਮਾਨ ਜਾਂ ਸੁਪਰਮੈਨ ਦੀ ਉਡੀਕ ਕਰਦੇ ਦੁੱਖ ਝੱਲਦੇ ਰਹਿੰਦੇ ਹਨ।

'ਜ਼ਿੰਦਗੀ ਦਾ ਅਸਲੀ ਸੁਪਰਮੈਨ ਦਾਰਾ ਸਿੰਘ' ਦੀ ਜੀਵਨ ਕਹਾਣੀ ਲਿਖਣ ਦਾ ਮੇਰਾ ਮੰਤਵ ਹੈ ਕਿ ਮਨੁੱਖ ਆਪ ਖ਼ੁਦ ਵੱਡਾ ਸੰਘਰਸ਼ ਕਰ ਕੇ ਆਪ ਹੀ ਸੁਪਰਮੈਨ ਜਾਂ ਹੀਰੋ ਬਣ ਸਕਦਾ ਹੈ। ਇਸ ਜੀਵਨ ਕਹਾਣੀ ਵਿਚ ਤੁਸੀਂ ਪੜ੍ਹੋਗੇ ਕਿ ਕਿਵੇਂ ਦਾਰਾ ਸਿੰਘ ਇਕ ਗ਼ਰੀਬ ਪਰਿਵਾਰ ਵਿਚੋਂ ਉੱਠ ਕੇ ਵਿਸ਼ਵ ਪੱਧਰ ਦਾ ਹੀਰੋ/ਸੁਪਰਮੈਨ ਬਣਿਆ। ਉਸ ਨੇ ਖੇਡਾਂ, ਫ਼ਿਲਮਾਂ, ਲੜੀਵਾਰਾਂ, ਸਾਹਿਤ ਅਤੇ ਰਾਜਨੀਤਕ ਖੇਤਰ ਵਿਚ ਬਹੁਤ ਵੱਡੀਆਂ ਮੱਲਾਂ ਮਾਰੀਆਂ। ਉਹ ਮੇਰਾ ਕਲਪਿਤ ਪਾਤਰ ਨਹੀਂ। ਉਸ ਨੇ ਮਿਸਾਲੀ ਜੀਵਨ ਜੀਅ ਕੇ ਸਾਨੂੰ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਔਖੇ ਸੰਘਰਸ਼ਾਂ ਅਤੇ ਉੱਚੀਆਂ ਬੁਲੰਦੀਆਂ ਵੱਲ ਤੋਰਿਆ ਹੈ। ਉਸ ਨੇ ਜੀਵਨ ਦੀਆਂ ਬਰੀਕੀਆਂ ਨੂੰ ਸਮਝਿਆ, ਔਖੇ ਸਮਿਆਂ ਨੂੰ ਹੱਸ ਕੇ ਸਿਰ 'ਤੇ ਹੰਢਾਇਆ, ਨਾ ਅੱਕਿਆ ਨਾ ਥੱਕਿਆ ਅਤੇ ਅੱਗੇ ਹੀ ਅੱਗੇ ਤੁਰਦਾ ਗਿਆ। ਆਓ ਆਪਣੇ ਅਸਲੀ ਮਾਰਗ ਦਰਸ਼ਕਾਂ ਤੇ ਰਾਹ ਦਸੇਰਿਆਂ ਦੀ ਪਛਾਣ ਕਰੀਏ। ਫ਼ਿਲਮਾਂ ਦੇ ਲੋਫਰ ਕਿਰਦਾਰ, ਲੁੱਚੇ-ਲੰਡੇ ਤੇ ਲੋਫਰ ਗੀਤਕਾਰ ਅਤੇ ਗਾਇਕ, ਬੇਈਮਾਨ ਘਟੀਆ ਆਗੂ ਅਤੇ ਵਿਖਾਵੇ ਦੇ ਧਰਮੀ ਪੁਰਸ਼ ਸਾਡੇ ਮਾਰਗ ਦਰਸ਼ਕ ਨਹੀਂ ਹਨ। ਸਾਡੇ ਸਮਾਜ ਵਿਚ, ਵਿਰਸੇ ਅਤੇ ਸਭਿਆਚਾਰ ਵਿਚ, ਸਹੀ ਮਾਰਗ ਦਰਸ਼ਕਾਂ ਦੀ ਘਾਟ ਨਹੀਂ। ਸਹੀ ਮਾਰਗ ਦਰਸ਼ਕ ਸਾਡੇ ਜੀਵਨ ਨੂੰ ਅਤੇ ਸਮਾਜ ਨੂੰ ਬਰਬਾਦ ਨਹੀਂ ਕਰਦੇ ਸਗੋਂ ਸਹੀ ਸੇਧ ਦਿੰਦੇ ਹਨ ਅਤੇ ਉੱਚੀਆਂ ਮੰਜ਼ਿਲਾਂ ਸਰ ਕਰਨ ਦੀ ਪ੍ਰੇਰਨਾ ਤੇ ਹੌਸਲਾ ਵੀ ਦਿੰਦੇ ਹਨ। ਇਹੋ ਜਿਹਾ ਹੀ ਮਾਰਗ ਦਰਸ਼ਕ ਹੈ ਸੁਪਰਮੈਨ ਦਾਰਾ ਸਿੰਘ ਧਰਮੂਚੱਕੀਆ।

ਇਹ ਕਿਤਾਬ ਮੈਂ ਦਾਰਾ ਸਿੰਘ ਦੀ ਮੌਤ ਤੋਂ ਬਾਅਦ ਲਿਖੀ ਹੈ। ਇਸ ਲਈ ਇਸ ਜੀਵਨ ਕਹਾਣੀ ਦਾ ਮੁੱਖ ਆਧਾਰ ਦਾਰਾ ਸਿੰਘ ਜੀ ਵੱਲੋਂ ਲਿਖੀ ਉਨ੍ਹਾਂ ਦੀ ਸਵੈ-ਜੀਵਨੀ ਨੂੰ ਹੀ ਬਣਾਇਆ ਹੈ। ਇਸ ਤੋਂ ਇਲਾਵਾ ਉਨ੍ਹਾਂ ਬਾਰੇ ਮੌਖਿਕ ਜਾਣਕਾਰੀ, ਕਿਤਾਬਾਂ, ਨੈੱਟ ਅਤੇ ਅਖ਼ਬਾਰਾਂ ਆਦਿ ਤੋਂ ਹਾਸਲ ਕੀਤੀ ਹੈ। ਮਨਦੀਪ ਸਿੰਘ ਸਿੱਧੂ ਫਿਰੋਜ਼ਪੁਰ ਜੋ ਫ਼ਿਲਮੀ ਪੱਤਰਕਾਰ ਹਨ ਉਨ੍ਹਾਂ ਤੋਂ ਦਾਰਾ ਸਿੰਘ ਦੀਆਂ ਫ਼ਿਲਮਾਂ ਬਾਰੇ ਜਾਣਿਆ ਹੈ। ਮੇਰਾ ਉਦੇਸ਼ ਹੈ ਕਿ ਬੱਚੇ ਅਤੇ ਨੌਜਵਾਨ ਆਪਣੇ ਸਹੀ ਨਾਇਕਾਂ ਦੀ ਪਛਾਣ ਕਰਨ ਅਤੇ ਕਾਲੀਆਂ ਘਿਨਾਉਣੀਆਂ ਸ਼ਕਤੀਆਂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਨਾ ਹੋਣ ਜੋ ਉਨ੍ਹਾਂ ਨੂੰ ਡਰ-ਭੈਅ, ਹੀਣ-ਭਾਵਨਾ, ਨਸ਼ਿਆਂ, ਲੋਫਰਪੁਣੇ ਅਤੇ ਆਤਮ ਹੱਤਿਆਵਾਂ ਵੱਲ ਤੋਰਦੀਆਂ ਹਨ। ਉਹ ਆਪਣੇ ਵਿਰਸੇ, ਸਭਿਆਚਾਰ ਅਤੇ ਸਮਾਜ ਅੰਦਰਲੇ ਉੱਚ ਕਿਰਦਾਰਾਂ ਵਾਲੇ ਸਹੀ ਨਾਇਕਾਂ ਦੀ ਪਛਾਣ ਕਰ ਕੇ ਜੀਵਨ ਜੀਣ ਅਤੇ ਦੇਸ਼ ਦੇ ਚੰਗੇ ਸ਼ਹਿਰੀ ਬਣਨ।

**ਦਾਰਾ ਸਿੰਘ ਬਹੁਪੱਖੀ ਸ਼ਖ਼ਸੀਅਤ**

ਦੋਸਤੋ, ਦਾਰਾ ਸਿੰਘ ਦਾ ਨਾਮ ਸਿਰਫ਼ ਪੰਜਾਬ ਪੱਧਰ 'ਤੇ ਹੀ ਨਹੀਂ ਸਗੋਂ ਭਾਰਤ ਅਤੇ ਦੁਨੀਆ ਪੱਧਰ 'ਤੇ ਮਸ਼ਹੂਰ ਹੈ ਜਿਸ ਨੇ ਵਿਸ਼ਵ ਪੱਧਰ 'ਤੇ ਬੇਸ਼ੁਮਾਰ ਮੱਲਾਂ ਮਾਰੀਆਂ ਅਤੇ ਵਿਸ਼ਵ ਜੇਤੂ ਪਹਿਲਵਾਨ ਬਣਿਆ। ਉਸ ਨੇ ਕੁਸ਼ਤੀ ਦੇ ਨਾਲ-ਨਾਲ ਬਹੁਤ ਸਾਰੀਆਂ ਹਿੰਦੀ ਫਿਲਮਾਂ ਵਿਚ ਬਤੌਰ ਅਦਾਕਾਰ ਰੋਲ ਅਦਾ ਕੀਤਾ ਅਤੇ ਬੜੇ ਯਾਦਗਾਰੀ ਰੋਲ ਨਿਭਾਏ। ਉਸ ਨੇ ਪੰਜਾਬੀ ਫ਼ਿਲਮਾਂ ਵਿਚ ਵੀ ਕੰਮ ਕਰ ਕੇ ਆਪਣੀ ਸ਼ਕਤੀਸ਼ਾਲੀ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ। ਉਸ ਨੇ ਕਈ ਫ਼ਿਲਮਾਂ ਬਣਾਈਆਂ ਤੇ ਨਿਰਦੇਸ਼ਨਾ ਕੀਤੀ। ਫਿਰ ਵੀ ਇਹ ਮਾਣ-ਮੱਤਾ ਪੰਜਾਬੀ, ਪੰਜਾਬ ਦੀ ਮਿੱਟੀ ਨਾਲ ਜੁੜਿਆ ਰਿਹਾ। ਇਸ ਲਈ ਮੈਂ ਦਾਰਾ ਸਿੰਘ ਦੀ ਜੀਵਨੀ ਨੂੰ ਉਸ ਦੇ ਜੀਵਨ ਵਾਂਗ ਹੀ ਕਈ ਭਾਗਾਂ ਵਿਚ ਵੰਡ ਕੇ ਪੇਸ਼ ਕਰ ਰਿਹਾ ਹਾਂ।

ਪੁਸਤਕ ਦਾ ਤਤਕਰਾ ਹੈ: ਪੰਜਾਬ ਅਤੇ ਕੁਸ਼ਤੀਆਂ, ਦਾਰਾ ਸਿੰਘ ਦਾ ਬਚਪਨ, ਪਹਿਲਵਾਨੀ ਦੀ ਸ਼ੁਰੂਆਤ, ਪਿੰਡ ਅੰਦਰ ਕੁਸ਼ਤੀਆਂ, ਦਾਰੇ ਦੇ ਠਾਕੇ ਅਤੇ ਪਹਿਲਾ ਵਿਆਹ, ਧਰਮੂਚੱਕ ਦਾ ਇਤਿਹਾਸ, ਚਾਚਾ ਚੰਨਣ ਸਿੰਘ ਦੀ ਮੌਤ ਤੇ ਮਦਰਾਸ ਵੱਲ, ਚੋਰੀ ਕਰਨ ਦੀ ਆਦਤ, ਦਾਰਾ ਸਿੰਘ ਸਿੰਗਾਪੁਰ ਵਿਚ, ਹਰਨਾਮ ਦਾਸ ਅਤੇ ਜੁਗਿੰਦਰ ਸਿੰਘ ਸੁਰਸਿੰਘੀਆ, ਗੁਰੂ ਹਰਨਾਮ ਸਿੰਘ ਦੇ ਅਖਾੜੇ ਵਿਚ, ਦੁਲਚੀਪੁਰੀਆ ਦਾਰਾ, ਦਾਰਾ ਮਲਾਇਆ ਵਿਚ, ਪਤਨੀ ਦਾ ਅਚਾਨਕ ਆਉਣਾ, ਕਲਕੱਤੇ ਕੁਸ਼ਤੀਆਂ ਅਤੇ ਪੰਜਾਬ ਵਿਚ, ਦੁਲਚੀਪੁਰੀਏ ਤੋਂ ਕਤਲ ਤੇ ਚੈਲਿੰਜ, ਦਾਰਾ ਮੁੜ ਸਿੰਗਾਪੁਰ, ਰੋਚਿਕ ਕੁਸ਼ਤੀ, ਦਾਰਾ ਸਿੰਘ ਕੋਲੰਬੋ ਵਿਚ, ਦਾਰਾ ਸਿੰਘ ਫ਼ਿਲਮਾਂ ਵਿਚ, ਰੁਸਤਮੇ-ਹਿੰਦ ਦਾ ਖ਼ਿਤਾਬ, ਦੁਨੀਆ ਜਿੱਤਣ ਦੇ ਮੋਰਚੇ 'ਤੇ, ਗਾਮੇ ਪਹਿਲਵਾਨ ਨੂੰ ਮਿਲਣਾ ਤੇ ਦਾਰਾ ਸਿੰਘ ਮਾਸਕੋ ਵਿਚ। ਦਾਰਾ ਸਿੰਘ ਦੁਨੀਆ ਦਾ ਕੋ-ਜੇਤੂ ਬਣਨਾ, ਕਾਮਨਵੈਲਥ ਮੁਕਾਬਲਾ ਤੇ ਨਹਿਰੂ ਜੀ ਨਾਲ ਮਿਲਣੀ, ਦਾਰਾ ਸਿੰਘ ਕਾਮਨਵੈਲਥ ਜੇਤੂ ਬਣਿਆ, ਦਾਰਾ ਸਿੰਘ ਦਾ ਦੂਜਾ ਵਿਆਹ ਤੇ ਪਰਿਵਾਰ, ਦਾਰਾ ਸਿੰਘ ਦੀ ਮਿਹਨਤ ਨੂੰ ਸਲਾਮ, ਦਾਰਾ ਸਿੰਘ ਦਾ ਸੁੰਦਰ ਸਡੌਲ ਸਰੀਰ, ਫ਼ਿਲਮਾਂ ਵਿਚ ਕੁਸ਼ਤੀਆਂ ਤੇ ਸਫਲਤਾ, ਬੇਟੀ ਦਾ ਜਨਮ, ਦਾਰਾ ਸਿੰਘ ਦੇ ਬੰਬਈ ਨਿਵਾਸ ਸਮੇਂ, ਫ਼ਿਲਮਾਂ ਅੰਦਰ ਸਫਲਤਾ, ਸਮਾਜਿਕ ਫਰਕ ਤੇ ਦਾਰਾ ਸਿੰਘ, ਸਮਾਜਿਕ ਬਣਤਰ ਵਿਚ ਤਬਦੀਲੀ, ਦਾਰਾ ਸਿੰਘ ਤੇ ਪ੍ਰਦੁੱਮਣ ਸਿੰਘ, ਦਾਰਾ ਸਿੰਘ ਦਾ ਪਹਿਲੇ ਵਿਆਹ ਬਾਰੇ ਸਵੈ-ਚਿੰਤਨ, ਯੁੱਧ ਫੌਜੀਆਂ ਦਾ ਸਨਮਾਨ, ਦਾਰਾ ਸਿੰਘ ਰੁਸਤਮੇ-ਜਹਾਂ ਬਣਿਆ, ਦੁਨੀਆ ਵਿਚ ਦਿਲਚਸਪ ਮੁਕਾਬਲੇ, ਦਾਰਾ ਸਿੰਘ ਦਾ ਫ਼ਿਲਮਾਂ ਵਿਚ ਕੰਮ, ਮੁੱਖ ਕਿਰਦਾਰ ਵਾਲੀਆਂ ਫ਼ਿਲਮਾਂ, ਮੁਹਾਲੀ ਵਿਖੇ ਫ਼ਿਲਮ ਸਟੂਡਿਓ ਬਣਾਉਣਾ, ਫ਼ਿਲਮ ਨਿਰਮਾਤਾ ਦੇ ਰੂਪ ਵਿਚ, ਨਿਰਦੇਸ਼ਕ ਦਾਰਾ ਸਿੰਘ, ਦਾਰਾ ਸਿੰਘ ਇਕ ਲੇਖਕ ਦੇ ਰੂਪ ਵਿਚ, ਦਾਰਾ ਸਿੰਘ ਦੇ ਮਾਂ ਬੋਲੀ ਬਾਰੇ ਵਿਚਾਰ, ਦਾਰਾ ਸਿੰਘ ਦੀ ਸਵੈ-ਜੀਵਨੀ, ਦਾਰਾ ਸਿੰਘ ਦੀ ਨਿੱਤ ਕਿਰਿਆ ਤੇ ਖ਼ੁਰਾਕ, ਨੌਜੁਆਨਾਂ ਤੇ ਖਿਡਾਰੀਆਂ ਨੂੰ ਸੁਨੇਹਾ, ਇਨਸਾਨੀ ਜੁੱਸਾ ਅਤੇ ਖ਼ੁਰਾਕ, ਮਾਂ ਦੇ ਦੁੱਧ ਦੀ ਮਹਾਨਤਾ, ਨਸ਼ੇ ਅਤੇ ਨੌਜੁਆਨ, ਦਾਰਾ ਸਿੰਘ ਹਨੂੰਮਾਨ ਦੇ ਕਿਰਦਾਰ ਵਿਚ, ਰਮਾਇਣ ਅੰਦਰਲੀ ਮਰਿਆਦਾ ਅਤੇ ਲੋਕ, ਦਾਰਾ ਸਿੰਘ ਦੇ ਹੋਰ ਕਾਰਜ, ਸੁਪਰਮੈਨ ਅਤੇ ਦਾਰਾ ਸਿੰਘ, ਦਾਰਾ ਸਿੰਘ ਦਾ ਵਿਛੋੜਾ, ਦਾਰਾ ਸਿੰਘ ਦਾ ਕੁਰਸੀਨਾਮਾ ਅਤੇ ਦਾਰਾ ਸਿੰਘ ਦੀਆਂ ਫ਼ਿਲਮਾਂ ਦਾ ਵੇਰਵਾ:

ਸੰਗਦਿਲ 1952, ਪਹਿਲੀ ਝਲਕ, ਜੱਗਾ ਡਾਕੂ, ਮੁੜ ਮੁੜ ਕੇ ਨਾ ਦੇਖ, ਕਿੰਗਕਾਂਗ, ਅਵਾਰਾ ਅਬਦੁੱਲਾ, ਫ਼ੌਲਾਦ, ਰੁਸਤਮੇ ਬਗਦਾਦ, ਏਕ ਥਾ ਅਲੀ ਬਾਬਾ, ਆਂਧੀ ਔਰ ਤੂਫ਼ਾਨ, ਆਇਆ ਤੂਫ਼ਾਨ, ਬਾਦਸ਼ਾਹ, ਦਾਰਾ ਸਿੰਘ ਆਇਰਨਮੈਨ, ਹਰਕੁਲੀਸ, ਰੁਸਤਮੇ ਰੋਮ, ਸੈਮਸਨ, ਵੀਰ ਭੀਮਸੈਨ, ਬੇਕਰਾਰ, ਬੌਕਸਰ, ਹਮ ਸਭ ਉਸਤਾਦ ਹੈਂ, ਲੁਟੇਰਾ, ਨੌਜਵਾਨ, ਰਾਕਾ, ਰਾਖ਼, ਰੁਸਤਮੇ ਹਿੰਦ, ਸਾਤ ਸਮੁੰਦਰ ਪਾਰ, ਸੰਗਰਾਮ, ਸ਼ੇਰਦਿਲ, ਸਿਕੰਦਰੇ ਆਜ਼ਮ, ਟਾਰਜਨ ਕਮਜ਼ ਟੂ ਦਿੱਲੀ, ਟਾਰਜਨ ਐਂਡ ਕਿੰਗਕਾਂਗ, ਦਾਦਾ, ਡਾਕੂ ਮੰਗਲ ਸਿੰਘ, ਇਨਸਾਫ਼, ਜਵਾਂ ਮਰਦ, ਖ਼ੂਨ ਕਾ ਬਦਲਾ ਖ਼ੂਨ, ਮਾਂ ਭਾਰਤ, ਸ਼ੰਕਰ ਖਾਨ, ਠਾਕੁਰ ਜਰਨੈਲ ਸਿੰਘ, ਬੀਰ ਬਜਰੰਗ, ਦੋ ਦੁਸ਼ਮਣ, ਐਨ ਈਵਨਿੰਗ ਇਨ ਪੈਰਿਸ, ਨਸੀਅਤ, ਸੰਗਦਿਲ, ਸਰਦਾਰ, ਟ੍ਰਿੱਪ ਟੂ ਮੂਨ, ਬਲਰਾਮ ਸ੍ਰੀ ਕ੍ਰਿਸ਼ਨਾ, ਜੰਗ ਔਰ ਅਮਨ, ਥੀਫ਼ ਆਫ਼ ਬਗਦਾਦ, ਵਤਨ ਸੇ ਦੂਰ, ਆਪਨਾ ਆਪਨਾ ਦੁਸ਼ਮਣ, ਬੇਕਸੂਰ, ਚਾਲਬਾਜ਼, ਡੰਕਾ, ਹਮ ਸਭ ਏਕ ਹੈਂ, ਜਾਲਸਾਜ਼, ਫ਼ੌਲਾਦ ਕੀ ਔਲਾਦ, ਹਮ ਸਭ ਕਾਤਿਲ ਹੈਂ, ਤੂਫ਼ਾਨ, ਆਨੰਦ, ਚੋਰੋਂ ਕਾ ਯਾਰ, ਗੁਨਾਹ ਕੇ ਰਾਸਤੇ, ਇਲਜ਼ਾਮ, ਕਭੀ ਧੂਪ ਕਭੀ ਛਾਂ, ਮੇਰਾ ਨਾਮ ਜੋਕਰ, ਡਾਕੂ ਮਾਨ ਸਿੰਘ, ਹਮ ਸਭ ਚੋਰ ਹੈਂ, ਕੱਲ੍ਹ ਆਜ ਔਰ ਕੱਲ੍ਹ, ਰਾਮੂ ਉਸਤਾਦ, ਦਾ ਕ੍ਰਿਮੀਨਲ, ਸ਼ੇਰੇ ਵਤਨ, ਤੁਲਸੀ ਵਿਵਾਹ, ਲਲਕਾਰ, ਆਖੋਂ ਆਖੋਂ ਮੇਂ, ਸੁਲਤਾਨਾ ਡਾਕੂ, ਹਰੀ ਦਰਸ਼ਨ, ਮੇਰਾ ਦੇਸ਼ ਮੇਰਾ ਧਰਮ, ਮੇਰਾ ਸ਼ਿਕਾਰ, ਫਿਰ ਆਇਆ ਤੂਫ਼ਾਨ, ਕੁੰਵਾਰਾ ਬਾਪ, ਹਰਿ ਹਰਿ ਮਹਾਂਦੇਵ, ਕਿਸਾਨ ਔਰ ਭਗਵਾਨ, ਜ਼ਹਿਰੀਲਾ ਇਨਸਾਨ, ਧਰਮਾਤਮਾ, ਧਰਮ-ਕਰਮ, ਵਰੰਟ, ਰਾਖੀ ਔਰ ਰਾਈਫ਼ਲ, ਅਲੀ ਬਾਬਾ, ਆਪਣਾ ਖ਼ੂਨ ਆਪਣਾ ਦੁਸ਼ਮਣ, ਬਜਰੰਗ ਬਲੀ, ਰਾਮ ਭਰੋਸੇ, ਬੋਲੇ ਰੇ ਹੋ ਚੱਕਰਧਾਰੀ, ਭਗਤੀ ਮੇਂ ਸ਼ਕਤੀ, ਸੋਨੇ ਕਾ ਦਿਲ ਲੋਹੇ ਕੇ ਹਾਥ, ਚੰਬਲ ਕੀ ਰਾਣੀ, ਨਾਲਾਇਕ, ਬਨਮਾਨਸ, ਸ਼ਿਵ ਸ਼ਕਤੀ, ਖੇਲ ਮੁਕੱਦਰ ਕਾ, ਗੁਰੂ ਸੁਲੇਮਾਨਚੇਲਾ ਪਹਿਲਵਾਨ, ਮੈਂ ਇੰਤਕਾਮ ਲੂੰਗਾ, ਰੁਸਤਮ, ਆਨ ਔਰ ਸ਼ਾਨ, ਮਰਦ, ਕ੍ਰਿਸ਼ਨਾ-ਕ੍ਰਿਸ਼ਨਾ, ਭੁਲੇਖਾ, ਸੱਜਣਾ ਸਾਥ ਨਿਭਾਨਾ, ਸਰਵਣ ਕੁਮਾਰ, ਪਾਂਚ ਫ਼ੌਲਾਦੀ, ਮਰਦਾਨਗੀ, ਮਹਾਂਵੀਰਾ, ਐਲਾਨ-ਏ-ਜੰਗ, ਸ਼ਹਿਜ਼ਾਦੇ, ਘਰਾਣਾ, ਨਾਕਾਬੰਦੀ, ਤੇਰਾ ਮੇਰਾ ਪਿਆਰ, ਤ੍ਰੈ-ਯਾਤਰੀ, ਪ੍ਰਤਿੱਗਿਆ, ਸ਼ੇਰੋਂ ਕੇ ਪੁੱਤ ਸ਼ੇਰ, ਅਜੂਬਾ, ਬੇਚੈਨ, ਧਰਮ ਸੰਕਟ, ਮੌਤ ਕੀ ਸਜ਼ਾ, ਸ਼ਿਕਾਰੀ, ਮੈਂ ਹੂੰ ਸ਼ੇਰਨੀ, ਪ੍ਰੇਮ ਦੀਵਾਨੇ, ਅਨਮੋਲ, ਕਰਨ, ਰਾਮ ਸ਼ਸਤਰਾ, ਲਵ-ਕੁਸ਼, ਦਿਲ ਲਗੀ, ਕੁਹਾਰ, ਜ਼ੁਲਮੀ, ਜੈ ਸਕੰਬਰੀ ਮਾਂ, ਦੁਲਹਨ ਹਮ ਲੇ ਜਾਏਂਗੇ, ਫ਼ਰਜ਼, ਸ਼ਰਾਰਤ,

***(ਬਾਕੀ ਅਗਲੇ ਸਫੇ 'ਤੇ)***

# 29 ਅਪ੍ਰੈਲ: ਵਗਦੀਆਂ ਹਨੇਰੀਆਂ ਵਿਚ ਬਲਦਾ ਚਿਰਾਗ

29 ਅਪ੍ਰੈਲ 1986 ਦਾ ਦਿਨ ਸਿੱਖ ਇਤਿਹਾਸ ਦੀ ਸ਼ਾਨਾਮੱਤੀ ਯਾਦਗਾਰ ਹੈ। ਰਾਜਨੀਤਕ ਸੋਝੀ ਦੀ ਸਿਖਰ ਹੈ। ਗੁਰਬਾਣੀ ਦੀ ਅੰਤਰੀਵ ਸਮਝ ਨੂੰ ਦਰਸਾਉਂਦਾ ਇਕ ਰਾਜਨੀਤਕ ਦਸਤਾਵੇਜ਼ ਹੈ। ਸਿਆਸੀ ਮੰਜ਼ਿਲ ਬਾਰੇ ਪੈਦਾ ਕੀਤੇ ਤਮਾਮ ਭੁਲੇਖਿਆਂ ਦਾ ਸਦੀਵੀ ਖ਼ਾਤਮਾ ਹੈ। ਦੁਬਿਧਾ ਅਤੇ ਦੋਚਿਤੀ ਵਾਲੀ ਮਾਨਸਿਕਤਾ ਨੂੰ ਅਲਵਿਦਾ ਹੈ। ਜ਼ਮੀਰਾਂ ਦੇ ਜਾਗਣ



ਕਰਮਜੀਤ ਸਿੰਘ
ਫੋਨ:+91-99150-91063

ਦੀ ਨਵੀਂ ਪ੍ਰਭਾਤ ਹੈ। ਇਤਿਹਾਸ ਦੀ ਤੋਰ ਵਿਚ ਉਠਿਆ ਗਰਜਵਾਂ ਨਾਦ ਹੈ। ਇਹ ਦਿਨ ਪੂਰਵ-ਸਿੱਖ ਇਤਿਹਾਸ ਤੇ ਉਤਰ-ਸਿੱਖ ਇਤਿਹਾਸ ਵਿਚ ਵੰਡਿਆ ਗਿਆ ਹੈ। ਇਹ ਸਿੱਖ ਇਤਿਹਾਸ ਵਿਚ ਪਿਆ ਪਾੜ (rupture) ਹੈ, ਜਦੋਂ ਕੌਮ ਦੀ ਜ਼ਿੰਦਗੀ ਵਿਚ ਸਿਫ਼ਤੀ ਤਬਦੀਲੀ (quailtaitve changes) ਦਾ ਇਕ ਨਵਾਂ ਯੁੱਗ ਆਰੰਭ ਹੁੰਦਾ ਹੈ। ਇਹ ਦਿਨ ਪਾਤਸ਼ਾਹੀ ਦਾਅਵਿਆਂ ਹਲੇਮੀ ਰਾਜ, ਖ਼ਾਲਸਾ ਰਾਜ, ਖ਼ੁਦਮੁਖਤਿਆਰੀ, (right of self deterimnaiton) ਦਾ ਅਸਲ ਆਧੁਨਿਕ ਬਦਲ ਹੈ। ਇਹ ਦਿਨ ਦਸਮੇਸ਼-ਪਿਆਰ ਦੀ ਸਿੱਖ ਇਤਿਹਾਸ ਵਿਚ ਸ਼ਮੂਲੀਅਤ ਅਤੇ ਪ੍ਰਵਾਨਗੀ ਦਾ ਦਿਨ ਹੈ। ਇਹ ਦਿਨ ਆਜ਼ਾਦੀ ਅਰਥਾਤ ਸਿੱਖ ਸਾਵਰਨ ਸਟੇਟ ਦਾ ਇਕ ਪਵਿੱਤਰ ਇਕਰਾਰਨਾਮਾ ਹੈ। ਇਹ ਦਿਨ ਸਿੱਖ ਪੰਥ ਦੇ ਅਸਮਾਨ 'ਤੇ ਭੂਤ, ਭਵਿੱਖ ਤੇ ਵਰਤਮਾਨ ਨੂੰ ਵੱਖਰੇ ਤੇ ਮੌਲਿਕ ਨਜ਼ਰੀਏ ਤੋਂ ਵੇਖਣ ਦਾ ਨਵਾਂ ਸੂਰਜ ਚੜ੍ਹਿਆ ਹੈ। ਇਹ ਦਿਨ ਹਿੰਦ-ਪੰਜਾਬ ਦੀ ਜੰਗ ਦਾ ਐਲਾਨਨਾਮਾ ਹੈ ਜਾਂ ਜਲਾਵਤਨ ਭਾਈ ਗਜਿੰਦਰ ਸਿੰਘ ਦੀ ਇਤਿਹਾਸਕ ਕਵਿਤਾ ਮੁਤਾਬਕ 1849 ਵਿਚ ਹਾਰੀਆਂ ਹੋਈਆਂ ਖ਼ਾਲਸਾਈ ਫੌਜਾਂ ਦੇ ਜਿੱਤਣ ਦੀਆਂ ਕਨਸੋਆਂ ਦਾ ਦਿਨ ਹੈ। ਇਹ ਦਿਨ ਵਗਦੀਆਂ ਹਵਾਵਾਂ ਵਿਚ ਕੋਈ ਬਲਦਾ ਚਿਰਾਗ਼ ਆਇਆ ਹੈ। ਇਹ ਦਿਨ ਅਵਚੇਤਨ-ਮਨ ਵਿਚ ਦੱਬੀਆਂ ਰੀਝਾਂ ਅਤੇ ਵਲਵਲਿਆਂ ਦਾ ਚੇਤਨ-ਮਨ ਵਿਚ ਨਵਾਂ ਪ੍ਰਵੇਸ਼ ਹੈ। ਉਲਾਰ-ਜਜ਼ਬਿਆਂ ਦਾ ਵਿਚਾਰਧਾਰਕ-ਜਜ਼ਬਿਆਂ ਵਿਚ ਤਬਦੀਲ ਹੋਣ ਦਾ ਦਿਨ ਹੈ। ਸਿੱਖ ਇਤਿਹਾਸ ਵਿਚ ਨਵੀਂ ਰੂਹ ਫੂਕਣ ਦੇ ਨਵੇਂ ਦੌਰ ਦੀ ਸ਼ੁਰੂਆਤ ਹੈ। ਸ਼ਾਇਰਾਂ ਦੀਆਂ ਸੁੱਤੀਆਂ ਕਲਮਾਂ ਦੇ ਜਾਗਣ ਦਾ ਵੇਲਾ ਹੈ। ਸਿੱਖ ਵਿਦਵਾਨਾਂ ਅੰਦਰ ਖੋਜ ਦੇ ਨਵੇਂ ਅਧਾਰ ਲੱਭਣ ਦੀ ਜਗਿਆਸਾ ਦਾ ਦਿਨ ਹੈ। ਵਿਦੇਸ਼ੀ ਦਾਨਸ਼ਵਰਾਂ ਵਿਚ ਸਿੱਖ ਇਤਿਹਾਸ ਨੂੰ ਨਵੇਂ ਸਿਰਿਓਂ ਵੇਖਣ ਦੀ ਰੀਝ ਅਤੇ ਨੀਝ ਨਾਲ ਖੋਜ ਦਾ ਦਿਨ ਹੈ।

29 ਅਪ੍ਰੈਲ ਦੇ ਦਿਨ ਦੀ ਇਤਿਹਾਸਕ ਮਹਾਨਤਾ ਬਾਰੇ ਜੋ ਮੈਂ ਉਕਤ ਟਿੱਪਣੀਆਂ ਕੀਤੀਆਂ ਹਨ, ਉਹ ਟਿੱਪਣੀਆਂ ਮੇਰਾ ਆਪਣਾ ਅਨੁਭਵ ਵੀ ਹੈ ਜੋ ਮੈਨੂੰ ਉਸ ਦੌਰ ਵਿਚੋਂ ਹੋਇਆ, ਜਿਸ ਨੂੰ ਮੈਂ ਨੇੜਿਓਂ, ਬਹੁਤ ਨੇੜਿਓਂ ਅਤੇ ਬਹੁਤ ਹੀ ਨੇੜਿਓਂ ਹੋ ਕੇ ਵੇਖਿਆ, ਮਾਣਿਆ ਅਤੇ ਮਹਿਸੂਸ ਕੀਤਾ।

ਖ਼ਾਲਿਸਤਾਨ ਦੀਆਂ ਗੱਲਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਵੀਹਵੀਂ ਸਦੀ ਦੇ ਕਈ ਦੌਰਾਂ ਵਿਚ ਖ਼ਾਲਿਸਤਾਨ ਦੀ ਰੀਝ ਸ਼ਬਦਾਂ ਵਿਚ ਉਤਰਦੀ ਰਹੀ ਹੈ ਪਰ ਉਹ ਰੀਝ ਕਦੇ ਵੀ ਵੱਡੀ ਲਹਿਰ ਨਹੀਂ ਸੀ ਬਣ ਸਕੀ। ਖ਼ਾਲਿਸਤਾਨ ਦਾ ਜਜ਼ਬਾ ਕੌਮ ਦੇ ਜਜ਼ਬੇ ਵਿਚ ਤਬਦੀਲ ਨਹੀਂ ਸੀ ਹੋ ਸਕਿਆ।

ਪਰ 29 ਅਪ੍ਰੈਲ ਦੇ ਇਤਿਹਾਸਕ ਐਲਾਨਨਾਮੇ ਪਿੱਛੋਂ ਖ਼ਾਲਿਸਤਾਨ ਦੀ ਹਕੀਕਤ ਨੇ, ਖ਼ਾਲਿਸਤਾਨ ਦੇ ਸੰਕਲਪ ਨੇ, ਖਾਲਿਸਤਾਨ ਦੇ ਜਜ਼ਬੇ ਨੇ 'ਦਿਲਾਂ ਤੋਂ ਦਿਮਾਗ਼ਾਂ ਵੱਲ' ਸਫ਼ਰ ਕਰਨਾ ਸ਼ੁਰੂ ਕਰ ਦਿੱਤਾ ਸੀ।

ਮੇਰੇ ਲਈ ਉਹ ਸੁਭਾਗਾ ਦੌਰ ਸੀ, ਜਦੋਂ ਮੈਂ ਇਸ ਸਫ਼ਰ ਦੇ ਵੱਖ ਵੱਖ ਪੜਾਵਾਂ ਨੂੰ ਇਕ ਗੰਭੀਰ ਪੱਤਰਕਾਰ ਦੇ ਤੌਰ 'ਤੇ ਵੀ ਵੇਖਿਆ ਅਤੇ ਸਮੇਂ ਸਮੇਂ ਵਿਸ਼ਲੇਸ਼ਣ ਵੀ ਕਰਦਾ ਰਿਹਾ। ਇਸ ਦੌਰ ਵਿਚ ਹਿੱਸਾ ਪਾ ਰਹੇ ਯੋਧਿਆਂ ਦੇ ਨੇੜੇ ਵੀ ਹੋਇਆ ਅਤੇ ਉਨ੍ਹਾਂ ਦੇ ਦਰਦ ਨੂੰ, ਉਨ੍ਹਾਂ ਦੀ ਇਤਿਹਾਸਕ ਸਮਝ ਨੂੰ, ਰਣਨੀਤੀ ਨੂੰ, ਉਨ੍ਹਾਂ ਦੇ ਬੁਲੰਦ ਹੌਸਲਿਆਂ ਨੂੰ, ਉਨ੍ਹਾਂ ਦੀਆਂ ਕਮਜ਼ੋਰੀਆਂ ਨੂੰ ਅਤੇ ਇੱਥੋਂ ਤਕ ਉਨ੍ਹਾਂ ਅੰਦਰ ਇੱਕੋ ਨਿਸ਼ਾਨੇ ਨੂੰ ਲੈ ਕੇ ਆਪਣੇ ਤੋਂ ਵੱਖਰੇ ਚੱਲ ਰਹੇ ਸਾਥੀਆਂ ਲਈ ਮਿੱਠੀ ਈਰਖਾ, ਸਾੜਾ, ਖ਼ੁਣਸ ਵਰਗੀਆਂ ਕਮੀਆਂ ਵੀ ਦੇਖੀਆਂ ਤੇ ਇੱਥੋਂ ਤਕ ਕਈ ਵਾਰ ਬਦਲੇ ਦੀਆਂ ਭਾਵਨਾਵਾਂ ਵਰਗੇ ਰੁਝਾਨ ਵੀ ਮਹਿਸੂਸ ਕੀਤੇ। ਪਰ ਨਾਲ ਹੀ ਉਨ੍ਹਾਂ ਵਿਚ ਬਹੁਤ ਵੱਡੀਆਂ ਗੱਲਾਂ ਵੀ ਸਨ ਜਿਨ੍ਹਾਂ ਅੰਦਰ ਇਤਿਹਾਸ ਦੇ ਵਹਿਣ ਨੂੰ ਹੀ ਮੋੜ ਦੇਣ ਦੀ ਸਮਰੱਥਾ, ਤਾਕਤ ਤੇ ਹੈਰਾਨਕੁਨ ਜਨੂੰਨ ਸੀ। ਬਸ, ਇਉਂ ਸਮਝੋ ਜਿਵੇਂ 18ਵੀਂ ਸਦੀ ਦੇ ਇਤਿਹਾਸ ਦੇ ਦਰਸ਼ਨ ਹੋ ਰਹੇ ਸਨ।

ਪਰ ਇਸ ਇਤਿਹਾਸ ਨੂੰ ਸਾਂਭਣ ਲਈ ਬਹੁਤ ਕੁਝ ਕਰਨ ਵਾਲਾ ਹੈ। ਲੇਕਿਨ ਉਸ ਦੌਰ ਦੇ ਚਸ਼ਮਦੀਦ ਗਵਾਹਾਂ ਵਿਚ ਇਹ ਅਹਿਸਾਸ ਲਗਪਗ ਖ਼ਤਮ ਹੋ ਗਿਆ ਜਾਪਦਾ ਹੈ। ਇੱਥੋਂ ਤੱਕ ਸਿੱਖ ਸੋਵਰੇਨ ਸਟੇਟ (ਖਾਲਿਸਤਾਨ) ਦੀ ਵਿਚਾਰਧਾਰਾ ਨੂੰ ਵੀ ਕਈ ਵਾਰ ਚਲਾਕ ਵਿਦਵਤਾ ਦੇ ਜ਼ੋਰ ਨਾਲ ਪੇਤਲਾ ਕਰਨ ਦੇ ਯਤਨ ਹੋ ਰਹੇ ਹਨ ਅਤੇ ਕਈ ਵਾਰ ਬਦਲ ਰਹੀਆਂ ਹਾਲਤਾਂ ਦਾ ਮੋਢਾ ਵਰਤ ਕੇ ਨਿਸ਼ਾਨੇ ਬਾਰੇ ਭਰਮ-ਭੁਲੇਖੇ ਪੈਦਾ ਕੀਤੇ ਜਾ ਰਹੇ ਹਨ। ਇਹ ਬੇਹੱਦ ਅਫ਼ਸੋਸਨਾਕ ਰੁਝਾਨ ਹੈ ਅਤੇ ਸਾਨੂੰ ਸਭਨਾਂ ਨੂੰ ਇਨ੍ਹਾਂ ਰੁਝਾਨਾਂ ਨਾਲ ਜੁੜੇ ਵੀਰਾਂ ਵੱਲੋਂ ਪੇਸ਼ ਕੀਤੀ ਤੇ ਪ੍ਰਚਾਰੀ ਜਾ ਰਹੀ ਇਕ ਪੱਖੀ ਤੇ ਸੌੜੀ ਸਮਝ ਦੀਆਂ ਸਾਰੀਆਂ ਗੁੱਝੀਆਂ ਤੇ ਪ੍ਰਤੱਖ ਪਰਤਾਂ ਨੂੰ ਪਛਾਣਨ ਤੇ ਉਨ੍ਹਾਂ ਦਾ ਸਿਧਾਂਤਕ ਅਤੇ ਦਲੀਲ-ਪੂਰਨ ਮੁਕਾਬਲਾ ਕਰਨ ਲਈ ਜਥੇਬੰਦਕ ਰੂਪ ਵਿਚ ਤਿਆਰ ਰਹਿਣਾ ਚਾਹੀਦਾ ਹੈ।

ਸਾਨੂੰ ਅੰਤਰਰਾਸ਼ਟਰੀ ਵਿਹੜੇ ਵਿਚ ਹੋ ਰਹੀਆਂ ਸਰਗਰਮੀਆਂ ਵਿਚ ਵੀ ਭਰਪੂਰ ਦਿਲਚਸਪੀ ਲੈਣ ਦਾ ਮਾਹੌਲ ਤਿਆਰ ਕਰਨਾ ਪਵੇਗਾ। ਯੂਕਰੇਨ-ਰੂਸ ਦੀ ਜੰਗ ਨਾਲ ਵੀ ਇਕ ਨਵਾਂ ਵਿਸ਼ਵ ਨਿਜ਼ਾਮ ਕੀ ਹੋਂਦ ਵਿਚ ਆਵੇਗਾ? ਕੀ ਇਹ ਜੰਗ ਅਸਲ ਵਿਚ ਪੂਰਬ ਤੇ ਪੱਛਮ ਦੀ ਜੰਗ ਹੈ? ਕੀ ਅਸਲ ਵਿਚ ਨਵਾਂ ਵਿਸ਼ਵ ਨਿਜ਼ਾਮ ਮਲਟੀਪੋਲਰ (ਮੁਲਟਿਪੋਲਅਰ) ਹੋਣ ਜਾ ਰਿਹਾ ਹੈ? ਕੀ ਇਸ ਨਵੇਂ ਨਿਜ਼ਾਮ ਵਿਚ ਸਿੱਖ ਕੌਮ ਦਾ ਆਪਣਾ, 'ਹਾਂ ਆਪਣਾ' ਕੋਈ ਰੋਲ ਹੋ ਸਕਦੈ? ਇਹੋ ਜਿਹੇ ਗੁੰਝਲਦਾਰ ਤੇ ਅਹਿਮ ਸਵਾਲਾਂ ਦਾ ਜਵਾਬ ਅੱਜ ਵਿਦਵਾਨਾਂ ਤੇ ਖਾਸ ਕਰਕੇ ਵਿਦੇਸ਼ਾਂ ਵਿਚ ਰਾਜਨੀਤੀ ਤੇ ਧਰਮ ਦੇ ਪਿੜ ਵਿਚ ਉਚੀਆਂ ਪੜ੍ਹਾਈਆਂ ਕਰ ਰਹੇ ਵਿਦਿਆਰਥੀਆਂ ਨੂੰ ਦੇਣਾ ਹੀ ਪੈਣਾ ਹੈ। ਕੀ ਉਨ੍ਹਾਂ ਨੂੰ ਇਸ ਵੱਡੀ ਜ਼ਿੰਮੇਵਾਰੀ ਦਾ ਅਹਿਸਾਸ ਹੈ?

29 ਅਪ੍ਰੈਲ ਦੇ ਐਲਾਨਨਾਮੇ ਬਾਰੇ ਬਹੁਤ ਕੁਝ ਕਹਿਣ ਨੂੰ ਦਿਲ ਕਰਦਾ ਹੈ ਜੋ ਕਿਹਾ ਨਹੀਂ ਗਿਆ, ਜੋ ਸਮਝਿਆ ਨਹੀਂ ਗਿਆ।

***ਅਜ ਐਲਾਨਨਾਮੇ ਦੀ ਸੱਜਰੀ ਸਵੇਰ 'ਤੇ ਖ਼ਾਲਸਾ ਪੰਥ ਨੂੰ ਮੁਬਾਰਕਾਂ, ਉਨ੍ਹਾਂ ਯੋਧਿਆਂ ਨੂੰ ਮੁਬਾਰਕਾਂ ਜਿਨ੍ਹਾਂ ਨੇ ਆਪਣਾ ਖ਼ੂਨ ਸਿੰਜ ਕੇ ਇਸ ਐਲਾਨਨਾਮੇ 'ਤੇ ਪਹਿਰਾ ਦਿੱਤਾ, ਜੇਲ੍ਹਾਂ ਵਿਚ ਬੰਦ ਜੁਝਾਰੂ ਵੀਰਾਂ ਨੂੰ ਮੁਬਾਰਕਾਂ, ਅੱਜ ਦੀ ਉਸ ਨੌਜਵਾਨ ਪੀੜ੍ਹੀ ਨੂੰ ਵਿਸ਼ੇਸ਼ ਮੁਬਾਰਕਾਂ ਜੋ ਘੁੱਪ ਹਨੇਰਿਆਂ ਵਿਚ ਵੀ ਆਜ਼ਾਦੀ ਦੇ ਦੀਪ ਨੂੰ ਜਗਦਾ ਰੱਖਣ ਲਈ ਕਿਸੇ ਨਾ ਕਿਸੇ ਢੰਗ ਨਾ:ਲ ਜੱਦੋ-ਜਹਿਦ ਕਰ ਰਹੇ ਹਨ। ਆਜ਼ਾਦੀ ਲਈ ਲੜ ਰਹੇ ਦੁਨੀਆ ਭਰ ਦੇ ਯੋਧਿਆਂ ਨੂੰ ਮੁਬਾਰਕਾਂ ਜੋ ਖਾਲਸਾ ਪੰਥ ਦੇ ਦਿਲਾਂ ਵਿਚ ਵਸਦੇ ਹਨ।***

## ਹਰਚੰਦਪੁਰੀ ਦਾ ਅਸਲੀ ਸੁਪਰਮੈਨ ਦਾਰਾ ਪਹਿਲਵਾਨ

(ਪਿਛਲੇ ਸਫੇ ਦਾ ਬਾਕੀ)

ਕਲ੍ਹ ਹੋ ਜਾ ਨਾ ਹੋ, ਬਾਰਡਰ ਹਿੰਦੋਸਤਾਨ ਕਾ, ਜਬ ਵੀ ਮੈਂਟ ਅਤੇ 2012 ਵਿਚ ਬਣੀ ਅਤਾ ਪਤਾ ਲਾਪਤਾ। ਇਸ ਫ਼ਿਲਮ ਦੇ ਨਾਲ ਹੀ ਦਾਰਾ ਸਿੰਘ ਦਾ ਦੇਹਾਂਤ ਹੋ ਗਿਆ।

ਦਾਰਾ ਸਿੰਘ ਦੀਆਂ ਪੰਜਾਬੀ ਫ਼ਿਲਮਾਂ, ਜੱਗਾ ਡਾਕੂ, ਨਾਨਕ ਦੁਖੀਆ ਸਭ ਸੰਸਾਰ, ਮੇਲੇ ਮਿੱਤਰਾਂ ਦੇ, ਦੁੱਖ ਭੰਜਨ ਤੇਰਾ ਨਾਮ, ਭਗਤ ਧੰਨਾ ਜੱਟ, ਸਵਾ ਲਾਖ ਸੇ ਏਕ ਲੜਾਊਂ, ਗਿੱਧਾ, ਲੰਬੜਦਾਰਨੀ, ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ, ਬਾਬਲ ਦਾ ਵਿਹੜਾ ਅਤੇ ਮੈਂ ਮਾਂ ਪੰਜਾਬੀ ਹਨ। ਉਸ ਨੇ ਹਿੰਦੀ ਵਿਚ ਮੇਰਾ ਦੇਸ਼ ਮੇਰਾ ਧਰਮ, ਭਗਤੀ ਮੇਂ ਸ਼ਕਤੀ ਤੇ ਰੁਸਤਮ ਅਤੇ ਪੰਜਾਬੀ ਵਿਚ ਨਾਨਕ ਦੁਖੀਆ ਸਭ ਸੰਸਾਰ, ਭਗਤ ਧੰਨਾ ਜੱਟ, ਸਵਾ ਲਾਖ ਸੇ ਏਕ ਲੜਾਊਂ ਤੇ ਰੱਬ ਦੀਆਂ ਰੱਖਾਂ ਬਤੌਰ ਨਿਰਮਾਤਾ ਤੇ ਨਿਰਦੇਸ਼ਕ ਬਣਾਈਆਂ। ਉਸ ਨੇ ਬਹੁ-ਚਰਚਿਤ ਰਮਾਇਣ, ਮਹਾ ਭਾਰਤ, ਕਿਆ ਹੋਗਾ ਨਿੰਮੋ ਕਾ ਅਤੇ ਹੱਦ ਕਰ ਦੀ ਟੀਵੀ ਸੀਰੀਅਲਾਂ ਵਿਚ ਵੀ ਅਹਿਮ ਰੋਲ ਅਦਾ ਕੀਤੇ ਜਿਨ੍ਹਾਂ ਨਾਲ ਉਸ ਦੀ ਮਸ਼ਹੂਰੀ ਪਹਿਲਵਾਨ ਨਾਲੋਂ ਹਨੂੰਮਾਨ ਵਜੋਂ ਵੱਧ ਹੋਈ। ਉਸ ਦੀ ਜੀਵਨ ਕਹਾਣੀ ਦਸਦੀ ਹੈ ਕਿ ਕਿਵੇਂ ਇਕ ਨਿਮਨ ਕਿਸਾਨ ਪਰਿਵਾਰ ਦਾ ਸਾਧਾਰਨ ਬੱਚਾ ਤੰਗੀ ਤੁਰਸ਼ੀ ਦੀਆਂ ਹਾਲਤਾਂ ਵਿਚੋਂ ਲੰਘਦਿਆਂ ਮਿਹਨਤ ਮੁਸ਼ੱਕਤ ਕਰ ਕੇ ਦੁਨੀਆ ਵਿਚ ਆਪਣਾ ਨਾਂ ਚਮਕਾ ਗਿਆ। ਨੌਜੁਆਨ ਉਹਦੇ ਜੀਵਨ ਤੋਂ ਕਾਫੀ ਕੁਝ ਸਿੱਖ ਸਕਦੇ ਹਨ।

### ਜਦੋਂ ਮੈਂ ਦਾਰਾ ਸਿੰਘ ਨੂੰ ਮਿਲਿਆ

1978 ਵਿਚ ਜਸਵੰਤ ਸਿੰਘ ਕੰਵਲ ਨਾਲ ਮੈਂ ਦਾਰਾ ਸਿੰਘ ਨੂੰ ਮਿਲਿਆ ਤਾਂ ਪਹਿਲਵਾਨੀ ਤੇ ਫ਼ਿਲਮਾਂ ਦੇ ਮਨੋਰੰਜਨ ਬਾਰੇ ਕੀਤੀਆਂ ਗੱਲਾਂ ਬਾਤਾਂ ਵਿਚ ਉਸ ਨੇ ਕਿਹਾ ਸੀ: ਬੰਦੇ ਨੂੰ ਮਨੋਰੰਜਨ ਤਾਂ ਚਾਹੀਦਾ ਈ ਆ। ਫ਼ਿਲਮੀ ਮਨੋਰੰਜਨ ਤਮਾਸ਼ੇ ਵਾਲਾ ਹੁੰਦਾ। ਲੋਕ ਫ਼ਿਲਮਾਂ ਤਮਾਸ਼ੇ ਲਈ ਵੇਖਦੇ ਆ। ਪਹਿਲਵਾਨੀ ਤੇ ਖੇਡਾਂ ਸਿਹਤਮੰਦ ਮਨੋਰੰਜਨ ਆ। ਇਨ੍ਹਾਂ ਵਿਚ ਬੀਰ ਰਸ ਹੁੰਦਾ। ਨੇਸ਼ਨ ਦੀ ਸਿਹਤ ਖੇਡਾਂ ਨਾਲ ਵਧੇਰੇ ਚੰਗੀ ਬਣ ਸਕਦੀ ਆ। ਬਾਹਰਲੇ ਦੇਸ਼ਾਂ ਵਿਚ ਆਪਣੇ ਨਾਲੋਂ ਵਧੇਰੇ ਨੌਜੁਆਨ ਖੇਡ ਮੈਦਾਨਾਂ 'ਚ ਜਾਂਦੇ ਆ। ਓਤਰ੍ਹਾਂ ਆਪਣੇ ਖੇਡ ਮੈਦਾਨ ਹੈ ਵੀ ਘੱਟ। ਪੁਰਾਣੇ ਵੇਲੇ ਸਿਹਤ ਬਣਾਉਣ ਦਾ ਵਧੇਰੇ ਸ਼ੌਕ ਹੁੰਦਾ ਸੀ। ਹੁਣ ਦੇ ਮੁੰਡੇ ਫੀਮਾਂ ਖਾਣ ਲੱਗ ਪਏ ਆ।"

"ਫ਼ਿਲਮੀ ਦੁਨੀਆ 'ਚ ਭਲਵਾਨੀ ਕਿਵੇਂ ਕਾਇਮ ਰੱਖੀ?"

"ਮਨ ਨੂੰ ਕਾਬੂ 'ਚ ਰੱਖ ਕੇ। ਫ਼ਿਲਮੀ ਦੁਨੀਆ ਵਿਚ ਮਨ ਕਾਬੂ 'ਚ ਨਾ ਰੱਖਦੇ ਤਾਂ ਸ਼ਰਾਬ ਪਾਰਟੀਆਂ ਤੇ ਰੰਗ-ਰਲੀਆਂ ਵਾਲਿਆਂ ਨੇ ਖਿੱਚੀ ਧੂਹੀ ਫਿਰਨਾ ਸੀ। ਮੈਂ ਹਾਲੀ ਵੀ ਹਰ ਰੋਜ਼ ਦੋ ਘੰਟੇ ਕਸਰਤ ਕਰਦਾਂ। ਸਰੀਰ ਨੂੰ ਫਿੱਟ ਰੱਖਣ ਲਈ ਬਥੇਰਾ ਕੁਝ ਕਰਨਾ ਪੈਂਦਾ।"

ਦਾਰਾ ਸਿੰਘ ਤੋਂ ਵਿਦਾ ਹੁੰਦਿਆਂ ਮੈਂ ਪੁੱਛਿਆ ਸੀ, "ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੁਸ਼ੀ ਕਦੋਂ ਮਿਲੀ?"

ਉਹਨੇ ਹੱਥ ਮਿਲਾਂਦਿਆਂ ਕਿਹਾ ਸੀ, "ਖ਼ੁਸ਼ੀ ਦੇ ਬੜੇ ਮੌਕੇ ਆਏ। ਖ਼ੁਸ਼ੀ ਤਾਂ ਮਨ ਦੀ ਕਨਸੈਪਟ ਆ। ਨਿੱਕੇ ਹੁੰਦਿਆਂ ਵੇਲੇ ਨਾਲ ਪੱਠੇ ਵੱਢ ਲੈਣੇ ਤਾਂ ਮਨ ਖ਼ੁਸ਼ ਹੋ ਜਾਂਦਾ ਸੀ। ਹੁਣ ਵੱਡੀਆਂ ਤੋਂ ਵੱਡੀਆਂ ਮੱਲਾਂ ਮਾਰ ਲਈਏ ਤਾਂ ਵੀ ਮਨ ਓਤਰ੍ਹਾਂ ਖ਼ੁਸ਼ ਨਹੀਂ ਹੁੰਦਾ। ਉਂਜ ਮਨ ਖ਼ੁਸ਼ ਰੱਖਣਾ ਚਾਹੀਦਾ।"

ਦਾਰਾ ਸਿੰਘ ਵਿਚ ਹਲੀਮੀ ਸੀ, ਮਿਠਾਸ ਸੀ ਤੇ ਗੱਲਾਂ ਬਾਤਾਂ ਵਿਚ ਰਸ ਸੀ। ਉਹ ਸੱਚਾ ਸੁੱਚਾ ਇਨਸਾਨ ਸੀ ਤੇ ਪੰਜਾਬੀ ਸਭਿਆਚਾਰ ਦਾ ਸ਼ੈਦਾਈ ਸੀ। ਆਪਣੀ ਚੰਗੀ ਸਿਹਤ ਤੇ ਲੰਮੀ ਉਮਰ ਦਾ ਰਾਜ਼ ਦੱਸਦਿਆਂ ਉਹ ਕਹਿੰਦਾ ਸੀ ਕਿ ਬੰਦੇ ਨੂੰ ਬੇਫ਼ਿਕਰ ਰਹਿਣਾ ਚਾਹੀਦੈ। ਬੇਫ਼ਿਕਰ ਰਹਿਣ ਲਈ ਬੰਦਾ ਸਦਾ ਸੱਚ ਬੋਲੇ, ਕਿਸੇ ਦੀ ਨਿੰਦਾ ਨਾ ਕਰੇ ਤੇ ਕੋਈ ਐਸਾ ਕੰਮ ਨਾ ਕਰੇ ਜੀਹਦੇ ਨਾਲ ਅੰਤਰ ਆਤਮਾ ਨੂੰ ਡਰ ਲੱਗੇ। ਨੇਕੀ ਕਰ ਕੂੰਏਂ ਮੇਂ ਡਾਲ ਵਾਲੀ ਕਹਾਵਤ 'ਤੇ ਅਮਲ ਕਰਨ ਵਾਲਾ ਇਨਸਾਨ ਕਦੇ ਦੁਖੀ ਨਹੀਂ ਹੁੰਦਾ। ਦਾਰਾ ਸਿੰਘ ਦਾ ਕਹਿਣਾ ਸੀ, "ਆਪਾਂ ਸਾਰੇ ਦੁਨੀਆ ਦਾ ਮੌਜ ਮੇਲਾ ਵੇਖਣ ਆਏ ਹਾਂ। ਸਾਡੇ ਬਜ਼ੁਰਗ ਇਸ ਦੁਨੀਆ ਨੂੰ ਸਾਡੇ ਵਾਸਤੇ ਸੁਹਾਵਣੀ ਬਣਾ ਕੇ ਗਏ ਹਨ। ਇਸ ਦਾ ਸਵਾਦ ਲਈਏ ਤੇ ਆਉਣ ਵਾਲਿਆਂ ਲਈ ਇਸ ਦੁਨੀਆ ਨੂੰ ਬਜ਼ੁਰਗਾਂ ਨਾਲੋਂ ਵੀ ਸੋਹਣੀ ਬਣਾ ਕੇ ਛੱਡ ਜਾਈਏ।"

ਅਖ਼ੀਰ ਉਮਰੇ ਦਾਰਾ ਸਿੰਘ ਨੂੰ ਭਾਵੇਂ ਦਿਲ ਦੇ ਦੌਰੇ ਨੇ ਨਿਢਾਲ ਕਰ ਛੱਡਿਆ ਸੀ ਪਰ ਉਹ ਫਿਰ ਵੀ ਮਿੰਨ੍ਹਾ ਮਿੰਨ੍ਹਾ ਮੁਸਕਰਾਉਂਦਾ ਰਹਿੰਦਾ ਸੀ। ਰਹਿੰਦੀ ਹੋਸ਼ ਤਕ ਉਹ ਚੜ੍ਹਦੀ ਕਲਾ ਵਿਚ ਰਿਹਾ। 7 ਜੁਲਾਈ 2012 ਨੂੰ ਫਿਰ ਦਿਲ ਦਾ ਦੌਰਾ ਪਿਆ। ਘਰ ਦੇ ਜੀਅ ਉਸ ਨੂੰ ਹਸਪਤਾਲ ਲੈ ਗਏ ਤੇ 10 ਜੁਲਾਈ ਨੂੰ ਵਾਪਸ ਘਰ ਲੈ ਆਏ। 11 ਜੁਲਾਈ ਨੂੰ ਸਵੇਰੇ ਸਾਢੇ ਸੱਤ ਵਜੇ ਉਸ ਨੇ ਆਖ਼ਰੀ ਸਾਹ ਲਿਆ। ਤਾਕਤ ਦਾ ਉੱਚਾ ਬੁਰਜ ਦਾਰਾ ਜਿਸ ਨੇ ਕਿਸੇ ਤੋਂ ਵੀ ਕੰਡ ਨਹੀਂ ਸੀ ਲਵਾਈ ਆਖ਼ਰ ਮੌਤ ਨੇ ਢਾਹ ਲਿਆ। ਹੁਣ ਉਹ ਅੰਬਰਾਂ 'ਚ ਤਾਰਾ ਬਣ ਕੇ ਲਿਸ਼ਕ ਰਿਹੈ!

# ਪੰਜਾਬੀ ਗੀਤਾਂ 'ਚ ਲੱਚਰਤਾ

ਪੰਜਾਬੀ ਗੀਤਾਂ ਵਿਚ ਲੱਚਰ ਤੇ ਗੰਨ ਕਲਚਰ ਕਾਫ਼ੀ ਰਫਤਾਰ ਫੜ ਚੁੱਕਾ ਹ। ਇਹ ਨਵੀਂ ਪੀੜ੍ਹੀ ਲਈ ਖਤਰੇ ਦੀ ਘੰਟੀ ਹੈ। ਜਿਹਨੇ ਵੀ ਇਸ ਕਲਚਰ ਨੂੰ ਪੰਜਾਬ 'ਚ ਪਰਮੋਟ ਕੀਤਾ, ਉਨ੍ਹਾਂ ਵਲੋਂ ਪੰਜਾਬ ਦਾ ਵਿਰਸਾ ਖਤਮ ਕਰਨ ਦੀ ਇਹ ਕੋਝੀ ਚਾਲ ਹੈ, ਜਿਸ ਵਿਚ ਉਹ ਸਫਲ ਵੀ ਹੋ ਰਹੇ ਹਨ। ਇਸ ਟੀਰੀ ਸੋਚ 'ਤੇ ਪਹਿਲੀਆਂ ਸਰਕਾਰਾਂ ਨੇ ਵੀ ਕਈ ਵਾਰ ਕਾਰਵਾਈ ਕੀਤੀ ਪਰ ਅਫ਼ਸੋਸ ਇਸ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ, ਸਗੋਂ



ਦੇਵਿੰਦਰ ਕੌਰ ਧਾਲੀਵਾਲ

ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋ ਗਈਆਂ ਹਨ।

ਇਸ ਵਿਸ਼ੇ 'ਤੇ ਮੈਂ 2011 ਵਿਚ ਫੇਸਬੁੱਕ 'ਤੇ ਨੋਟ ਲਿਖਿਆ ਸੀ ਕਿ ਲੱਚਰ ਗੀਤਾਂ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ। ਲੱਚਰ 'ਤੇ ਰੋਕ ਤਦ ਹੀ ਸੁਰਜੀਤ ਹੋਵੇਗੀ, ਜੇ ਸਾਰੇ ਕਦਮ ਮਿਲਾ ਕੇ ਇਸ ਮੁਹਿੰਮ ਨੂੰ ਨੇਪਰੇ ਚਾੜ੍ਹਨਗੇ। ਇਸ ਵਿਚ ਮਾਪਿਆਂ ਦਾ ਅਹਿਮ ਰੋਲ ਹੈ। ਆਪਣੇ ਬੱਚਿਆਂ ਨੂੰ ਸੂਰੂ ਤੋਂ ਹੀ ਚੰਗੇ ਸੰਸਕਾਰ ਦਿਓ। ਉਨ੍ਹਾਂ ਨੂੰ ਦੋਸਤਾਂ ਵਾਂਗ ਸਮਝਾਓ ਕਿ ਜੇ ਉਨ੍ਹਾਂ ਨੂੰ ਕੋਈ ਵੀ ਕਿਸੇ ਤਰੀਕੇ ਨਾਲ ਨਸ਼ਾ ਜਾਂ ਅਸਲਾ ਲੈਣ ਲਈ ਉਕਸਾਉਂਦਾ ਹੈ ਤਾਂ ਘਰ ਆ ਕੇ ਆਪਣੇ ਮਾਂ ਬਾਪ ਨੂੰ ਇਸ ਬਾਰੇ ਇਤਲਾਹ ਦੇਣ।

ਹੁਣ ਰੈਪ ਸੰਗੀਤ ਤੇ ਗਾਣੇ ਨੂੰ ਹੀ ਲੈ ਲਓ, ਇਹ ਵੀ ਪੱਛਮ ਤੋਂ ਪੰਜਾਬ 'ਚ ਕਿੱਦਾਂ ਆ ਵੜਿਆ? ਕੌਣ ਲਿਆਇਆ ਹੈ ਇਸ ਨੂੰ? ਉਤਰ ਹੈ, ਉਹ ਲੋਕ ਜੋ ਪੰਜਾਬੀ ਵਿਰਸੇ ਨੂੰ ਖਤਮ ਕਰਨਾ ਚਾਹੁੰਦੇ ਹਨ। ਇਹ ਬਹੁਤ ਹੀ ਚਿੰਤਾਜਨਕ ਹੈ ਕਿ ਸਾਡੀ ਨਵੀਂ ਪੀੜ੍ਹੀ ਨੂੰ ਹਥਿਆਰਾਂ ਤੇ ਨਸ਼ੇ ਨੇ ਪ੍ਰਭਾਵਿਤ ਕੀਤਾ ਹੈ।

ਅੱਜ ਦਾ ਗਾਇਕ ਵੱਡੀ ਜੀਪ ਵਿਚ ਬੈਠਾ ਹੁੰਦਾ ਹੈ ਤੇ ਹੱਥ ਵਿਚ ਹਥਿਆਰ ਹੁੰਦੇ ਹਨ। ਗਾਣਿਆਂ ਦੇ ਬੋਲ ਜਿਵੇਂ 'ਅੱਜ ਮਿੱਤਰਾਂ ਦੀ ਅੱਖ ਲਾਲ ਹੈ', 'ਬੰਦਾ ਮਾਰਨ ਨੂੰ ਜੀਅ ਕਰਦਾ', 'ਲੱਕ 28 ਕੁੜੀ ਦਾ' ਆਦਿ ਜੋ ਸਾਡੇ ਸੱਭਿਆਚਾਰ ਨੂੰ ਵਿਗਾੜ ਕੇ ਪੇਸ਼ ਕਰਦੇ ਹਨ। ਮੈਂ 2011 'ਚ ਇਹ ਲੇਖ ਲਿਖਿਆ ਸੀ ਤੇ ਹੁਣ 2022 ਆ ਗਿਆ ਹੈ ਪਰ ਪੰਜਾਬੀ ਗਾਇਕੀ 'ਚ ਬਹੁਤਾ ਸੁਧਾਰ ਨਹੀਂ ਹੋਇਆ।



ਕੁਝ ਗਾਇਕ ਐਸੇ ਵੀ ਹਨ, ਜਿਨ੍ਹਾਂ ਨੇ ਹਮੇਸ਼ਾ ਸਾਫ਼ ਸੁਥਰਾ ਗਾਇਆ। ਸਾਰਿਆ ਦੇ ਨਾਂ ਨਹੀਂ ਲਿਖ ਰਹੀ ਮਤੇ ਕੋਈ ਗੁੱਸੇ ਹੋ ਜਾਏ।

ਜਦੋਂ ਕਿਸੇ ਕੌਮ ਨੂੰ ਖਤਮ ਕਰਨਾ ਹੋਵੇ ਤਾਂ ਪੁੱਠੀਆਂ ਚਾਲਾਂ ਚੱਲੀਆਂ ਜਾਂਦੀਆਂ ਹਨ। ਕੌਮ ਨੂੰ ਨਸ਼ੇ 'ਤੇ ਲਾਇਆ ਜਾਂਦਾ ਹੈ ਕਿ ਇਹ ਲੋਕ ਸਿੱਧਾ ਨਾ ਸੋਚ ਸਕਣ। ਇਸੇ ਤਰ੍ਹਾਂ ਗੀਤਾਂ ਵਿਚ ਟੀ ਵੀ 'ਤੇ ਬੰਦੂਕਾਂ, ਪਿਸਤੌਲਾਂ ਨੂੰ ਵਾਰ ਵਾਰ ਦਿਖਾਉਣਾ। ਦੂਜੇ ਸ਼ਬਦਾਂ ਵਿਚ ਇਸਨੂੰ ਪਰਮੋਟ ਕਰਨਾ ਹਿੰਸਕ ਵਾਰਦਾਤਾਂ ਨੂੰ ਸੱਦਾ ਦਿੰਦਾ ਹੈ। ਇਸ ਦਾ ਨਵੀਂ ਪੀੜ੍ਹੀ 'ਤੇ ਬੁਰਾ ਪ੍ਰਭਾਵ ਪੈਂਦਾ ਹੈ।

ਕੁਝ ਹਫ਼ਤੇ ਪਹਿਲਾਂ ਗੋਲੀਆਂ ਮਾਰ ਕੇ ਕਬੱਡੀ ਖਿਡਾਰੀ ਨੂੰ ਕਤਲ ਕਰ ਦਿੱਤਾ ਗਿਆ। ਕਬੱਡੀ ਵਿਚ ਵਰਜ਼ਿਸ਼ ਕੀਤੇ ਹੋਏ ਸਰੀਰ ਦੀ ਪ੍ਰਦਰਸ਼ਨੀ ਕਰ ਕੇ ਤਾਕਤ ਵਿਖਾਈ ਜਾਂਦੀ ਹੈ। ਕਬੱਡੀ ਚੰਗੀ ਸਿਹਤ ਰੱਖਣ ਦਾ ਸੰਕੇਤ ਦਿੰਦੀ ਹੈ ਪਰ ਅੱਜ ਇਸਦੇ ਉਲਟ ਉੱਥੇ ਚੰਦ ਛਿੱਲੜਾਂ ਵਾਸਤੇ ਬੰਦੇ ਦਾ ਖ਼ੂਨ ਕਰ ਦਿੱਤਾ ਗਿਆ। ਕੀ ਇਹ ਸਭ ਵੇਖ ਕੇ ਕਬੱਡੀ ਖੇਡਣ ਵਾਲੇ ਨੌਜਵਾਨ ਕਬੱਡੀ ਖੇਡਣ ਦੇ ਚਾਹਵਾਨ ਹੋਣਗੇ? ਜੀ ਨਹੀਂ।

ਨੌਜਵਾਨਾਂ ਵਿਚ ਹਮੇਸ਼ਾਂ ਭੈਅ ਬਣਿਆ ਰਹੇਗਾ ਕਿ ਪਤਾ ਨਹੀਂ ਕਦੋਂ ਗੋਲੀ ਚੱਲ ਜਾਏ। ਗੋਲੀ ਮਾਰਨ ਵਾਲਾ ਕਿਹੜਾ ਬਚ ਜਾਂਦੈ। ਬੰਦ ਸਲਾਖਾਂ ਪਿੱਛੇ ਸਾਰੀ ਉਮਰ ਲਈ ਕੈਦ ਹੋ ਜਾਂਦਾ ਹੈ। ਇਹੋ ਜਿਹੇ ਥਾਵਾਂ 'ਤੇ ਜਿੱਥੇ ਕੁਸ਼ਤੀਆਂ ਹੁੰਦੀਆਂ ਹਨ, ਸੁਰੱਖਿਆ ਦੇ ਉਚੇਚੇ ਪ੍ਰਬੰਧ ਹੋਣੇ ਚਾਹੀਦੇ ਹਨ ਤੇ ਹਥਿਆਰਾਂ ਲਈ ਇਜਾਜ਼ਤ ਬਿਲਕੁਲ ਨਹੀਂ ਹੋਣੀ ਚਾਹੀਦੀ। ਪੁਲੀਸ ਨੂੰ ਇਸਦੀ ਸਖ਼ਤ ਨਿਗਰਾਨੀ ਰੱਖਣੀ ਹੋਵੇਗੀ ਫਿਰ ਹੀ ਕਬੱਡੀ ਬਚ ਸਕਦੀ ਹੈ।

ਹੁਣ ਪੰਜਾਬ ਦੇ ਮੁੱਖ ਮੰਤਰੀ ਮਾਣਯੋਗ ਭਗਵੰਤ ਸਿੰਘ ਮਾਨ ਨੇ ਵੀ ਲੱਚਰ ਗੀਤ ਲਿਖਣ ਵਾਲੇ ਗੀਤਕਾਰਾਂ ਨੂੰ ਨੱਥ ਪਾਉਣ ਦੀ ਗੱਲ ਕੀਤੀ ਹੈ। ਇਹ ਤੇ ਸਮਾਂ ਹੀ ਦੱਸੇਗਾ ਕਿ ਉਹ ਕਿੱਥੋਂ ਤੱਕ ਸਫਲ ਹੁੰਦੇ ਹਨ?

ਉਮੀਦ ਹੈ ਕਿ ਸਾਰੇ ਗਾਉਣ ਵਾਲੇ ਤੇ ਹਥਿਆਰ ਰੱਖਣ ਵਾਲੇ ਆਪਣੇ ਆਪ ਨੂੰ ਅਨੁਸ਼ਾਸਨ ਵਿਚ ਰੱਖਣਗੇ। ਗੀਤ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ ਤੇ ਇਨ੍ਹਾਂ ਦਾ ਪ੍ਰਭਾਵ ਸਿੱਧਾ ਸਾਡੇ ਮਨ 'ਤੇ ਪੈਂਦਾ ਹੈ। ਧਾਰਮਿਕ ਗਾਣੇ ਸੁਣ ਕੇ ਮਨ ਸ਼ਰਧਾ 'ਚ ਆ ਜਾਂਦਾ ਹੈ ਤੇ ਭੜਕਾਊ ਸੁਣ ਕੇ ਮਨ 'ਚ ਭਟਕਣ ਪੈਦਾ ਹੁੰਦੀ ਹੈ। ਸਾਡੇ ਗੀਤਕਾਰਾਂ ਨੂੰ ਚੰਗੇ ਗਾਣੇ ਲਿਖਣੇ ਤੇ ਗਾਇਕਾਂ ਨੂੰ ਗਾਉਣੇ ਪੈਣਗੇ। ਅਗਰ ਇਹ ਨਿਯਮ ਅਸੀਂ ਸਾਰੇ ਆਪਣੇ ਆਪ 'ਤੇ ਲ਼ਾਗੂ ਕਰ ਲਈਏ ਤਾਂ ਅਸੀਂ ਅਜੋਕੀ ਤੇ ਆਉਣ ਵਾਲੀ ਪੀੜ੍ਹੀ ਲਈ ਸੁਥਰੇ ਗੀਤ ਅਤੇ ਸੰਗੀਤ ਰਾਹੀਂ ਸੋਹਣਾ ਸਮਾਜ ਸਿਰਜਣ ਵਿਚ ਸਹਿਜੇ ਹੀ ਸਫਲ ਹੋ ਜਾਵਾਂਗੇ।

# ਸ਼ਬਦ ਖਤਰਨਾਕ ਨੇ, ਖਾਮੋਸ਼ੀ ਖਤਰਨਾਕ ਹੈ...



ਸਵਰਾਜਬੀਰ

ਉਹ 1945 ਦੇ ਦਿਨ ਸਨ। ਯੂਰਪ ਦੂਸਰੀ ਆਲਮੀ ਜੰਗ 'ਚੋਂ ਬਾਹਰ ਆ ਰਿਹਾ ਸੀ; ਉਹ ਯਹੂਦੀਆਂ ਦੀ ਨਸਲਕੁਸ਼ੀ ਅਤੇ ਪਹਿਲੀ ਤੇ ਦੂਸਰੀ ਆਲਮੀ ਜੰਗ ਦੌਰਾਨ ਆਪਣੇ ਕੀਤੇ ਜੁਰਮਾਂ ਅਤੇ ਬਸਤੀਵਾਦ ਦੇ ਜ਼ੁਲਮ ਦਾ ਹਿਸਾਬ-ਕਿਤਾਬ ਕਰ ਰਿਹਾ ਸੀ; ਵੀਹਵੀਂ ਸਦੀ ਹੀ ਨਹੀਂ, ਯੂਰਪ ਇਸ ਤੋਂ ਪਹਿਲਾਂ ਕੀਤੇ ਗੁਨਾਹਾਂ ਦਾ ਲੇਖਾ-ਜੋਖਾ ਵੀ ਕਰ ਰਿਹਾ ਸੀ: ਕਿਹੜੇ ਲੋਕਾਂ ਅਤੇ ਜਮਾਤਾਂ ਨੇ ਜ਼ੁਲਮ ਕੀਤੇ ਸਨ; ਕਿਨ੍ਹਾਂ ਨੇ ਜ਼ੁਲਮ ਸਹੇ ਸਨ; ਕਿਨ੍ਹਾਂ ਨੇ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ; ਕੌਣ ਚੁੱਪ ਰਹੇ ਸਨ; ਕਿਨ੍ਹਾਂ ਨੇ ਸਮਝੌਤੇ ਕੀਤੇ ਸਨ ਤੇ ਕਿਨ੍ਹਾਂ ਨੇ ਸਮਝੌਤੇ ਨਾ ਕਰਨਾ ਚੁਣ ਕੇ ਜ਼ਾਲਮਾਂ ਨਾਲ ਮੱਥਾ ਲਾਉਣ ਦਾ ਫੈਸਲਾ ਕੀਤਾ ਸੀ। ਹਰ ਕੋਈ ਅਜਿਹਾ ਲੇਖਾ-ਜੋਖਾ ਕਰ ਰਿਹਾ ਸੀ; ਸਮਾਜ, ਸਰਕਾਰਾਂ, ਚਿੰਤਕ, ਵਿਦਵਾਨ, ਇਤਿਹਾਸਕਾਰ, ਸਮਾਜ ਸ਼ਾਸਤਰੀ, ਹਰ ਕੋਈ। ਉਨ੍ਹਾਂ ਵਿਚ ਫਰਾਂਸੀਸੀ ਚਿੰਤਕ ਤੇ ਸਾਹਿਤਕਾਰ ਯਾਂ ਪਾਲ ਸਾਰਤਰ ਵੀ ਸ਼ਾਮਲ ਸੀ; ਆਪਣੇ ਸ਼ੱਕ-ਸ਼ੁਬਹਿਆਂ, ਡਰਾਂ ਤੇ ਯਾਦਾਂ ਦੇ ਨਾਲ। ਉਹ ਡੇਢ ਦਹਾਕੇ ਤੋਂ ਲਗਾਤਾਰ ਲਿਖ ਰਿਹਾ ਸੀ, ਨਿੱਜੀ ਸੰਸਾਰ ਤੇ ਸਮਾਜ ਵਿਚ ਆਏ ਜਮੂਦ ਵਿਰੁੱਧ, ਨਾਜ਼ੀਵਾਦ ਤੇ ਫਾਸ਼ੀਵਾਦ ਦੇ ਵਿਰੁੱਧ; ਉਹ ਨਾਜ਼ੀਆਂ ਵਿਰੁੱਧ ਲੜਿਆ ਸੀ। ਫਰਾਂਸੀਸੀ ਸਾਹਿਤ ਤੇ ਚਿੰਤਨ ਪਰੰਪਰਾ ਦਾ ਲੇਖਾ-ਜੋਖਾ ਕਰਦਿਆਂ ਉਸ ਨੇ ਲਿਖਿਆ, "ਹਰ ਲੇਖਕ ਆਪਣੇ ਸਮੇਂ ਦਾ ਲੇਖਕ ਹੁੰਦਾ ਹੈ। ਹਰ ਸ਼ਬਦ ਦੇ ਕੁਝ ਨਤੀਜੇ ਨਿਕਲਦੇ ਹਨ; ਹਰ ਚੁੱਪ ਦੇ ਵੀ।" ਇਹ ਸ਼ਬਦ ਲੇਖਕਾਂ ਤੇ ਚਿੰਤਕਾਂ ਦੇ ਨਾਲ ਨਾਲ ਹਰ ਸਿਆਸਤਦਾਨ, ਪੱਤਰਕਾਰ, ਸਮਾਜਕ ਕਾਰਕੁਨ ਤੇ ਚੇਤਨ ਨਾਗਰਿਕ 'ਤੇ ਵੀ ਲਾਗੂ ਹੁੰਦੇ ਹਨ। ਲੇਖਕਾਂ ਤੇ ਚਿੰਤਕਾਂ ਵਾਂਗ ਉਨ੍ਹਾਂ ਦੀ ਵੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਕੀ ਬੋਲਦੇ ਹਨ; ਕਿਹੜੇ ਸ਼ਬਦ ਤੇ ਕਿਹੜੀ ਭਾਸ਼ਾ ਵਰਤਦੇ ਹਨ ਤੇ ਕਦ ਚੁੱਪ ਰਹਿੰਦੇ ਹਨ।

ਅਪਰੈਲ ਵਿਚ ਰਾਮਨੌਮੀ ਅਤੇ ਹਨੂੰਮਾਨ ਜੈਅੰਤੀ ਮੌਕੇ ਭਾਰਤ ਦੇ ਕਈ ਸੂਬਿਆਂ ਵਿਚ ਫਿਰਕੂ ਹਿੰਸਾ ਹੋਈ। ਹਿੰਸਾ ਤੋਂ ਬਾਅਦ ਕਈ ਥਾਵਾਂ 'ਤੇ ਬੁਲਡੋਜ਼ਰ ਭੇਜੇ ਗਏ; ਘਰ ਤੇ ਦੁਕਾਨਾਂ ਤੋੜੀਆਂ ਗਈਆਂ, ਸਿਆਸੀ ਤਾਕਤਾਂ ਨਫ਼ਰਤ ਦੇ ਸਥਾਨਕ ਤੂਫ਼ਾਨ ਪੈਦਾ ਕਰਨ ਵਿਚ ਸਫਲ ਹੋਈਆਂ। ਸਿਆਸੀ ਆਗੂਆਂ ਦੇ ਸ਼ਬਦ ਹਵਾ ਵਿਚ ਗੂੰਜੇ, "ਜਿਸ ਘਰ ਸੇ ਪੱਥਰ ਆਏ ਹੈਂ, ਉਸ ਘਰ ਕੋ ਹੀ ਪੱਥਰੋਂ ਕਾ ਢੇਰ ਬਨਾਏਂਗੇ।" ਸਾਰੇ ਜਾਣਦੇ ਹਨ, ਉਹ ਕਿਹੜਾ ਭਾਈਚਾਰਾ ਹੈ ਜਿਸ ਦੇ ਲੋਕਾਂ ਦੇ ਘਰਾਂ ਨੂੰ ਪੱਥਰਾਂ ਦਾ ਢੇਰ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਸ਼ਬਦ ਹਵਾ ਵਿਚ ਗੂੰਜੇ ਅਤੇ ਮੱਧ ਪ੍ਰਦੇਸ਼, ਗੁਜਰਾਤ ਤੇ ਦਿੱਲੀ ਵਿਚ ਘਰਾਂ-ਦੁਕਾਨਾਂ ਨੂੰ ਪੱਥਰਾਂ ਦੇ ਢੇਰ ਬਣਾਉਣ ਦੀ ਕਾਰਵਾਈ ਹੋਈ ਹੈ। ਹਰ ਸ਼ਬਦ ਦਾ ਆਪਣਾ ਮਹੱਤਵ ਹੁੰਦਾ ਹੈ, ਆਪਣੇ ਅਰਥ ਤੇ ਉਸ ਨੂੰ ਬੋਲਣ ਕਾਰਨ ਸਮਾਜ, ਪਰਿਵਾਰ, ਜਾਂ ਮਨੁੱਖ ਨੂੰ ਨਿੱਜੀ ਤੌਰ 'ਤੇ ਚੰਗੇ-ਮਾੜੇ ਨਤੀਜੇ ਭੁਗਤਣੇ ਪੈਂਦੇ ਹਨ।

ਦਿੱਲੀ ਵਿਚ ਸੀ.ਪੀ.ਐਮ. ਆਗੂ ਬ੍ਰਿੰਦਾ ਕਰਤ ਸੁਪਰੀਮ ਕੋਰਟ ਦੇ ਘਰਾਂ-ਦੁਕਾਨਾਂ 'ਤੇ ਬੁਲਡੋਜ਼ਰਾਂ ਦੀ ਕਾਰਵਾਈ ਰੋਕਣ ਦੇ ਆਦੇਸ਼ ਲੈ ਕੇ ਜਹਾਂਗੀਰਪੁਰੀ ਪਹੁੰਚੀ; ਉਹ ਬੁਲਡੋਜ਼ਰਾਂ ਸਾਹਮਣੇ ਖਲੋਤੀ ਤੇ ਬੋਲੀ; ਸੁਪਰੀਮ ਕੋਰਟ ਦੇ ਸ਼ਬਦਾਂ ਤੇ ਉਸ ਦੇ ਬੋਲਣ ਦੇ ਨਤੀਜੇ ਵਜੋਂ ਬੁਲਡੋਜ਼ਰ ਰੁਕ ਗਏ; ਸੁਪਰੀਮ ਕੋਰਟ ਵਿਚ ਵਕੀਲ ਕਪਿਲ ਸਿੱਬਲ ਤੇ ਦੁਸ਼ਯੰਤ ਦਵੇ ਬੋਲੇ; ਹੋਰ ਕਈ ਸਿਆਸਤਦਾਨ, ਚਿੰਤਕ, ਵਿਦਵਾਨ ਤੇ ਸਮਾਜਕ ਕਾਰਕੁਨ ਵੀ ਬੁਲਡੋਜ਼ਰ-ਸਿਆਸਤ ਵਿਰੁੱਧ ਬੋਲੇ ਪਰ ਕੁਝ ਚੁੱਪ ਰਹੇ।

ਭਾਰਤ ਦੇ ਵੱਡੇ ਅਹੁਦਿਆਂ 'ਤੇ ਰਹੇ 108 ਸਾਬਕਾ ਅਧਿਕਾਰੀਆਂ ਨੇ ਚਿੱਠੀ ਲਿਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਿਰਕੂ ਹਿੰਸਾ 'ਤੇ ਆਪਣੀ ਖਾਮੋਸ਼ੀ ਤੋੜਨ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਲਿਖਿਆ ਹੈ, "ਪ੍ਰਧਾਨ ਮੰਤਰੀ ਜੀ, ਅਸੀਂ ਸੰਵਿਧਾਨਕ ਆਚਰਨ ਗਰੁੱਪ ਦੇ ਮੈਂਬਰ, ਉਹ ਸਾਬਕਾ ਅਫਸਰ ਜਿਨ੍ਹਾਂ ਨੇ ਕਈ ਦਹਾਕੇ ਸੰਵਿਧਾਨ ਅਨੁਸਾਰ ਕੰਮ ਕੀਤਾ ਹੈ, ਇਹ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਅਜਿਹੇ ਖਤਰੇ ਦਾ ਸਾਹਮਣਾ ਕਰ ਰਹੇ ਹਾਂ ਜਿਸ ਦੀ ਪਹਿਲਾਂ ਮਿਸਾਲ ਨਹੀਂ ਮਿਲਦੀ ਅਤੇ ਸਿਰਫ ਸੰਵਿਧਾਨਕ ਨੈਤਿਕਤਾ ਅਤੇ ਵਿਹਾਰ ਹੀ ਖਤਰੇ ਵਿਚ ਨਹੀਂ; ਸਾਡਾ ਵਿਲੱਖਣ ਸਾਂਝੀਵਾਲਤਾ ਵਾਲਾ ਸਮਾਜਕ ਤਾਣਾ-ਬਾਣਾ, ਜਿਹੜਾ ਸਾਡੀ ਸਭ ਤੋਂ ਮਹਾਨ ਸਭਿਆਚਾਰਕ ਵਿਰਾਸਤ ਹੈ ਅਤੇ ਜਿਸ ਨੂੰ ਕਾਇਮ ਰੱਖਣ ਲਈ ਸਾਡੇ ਸੰਵਿਧਾਨ ਦੀ ਇੰਨੀ ਬਾਰੀਕਬੀਨੀ ਨਾਲ ਰਚਨਾ ਕੀਤੀ ਗਈ ਹੈ, ਲੀਰੋ-ਲੀਰ ਹੋ ਜਾਣ ਵਾਲਾ ਹੈ। ਇਸ ਵਿਰਾਟ ਸਮਾਜਕ ਖਤਰੇ ਦਾ ਸਾਹਮਣਾ ਕਰਨ ਦੇ ਸਮਿਆਂ ਵਿਚ ਤੁਹਾਡੀ ਖਾਮੋਸ਼ੀ ਬਹੁਤ ਖਤਰਨਾਕ ਹੈ।"

ਦੇਸ਼ ਦਾ ਮੁਖੀ ਦੇਸ਼ ਦੇ ਸਮੁੱਚੇ ਭਾਈਚਾਰਿਆਂ ਦੇ ਲੋਕਾਂ ਦਾ ਮੁਖੀ ਹੁੰਦਾ ਹੈ। ਮਹਾਰਾਜਾ ਵਿਕਰਮਾਦਿੱਤਿਆ ਜਿਸ ਦੇ ਨਾਂ ਤੋਂ ਵਿਕਰਮੀ/ਬਿਕਰਮੀ ਸੰਮਤ ਦਾ ਸ਼ੁਰੂ ਹੋਣਾ ਮੰਨਿਆ ਜਾਂਦਾ ਹੈ, ਨੂੰ ਨਿਆਂ ਕਰਨ ਲਈ ਜਾਣਿਆ ਜਾਂਦਾ ਹੈ। ਉਸ ਦੀ ਇਤਿਹਾਸਕਤਾ ਬਾਰੇ ਸਵਾਲ ਉਠਾਏ ਜਾਂਦੇ ਹਨ ਪਰ ਲੋਕ ਸਿਮਰਤੀ ਵਿਚ ਉਸ ਦਾ ਅਕਸ ਨਿਰਪੱਖ ਤੇ ਨਿਆਂ ਕਰਨ ਵਾਲੇ ਰਾਜੇ ਦਾ ਹੈ। ਨਿਆਂ ਸਿਰਫ ਅਦਾਲਤਾਂ ਵਿਚ ਨਹੀਂ ਹੁੰਦਾ ਹੈ, ਨਿਆਂ ਦੇ ਬੁਨਿਆਦੀ ਸਮਾਜਕ ਤੇ ਸਿਆਸੀ ਪ੍ਰਬੰਧ ਘਰ, ਪਰਿਵਾਰ, ਸਮਾਜ, ਧਾਰਮਿਕ ਅਦਾਰੇ, ਰਾਜ ਪ੍ਰਬੰਧ ਤੇ ਹਕੂਮਤਾਂ ਹਨ। ਹਾਕਮਾਂ ਦੀਆਂ ਕਾਰਵਾਈਆਂ ਇਹ ਨਿਸ਼ਚਿਤ ਕਰਦੀਆਂ ਹਨ ਕਿ ਲੋਕਾਂ ਨੂੰ ਨਿਆਂ ਮਿਲ ਰਿਹਾ ਹੈ ਜਾਂ ਨਹੀਂ, ਸਮਾਜਕ ਤੇ ਆਰਥਕ ਨਿਆਂ ਹੋ ਰਿਹਾ ਹੈ ਜਾਂ ਨਹੀਂ। ਨਿਆਂ ਕਰਨ ਲਈ ਬੋਲਣਾ ਪੈਂਦਾ ਹੈ। ਖਾਮੋਸ਼ੀ ਨਿਆਂ ਨਹੀਂ ਬਣ ਸਕਦੀ। ਅਨਿਆਂ ਹੁੰਦਿਆਂ ਖਾਮੋਸ਼ ਰਹਿਣਾ ਅਨਿਆਂ ਦਾ ਪੱਖ ਪੂਰਨਾ ਹੈ। ਇਹੀ ਯਾਂ ਪਾਲ ਸਾਰਤਰ ਨੇ ਕਿਹਾ ਸੀ, ਇਹੀ ਸੰਵਿਧਾਨ ਆਚਰਨ ਗਰੁੱਪ ਦੇ ਮੈਂਬਰ ਕਹਿ ਰਹੇ ਹਨ; ਉਹ ਪ੍ਰਧਾਨ ਮੰਤਰੀ ਤੋਂ ਪੁੱਛ ਰਹੇ ਹਨ ਕਿ ਉਹ ਖਾਮੋਸ਼ ਕਿਉਂ ਹਨ; ਇਹ ਪ੍ਰਸ਼ਨ ਚੁੱਪ ਰਹਿਣ ਵਾਲੇ ਹੋਰ ਸਿਆਸਤਦਾਨਾਂ, ਚਿੰਤਕਾਂ, ਵਿਦਵਾਨਾਂ, ਸਾਹਿਤਕਾਰਾਂ ਅਤੇ ਸਮਾਜਕ ਕਾਰਕੁਨਾਂ ਤੋਂ ਵੀ ਪੁੱਛਿਆ ਜਾਣਾ ਚਾਹੀਦਾ ਹੈ।



ਖਾਮੋਸ਼ੀ ਬਾਰੇ ਪ੍ਰੇਮ ਸਿੰਘ ਦਾ ਬਣਾਇਆ ਚਿੱਤਰ।

ਹਰ ਹਕੂਮਤ ਆਪਣਾ 'ਸੱਚ' ਬਣਾਉਂਦੀ ਅਤੇ ਉਸ ਦੇ ਸਿਰ 'ਤੇ ਰਾਜ ਕਰਦੀ ਹੈ। ਹਕੂਮਤ ਦਾ 'ਸੱਚ' ਬਹੁਤ ਜਟਿਲ ਅਤੇ ਬਹੁਪਰਤੀ ਹੁੰਦਾ ਹੈ। ਉਹ ਆਪਣੇ 'ਸੱਚ' ਦਾ ਢੰਡੋਰਾ ਪਿੱਟਦੀ ਅਤੇ ਉਸ ਨੂੰ ਲੋਕਾਂ ਦਾ 'ਸੱਚ' ਬਣਾ ਦੇਣਾ ਚਾਹੁੰਦੀ ਹੈ। ਕੇਂਦਰ ਵਿਚ ਸੱਤਾਧਾਰੀ ਪਾਰਟੀ ਨੇ ਵੀ ਕਈ ਦਹਾਕਿਆਂ ਦੀ ਮੁਸ਼ੱਕਤ ਨਾਲ ਆਪਣਾ 'ਸੱਚ' ਬਣਾਇਆ ਹੈ; ਉਸ 'ਸੱਚ' ਦੀ ਇਕ ਪਰਤ ਹੁਣੇ-ਹੁਣੇ ਹੋਈ ਫਿਰਕੂ ਹਿੰਸਾ ਵਿਚ ਦਿਖਾਈ ਦਿੱਤੀ। ਜਹਾਂਗੀਰਪੁਰੀ ਵਿਚ ਹਨੂੰਮਾਨ ਜੈਅੰਤੀ ਮੌਕੇ ਹੋਈ ਫਿਰਕੂ ਹਿੰਸਾ ਤੋਂ ਬਾਅਦ ਭਾਜਪਾ ਦੀ ਦਿੱਲੀ ਇਕਾਈ ਦੇ ਪ੍ਰਧਾਨ ਆਦੇਸ਼ ਗੁਪਤਾ ਨੇ ਉੱਤਰ ਦਿੱਲੀ ਦੀ ਮਿਉਂਸਿਪਲ ਕਮਿਸ਼ਨਰ ਦੇ ਮੁਖੀ ਰਾਜਾ ਇਕਬਾਲ ਸਿੰਘ ਨੂੰ ਲਿਖੀ ਚਿੱਠੀ ਵਿਚ ਦੰਗਾ ਕਰਨ ਵਾਲਿਆਂ ਦੀਆਂ ਗੈਰ-ਕਾਨੂੰਨੀ ਉਸਾਰੀਆਂ ਢਾਹੁਣ ਲਈ ਕਿਹਾ ਸੀ। ਉਸ ਨੇ ਦਿੱਲੀ ਦੇ ਪੁਲਿਸ ਕਮਿਸ਼ਨਰ ਨੂੰ ਲਿਖੀ ਚਿੱਠੀ ਵਿਚ ਇਸ ਕੰਮ ਲਈ 700 ਪੁਲਿਸ ਕਰਮਚਾਰੀ ਤਾਇਨਾਤ ਕਰਨ ਲਈ ਵੀ ਕਿਹਾ ਸੀ। ਜਿਸ ਦਿਨ ਦਿੱਲੀ ਵਿਚ ਬੁਲਡੋਜ਼ਰ ਚੱਲੇ, ਉਸ ਦਿਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਾਜਪਾ ਆਗੂਆਂ ਦੀ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ ਆਦੇਸ਼ ਗੁਪਤਾ ਨੇ ਦੱਸਿਆ ਕਿ ਉਸ ਨੇ ਪੂਰਬੀ ਤੇ ਦੱਖਣੀ ਦਿੱਲੀ ਦੀਆਂ ਮਿਉਂਸਿਪਲ ਕਮੇਟੀਆਂ ਦੇ ਮੁਖੀਆਂ ਨੂੰ ਇਹ ਲਿਖਿਆ ਹੈ ਕਿ ਉਹ 'ਰੋਹਿੰਗੀਆ, ਬੰਗਲਾਦੇਸ਼ੀਆਂ ਅਤੇ ਅਸਮਾਜਕ ਤੱਤਾਂ ਦੁਆਰਾ ਸਰਕਾਰੀ ਜ਼ਮੀਨ 'ਤੇ ਕੀਤੇ ਗਏ ਗੈਰ-ਕਾਨੂੰਨੀ ਕਬਜ਼ੇ ਹਟਾਉਣ ਲਈ ਕਾਰਵਾਈ ਕਰਨ।' ਸਪਸ਼ਟ ਹੈ ਕਿ ਭਾਜਪਾ ਅਜਿਹਾ 'ਸੱਚ' ਬਣਾਉਣ ਵਿਚ ਸਫਲ ਹੋ ਰਹੀ ਹੈ ਜਿਸ ਅਨੁਸਾਰ ਦੇਸ਼ ਵਿਚ ਸਭ ਮੁਸ਼ਕਿਲਾਂ ਤੇ ਖੁਆਰੀਆਂ ਦਾ ਕਾਰਨ 'ਰੋਹਿੰਗੀਆ, ਬੰਗਲਾਦੇਸ਼ੀ ਅਤੇ ਅਜਿਹੇ ਹੋਰ ਅਸਮਾਜਕ ਤੱਤ' ਹਨ। ਇਹ ਵੀ ਸਪਸ਼ਟ ਹੈ ਕਿ ਕਿਸ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਰਾਮਨੌਮੀ ਅਤੇ ਹਨੂੰਮਾਨ ਜੈਅੰਤੀ ਮੌਕੇ ਹੋਈਆਂ ਘਟਨਾਵਾਂ ਕੋਈ ਵਿਕੋਲਿਤਰੀਆਂ ਘਟਨਾਵਾਂ ਨਹੀਂ ਹਨ; ਕਈ ਵਰ੍ਹਿਆਂ ਤੋਂ ਘੱਟਗਿਣਤੀ ਫਿਰਕੇ ਦੇ ਲੋਕਾਂ ਨੂੰ ਭੋਜਨ ਜਾਂ ਲਿਬਾਸ ਦੇ ਆਧਾਰ 'ਤੇ ਹਜੂਮੀ ਹਿੰਸਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ; ਸਮੇਂ-ਸਮੇਂ 'ਲਵ ਜਹਾਦ' ਤੇ ਧਰਮ ਤਬਦੀਲੀ ਦੇ ਮੁੱਦਿਆਂ 'ਤੇ ਉਤੇਜਨਾ ਪੈਦਾ ਕਰ ਕੇ ਨਫ਼ਰਤ ਫੈਲਾਈ ਜਾਂਦੀ ਹੈ। ਬਹੁਗਿਣਤੀ ਫਿਰਕੇ ਦੇ ਲੋਕਾਂ ਨੂੰ ਵਾਰ-ਵਾਰ ਦੱਸਿਆ ਜਾਂਦਾ ਹੈ ਕਿ ਸਦੀਆਂ ਪਹਿਲਾਂ ਹੋਏ ਅੱਤਿਆਚਾਰਾਂ ਲਈ ਘੱਟਗਿਣਤੀ ਫਿਰਕੇ ਦੇ ਲੋਕਾਂ ਦੇ ਵਡੇਰੇ ਜ਼ਿੰਮੇਵਾਰ ਸਨ; ਇਸ ਲਈ ਇਨ੍ਹਾਂ ਨੂੰ ਸਬਕ ਸਿਖਾਉਣਾ ਜ਼ਰੂਰੀ ਹੈ। ਬਹੁਗਿਣਤੀ ਫਿਰਕੇ ਦੇ ਬਹੁਤ ਸਾਰੇ ਲੋਕਾਂ ਨੂੰ ਅਜਿਹੇ ਭਾਵਨਾਤਮਕ ਸਮਾਜ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਜਿਹੜਾ ਘੱਟਗਿਣਤੀ ਫਿਰਕੇ ਨੂੰ ਨਫ਼ਰਤ ਕਰਨਾ ਆਪਣਾ ਕੌਮੀ ਤੇ ਧਾਰਮਿਕ ਫਰਜ਼ ਅਤੇ ਦੇਸ਼ ਭਗਤੀ ਸਮਝਦਾ ਹੈ। ਇਹ ਬਿਰਤਾਂਤ ਭਾਵਨਾਤਮਕ ਬਣਾਏ ਗਏ ਬਹੁਗਿਣਤੀ ਫਿਰਕੇ ਦਾ 'ਸੱਚ' ਬਣ ਗਿਆ ਹੈ ਅਤੇ ਨਫ਼ਰਤ ਕਰਨੀ ਉਸ ਦੀ ਜੀਵਨ ਜਾਚ ਦਾ ਹਿੱਸਾ।

ਇਸ ਹਕੂਮਤੀ 'ਸੱਚ' ਵਿਰੁੱਧ ਸਾਂਝੀਵਾਲਤਾ, ਏਕਤਾ ਅਤੇ ਸਮਤਾ ਦਾ ਸੱਚ ਸਿਰਜਣਾ ਕਠਿਨ ਕਾਰਜ ਹੈ। ਉਸ ਲਈ ਸਮਾਜਕ ਕਾਰਕੁਨਾਂ, ਚਿੰਤਕਾਂ, ਵਿਦਵਾਨਾਂ, ਸਿਆਸਤਦਾਨਾਂ ਅਤੇ ਨਾਗਰਿਕਾਂ ਨੂੰ ਬੁਲੰਦ ਆਵਾਜ਼ ਵਿਚ ਬੋਲਣ ਦੀ ਜ਼ਰੂਰਤ ਹੈ। ਬੁੱਲ੍ਹੇ ਸ਼ਾਹ ਨੇ ਸਾਨੂੰ ਸੱਚ ਬੋਲਣ ਲਈ ਕਿਹਾ ਸੀ: ਸੱਚ ਆਖ ਮਨਾ ਕਿਉਂ ਡਰਨਾ ਏਂ/ਇਹ ਸੱਚ ਪਿਛੇ ਤੂੰ ਤਰਨਾ ਏਂ/ਸੱਚ ਸਦਾ ਆਬਾਦੀ ਕਰਨਾ ਏਂ/ਸੱਚ ਵਸਤ ਅਜੰਭਾ ਆਈ ਏ।

ਸੱਚ ਅਚੰਭਾ ਵਸਤ ਹੈ; ਇਸ ਨੂੰ ਬੋਲਣ ਲਈ ਹਿੰਮਤ ਦੀ ਜ਼ਰੂਰਤ ਹੁੰਦੀ ਹੈ ਪਰ ਇਸ ਦਾ ਸਾਹਮਣਾ ਕਰਨ ਤੋਂ ਡਰ ਵੀ ਲੱਗਦਾ ਹੈ।

ਲੋਕਾਂ ਦੇ ਸੱਚ ਨੂੰ ਜ਼ਬਾਨ ਦਿੰਦਿਆਂ ਸੰਵਿਧਾਨਕ ਆਚਰਨ ਗਰੁੱਪ ਦੇ ਮੈਂਬਰਾਂ ਨੇ ਕਿਹਾ ਹੈ, "ਅਸੀਂ ਦੇਸ਼ ਵਿਚ ਨਫ਼ਰਤ ਨਾਲ ਭਰੀ ਤਬਾਹੀ ਦਾ ਜਨੂਨ ਦੇਖ ਰਹੇ ਹਾਂ ਜਿਸ ਵਿਚ ਨਾ ਸਿਰਫ ਮੁਸਲਮਾਨਾਂ ਅਤੇ ਹੋਰ ਘੱਟਗਿਣਤੀ ਫਿਰਕਿਆਂ ਦੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਸਗੋਂ ਸੰਵਿਧਾਨ ਦੇ ਨਾਲ ਵੀ ਖਿਲਵਾੜ ਹੋ ਰਿਹਾ ਹੈ। ... ਪਿਛਲੇ ਕੁਝ ਸਾਲਾਂ ਤੇ ਮਹੀਨਿਆਂ ਤੋਂ ਕਈ ਰਾਜਾਂ, ਅਸਾਮ, ਦਿੱਲੀ, ਗੁਜਰਾਤ, ਹਰਿਆਣਾ, ਕਰਨਾਟਕ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਵਿਚ ਘੱਟਗਿਣਤੀ ਫਿਰਕਿਆਂ, ਖਾਸਕਰ ਮੁਸਲਮਾਨਾਂ ਵਿਰੁੱਧ ਨਫ਼ਰਤ ਤੇ ਹਿੰਸਾ ਵਿਚ ਡਰਾਉਣ ਵਾਲੇ ਪਾਸਾਰਾਂ ਵਾਲਾ ਵਾਧਾ ਹੋਇਆ ਹੈ; ਸਿਵਾਏ ਦਿੱਲੀ ਦੇ (ਜਿੱਥੇ ਪੁਲਿਸ ਕੇਂਦਰ ਸਰਕਾਰ ਅਧੀਨ ਹੈ), ਇਨ੍ਹਾਂ ਸਭ ਸੂਬਿਆਂ ਵਿਚ ਭਾਜਪਾ ਦਾ ਸ਼ਾਸਨ ਹੈ।"

ਸਥਿਤੀ ਦਾ ਵਿਰੋਧਾਭਾਸ ਇਹ ਹੈ ਕਿ ਜਦ ਅਸੀਂ ਨਫ਼ਰਤ, ਹਿੰਸਾ ਅਤੇ 'ਬੁਲਡੋਜ਼ਰਾਂ ਨਾਲ ਕੀਤੇ ਜਾ ਰਹੇ ਨਿਆਂ' ਜੋ ਵੱਡਾ ਸਮਾਜਕ ਅਨਿਆਂ ਹੈ, ਦਾ ਵਿਰੋਧ ਕਰਦੇ ਹਾਂ ਤਾਂ ਇਹ ਵਿਰੋਧ ਵੀ ਕੱਟੜਪੰਥੀ ਤਾਕਤਾਂ ਦੇ ਹੱਕ ਵਿਚ ਜਾਂਦਾ ਹੈ, ਕਿਉਂਕਿ ਇਹ ਉਸੇ ਬਿਰਤਾਂਤ ਦਾ ਹਿੱਸਾ ਬਣਦਾ ਹੈ ਜਿਸ ਨੂੰ ਕੱਟੜਪੰਥੀ ਤਾਕਤਾਂ ਲੋਕਾਂ ਦੇ ਧਿਆਨ ਦੇ ਕੇਂਦਰ ਵਿਚ ਰੱਖਣਾ ਚਾਹੁੰਦੀਆਂ ਹਨ। ਕੱਟੜਪੰਥੀ ਸਾਡੇ ਵਿਰੋਧ ਬਾਰੇ ਆਪਣੇ ਪੈਰੋਕਾਰਾਂ ਨੂੰ ਦੱਸਦੇ ਹਨ ਕਿ ਦੇਖੋ ਇਹ ਬੰਦੇ ਕਿਹੋ ਜਿਹੇ ਲੋਕਾਂ ਦਾ ਸਾਥ ਦਿੰਦੇ ਹਨ ਪਰ ਇਸ ਸਭ ਕੁਝ ਦੇ ਬਾਵਜੂਦ ਸਾਡੇ ਕੋਲ ਬੋਲਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਦਾ।

ਸ਼ਾਇਦ ਮਿਰਜ਼ਾ ਗਾਲਿਬ ਦਾ ਇਹ ਸ਼ਿਅਰ ਸਾਡੇ ਹਾਲਾਤ ਦੀ ਕੁਝ ਹੱਦ ਤਕ ਤਰਜਮਾਨੀ ਕਰ ਸਕਦਾ ਹੈ: ਜ਼ਖ਼ਮੀ ਹੁਆ ਹੈ ਪਾਸ਼ਨਾ, ਪਾ-ਏ-ਸਬਾਤ ਕਾ/ਨ ਭਾਗਨੇ ਕੀ ਗੌਂ, ਨ ਇਕਾਮਤ ਕੀ ਤਾਬ ਹੈ। ਭਾਵ, ਅੱਡੀ ਪੈਰਾਂ ਦੇ ਰੁਕਣ ਕਾਰਨ ਜ਼ਖ਼ਮੀ ਹੋਈ ਹੈ; ਹੁਣ ਨਾ ਤਾਂ ਦੌੜਨ ਦੀ ਤਾਂਘ ਹੈ ਨਾ ਹੀ ਖੜ੍ਹੇ/ਸਥਿਰ ਰਹਿਣ ਦੀ ਤਾਬ ਹੈ। ... ਅੱਡੀ-ਪਾਸ਼ਨਾ, ਪੈਰਾਂ ਦੇ ਰੁਕਣ- ਪਾ-ਏ-ਸਬਾਤ, ਤਾਂਘ-ਗੌਂ, ਖੜ੍ਹੇ/ਸਥਿਰ ਰਹਿਣਾ- ਇਕਾਮਤ, ਤਾਬ-ਸਥਿਤੀ ਜਾਂ ਸਹਿਣਸ਼ਕਤੀ।

ਅਸੀਂ ਨਹੀਂ ਜਾਣਦੇ ਕਿ ਅਸੀਂ ਕੀ ਕਰੀਏ। ਪ੍ਰਧਾਨ ਮੰਤਰੀ ਸਾਹਮਣੇ ਗੁਹਾਰ ਲਗਾਈਏ ਜਾਂ ਆਪਣੀ ਪੱਥਰ ਹੁੰਦੀ ਜਾਂਦੀ ਜ਼ਮੀਰ ਦੇ ਸਾਹਮਣੇ ਸਿਰ ਪਟਕੀਏ। ਜਦ ਸ਼ਬਦ ਤੇ ਖਾਮੋਸ਼ੀ ਦੋਵੇਂ ਖਤਰਨਾਕ ਹੋ ਜਾਣ ਤਾਂ ਤੜਫ ਤੇ ਚੀਕ ਹੀ ਮਨੁੱਖ ਦੀ ਆਵਾਜ਼ ਬਣ ਸਕਦੇ ਹਨ। ਸੋਵੀਅਤ ਯੂਨੀਅਨ ਵਿਚ ਸਟਾਲਿਨ ਦੇ ਜ਼ੁਲਮ ਸਹਿਣ ਵਾਲੇ ਸ਼ਾਇਰ ਓਸਿਪ ਮੈਂਡਲਸਟਾਮ ਦੀ ਘਰ ਵਾਲੀ ਤੇ ਲੇਖਿਕਾ ਨਾਦੇਜ਼ਦਾ ਮੈਂਡਲਸਟਾਮ ਨੇ ਬਹੁਤ ਔਖੇ ਦਿਨਾਂ ਵਿਚ ਲਿਖਿਆ ਸੀ, "ਮੈਂ ਫੈਸਲਾ ਕੀਤਾ ਕਿ ਚੀਕਣਾ ਬਿਹਤਰ ਹੈ। ਚੁੱਪ ਮਨੁੱਖਤਾ ਦੇ ਵਿਰੁੱਧ ਅਸਲੀ ਅਪਰਾਧ ਹੈ।" ਸ਼ਾਦ ਅਜ਼ੀਮਾਬਾਦੀ ਨੇ ਲਿਖਿਆ ਹੈ: ਖਾਮੋਸ਼ੀ ਸੇ ਮੁਸੀਬਤ ਔਰ ਭੀ ਸੰਗੀਨ ਹੋਤੀ ਹੈ/ਤੜਪ ਐ ਦਿਲ, ਤੜਪਨੇ ਸੇ ਜ਼ਰਾ ਤਸਕੀਨ ਹੋਤੀ ਹੈ।

ਇਨ੍ਹਾਂ ਸਮਿਆਂ ਵਿਚ ਤੜਫਦਾ ਹੋਇਆ ਦਿਲ ਕੁਝ ਅਜਿਹੀ ਬੁੜਬੁੜ ਹੀ ਲਿਖ ਸਕਦਾ ਹੈ: ਸ਼ਬਦ ਖਤਰਨਾਕ ਨੇ/ਚੁੱਪ ਖਤਰਨਾਕ ਹੈ/ਇਹ ਅਜਬ ਦਿਨ ਨੇ/ਇਹ ਅਜਬ ਰਾਤ ਹੈ/ਆਪਣੇ ਹੀ ਜਾਲ ਵਿਚ/ਫਸਿਆ ਹੈ ਮਨ ਸਾਡਾ/ਦਿਸਦੀ ਨ ਮੰਜ਼ਿਲ ਕੋਈ/ਐਸਾ ਹੈ ਸਫਰ ਡਾਢਾ/ਨਾ ਗਲ 'ਤੇ ਅੰਗੂਠਾ ਏ/ਨਾ ਚੀਖਣ ਦੀ ਔਕਾਤ ਹੈ/ਸ਼ਬਦ ਖਤਰਨਾਕ ਨੇ/ਚੁੱਪ ਖਤਰਨਾਕ ਹੈ!

# ਗੰਧਲੇ ਹੋਏ ਆਬੋ-ਹਵਾ ਅਤੇ ਆਲਮੀ ਤਪਸ਼ ਲਈ ਜ਼ਿੰਮੇਵਾਰ ਕੌਣ?

ਨਰਾਇਣ ਦੱਤ
ਫੋਨ: +91-84275-11770

ਭਾਰਤ ਦੇ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਨੀਤੀ ਆਯੋਗ ਦੇ ਇੱਕ ਪ੍ਰੋਗਰਾਮ ਵਿਚ ਖੇਤੀ ਸੰਕਟ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਪੰਜਾਬ ਦੇ ਕਿਸਾਨਾਂ ਨੂੰ ਨਿਸ਼ਾਨੇ 'ਤੇ ਲਿਆ ਅਤੇ ਕਿਹਾ ਕਿ ਪੰਜਾਬ ਦਾ ਕਿਸਾਨ ਜਿਹੜੀ ਕਣਕ ਪੈਦਾ ਕਰਦਾ ਹੈ, ਉਹ ਆਪ ਨਹੀਂ ਖਾਂਦਾ। ਮੰਤਰੀ ਦਾ ਇਹ ਬਿਆਨ ਹਕੀਕਤ ਤੋਂ ਕੋਹਾਂ ਦੂਰ ਹੈ। ਜੇ ਪੰਜਾਬ ਦਾ ਕਿਸਾਨ ਕਣਕ ਸਿਰਫ ਪੈਦਾ ਕਰਦਾ ਹੈ, ਖਾਂਦਾ ਨਹੀਂ ਤਾਂ ਫਿਰ ਸਵਾਲ ਹੈ ਕਿ ਕਿਸਾਨ ਫਿਰ ਖਾਂਦਾ ਕੀ ਹੈ? ਢਿੱਡ ਕਾਹਦੇ ਨਾਲ ਭਰਦਾ ਹੈ? ਅੱਜ ਵੀ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ ਰਹਿੰਦੇ ਕਿਸਾਨਾਂ ਮਜ਼ਦੂਰਾਂ ਵਿਚ ਕੈਂਸਰ, ਪੀਲੀਆ, ਟੀਬੀ ਵਰਗੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੀ ਗਿਣਤੀ ਕਿਤੇ ਵਧੇਰੇ ਹੈ। ਖੇਤੀ ਮੰਤਰੀ ਦੇ ਬਿਆਨ ਮੁਤਾਬਿਕ ਫਿਰ ਤਾਂ ਪੰਜਾਬ ਦੇ ਪਿੰਡਾਂ ਵਿਚ ਵਸਦੇ ਕਿਸਾਨਾਂ ਮਜ਼ਦੂਰਾਂ ਨੂੰ ਤਾਂ ਅਜਿਹੀਆਂ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੀ ਹੋਣਾ ਨਹੀਂ ਸੀ ਚਾਹੀਦਾ!

ਸੱਚ ਇਹ ਹੈ ਕਿ ਪੰਜਾਬ ਅੰਦਰ ਪੰਜ ਏਕੜ ਤੋਂ ਘੱਟ ਛੋਟੀਆਂ ਜੋਤਾਂ ਦੇ ਮਾਲਕ 83% ਹਨ। ਇਹ ਛੋਟੇ ਕਿਸਾਨ ਹੀ ਕਰਜ਼ੇ ਦਾ ਸ਼ਿਕਾਰ ਹਨ। ਮੰਤਰੀ ਦੇ ਬਿਆਨ ਦਾ ਮਤਲਬ ਹੈ ਕਿ ਪੰਜਾਬ ਦਾ ਕਿਸਾਨ ਕਿਤੋਂ ਹੋਰ ਮੁੱਲ ਖਰੀਦ ਕੇ ਕਣਕ ਖਾਂਦਾ ਹੈ। ਅਸਲ ਵਿਚ, ਮੰਤਰੀ ਨੇ ਇੱਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦੀ ਕੋਸ਼ਿਸ਼ ਕੀਤੀ ਹੈ। ਮਿੱਟੀ, ਪਾਣੀ, ਆਲਮੀ ਤਪਸ਼ ਦੇ ਕਾਰਨਾਂ ਲੱਭਣ ਅਤੇ ਇਸ ਨੂੰ ਰੋਕਣ ਦੇ ਯਤਨਾਂ ਦੀ ਥਾਂ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਪ੍ਰਬੰਧ ਜਿਸ ਨੇ ਤਬਾਹੀ ਮਚਾਈ ਹੈ, ਨੂੰ ਬਰੀ ਕੀਤਾ ਜਾ ਰਿਹਾ ਹੈ।

1950ਵਿਆਂ ਅੰਦਰ ਸਾਡਾ ਮੁਲਕ ਅੰਨ ਪੱਖੋਂ ਵੱਡੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ, ਅਕਾਲ ਪੈਂਦੇ ਸਨ। ਹਾਕਮ ਅਮੀਰ ਮੁਲਕਾਂ ਅੱਗੇ ਠੂਠਾ ਅੱਡਣ ਲਈ ਮਜਬੂਰ ਸਨ। ਅਨਾਜ ਬਾਹਰੋਂ ਮੰਗਵਾਉਣਾ ਪੈਂਦਾ ਸੀ। ਉਸ ਸਮੇਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਹਰੇ ਇਨਕਲਾਬ ਦੇ ਖਿੱਤੇ ਉਸਾਰੇ ਗਏ। ਪੰਜਾਬ ਨੂੰ ਤਰਜੀਹੀ ਸੂਬਾ ਚੁਣਿਆ। ਹਰੇ ਇਨਕਲਾਬ ਦਾ ਇਹ ਮਾਡਲ ਮੁਨਾਫਾਖੋਰ ਮਾਡਲ ਸੀ/ਹੈ। ਉਸ ਸਮੇਂ ਤੱਕ ਪੰਜਾਬ ਅੰਦਰ ਕੁਦਰਤੀ ਢੰਗ ਨਾਲ ਖੇਤੀ ਕੀਤੀ ਜਾਂਦੀ ਸੀ। ਫਸਲੀ ਵੰਨ-ਸਵੰਨਤਾ ਵੀ ਸੀ। ਖੇਤਾਂ ਵਿਚ ਹਰ ਫਸਲ- ਕਪਾਹ, ਨਰਮਾ, ਮੂੰਗਫਲੀ, ਸਰ੍ਹੋਂ, ਜੌਂ, ਮੱਕੀ, ਛੋਲੇ, ਅਰਹਰ, ਕਮਾਦ, ਤੇਲ ਬੀਜ, ਦਾਲਾਂ, ਸਬਜ਼ੀਆਂ ਆਦਿ ਪੈਦਾ ਕੀਤੀਆਂ ਜਾਂਦੀਆਂ ਸਨ। ਹਰੇ ਇਨਕਲਾਬ ਕਾਰਨ ਕੁਦਰਤੀ ਪ੍ਰਬੰਧ ਅਤੇ ਫਸਲੀ ਵੰਨ-ਸਵੰਨਤਾ ਖਤਮ ਕਰਕੇ ਕਿਸਾਨਾਂ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਵੱਲ ਧੱਕਿਆ ਗਿਆ। ਕੁਦਰਤੀ ਆਤਮ-ਨਿਰਭਰਤਾ ਦਾ ਭੱਠਾ ਬਿਠਾ ਦਿੱਤਾ। ਆਪਣੀ ਤਕਨੀਕ, ਰੇਹ, ਤੇਲ, ਬੀਜ, ਮਸ਼ੀਨਰੀ, ਨਦੀਨਨਾਸ਼ਕ, ਕੀਟਨਾਸ਼ਕ ਵੇਚਣ ਰਾਹੀਂ ਲੁੱਟ ਨਵੇਂ ਸਿਰਿਓਂ ਸ਼ੁਰੂ ਕਰ ਦਿੱਤੀ। ਇਹ ਤਕਨੀਕ ਨਾ ਕੁਦਰਤ ਪੱਖੀ, ਨਾ ਵਾਤਾਵਰਨ ਅਤੇ ਨਾ ਹੀ ਮਨੁੱਖਤਾ ਪੱਖੀ ਸੀ/ਹੈ। ਇਹ ਅੰਨ੍ਹੇ ਮੁਨਾਫੇ ਦੀ ਹੋੜ ਵਿਚੋਂ ਪੈਦਾ ਹੋਇਆ ਕੁਦਰਤ, ਵਾਤਾਵਰਨ ਅਤੇ ਮਨੁੱਖਤਾ ਦੇ ਵਿਨਾਸ਼ ਵਾਲਾ ਕਾਰਪੋਰੇਟੀ ਵਿਕਾਸ ਮਾਡਲ ਸੀ/ਹੈ। ਖਾਦਾਂ, ਮਸ਼ੀਨਰੀ, ਕੀਟਨਾਸ਼ਕ, ਨਦੀਨਨਾਸ਼ਕ, ਉੱਲੀਨਾਸ਼ਕ ਦਵਾਈਆਂ ਦੀ ਸਿਫਾਰਿਸ਼ ਖੇਤੀ ਮਾਹਿਰਾਂ, ਯੂਨੀਵਰਸਿਟੀਆਂ ਨੇ ਕੀਤੀ। ਮਿੱਟੀ, ਪਾਣੀ, ਆਲਮੀ ਤਪਸ਼ ਨੂੰ ਖਰਾਬ ਕਰਨ ਲਈ ਇਹ ਮਾਡਲ ਜ਼ਿੰਮੇਵਾਰ ਹੈ।

ਸੰਸਾਰ ਪੱਧਰ 'ਤੇ 14785 ਮਿਲੀਅਨ ਡਾਲਰ ਦੀ ਬੀਜ ਮੰਡੀ ਵਿਚੋਂ ਦੋ-ਤਿਹਾਈ ਉੱਪਰ ਦਸ ਬੀਜ-ਕਾਰਪੋਰੇਟ ਕਾਬਜ਼ ਹਨ। ਇਹੋ ਹਾਲ ਕੀਟਨਾਸ਼ਕ, ਨਦੀਨਨਾਸ਼ਕ, ਉੱਲੀਨਾਸ਼ਕ ਦਵਾ ਕੰਪਨੀਆਂ ਦਾ ਹੈ। ਰੇਹ, ਤੇਲ, ਮਸ਼ੀਨਰੀ ਉੱਪਰ ਵੀ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੈ। ਸੰਸਾਰ ਵਪਾਰ ਸੰਸਥਾ ਵਰਗੀਆਂ ਸੰਸਥਾਵਾਂ ਜਿਹੜੀਆਂ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਮੁਨਾਫਾ ਬਖਸ਼ਣ ਵਾਲੀਆਂ ਪਹਿਲਿਆਂ ਨੀਤੀਆਂ ਨਾਲ ਲੈਸ ਹਨ, ਦੀ ਨੀਤੀਆਂ ਹੀ ਮੋਦੀ ਸਰਕਾਰ ਲਾਗੂ ਕਰ ਰਹੀ ਹੈ। ਇਸ ਲਈ ਹਵਾ ਤੇ ਪਾਣੀ ਨੂੰ ਪਲੀਤ ਕਰਨ ਅਤੇ ਆਲਮੀ ਤਪਸ਼ ਵਧਾਉਣ ਲਈ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਇਹ ਨੀਤੀਆਂ ਹੀ ਹਨ।

ਇੱਕ ਪੱਖ ਹੋਰ ਹੈ ਜਿਸ ਨੂੰ ਮੰਤਰੀ ਨੇ ਛੂਹਣ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਉਹ ਹੈ ਸਨਅਤੀ ਪ੍ਰਦੂਸ਼ਣ ਜੋ ਦਿਨ-ਰਾਤ ਧਰਤੀ ਹੇਠਾਂ ਜ਼ਹਿਰੀਲਾ ਪਾਣੀ ਅਤੇ ਮਣਾਂ ਮੂੰਹੀਂ ਜ਼ਹਿਰੀਲੀਆਂ ਗੈਸਾਂ ਛੱਡ ਰਿਹਾ ਹੈ। ਦੁਨੀਆ ਦੇ ਖੇਤੀਬਾੜੀ ਮਾਹਿਰ ਅਤੇ ਅਰਥ ਸ਼ਾਸਤਰੀ ਤੱਥਾਂ ਸਹਿਤ ਸਾਬਤ ਕਰ ਚੁੱਕੇ ਹਨ ਕਿ ਖੇਤੀ ਸੰਕਟ ਲਈ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿਚ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਹਨ।

ਮੰਤਰੀ ਦਾ ਬਿਆਨ ਦੁਨੀਆ ਅੰਦਰ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨ ਅਤੇ ਪੰਜਾਬ ਦੇ ਸੰਘਰਸ਼ਸ਼ੀਲ ਕਿਸਾਨਾਂ ਦੀ ਜੁਝਾਰੂ ਵਿਰਾਸਤ ਉੱਪਰ ਹਮਲਾ ਹੈ ਕਿਉਂਕਿ ਮੋਦੀ ਹਕੂਮਤ ਦੇ ਲਿਆਂਦੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦਾ ਮੁੱਢ ਪੰਜਾਬ ਦੀ ਜੁਝਾਰੂ ਕਿਸਾਨ ਲਹਿਰ ਨੇ ਬੰਨ੍ਹਿਆ ਸੀ ਅਤੇ ਇਨ੍ਹਾਂ ਕਿਸਾਨਾਂ ਨੇ ਮੁਲਕ ਭਰ ਦੇ ਕਿਸਾਨਾਂ ਅਤੇ ਹੋਰ ਮਿਹਨਤੀ ਹਿੱਸਿਆਂ ਨੂੰ ਨਾਲ ਲੈ ਕੇ ਤਿੰਨੇ ਕਾਨੂੰਨ ਰੱਦ ਕਰਨ ਲਈ ਮੋਦੀ ਸਰਕਾਰ ਨੂੰ ਮਜਬੂਰ ਕੀਤਾ ਸੀ।

ਪੰਜਾਬ ਹਰੇ ਇਨਕਲਾਬ ਤੋਂ ਪਹਿਲਾਂ ਕੁਦਰਤ, ਮਨੁੱਖ ਅਤੇ ਵਾਤਾਵਰਨ ਪੱਖੀ ਖੇਤੀ ਕਰਦਾ ਸੀ। ਹੁਣ ਵੀ ਜੇ ਮੋਦੀ ਹਕੂਮਤ ਇੰਨੀ ਹੀ ਫਿਕਰਮੰਦ ਹੈ ਤਾਂ ਸੰਸਾਰ ਵਪਾਰ ਸੰਸਥਾ ਵਿਚੋਂ ਬਾਹਰ ਆ ਕੇ ਕਾਰਪੋਰੇਟੀ ਖੇਤੀ ਮਾਡਲ ਰੱਦ ਕਰਕੇ ਨਵਾਂ ਕੁਦਰਤ, ਮਨੁੱਖ ਅਤੇ ਵਾਤਾਵਰਨ ਪੱਖੀ ਮਾਡਲ ਵਿਕਸਤ ਕਰੇ। ਪੰਜਾਬ ਦੇ ਕਿਸਾਨਾਂ ਨੂੰ ਆਪਣੀ ਜੁਝਾਰੂ ਵਿਰਾਸਤ ਕਾਇਮ ਰੱਖਦਿਆਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਸੰਘਰਸ਼ ਦੀ ਧਾਰ ਕੇਂਦਰੀ ਸਰਕਾਰ ਨੂੰ ਸੰਸਾਰ ਵਪਾਰ ਸੰਸਥਾ ਵਿਚੋਂ ਬਾਹਰ ਆਉਣ ਖਿਲਾਫ ਸੇਧਤ ਕਰਨ ਦੀ ਲੋੜ ਹੈ।

# ਮਾਰੂਥਲ ਦੀ ਸੈਰ

*ਰਾਜਸਥਾਨ ਆਪਣੇ ਵਿਸ਼ਾਲ ਥਾਰ ਮਾਰੂਥਲ ਕਾਰਨ ਸੰਸਾਰ ਭਰ ਵਿਚ ਮਸ਼ਹੂਰ ਹੈ। ਇਸ ਮਾਰੂਥਲ ਦੀ ਇਕ ਵੱਖੀ ਲਹਿੰਦੇ ਪੰਜਾਬ ਨਾਲ ਵੀ ਜੁੜਦੀ ਹੈ। ਦੁਨੀਆ ਭਰ ਦੇ ਸੈਲਾਨੀ ਰਾਜਸਥਾਨ ਦੀ ਖੂਬਸੂਰਤੀ ਦੇਖਣ ਆਉਂਦੇ ਹਨ। ਰਾਜਪੁਰਾ (ਪਟਿਆਲਾ) ਵੱਸਦੇ ਯਸ਼ਪਾਲ ਮਾਨਵੀ ਨੇ ਥਾਰ ਮਾਰੂਥਲ ਦੇ ਕੁਝ ਖਾਸ ਹਿੱਸਿਆਂ ਦੀ ਯਤਰਾ ਦਾ ਜ਼ਿਕਰ ਆਪਣੇ ਇਸ ਲੇਖ ਵਿਚ ਕੀਤਾ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।*



ਰਣਥੰਭੌਰ ਪਾਰਕ ਵਿਚ ਬਾਘ।

ਥਾਰ ਮਾਰੂਥਲ ਦੇਖਣ ਦੀ ਤਾਂਘ ਨੇ ਮਾਰਚ 2022 ਦੇ ਅਖੀਰਲੇ ਹਫਤੇ ਟੂਰ ਬਣਾ ਦਿੱਤਾ। ਇਸ ਮਗਰੋਂ ਕਈ ਮਹੀਨੇ ਬੇਹੱਦ ਗਰਮੀ ਕਾਰਨ ਰਾਜਸਥਾਨ ਵਿਚ ਘੁੰਮਣਾ ਫਿਰਨਾ ਸੌਖਾ ਨਹੀਂ ਹੁੰਦਾ। ਚੰਡੀਗੜ੍ਹ ਤੋਂ ਜੈਪੁਰ ਤੱਕ ਦਾ ਹਵਾਈ ਸਫਰ ਕੀਤਾ। ਸਵੇਰ ਦੀ ਉਡਾਣ ਲੈ ਕੇ ਡੇਢ ਘੰਟੇ ਵਿਚ ਜੈਪੁਰ ਪਹੁੰਚ ਗਏ। ਅੱਧੇ ਦਿਨ ਦਾ ਲਾਹਾ ਲੈਣ ਲਈ ਤਿੰਨ ਥਾਵਾਂ ਦੇਖਣ ਵਾਸਤੇ ਚੱਲ ਪਏ। ਪਹਿਲਾਂ ਹਵਾ ਮਹਿਲ ਦੇਖਿਆ। ਸਿਖਰ ਤੋਂ ਜੈਪੁਰ ਦਾ ਨਜ਼ਾਰਾ ਤੱਕਣ ਲਈ ਕਾਫੀ ਪੌੜੀਆਂ ਚੜ੍ਹਨੀਆਂ ਪੈਂਦੀਆਂ। ਹਵਾ ਮਹਿਲ 1799 ਵਿਚ ਰਾਜਾ ਸਵਾਏ ਪ੍ਰਤਾਪ ਸਿੰਘ (ਸਵਾਏ ਜੈ ਸਿੰਘ ਦਾ ਪੋਤਾ ਜਿਸ ਨੇ ਜੈਪੁਰ ਵਸਾਇਆ ਸੀ) ਨੇ ਸ਼ਾਹੀ ਔਰਤਾਂ ਲਈ ਬਣਵਾਇਆ ਸੀ ਤਾਂ ਜੋ ਉਹ ਕਿਸੇ ਧਾਰਮਿਕ ਜਲੂਸ ਅਤੇ ਨਿੱਤ ਦਿਨ ਦਿਨ ਦੀਆਂ ਗਤੀਵਿਧੀਆਂ ਨੂੰ ਇਸ ਸ਼ਾਨਾਂਮੱਤੀ ਇਮਾਰਤ ਦੇ ਮੱਥੇ ਵਿਚ ਬਣੀਆਂ 152 ਖਿੜਕੀਆਂ ਅਤੇ 953 ਆਲਿਆਂ ਵਿਚੋਂ ਦੇਖ ਸਕਣ। ਇਹ ਅੰਦਰੋਂ ਠੰਢਾ ਰਹਿੰਦਾ ਹੈ। ਉਹ ਹੋਰਾਂ ਨੂੰ ਦੇਖ ਸਕਦੀਆਂ ਸਨ ਪਰ ਉਨ੍ਹਾਂ ਨੂੰ ਕੋਈ ਨਹੀਂ ਦੇਖ ਸਕਦਾ ਸੀ। ਇਹ ਪੰਜ ਮੰਜ਼ਿਲਾ, ਅਰਧ-ਅੱਠਭੁਜੀ ਕਮਾਲ ਦੀ ਇਮਾਰਤ ਹੈ। ਜਾਲੀਦਾਰ ਬਾਲਕੋਨੀਆਂ,



**ਯਸ਼ਪਾਲ ਮਾਨਵੀ**
ਫੋਨ: +91-94635-86655

ਤਿਰਛੀਆਂ ਛੱਤਾਂ, ਗੁੰਬਦ ਅਤੇ ਇਨ੍ਹਾਂ ਦੀਆਂ ਨੋਕਾਂ ਇਮਾਰਤ ਨੂੰ ਅਦਭੁੱਤ ਬਣਾਉਂਦੀਆਂ ਹਨ। ਹਵਾ ਮਹਿਲ, ਗੁਲਾਬੀ ਸ਼ਹਿਰ ਜੈਪੁਰ ਦਾ ਪਛਾਣ ਚਿੰਨ੍ਹ ਬਣ ਗਿਆ ਹੈ। ਇਹ ਗੁਲਾਬੀ ਅਤੇ ਲਾਲ ਪੱਥਰ ਦਾ ਬਣਿਆ ਹੋਇਆ ਹੈ।

ਸਿਟੀ ਪੈਲੇਸ ਕੰਪਲੈਕਸ ਜੈਪੁਰ ਦੇ ਕੇਂਦਰ ਵਿਚ ਹੈ। ਇਸ ਮਹਿਲ ਦਾ ਖੇਤਰ ਪੁਰਾਣੇ ਸ਼ਹਿਰ ਦਾ 1/7 ਹਿੱਸਾ ਬਣਦਾ ਹੈ। ਇਹ 1729-1732 ਵਿਚ ਸਵਾਏ ਜੈ ਸਿੰਘ ਨੇ ਬਣਵਾਇਆ ਸੀ। ਬਾਅਦ ਦੇ ਉਤਰਾਧਿਕਾਰੀ ਇਸ ਦੀਆਂ ਇਮਾਰਤਾਂ ਵਿਚ ਵਾਧਾ ਕਰਦੇ ਰਹੇ। ਇਹ ਸਾਰਾ ਭਵਨ-ਸਮੂਹ ਉਚੀ ਦੀਵਾਰ ਨਾਲ ਘਿਰਿਆ ਹੋਇਆ ਹੈ। ਮਹਿਲ ਦੀ ਬਣਤਰ ਵਿਚ ਰਾਜਪੂਤ ਤੇ ਮੁਗਲ ਇਮਾਰਤਸਾਜ਼ੀ ਰਲਗੱਡ ਹੈ। ਚੰਦਰ ਮਹਿਲ ਵਿਚ ਹੁਣ ਵੀ ਰਾਜਿਆਂ ਦੇ ਵਾਰਿਸ ਰਹਿੰਦੇ ਹਨ। ਸਵਾਏ ਜੈ ਸਿੰਘ ਨੇ 1727 ਵਿਚ ਆਮੇਰ ਕਿਲ੍ਹਾ ਛੱਡ ਕੇ ਜੈਪੁਰ ਨੂੰ ਰਾਜਧਾਨੀ ਵਜੋਂ ਵਿਕਸਤ ਕੀਤਾ ਸੀ।

ਤੀਜਾ ਪੁਆਇੰਟ ਸੀ ਜੰਤਰ-ਮੰਤਰ। ਸਿਟੀ ਪੈਲੇਸ ਦੇ ਮੁੱਖ ਦਰਵਾਜ਼ੇ ਦੇ ਬਾਹਰ ਆਪਣੇ ਨਾਂ ਮੁਤਾਬਿਕ ਇਹ ਜਾਦੂ-ਮੰਤਰ ਵਾਲਾ ਸਥਾਨ ਨਹੀਂ ਸਗੋਂ ਖੁੱਲ੍ਹੇ ਵਿਚ ਖਗੋਲੀ ਵਸਤੂਆਂ ਚੰਦ, ਗ੍ਰਹਿ ਤੇ ਤਾਰੇ ਆਦਿ ਦੇਖਣ ਲਈ ਇਮਾਰਤਾਂ ਦਾ ਸਮੂਹ ਹੈ। ਰਾਜੇ ਸਵਾਏ ਜੈ ਸਿੰਘ ਦੋਇਮ ਖਗੋਲ ਵਿਗਿਆਨ ਵਿਚ ਦਿਲਚਸਪੀ ਰੱਖਦਾ ਸੀ। ਉਸ ਨੇ ਇਹ 1728 ਵਿਚ ਬਣਵਾਇਆ। ਦਿੱਲੀ, ਉਜੈਨ, ਮਥੁਰਾ ਅਤੇ ਵਾਰਾਨਸੀ ਵਿਚ ਵੀ ਇਸੇ ਰਾਜੇ ਨੇ ਜੰਤਰ ਮੰਤਰ ਬਣਵਾਏ ਪਰ ਜੈਪੁਰ ਵਾਲਾ ਸਭ ਤੋਂ ਵੱਡਾ ਅਤੇ ਵਧੀਆ ਢੰਗ ਨਾਲ ਸੰਭਾਲਿਆ ਹੋਇਆ ਹੈ। ਅੱਜ ਵੀ ਕਈ ਖਗੋਲੀ ਗਿਣਤੀਆਂ ਮਿਣਤੀਆਂ ਕਰਨ ਲਈ ਪ੍ਰਮਾਣਿਕ ਹੈ। 2010 ਤੋਂ ਯੂਨੈਸਕੋ ਦੀਆਂ ਆਲਮੀ ਵਿਰਾਸਤੀ ਥਾਵਾਂ ਵਿਚ ਸ਼ੁਮਾਰ ਹੈ।

ਦੂਜਾ ਦਿਨ ਰਣਥੰਭੋਰ ਪਾਰਕ (ਜੰਗਲ) ਲਈ ਲੱਗਣਾ ਸੀ। ਇਹ ਬਾਘਾਂ ਲਈ ਰਾਖਵਾਂ ਜੰਗਲ ਹੈ। ਜੈਪੁਰ ਦੇ ਉਤਰ-ਪੂਰਬ ਵਿਚ 180 ਕਿਲੋਮੀਟਰ ਦੀ ਦੂਰੀ 'ਤੇ ਹੋਣ ਕਾਰਨ ਆਉਣ ਜਾਣ ਦਾ ਸਫਰ ਕਾਫੀ ਹੋ ਜਾਂਦਾ ਹੈ। ਆਨਲਾਈਨ ਬੁਕਿੰਗ ਨਾਲ ਸੌਖ ਰਹਿੰਦੀ ਹੈ। ਤੁਰੰਤ ਕਈ ਵਾਰ ਟਿਕਟ ਨਾ ਮਿਲਣ ਦਾ ਖਦਸ਼ਾ ਹੁੰਦਾ ਹੈ। ਸਾਡੀ ਟਿਕਟ ਬਾਅਦ ਦੁਪਹਿਰ ਵਾਲੀ ਸੀ। ਸੂਰਜ ਛਿਪਣ ਤੋਂ ਪਹਿਲਾਂ ਸਫਾਰੀ ਬੰਦ ਹੋ ਜਾਂਦੀ ਹੈ ਅਤੇ ਸਵੇਰੇ ਸੂਰਜ ਨਿਕਲਣ ਵੇਲੇ ਸ਼ੁਰੂ ਹੁੰਦੀ ਹੈ। ਬੰਦੇ ਕੋਲ ਪਛਾਣ ਪੱਤਰ ਹੋਣਾ ਲਾਜ਼ਮੀ ਹੈ।

ਸਫਾਰੀ ਸ਼ੁਰੂ ਹੋਣ ਵਿਚ ਸਮਾਂ ਹੋਣ ਕਾਰਨ ਨੇੜੇ ਬਣਿਆ ਰਾਜੀਵ ਗਾਂਧੀ ਰਿਜਨਲ ਗਾਂਧੀ ਮਿਊਜ਼ੀਅਮ ਆਫ ਨੈਚਰਲ ਹਿਸਟਰੀ ਦੇਖਿਆ। ਇਹ 7.2 ਏਕੜ ਵਿਚ ਬਣਿਆ ਖੂਬਸੂਰਤ ਕੰਪਲੈਕਸ ਵਿਗਿਆਨਕ ਦੁਨੀਆਂ ਵਿਚ ਲੈ ਜਾਂਦਾ ਹੈ। 2014 ਵਿਚ ਖੁੱਲ੍ਹਿਆ ਕੇਂਦਰੀ ਅਦਾਰਾ ਹੈ। ਇਸ ਦਾ ਮਕਸਦ ਸਿੱਖਿਆ ਅਤੇ ਲੋਕਾਂ ਨੂੰ ਕੁਦਰਤੀ ਸੋਮਿਆਂ ਦੀ ਅਮੀਰੀ ਪ੍ਰਤੀ ਜਾਗਰੂਕ ਕਰਨਾ ਹੈ। ਸ਼ਾਨਦਾਰ ਲਾਇਬਰੇਰੀ ਅਤੇ ਸੈਮੀਨਾਰਾਂ ਲਈ ਸਹੂਲਤ ਹੈ।

ਜੰਗਲ ਵਿਚ ਜਾਂਦੇ 10 ਰੂਟਾਂ ਵਿਚ ਕੁਝ ਕਾਫੀ ਅਹਿਮ ਮੰਨੇ ਜਾਂਦੇ ਹਨ ਜਿਨ੍ਹਾਂ ਵਿਚ ਬਾਘ ਦਿਸ ਪੈਂਦੇ ਹਨ। ਸਾਡਾ ਰੂਟ ਨੰਬਰ 5 ਸੀ। ਜੀਪ ਵਿਚ 6 ਤੱਕ ਅਤੇ ਖੁੱਲ੍ਹੀ ਬੱਸ (ਕੈਂਟਰ) ਵਿਚ 20 ਬੰਦੇ ਆਉਂਦੇ ਹਨ। ਜੰਗਲ ਦਾ ਖੇਤਰਫਲ 392 ਵਰਗ ਕਿਲੋਮੀਟਰ ਹੈ। ਇਸ ਦੇ ਰੁੱਖਾਂ ਦੇ ਪੱਤੇ ਗਰਮੀ ਦੇ ਦਿਨਾਂ ਵਿਚ ਡੇਢ/ਦੋ ਮਹੀਨਿਆਂ ਵਿਚ ਝੜ ਜਾਂਦੇ ਹਨ। ਇਨ੍ਹਾਂ ਨੂੰ ਮੌਨਸੂਨ ਜੰਗਲ ਵੀ ਕਹਿੰਦੇ ਹਨ। ਵਿੰਧਿਆ ਅਤੇ ਅਰਾਵਲੀ ਪਰਬਤ ਵਿਚਕਾਰ ਹੋਣ ਕਾਰਨ ਇਹ ਪਾਰਕ ਰਾਜਸਥਾਨ ਦੀ ਮਾਰੂਥਲੀ ਨੁਹਾਰ ਤੋਂ ਵੱਖਰਾ ਹੈ। ਜੰਗਲੀ ਜੀਵ ਦੇਖਣ ਲਈ ਨਵੰਬਰ ਤੋਂ ਮਾਰਚ ਤੱਕ ਦਾ ਸਮਾਂ ਵਧੀਆ ਹੈ। ਅਸੀਂ ਅਜੇ ਥੋੜ੍ਹੀ ਦੂਰ ਹੀ ਚੱਲੇ ਸੀ ਕਿ ਸਾਡੇ ਕੈਂਟਰ ਅੱਗੇ ਚੱਲ ਰਹੇ ਜੀਪਾਂ ਤੇ ਕੈਂਟਰਾਂ ਦਾ ਲੰਮਾ ਕਾਫਲਾ ਰੁਕ ਗਿਆ। ਕੈਂਟਰ ਵਿਚ ਬੈਠਿਆਂ ਕੱਛੂਚਾਲ ਚੱਲਦੇ-ਚੱਲਦੇ ਬਾਘਾਂ ਦੇ ਜੋੜੇ 'ਤੇ ਨਿਗ੍ਹਾ ਪੈ ਹੀ ਗਈ। ਅੱਗੇ ਜਾਂਦਿਆਂ ਮੋਰ, ਮਗਰਮੱਛ, ਜੰਗਲੀ ਸੂਰ ਆਦਿ ਦਿਸੇ। ਜੰਗਲ ਵਿਚ 300 ਕਿਸਮਾਂ ਦੇ ਪੰਛੀ ਹਨ। ਅਗਲੀ ਸਵੇਰ ਜੋਧਪੁਰ ਨੂੰ ਚਾਲੇ ਪਾਉਣੇ ਸਨ।

ਜੈਪੁਰ ਤੋਂ ਜੋਧਪੁਰ ਤੱਕ ਦਾ ਸਫਰ 340 ਕਿਲੋਮੀਟਰ ਦਾ ਹੈ। ਕਾਹਲੀ ਕਰਨ ਦਾ ਭਾਵ ਹੈ, ਟੂਰ ਦੀ ਰੂਹ ਨੂੰ ਮਾਰਨਾ। ਇਸ ਲਈ ਰਸਤੇ ਵਿਚ ਆਲੇ-ਦੁਆਲੇ ਨੂੰ ਮਾਣਨਾ ਅਤੇ ਜਾਂਦੇ ਜਾਂਦੇ ਚਾਹ/ਪਾਣੀ ਅਤੇ ਰੋਟੀ ਖਾਣਾ ਪਿਕਨਿਕ ਦਾ ਮਜ਼ਾ ਦਿੰਦਾ ਹੈ। ਪੂਰਾ ਦਿਨ ਲੱਗ ਜਾਂਦਾ ਹੈ। ਸਵੇਰੇ ਨੌਂ ਵਜੇ ਸਵੇਰੇ ਚੱਲ ਕੇ ਸ਼ਾਮ 5 ਵਜੇ ਪਹੁੰਚੇ। ਉਮੈਦ ਭਵਨ ਬੰਦ ਹੋ ਚੁੱਕਾ ਸੀ। ਜੋਧਪੁਰ ਇੱਕ ਰਾਤ ਦੀ ਠਹਿਰ ਸੀ। ਸ਼ਾਮ ਨੂੰ ਬਾਜ਼ਾਰ ਦਾ ਮਾਹੌਲ ਦੇਖਿਆ ਜਿਸ ਵਿਚ ਪੁਰਾਣਾ ਘੰਟਾ-ਘਰ ਸੁਹਣੀ ਦਿੱਖ ਵਾਲਾ ਹੈ ਪਰ ਸਫਾਈ ਪ੍ਰਸ਼ੰਸਾਯੋਗ ਨਹੀਂ ਸੀ। ਅਗਲੇ ਦਿਨ ਮਹਿਰਾਨਗੜ੍ਹ ਕਿਲ੍ਹਾ ਅਤੇ ਉਮੈਦ ਭਵਨ ਦੇਖਣਾ ਸੀ। ਦੇਖਣ ਉਪਰੰਤ ਜੈਸਲਮੇਰ ਨੂੰ ਚੱਲ ਪੈਣਾ ਸੀ।

ਜੋਧਪੁਰ ਮਾਰਵਾੜ ਰਾਜ ਦੀ ਰਾਜਧਾਨੀ ਸੀ ਜਿਸ ਦੀ ਸਥਾਪਨਾ 1459 ਵਿਚ ਰਾਓ ਜੋਧਾ ਨੇ ਕੀਤੀ ਸੀ। ਉਹ ਰਾਜਪੂਤਾਂ ਦੇ ਰਠੌਰ ਕਬੀਲੇ ਦਾ ਮੁਖੀ ਸੀ। ਵਿਸ਼ਾਲ ਭਾਰਤੀ ਥਾਰ ਮਾਰੂਥਲ ਇਸ ਦੀ ਦਹਿਲੀ 'ਤੇ ਹੈ। ਇਹ ਮਸ਼ਹੂਰ ਰੇਸ਼ਮੀ ਰਾਹ (ਸਿਲਕ ਰੂਟ) 'ਤੇ ਸਥਾਪਤ ਹੈ ਜਿਹੜਾ ਕੇਂਦਰੀ ਏਸ਼ੀਆ ਨੂੰ ਗੁਜਰਾਤ ਬੰਦਰਗਾਹ ਨਾਲ ਜੋੜਦਾ ਸੀ। ਮਾਰੂਥਲ ਦੀ ਤਿਕੋਣ ਜੋਧਪੁਰ, ਜੈਸਲਮੇਰ ਅਤੇ ਬੀਕਾਨੇਰ ਬਣਦੀ ਹੈ। ਜੋਧਪੁਰ ਨੂੰ ਸਨ ਸਿਟੀ ਕਹਿੰਦੇ ਹਨ। ਮਹਿਰਾਨਗੜ੍ਹ ਕਿਲ੍ਹੇ ਨੂੰ ਸਨ ਫੋਰਟ ਵੀ ਕਹਿੰਦੇ ਹਨ ਜੋ 125 ਮੀਟਰ/420 ਫੁੱਟ ਦੇ ਕਰੀਬ ਉਚੀ ਪਹਾੜੀ 'ਤੇ ਸਥਿਤ ਹੈ। ਜੋਧਪੁਰ ਦਾ ਪੁਰਾਣਾ ਸ਼ਹਿਰ 10 ਕਿਲੋਮੀਟਰ ਲੰਮੀ ਦੀਵਾਰ ਨਾਲ ਘਿਰਿਆ ਹੋਇਆ ਸੀ ਜਿਸ ਵਿਚ ਅੱਠ ਦਰਵਾਜ਼ੇ ਸਨ। ਅੱਜ ਇਸ ਦਾ ਵਜੂਦ ਕਿਤੇ ਕਿਤੇ ਨਜ਼ਰੀਂ ਪੈ ਜਾਂਦਾ ਹੈ। ਪਹਿਲਾ ਕਿਲ੍ਹਾ ਦੇਖਿਆ ਜਿਸ ਵਿਚ ਆਧੁਨਿਕ ਲਿਫਟ ਲੱਗੀ ਹੋਈ ਹੈ। ਇਸ ਸਦਕਾ ਕਿਲ੍ਹੇ ਦੇ ਸਿਖਰ ਤੱਕ ਪਹੁੰਚਣਾ ਕਮਜ਼ੋਰ ਜਾਂ ਗੋਡਿਆਂ ਤੋਂ ਤੰਗ ਵਿਅਕਤੀ ਲਈ ਵੀ ਆਸਾਨ ਹੋ ਜਾਂਦਾ ਹੈ। ਗਾਈਡ ਦੀ ਸਹਾਇਤਾ ਬਿਨਾਂ ਇਸ ਕਿਲੇ ਨੂੰ ਮਾਣਿਆ, ਸਮਝਿਆ ਨਹੀਂ ਜਾ ਸਕਦਾ। ਇਸ ਦੇ ਇੱਕ ਮਹਿਲ ਦਾ ਨਾਂ ਸ਼ੀਸ਼ ਮਹਿਲ ਹੈ ਕਿਉਂਕਿ ਸਾਰੀ ਥਾਂ ਸ਼ੀਸ਼ਿਆਂ ਦੇ ਕੰਮ ਨਾਲ ਸਜੀ ਹੈ। ਕੰਧਾਂ 'ਤੇ ਸੁੰਦਰ ਚਿੱਤਰ ਹਨ। ਛੱਤਾਂ ਸੋਨੇ, ਚਾਂਦੀ, ਨੀਲੇ ਅਤੇ ਹਰੇ ਰੰਗ ਦੇ ਝਾੜ-ਫਾਨੂਸਾਂ ਨਾਲ ਸਜੀਆਂ ਹੋਈਆਂ ਹਨ। ਫੂਲ ਮਹਿਲ ਰਾਜਿਆਂ ਦੇ ਆਨੰਦ ਅਤੇ ਮਨ ਪ੍ਰਚਾਵੇ ਲਈ ਸੀ। ਸੰਗੀਤਕ ਜਾਂ ਹੋਰ ਸਮਾਜਿਕ ਇਕੱਠ ਦੇ ਨਾਲ ਔਰਤਾਂ ਦੇ ਨਾਚ ਏਥੇ ਹੁੰਦੇ ਸਨ। ਫੁੱਲ ਵਰਗਾ ਲੱਗਣ ਕਾਰਨ ਇਸ ਨੂੰ ਫੂਲ ਮਹਿਲ ਕਹਿੰਦੇ ਹਨ। ਅਜਾਇਬਘਰ ਵੀ ਦੇਖਣਯੋਗ ਹੈ।

ਕਿਲ੍ਹੇ ਦੇ ਸਿਖਰ 'ਤੇ ਨਿਸ਼ਚਿਤ ਰੇਟਾਂ 'ਤੇ ਰਵਾਇਤੀ ਵਸਤਾਂ ਦੀ ਖਰੀਦੋ ਫਰੋਖਤ ਲਈ ਚੰਗਾ ਪ੍ਰਬੰਧ ਹੈ। ਕਾਰੀਗਰ ਆਪਣਾ ਮਾਲ ਵੀ ਤਿਆਰ ਕਰ ਰਹੇ ਹੁੰਦੇ ਹਨ। ਊਠ ਦੇ ਚਮੜੇ ਦੀਆਂ ਜੁੱਤੀਆਂ, ਜੇ ਕੋਈ ਪਸੰਦ ਕਰੇ ਤਾਂ ਨਿਰਸੰਦੇਹ ਚੰਗੀਆਂ ਹਨ। ਸਿਖਰ 'ਤੇ ਸੁਸ਼ੋਭਿਤ ਤੋਪਾਂ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਆਈਆਂ। ਇੱਕ ਉਤੇ 1854 ਦਾ ਸਾਲ ਖੁਦਿਆ ਹੈ।

ਉਮੈਦ ਭਵਨ ਸ਼ਾਹੀ ਠਾਠ-ਬਾਠ ਵਾਲਾ ਹੈ। ਇਸ ਭਵਨ ਨਿਰਮਾਣ ਦੇ ਮਾਹਿਰ ਅੰਗਰੇਜ਼ ਸਨ। ਮਹਾਰਾਜਾ ਉਮੈਦ ਸਿੰਘ ਨੇ 1929-1942 ਵਿਚ ਬਣਵਾਇਆ ਸੀ। ਕਿਤੇ ਵੀ ਪੱਥਰ ਨੂੰ ਸੀਮਿੰਟ ਆਦਿ ਨਾਲ ਨਹੀਂ ਜੋੜਿਆ ਗਿਆ ਸਗੋਂ ਪੱਥਰ ਨੂੰ ਹੱਥ ਨਾਲ ਇਉਂ ਘੜਿਆ ਗਿਆ ਹੈ ਕਿ ਉਹ ਦੂਜੇ ਪੱਥਰ ਵਿਚ ਫਸ ਸਕੇ। ਇਸ ਨੂੰ ਇੰਟਰ-ਲੌਕਿੰਗ ਕਹਿੰਦੇ ਹਨ। 3000 ਹਜ਼ਾਰ ਕਾਮਿਆਂ ਨੇ 15 ਸਾਲਾਂ ਵਿਚ ਬਣਾਇਆ। ਕੇਂਦਰੀ ਗੁੰਬਦ ਦੀ ਉਚਾਈ 170 ਫੁੱਟ ਹੈ। ਰਵਾਇਤੀ ਮਾਰੂਥਲ ਮਹੱਲਾਂ ਦੀ ਥਾਂ ਇਸ ਦੀ ਬਾਹਰੀ ਦਿੱਖ ਆਧੁਨਿਕ ਹੈ ਅਤੇ ਇਸ ਅੰਦਰ ਲਿਫਟਾਂ ਵੀ ਲੱਗੀਆਂ ਹਨ। ਗੇਟ ਕੋਲ ਰਾਜਿਆਂ ਦੀਆਂ 100 ਸਾਲ ਤੋਂ ਵੱਧ ਪੁਰਾਣੀਆਂ ਕਾਰਾਂ ਦੀ ਪ੍ਰਦਰਸ਼ਨੀ ਵੀ ਦੇਖਣਯੋਗ ਹੈ।

ਦੁਪਹਿਰ ਤੱਕ ਜੋਧਪੁਰ ਦੇ ਦੋਵੇਂ ਸਥਾਨ ਦੇਖ ਕੇ ਜੈਸਲਮੇਰ ਨੂੰ ਚੱਲ ਪਏ। 320 ਕਿਲੋਮੀਟਰ ਦਾ ਸਫਰ ਬਾਕੀ ਦਾ ਸਾਰਾ ਦਿਨ ਲੈ ਗਿਆ ਤੇ 10 ਵਜੇ ਰਾਤ ਦੇ ਸਾਮ ਢਾਣੀ ਪਿੰਡ ਵਿਚ ਪਹੁੰਚੇ ਜਿੱਥੇ ਸਵੇਰ ਨੂੰ ਥਾਰ ਮਾਰੂਥਲ ਵਿਚ ਊਠ ਦੀ ਸਵਾਰੀ ਕਰਨੀ ਸੀ। ਰਸਤੇ ਵਿਚ ਰੈਸਤਰਾਂ ਦੇ ਕੱਪੜੇ ਦੇ ਟੈਂਟ ਦੇ ਬਣਾਏ ਕਮਰੇ ਵਿਚ ਨੂੰ ਕੂਲਰ ਨਾਲ ਠੰਢਾ ਕੀਤਾ ਹੋਇਆ ਸੀ। ਗਰਮੀ ਖੂਬ ਪੈ ਰਹੀ ਸੀ। ਰੋਟੀ ਵੀ ਸੁਆਦ ਸੀ। ਆਲੇ-ਦੁਆਲੇ ਮਾਰੂਥਲ ਬੀਆਬਾਨ ਦਿਸਦਾ ਸੀ। ਕਿਤੇ ਕਿਤੇ ਖੇਤੀ ਦੀਆਂ ਝਲਕਾਂ ਵੀ ਆ ਜਾਂਦੀਆਂ। ਕਣਕ ਥਰੈਸ਼ਰਾਂ ਰਾਹੀਂ ਕੱਢੀ ਜਾ ਰਹੀ ਸੀ।

ਦਿਨ ਦੀ ਤਿੱਖੀ ਗਰਮੀ ਰਾਤ 10 ਵਜੇ ਤੱਕ ਠੰਢ ਵਿਚ ਬਦਲ ਗਈ। ਮਾਰੂਥਲ ਵਿਚ ਸਵੇਰੇ ਸੂਰਜ ਚੜ੍ਹਨ ਦਾ ਨਜ਼ਾਰਾ ਦੇਖਣ ਲਈ ਬਾਹਰ ਆ ਗਏ। ਥਾਰ ਵਿਚ ਸੂਰਜ ਚੜ੍ਹਨ ਦਾ ਨਜ਼ਾਰਾ ਤੱਕਿਆ। ਊਠਾਂ ਵਾਲੇ ਅਤੇ ਰੇਤੇ 'ਤੇ ਜਿਆਣ ਵਾਲੇ ਆ ਗਏ। ਊਠ 'ਤੇ ਬੈਠ ਕੇ ਵੀ ਤੁਸੀਂ ਮਾਰੂਥਲ ਵਿਚ ਊਠ ਦੀ ਸਵਾਰੀ ਦਾ ਆਨੰਦ ਲੈ ਸਕਦੇ ਹੋ। ਜੇ ਡਰ ਲੱਗੇ ਜਾਂ ਚੜ੍ਹਨ ਦੀ ਸਮੱਸਿਆ ਹੋਵੇ ਤਾਂ ਨੀਵੇਂ ਰੇਤੇ 'ਤੇ ਬੈਠ ਕੇ ਮਾਰੂਥਲ ਦਾ ਆਨੰਦ ਲਿਆ ਜਾ ਸਕਦਾ ਹੈ ਜਿਸ ਨੂੰ ਊਠ ਹੀ ਖਿੱਚਦਾ ਹੈ। ਦੋ ਢਾਈ ਫੁੱਟ ਊਠ ਦੀ ਲੱਤ, ਸੋਨੇ ਵਰਗੇ ਭੁਰਭਰੇ ਰੇਤੇ ਵਿਚ ਖੁੱਭ ਜਾਂਦੀ ਹੈ ਤੇ ਲੱਗਦਾ ਹੈ ਕਿ 'ਡਿੱਗੇ ਕਿ ਡਿੱਗੇ'। ਊਠ 'ਤੇ ਦੋ ਸਵਾਰੀਆਂ ਬੈਠ ਸਕਦੀਆਂ ਹਨ। ਅੱਗੇ ਵਾਲੇ ਕੋਲ ਫੜਨ ਲਈ ਮਜ਼ਬੂਤ ਡੰਡਾ ਲੱਗਿਆ ਹੁੰਦਾ ਹੈ। ਪਿਛਲੀ ਸਵਾਰੀ ਆਰਾਮ ਨਾਲ ਬੈਠ ਜਾਂਦੀ ਹੈ ਕਿਉਂਕਿ ਉਹ ਮੂਹਰਲੀ ਸਵਾਰੀ ਨੂੰ ਫੜ ਲੈਂਦੀ ਹੈ। ਰਾਜਸਥਾਨੀ ਲੋਕ ਕਲਾਕਾਰ ਸੈਲਾਨੀਆਂ ਦਾ ਮਨ ਪਰਚਾਉਣ ਲਈ ਪਹੁੰਚ ਜਾਂਦੇ ਹਨ। ਸੰਗੀਤ ਦੀਆਂ ਧੁਨਾਂ ਨਾਲ ਮਾਰੂਥਲ ਵਿਚ ਜ਼ਿੰਦਗੀ ਧੜਕਣ ਲਾ ਦਿੰਦੇ ਹਨ। ਇਸ ਤੋਂ ਬਾਅਦ ਮਜ਼ਬੂਤ ਜੀਪਾਂ ਵੀ ਮਾਰੂਥਲ ਦੀਆਂ ਝਾਟੀਆਂ ਦਿਵਾਉਂਦੀਆਂ ਹਨ। ਮਹਿੰਗੀਆਂ ਵੀ ਹਨ ਪਰ ਹਿੰਮਤ ਬਿਨਾਂ ਇਸ ਦੀ ਸਵਾਰੀ ਨਹੀਂ ਕੀਤੀ ਜਾ ਸਕਦੀ। ਬਹੁਤ ਝਟਕੇ ਲੱਗਦੇ ਹਨ। ਡਰਾਈਵਰ ਨੂੰ ਸਖਤੀ ਨਾਲ ਕਹਿਣਾ ਪਿਆ ਕਿ ਹੌਲੀ ਲੈ ਕੇ ਜਾ...! ਸਵੇਰੇ ਠੰਢੇ-ਠੰਢੇ ਹੀ ਮਾਰੂਥਲ ਘੁੰਮਿਆ ਜਾ ਸਕਦਾ ਹੈ। ਹੁਣ ਵਾਪਸ ਜੈਸਲਮੇਰ ਜਾਣਾ ਸੀ। ਰਸਤਾ 40 ਕਿਲੋਮੀਟਰ ਦਾ ਹੈ ਪਰ ਹੋਟਲ ਦੇ ਰਸੋਈਏ ਨੇ ਕੁਲਧਰਾ ਪਿੰਡ ਦੇਖਣ ਦੀ ਸਲਾਹ ਦਿੱਤੀ। ਇਸ ਬਾਰੇ ਉਸ ਨੇ ਦੰਦ ਕਥਾ ਵੀ ਸੁਣਾਈ। 100 ਕੁ ਸਾਲ ਪਹਿਲਾਂ ਉਜੜਿਆ ਪਿੰਡ ਹੈ। ਇਸ ਖੰਡਰ ਦੀ ਸੰਭਾਲ ਜੈਸਲਮੇਰ ਵਿਕਾਸ ਸਮਿਤੀ ਕਰਦੀ ਹੈ। ਟਿਕਟ ਵੀ ਲੱਗਦੀ ਹੈ। ਇਹ ਦੰਦ ਕਥਾਵਾਂ ਲਈ ਉਪਜਾਊ ਸਥਿਤੀ ਹੈ।

ਜੈਸਲਮੇਰ ਵੜਦਿਆਂ ਹੀ ਤਾਜ਼ੀਆ ਟਾਵਰ ਦੇਖਿਆ। ਅੱਜ ਕੱਲ੍ਹ ਇਸ ਨੂੰ ਬਾਦਲ ਵਿਲਾਸ ਕਹਿੰਦੇ ਹਨ। 200 ਸਾਲ ਤੱਕ ਜੈਸਲਮੇਰ ਦੇ ਰਾਜਿਆਂ ਦੀ ਰਿਹਾਇਸ਼ ਸੀ। ਮੰਦਰ ਮਹਿਲ ਅੰਦਰ ਪੁਰਾਣੇ ਰਾਜਿਆਂ ਦੀ ਸ਼ਾਨੋ-ਸ਼ੌਕਤ ਦੇਖੀ ਜਾ ਸਕਦੀ ਹੈ। ਤਾਜ਼ੀਆ ਟਾਵਰ, ਮੰਦਰ ਮਹਿਲ ਦਾ ਹੀ ਹਿੱਸਾ ਹੈ। ਅੱਜ ਕੱਲ੍ਹ ਇਸ ਨੂੰ ਵਿਰਾਸਤੀ ਹੋਟਲ ਵਿਚ ਬਦਲ ਦਿੱਤਾ ਗਿਆ ਹੈ।

ਜੈਸਲਮੇਰ ਪੀਲੇ ਰੰਗ ਦੀ ਭਾਹ ਮਾਰਦਾ ਸੋਨੇ ਵਰਗਾ ਦਿਸਦਾ ਹੈ। ਇਸ ਕਰਕੇ ਇਸ ਨੂੰ ਸੁਨਹਿਰੀ ਸ਼ਹਿਰ ਕਹਿੰਦੇ ਹਨ। ਇਹ ਇਸ ਖਿੱਤੇ ਦੀ ਅਖੀਰਲੀ ਰਿਆਸਤ ਹੈ। ਰਾਓ ਜੈਸਲ ਨੇ ਇਹ 1156 ਵਿਚ ਵਸਾਇਆ ਸੀ। ਉਹ ਯਾਦਵ ਵੰਸ਼ ਦਾ ਭੱਟੀ ਰਾਜਪੂਤ ਸੀ। ਜੈਸਲਮੇਰ ਕਿਲ੍ਹੇ ਨੂੰ ਸੋਨਾਰ ਕਿਲ੍ਹਾ ਵੀ ਕਿਹਾ ਜਾਂਦਾ ਹੈ। ਇਸ ਵਿਚ ਕਈ ਪੀੜ੍ਹੀਆਂ ਤੋਂ ਲੋਕ ਰਹਿ ਰਹੇ ਹਨ। ਦੁਕਾਨਾਂ, ਹੋਟਲ ਅਤੇ ਪੁਰਾਣੀਆਂ ਹਵੇਲੀਆਂ ਹਨ। ਇਹ ਕਿਲ੍ਹੇ ਦੀ ਨਿਵੇਕਲੀ ਖਾਸੀਅਤ ਹੈ। ਜੈਨ ਮੰਦਰਾਂ ਨਾਲ ਭਰਪੂਰ ਹੈ। ਇਹ ਮੰਦਰ ਅਮੀਰ/ਧਨਵਾਨ ਮਾਰਵਾੜੀਆਂ ਨੇ ਬਣਵਾਏ। ਕਿਲ੍ਹੇ ਦੀ ਇੱਕ ਨੁੱਕਰ 'ਤੇ ਬਹੁਤ ਵੱਡੀ ਤੋਪ ਦਿਸਦੀ ਹੈ। ਜੈਸਲਮੇਰ ਸ਼ਹਿਰ ਦਾ ਨਜ਼ਾਰਾ ਵੀ ਦਿਸਦਾ ਹੈ। ਖੁੱਲ੍ਹਾ-ਡੁੱਲ੍ਹਾ ਸ਼ਹਿਰ ਜਿਸ ਦੇ ਹਰ ਚੌਕ ਵਿਚ ਥਾਰ ਮਾਰੂਥਲ ਦੀ ਝਲਕ ਮਿਲਦੀ ਹੈ। ਕਿਲ੍ਹੇ ਵਿਚ ਸਰਬੋਤਮ ਵਿਲਾਸ, ਰੰਗ ਮਹਿਲ, ਮੋਤੀ ਮਹਿਲ, ਅਤੇ ਸ਼ੀਸ਼ ਮਹਿਲ ਹਨ।

ਗਾਡੀਸਰ ਝੀਲ ਦੀ ਦਿੱਖ ਬਾਕਮਾਲ ਹੈ। ਉਥੇ ਆਵਾਜ਼ ਤੇ ਰੌਸ਼ਨੀ ਦਾ ਪ੍ਰੋਗਰਾਮ ਵੀ ਦੇਖਿਆ। ਪੁਰਾਣੇ ਰਾਜਿਆਂ ਤੇ ਹੋਏ ਯੁੱਧਾਂ ਦੀ ਕਹਾਣੀ ਦੱਸੀ ਜਾਂਦੀ ਹੈ। ਕੋਈ ਟਿਕਟ ਨਹੀਂ ਲੱਗਦੀ। ਇਸ ਨੂੰ ਰਵਾਇਤੀ ਗੇਟਾਂ ਅਤੇ ਇਮਾਰਤਾਂ ਨਾਲ ਸਜਾਇਆ ਗਿਆ ਹੈ। ਪੁਰਾਣੇ ਸਮਿਆਂ ਵਿਚ ਮੀਂਹ ਦੇ ਪਾਣੀ ਨੂੰ ਇਸ ਝੀਲ ਵਿਚ ਸੰਭਾਲਿਆ ਜਾਂਦਾ ਸੀ। ਹੁਣ ਸ਼ਾਨਦਾਰ ਪਿਕਨਿਕ ਸਥਾਨ ਬਣ ਗਈ ਹੈ। ਪਾਣੀ ਵਿਚੋਂ ਖੜੋਤ ਕਾਰਨ ਬਦਬੂ ਦਾ ਹਲਕਾ ਜਿਹਾ ਅਹਿਸਾਸ ਹੁੰਦਾ ਹੈ।

ਅਗਾਂਹ ਜੈਸਲਮੇਰ ਤੋਂ ਬੀਕਾਨੇਰ ਦਾ 330 ਕਿਲੋਮੀਟਰ ਸਫਰ ਹੈ। ਵੀਹ ਕੁ ਕਿਲੋਮੀਟਰ ਦੀ ਦੂਰੀ 'ਤੇ ਆਕਲ ਵਿਖੇ ਲੱਕੜ ਦੇ ਪਥਰਾਟਾਂ ਦਾ ਪਾਰਕ ਵੀ ਦੇਖਿਆ। ਇੱਥੇ ਪੂਰਵ ਇਤਿਹਾਸਕ ਕਾਲ ਨਾਲ ਸਬੰਧਿਤ ਜੁਰਾਸਿਕ ਯੁੱਗ ਦੇ ਲੱਕੜ ਦੇ ਪਥਰਾਟ ਮਿਲੇ ਹਨ। ਇਹ ਵਿਸ਼ਾ ਵਿਗਿਆਨਕ ਨਜ਼ਰੀਏ ਵਾਲਾ ਹੈ। ਇਸ ਨੂੰ ਪਿਕਨਿਕ ਵਾਂਗ ਨਹੀਂ ਲਿਆ ਜਾ ਸਕਦਾ। ਇਸ ਦੇ ਮੁੱਖ ਗੇਟ 'ਤੇ ਵੱਡੇ ਵੱਡੇ ਸ਼ੁਤਰਮੁਰਗ ਸੁਆਗਤ ਕਰਦੇ ਲੱਗਦੇ ਹਨ। 21 ਹੈਕਟੇਅਰ ਵਿਚ ਫੈਲਿਆ ਪਾਰਕ ਸੁਰੱਖਿਅਤ ਥਾਂ ਹੈ। ਇਹ ਜੈਸਲਮੇਰ ਤੋਂ 17 ਕਿਲੋਮੀਟਰ ਦੂਰ ਬਾੜਮੇਰ ਸੜਕ 'ਤੇ ਹੈ। ਇੱਥੇ 18 ਕਰੋੜ ਸਾਲ ਪਹਿਲਾਂ ਸੰਘਣਾ ਜੰਗਲ ਸੀ। ਜੰਗਲ ਸਮੁੰਦਰ ਨੇ ਘੇਰ ਲਿਆ ਤੇ ਰੁੱਖ ਪਥਰਾਟ ਦੇ ਰੂਪ ਵਿਚ ਬਚੇ ਰਹੇ। ਇਹ ਰੁੱਖ ਬਿਨਾਂ ਫੁੱਲਾਂ ਵਾਲੇ ਸਨ। ਰੁੱਖਾਂ ਦੇ ਪਥਰਾਟਾਂ ਨੂੰ ਲੋਹੇ ਦੇ ਜੰਗਲੇ ਨਾਲ ਸੁਰੱਖਿਅਤ ਰੱਖਿਆ ਹੋਇਆ ਹੈ। ਹੁਣ ਇਹ ਪਾਰਕ ਰਾਜਸਥਾਨ ਦੇ ਜੰਗਲਾਤ ਵਿਭਾਗ ਕੋਲ ਹੈ। ਪਾਰਕ ਵਿਚ ਲੱਗੇ ਬੋਰਡ 'ਤੇ ਜਾਣਕਾਰੀ ਦਿੱਤੀ ਗਈ ਹੈ। ਬੀਤੇ ਯੁੱਗਾਂ ਦੀ ਕਹਾਣੀ ਕਰਨ ਖੋਜੀਆਂ ਲਈ ਅਹਿਮੀਅਤ ਰੱਖਦਾ ਹੈ। ਪੋਖਰਨ ਵੀ ਜੈਸਲਮੇਰ ਨੂੰ ਜਾਂਦਿਆਂ ਅਤੇ ਵਾਪਸੀ 'ਤੇ ਰਸਤੇ ਵਿਚ ਪੈਂਦਾ ਹੈ ਜਿਹੜਾ ਸੁੱਤਾ ਹੋਇਆ ਸ਼ਹਿਰ ਐਟਮੀ ਧਮਾਕਿਆਂ ਨਾਲ ਜਾਗ ਉਠਿਆ ਸੀ।

ਅਸੀਂ ਬੀਕਾਨੇਰ ਪਹੁੰਚ ਗਏ। 1488 ਵਿਚ ਰਾਓ ਜੋਧਾ ਦੇ ਪੁੱਤਰ ਰਾਓ ਬੀਕਾ ਨੇ ਬੀਕਾਨੇਰ ਦੀ ਨੀਂਹ ਰੱਖੀ ਸੀ। ਇਸ ਸ਼ਹਿਰ ਵਿਚਲੇ ਜੂਨਾਗੜ੍ਹ ਦੇ ਕਿਲ੍ਹੇ ਦੀ ਨੀਂਹ ਬੀਕਾਨੇਰ ਦੇ ਛੇਵੇਂ ਮਹਾਰਾਜੇ ਰਾਏ ਸਿੰਘ ਨੇ 1589 ਵਿਚ ਰੱਖੀ ਸੀ। ਟਰਸਟ ਦਾ ਗਾਈਡ ਨਾਲ ਹੀ ਗਰੁੱਪ ਬਣਨ 'ਤੇ ਚੱਲ ਪੈਂਦਾ ਹੈ। 1902 ਤੱਕ 20 ਰਾਜਿਆਂ ਦੀ ਰਿਹਾਇਸ਼ ਇਸ ਕਿਲ੍ਹੇ ਵਿਚ ਹੀ ਰਹੀ। ਵੱਖ ਵੱਖ ਰਾਜਿਆਂ ਨੇ ਇਸ ਅੰਦਰ ਵੱਖ ਵੱਖ ਸਮੇਂ ਕਰਨ ਮਹਿਲ, ਅਨੂਪ ਮਹਿਲ, ਗਜ ਮੰਦਰ, ਫੂਲ ਮਹਿਲ ਅਤੇ ਛਤਰ ਮਹਿਲ ਬਣਵਾਏ। ਕਿਲ੍ਹੇ ਅੱਗੇ ਅਤਿਅੰਤ ਲੜਾਈਆਂ ਹੋਣ ਦੇ ਬਾਵਜੂਦ ਇਹ ਗੜ੍ਹ ਬਿਗਾਨੇ ਦੇ ਕਬਜ਼ੇ ਵਿਚ ਕਦੇ ਨਹੀਂ ਗਿਆ।

ਕਈ ਸਦੀਆਂ ਪੁਰਾਣਾ ਜੈਨ ਮੰਦਰ ਵੀ ਦੇਖਿਆ। ਇਨ੍ਹਾਂ ਮੰਦਰਾਂ ਵਿਚ ਕਲਾਤਮਕ ਛੋਹਾਂ ਹਨ। ਮੰਦਰ ਦਾ ਕੈਂਪਸ ਛੋਟਾ, ਪਰ ਦਿੱਖ ਗਜ਼ਬ ਸੀ। ਦੁਪਹਿਰ ਪਿੱਛੋਂ ਟੂਰ ਦਾ ਆਖਰੀ ਪੜਾਅ ਸ਼ੁਰੂ ਹੋ ਗਿਆ। ਬੀਕਾਨੇਰ ਤੋਂ ਜੈਪੁਰ 335 ਕਿਲੋਮੀਟਰ ਦਾ ਫਾਸਲਾ ਹੈ। ਅਸੀਂ ਦੇਸਨੋਕ ਵਿਖੇ ਕਰਨੀ ਮਾਤਾ ਦਾ ਮੰਦਰ ਦੇਖਦੇ ਹੋਏ ਨਗੌਰ ਵਿਚਦੀ ਜੈਪੁਰ ਜਾਣਾ ਸੀ। ਦੇਸਨੋਕ ਮੰਦਰ ਵਿਚ ਚੂਹਿਆਂ ਦਾ ਬੋਲਬਾਲਾ ਹੈ। ਜਾਣ ਤੋਂ ਪਹਿਲਾਂ ਸੁਣੀ ਸੁਣਾਈ ਦੇ ਆਧਾਰ 'ਤੇ ਲੱਗਦਾ ਸੀ ਕਿ ਪੈਰਾਂ ਵਿਚ ਨਾ ਫਿਰਦੇ ਹੋਣ ਪਰ ਅਜਿਹੀ ਕੋਈ ਗੱਲ ਨਹੀਂ ਸੀ। ਜਿੱਥੋਂ ਦਾ ਬਲਦ 'ਨਗੌਰੀ' ਮਸ਼ਹੂਰ ਹੈ, ਉਸ ਕਸਬੇ ਦੀਆਂ ਖੂਬ ਸਹੂਲਤਾਂ ਨਾਲ ਭਰਪੂਰ ਰੈਸਤਰਾਂ ਵਿਚ ਪਕੌੜੇ ਆਦਿ ਖਾਧੇ ਤੇ ਕਸੂਰੀ ਮੇਥੀ ਖਰੀਦੀ। ਰੇਤਾ ਵੀ ਉਡ ਰਿਹਾ ਸੀ। ਸਾਰੀਆਂ ਸੜਕਾਂ ਮਲਾਈ ਵਾਂਗ ਇਕਸਾਰ ਮਿਲੀਆਂ। ਪੰਜ ਘੰਟੇ ਦਾ ਸਫਰ ਰਹਿੰਦਾ ਸੀ।

ਫਿਰ ਆਮੇਰ ਕਿਲ੍ਹੇ ਨੂੰ ਚੱਲ ਪਏ। ਕਿਲ੍ਹੇ ਦੀਆਂ ਵੱਖ ਸ਼ਾਖਾਵਾਂ ਵਿਚ ਰਾਜੇ ਦੀ ਰਿਹਾਇਸ਼, ਰਾਣੀਆਂ ਦੀ ਰਿਹਾਇਸ਼, ਬਾਗ਼ ਅਤੇ ਮੰਦਰ ਹਨ। ਦੀਵਾਨੇ ਆਮ ਅਤੇ ਸ਼ੀਸ਼ ਮਹਿਲ ਖਿੱਚ ਦਾ ਕੇਂਦਰ ਹਨ। ਸੁਖ ਨਿਵਾਸ ਅਤੇ ਜਸ ਮੰਦਰ, ਮੁਗ਼ਲ ਤੇ ਰਾਜਪੂਤ ਇਮਾਰਤਸਾਜ਼ੀ ਦਾ ਰਲਵਾਂ ਰੂਪ ਹੈ। 16ਵੀਂ ਸਦੀ ਦੇ ਬਣੇ ਕਿਲ੍ਹੇ ਵਧੀਆ ਤਰੀਕੇ ਸੰਭਾਲੇ ਹੋਏ ਹਨ।

# ਕੀ ਪੰਜਾਬ ਦੀ ਹੋਣੀ ਪ੍ਰਵਾਨੇ ਜਾਂ ਸਿੰਗਲੇ ਵਰਗਿਆਂ ਦੇ ਹੱਥ ਛੱਡੀ ਜਾ ਸਕਦੀ ਹੈ?

***ਪਟਿਆਲੇ ਵਾਲੀਆਂ ਘਟਨਾਵਾਂ ਨੇ ਇਹ ਗੱਲ ਤਾਂ ਸਾਬਿਤ ਕਰ ਦਿੱਤੀ ਹੈ ਕਿ ਕੁਝ ਧਿਰਾਂ ਕੁਝ ਖਾਸ ਮੁੱਦੇ ਭਖਾ ਕੇ ਰੱਖਣਾ ਚਾਹੁੰਦੀਆਂ ਹਨ। ਇਸ ਦੇ ਨਾਲ ਹੀ ਜੋ ਰਵੱਈਆ ਪ੍ਰਸ਼ਾਸਨ ਨੇ ਅਖਤਿਆਰ ਕੀਤਾ, ਉਹ ਵੀ ਹਾਲਾਤ ਨੂੰ ਵਿਗਾੜਨ ਦਾ ਕਾਰਨ ਬਣਿਆ। ਇਸ ਮਸਲੇ 'ਤੇ ਪੰਜਾਬ ਸਰਕਾਰ ਦੀ ਵੀ ਖੂਬ ਨੁਕਤਾਚੀਨੀ ਹੋਈ ਹੈ। ਉਘੇ ਪੱਤਰਕਾਰ ਅਤੇ ਸਿੱਖ ਮਸਲਿਆਂ ਬਾਰੇ ਲਗਾਤਾਰ ਟਿੱਪਣੀ ਕਰਨ ਵਾਲੇ ਸ. ਹਰਚਰਨ ਸਿੰਘ ਪਰਹਾਰ ਨੇ ਇਨ੍ਹਾਂ ਸਮੁੱਚੇ ਹਾਲਾਤ ਅਤੇ ਇਸ ਦੇ ਪਿਛੋਕੜ ਬਾਰੇ ਲੰਮੀ ਟਿੱਪਣੀ 'ਪੰਜਾਬ ਟਾਈਮਜ਼' ਲਈ ਭੇਜੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।***

ਪੰਜਾਬ ਅੰਦਰ ਹਿੰਦੂ-ਸਿੱਖ ਤਣਾਅ ਦਾ ਇਤਿਹਾਸ ਕੋਈ ਨਵਾਂ ਨਹੀਂ ਹੈ, ਇਹ 1947 ਵਿਚ ਭਾਰਤ ਦੇ ਆਜ਼ਾਦ ਹੋਣ ਦੇ ਸਮੇਂ ਤੋਂ ਹੀ ਵੱਖ-ਵੱਖ ਢੰਗਾਂ ਨਾਲ਼ ਚੱਲਿਆ ਆ ਰਿਹਾ ਹੈ। ਇਹ ਵੱਖ-ਵੱਖ ਪੜਾਵਾਂ 'ਚੋਂ ਲੰਘਦਾ ਹੀ ਇਥੇ ਤੱਕ ਪਹੁੰਚਿਆ ਹੈ, ਪੰਜਾਬੀਆਂ ਨੇ ਹੁਣ ਤੱਕ ਇਸਦੇ ਕਈ ਰੰਗ ਦੇਖੇ ਹਨ। ਪਰ ਇਹ ਤਣਾਅ ਆਜ਼ਾਦੀ ਤੋਂ ਜਲਦੀ ਬਾਅਦ ਪੰਜਾਬੀ ਸੂਬਾ ਨਾਹਰਾ ਮੋਰਚੇ ਦੇ ਸਮੇਂ ਹੀ ਸ਼ੁਰੂ ਹੋ ਗਿਆ ਸੀ। ਜਦੋਂ ਇੱਕ ਪਾਸੇ ਸਿੱਖ 'ਪੰਜਾਬੀ ਸੂਬੇ' ਦਾ ਨਾਅਰਾ ਮਾਰਦੇ ਸਨ ਤਾਂ ਹਿੰਦੂ ਵਿਰੋਧ ਵਿਚ 'ਮਹਾਂ ਪੰਜਾਬ' ਦਾ ਨਾਅਰਾ ਮਾਰਦੇ ਸਨ। ਪਿਛਲੇ 60-70 ਸਾਲਾਂ ਵਿਚ ਕਿਸੇ ਵੀ ਧਿਰ ਨੇ ਇਸ ਤਣਾਅ ਦੀਆਂ ਜੜ੍ਹਾਂ ਵਿਚ ਜਾ ਕੇ ਮਸਲਾ ਸਮਝਣ ਤੇ ਹੱਲ ਕਰਨ ਦੀ ਕਦੇ ਸੁਹਿਰਦ ਕੋਸ਼ਿਸ਼ ਨਹੀਂ ਕੀਤੀ। ਜਦੋਂ ਕੁਝ ਘਟਨਾਵਾਂ ਵਾਪਰਦੀਆਂ ਹਨ ਤਾਂ 'ਹਿੰਦੂ-ਸਿੱਖ ਭਾਈ-ਭਾਈ' ਜਾਂ 'ਹਿੰਦੂਆਂ-ਸਿੱਖਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ' ਆਦਿ ਦੇ ਵਕਤੀ ਜਜ਼ਬਾਤੀ ਨਾਅਰਿਆਂ ਹੇਠ ਮਸਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਨਤੀਜਾ ਇਹ ਹੈ ਕਿ ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਅਨੇਕਾਂ ਵੱਡੀਆਂ ਤ੍ਰਾਸਦੀਆਂ ਵਾਪਰਨ ਤੋਂ ਬਾਅਦ ਵੀ



ਹਰਚਰਨ ਸਿੰਘ ਪਰਹਾਰ
**ਫੋਨ: 403-681-8689**
**ਈਮੇਲ:** hp8689@gmail.com

ਲਗਦਾ ਹੈ ਕਿ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ? ਕਿਸੇ ਧਿਰ ਨੇ ਕੋਈ ਸਬਕ ਨਹੀਂ ਸਿੱਖਿਆ? ਸਭ ਧਿਰਾਂ ਸਾਰਾ ਦੋਸ਼ ਦੂਜਿਆਂ 'ਤੇ ਥੋਪ ਕੇ ਆਪਣੇ ਆਪ ਨੂੰ ਦੁੱਧ ਧੋਤੇ ਸਾਬਿਤ ਕਰਦੀਆਂ ਹਨ। ਕੁਝ ਸਮੇਂ ਦੇ ਰੌਲ਼ੇ-ਰੱਪੇ ਤੋਂ ਬਾਅਦ ਸ਼ਾਂਤੀ ਹੋਣ ਨਾਲ਼ ਸਮਝ ਲਿਆ ਜਾਂਦਾ ਹੈ ਕਿ ਸਭ ਕੁਝ ਠੀਕ ਹੋ ਗਿਆ ਹੈ। ਪਰ ਕੁਝ ਜਜ਼ਬਾਤੀ ਜਾਂ ਸ਼ਰਾਰਤੀ ਅਨਸਰਾਂ ਵਲੋਂ ਕੀਤੀ ਜ਼ਰਾ ਕੁ ਜਿੰਨੀ ਇੱਲਤ ਨਾਲ਼ ਸਥਿਤੀ ਵਿਸਫੋਟਕ ਹੋ ਜਾਂਦੀ ਹੈ। ਰਾਜਸੀ ਤੇ ਧਾਰਮਿਕ ਲੋਕ ਆਪਣੇ ਸੌੜੇ ਹਿੱਤਾਂ ਲਈ ਇਸ ਮਸਲੇ ਨੂੰ ਜਿਉਂ ਦਾ ਤਿਉਂ ਬਣਾਈ ਰੱਖਣਾ ਚਾਹੁੰਦੇ ਹਨ ਤਾਂ ਕਿ ਲੋੜ ਅਨੁਸਾਰ ਇਸਨੂੰ ਆਪਣੇ ਹਿੱਤਾਂ ਲਈ ਵਰਤਿਆ ਜਾ ਸਕੇ? ਆਮ ਹਾਲਾਤ ਵਿਚ ਲੋਕਾਂ ਦਾ ਆਪਸੀ ਭਾਈਚਾਰਾ ਬੜਾ ਮਜ਼ਬੂਤ ਲਗਦਾ ਹੈ, ਪਰ ਜਦੋਂ ਹੀ ਕੋਈ ਸ਼ਰਾਰਤੀ ਧਿਰ ਕੋਈ ਇੱਲਤ ਕਰਦੀ ਹੈ ਤਾਂ ਲੋਕ ਝੱਟ ਇੱਕ ਦੂਜੇ ਦੇ ਵਿਰੋਧ ਵਿਚ ਆ ਖੜ੍ਹਦੇ ਹਨ?

ਹਾਲੀਆ 29 ਅਪਰੈਲ, 2022 ਨੂੰ ਕਥਿਤ 'ਖਾਲਿਸਤਾਨ ਦਿਵਸ' ਦੇ ਮੌਕੇ ਇੱਕ ਪਾਸੇ ਅਮਰੀਕਾ ਸਥਿਤ ਭਾਰਤ ਵਿਚ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੇ ਆਗੂ ਗੁਰਪਤਵੰਤ ਸਿੰਘ ਪੰਨੂੰ ਵਲੋਂ ਐਲਾਨ ਕੀਤਾ ਗਿਆ ਸੀ ਕਿ ਡੀ. ਸੀ. ਦਫਤਰਾਂ 'ਤੇ ਖਾਲਿਸਤਾਨੀ ਝੰਡੇ ਲਹਿਰਾਉਣ ਵਾਲ਼ਿਆਂ ਨੂੰ 12 ਘੰਟਿਆਂ ਵਿਚ ਅਮਰੀਕਨ ਸਵਾ ਲੱਖ ਡਾਲਰ ਦਿੱਤਾ ਜਾਵੇਗਾ ਅਤੇ ਦੂਸਰੇ ਪਾਸੇ ਸ਼ਿਵ ਸੈਨਾ (ਬਾਲੇ ਠਾਕਰੇ) ਆਗੂ ਹਰੀਸ਼ ਸਿੰਗਲਾ ਤੇ ਕੁਝ ਹੋਰ ਹਿੰਦੂ ਜਥੇਬੰਦੀਆਂ ਵਲੋਂ ਇਸੇ ਦਿਨ ਪੰਨੂੰ ਦੀ ਕਾਲ ਦੇ ਵਿਰੋਧ ਵਿਚ ਖਾਲਿਸਤਾਨ ਵਿਰੋਧੀ ਰੋਸ ਮਾਰਚ ਕਰਨ ਦੇ ਸੱਦੇ ਨੂੰ ਲੈ ਕੇ ਪਟਿਆਲ਼ਾ ਵਿਚ ਜਿਸ ਕਿਸਮ ਦੀਆਂ ਹਿੰਸਕ ਘਟਨਾਵਾਂ ਵਾਪਰੀਆਂ, ਉਸਨੇ ਇੱਕ ਵਾਰ ਫਿਰ ਦੁਨੀਆ ਭਰ ਵਿਚ ਵਸਦੇ ਅਮਨ ਪਸੰਦ ਪੰਜਾਬ ਹਿਤੈਸ਼ੀਆਂ ਦੇ ਮਨਾਂ ਵਿਚ ਧੁੜਕੂ ਛੇੜ ਦਿੱਤਾ ਹੈ। ਜਿਸ ਤਰ੍ਹਾਂ ਕੁਝ ਸ਼ਰਾਰਤੀ ਲੋਕਾਂ ਨੇ ਗੁਰਦੁਆਰਾ ਦੂਖ ਨਿਵਾਰਨ ਬੈਠੇ ਸਿੱਖ ਨੌਜਵਾਨਾਂ ਨੂੰ ਇਹ ਅਫਵਾਹ ਫੈਲਾ ਕੇ ਉਕਸਾਇਆ ਕਿ ਕਾਲ਼ੀ ਮਾਤਾ ਮੰਦਰ ਕੋਲ਼ ਸ਼ਿਵ ਸੈਨਿਕਾਂ ਨੇ ਸਿੱਖ ਨੌਜਵਾਨਾਂ 'ਤੇ ਹਮਲਾ ਕਰ ਦਿੱਤਾ ਹੈ ਤਾਂ ਉਥੇ ਬੈਠੇ ਕੁਝ ਨੌਜਵਾਨ ਭੜਕ ਕੇ ਜਿਵੇਂ ਕਾਲ਼ੀ ਮਾਤਾ ਮੰਦਰ ਵੱਲ ਗਏ, ਉਥੇ ਦੋਨਾਂ ਗਰੁੱਪਾਂ ਵਿਚ ਤਲਵਾਰਾਂ, ਡੰਡਿਆਂ ਨਾਲ਼ ਝੜਪਾਂ ਹੋਈਆਂ, ਪੱਥਰਬਾਜ਼ੀ ਹੋਈ, ਦੁਕਾਨਾਂ ਦੀ ਤੋੜ-ਭੰਨ ਹੋਈ, ਇਹ ਸਭ ਬੜੀ ਚਿੰਤਾ ਦਾ ਵਿਸ਼ਾ ਹੈ। ਹਾਲ ਦੀ ਘੜੀ ਪ੍ਰਸ਼ਾਸਨ ਨੇ ਫੌਰੀ ਕਾਰਵਾਈ ਕਰਦਿਆਂ, ਸ਼ਰਾਰਤੀ ਅਨਸਰਾਂ 'ਤੇ ਕਾਬੂ ਪਾ ਤਾਂ ਲਿਆ ਹੈ, ਪਰ ਇਨ੍ਹਾਂ ਘਟਨਾਵਾਂ ਨੂੰ ਵੇਖਦਿਆਂ ਮਨ ਵਿਚ ਸੱਠਵਿਆਂ ਦੇ ਦਹਾਕੇ ਵਿਚ 'ਪੰਜਾਬੀ ਸੂਬਾ ਮੋਰਚੇ' ਤੋਂ ਸ਼ੁਰੂ ਹੋਈਆਂ ਅਜਿਹੀਆਂ ਅਨੇਕਾਂ ਯਾਦਾਂ ਤਾਜ਼ਾ ਹੋ ਰਹੀਆਂ ਹਨ।

ਇਥੇ ਹੁਣ ਅਸੀਂ 50ਵਿਆਂ ਜਾਂ 60ਵਿਆਂ ਵਿਚ ਜੋ ਕੁਝ ਵਾਪਰਿਆ, ਉਸ ਦੀਆਂ ਰਾਮ ਕਹਾਣੀਆਂ ਨੂੰ ਛੱਡ ਕੇ 80ਵਿਆਂ ਤੋਂ ਗੱਲ ਸ਼ੁਰੂ ਕਰਦੇ ਹਾਂ। ਗੱਲ ਸਾਲ 1981 ਦੇ ਸ਼ੁਰੂ ਵਿਚ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਦਮਦਮੀ ਟਕਸਾਲ (ਚੌਕ ਮਹਿਤਾ) ਵਲੋਂ ਸ਼ੁਰੂ ਕੀਤੀ ਮੁਹਿੰਮ ਤੋਂ ਕਰਨੀ ਚਾਹਾਂਗਾ। ਜਦੋਂ 'ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ' ਦੇਣ ਦੀ ਮੰਗ ਕਾਰਨ ਅੰਮ੍ਰਿਤਸਰ ਵਿਚ ਹਿੰਦੂ-ਸਿੱਖ ਦੰਗਿਆਂ ਦੇ ਹਾਲਾਤ ਬਣ ਗਏ ਸਨ। ਇਸ ਸਬੰਧੀ ਸਾਬਕਾ ਸੀਨੀਅਰ ਪੁਲਿਸ ਅਧਿਕਾਰੀ ਗੁਰਬਚਨ ਜਗਤ, (ਜੋ ਉਸ ਸਮੇਂ ਅੰਮ੍ਰਿਤਸਰ ਵਿਚ ਐਸ ਐਸ ਪੀ ਵਜੋਂ ਤਾਇਨਾਤ ਸਨ) ਦੀ 'ਇੰਗਲਿਸ਼ ਟ੍ਰਿਬਿਊਨ' ਵਿਚ 8 ਨਵੰਬਰ, 2020 ਨੂੰ ਛਪੀ ਇੱਕ ਲਿਖਤ 'ਲੈਸਨਜ਼ ਫਰੌਮ ਅੰਮ੍ਰਿਤਸਰ-1981' (lessons from amritsar-1981) ਅਨੁਸਾਰ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੀ 13 ਅਪਰੈਲ, 1978 ਦੇ ਸਿੱਖ-ਨਿਰੰਕਾਰੀ ਕਾਂਡ ਤੋਂ ਬਾਅਦ ਚੜ੍ਹਤ ਹੋਣੀ ਸ਼ੁਰੂ ਹੋ ਗਈ ਸੀ। ਉਨ੍ਹਾਂ ਅਨੁਸਾਰ 1981 ਆਉਂਦਿਆਂ ਉਸਦੇ ਪੈਰੋਕਾਰਾਂ ਦੀ ਵੱਡੀ ਗਿਣਤੀ ਹੋ ਚੁੱਕੀ ਸੀ। ਸੰਤਾਂ ਤੇ ਉਸਦੇ ਸਾਥੀਆਂ ਨੂੰ ਤਕੜੇ ਕਰਨ, ਹਥਿਆਰਬੰਦ ਕਰਨ ਵਿਚ ਕਈ ਰਾਜਨੀਤਕ ਤਾਕਤਾਂ ਆਪਣੇ ਸੌੜੇ ਰਾਜਸੀ ਮੰਤਵਾਂ ਲਈ ਯੋਗਦਾਨ ਪਾ ਰਹੀਆਂ ਸਨ। ਉਸ ਸਮੇਂ ਦੌਰਾਨ ਸੰਤਾਂ ਨੇ ਐਲਾਨ ਕਰ ਦਿੱਤਾ ਕਿ ਉਹ ਅੰਮ੍ਰਿਤਸਰ ਵਿਚ 29 ਮਈ, 1981 ਨੂੰ ਆਪਣੇ ਹਥਿਆਰਬੰਦ ਸਾਥੀਆਂ ਤੇ ਫੈਡਰੇਸ਼ਨ ਦੇ ਸਹਿਯੋਗ ਨਾਲ਼ ਦਰਬਾਰ ਸਾਹਿਬ ਤੋਂ ਬਾਰਾਂਦਰੀ ਅੰਮ੍ਰਿਤਸਰ ਤੱਕ ਆਪਣੀ ਅਗਵਾਈ ਵਿਚ ਇੱਕ ਵਿਸ਼ਾਲ ਮਾਰਚ ਕੱਢਣਗੇ ਅਤੇ ਮੰਗ ਕਰਨਗੇ ਕਿ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ, ਜਿਸਦਾ ਭਾਵ ਸੀ ਕਿ ਅੰਮ੍ਰਿਤਸਰ ਸ਼ਹਿਰ ਵਿਚੋਂ ਸ਼ਰਾਬ, ਸਿਗਰਟਾਂ (ਜਾਂ ਤੰਬਾਕੂ), ਮੀਟ ਨਾਲ਼ ਸਬੰਧਤ ਸਭ ਦੁਕਾਨਾਂ ਤੋਂ ਇਸਦੀ ਵਿਕਰੀ ਅਤੇ ਕਿਸੇ ਵੀ ਵਿਅਕਤੀ ਦੇ ਇਨ੍ਹਾਂ ਨੂੰ ਸੇਵਨ ਕਰਨ 'ਤੇ ਪਾਬੰਦੀ ਲਗਾਈ ਜਾਵੇ। ਸੰਤਾਂ ਦੇ ਇਸ ਐਲਾਨ ਨਾਲ਼ ਸ਼ਹਿਰ ਵਿਚ ਤਣਾਅ ਦੀ ਸਥਿਤੀ ਬਣ ਗਈ। ਹਿੰਦੂ ਜਥੇਬੰਦੀਆਂ ਇਸਦਾ ਵਿਰੋਧ ਕਰਨ ਲੱਗੀਆਂ। ਕਾਂਗਰਸ ਦੀ ਦਰਬਾਰਾ ਸਿੰਘ ਸਰਕਾਰ ਇਸ ਮਾਰਚ ਨੂੰ ਕਿਸੇ ਵੀ ਹਾਲਤ ਵਿਚ ਰੋਕਣਾ ਚਾਹੁੰਦੀ ਸੀ, ਇਸ ਲਈ ਸ੍ਰੀ ਗੁਰਬਚਨ ਜਗਤ ਦੀ ਡਿਊਟੀ ਸੰਤ ਭਿੰਡਰਾਂਵਾਲ਼ਿਆਂ ਨੂੰ ਮਨਾਉਣ ਲਈ ਲਗਾਈ ਗਈ ਕਿ ਉਹ ਇਸ ਜਲੂਸ ਨੂੰ ਰੱਦ ਕਰ ਦੇਣ। ਸ੍ਰੀ ਜਗਤ ਜਦੋਂ ਸੰਤਾਂ ਕੋਲ਼ ਗਏ ਤੇ ਇਸ ਸਬੰਧੀ ਗੱਲ ਕੀਤੀ ਤਾਂ ਸੰਤ ਜੀ ਪਹਿਲਾਂ ਤਾਂ ਇੱਕਦਮ ਭੜਕ ਪਏ ਤੇ ਕੋਈ ਗੱਲ ਸੁਣਨ ਲਈ ਤਿਆਰ ਨਹੀਂ ਸਨ। ਪਰ ਜਦੋਂ ਸ੍ਰੀ ਜਗਤ ਨੇ ਬੜੀ ਨਿਮਰਤਾ ਤੇ ਆਜਜ਼ੀ ਨਾਲ਼ ਸੰਤਾਂ ਅੱਗੇ ਅਰਜ਼ੋਈ ਕੀਤੀ ਕਿ ਉਹ ਸ਼ਹਿਰ ਵਿਚ ਭਾਈਚਾਰਕ ਸਾਂਝ ਨੂੰ ਮੁੱਖ ਰੱਖ ਕੇ ਇਸ ਮਸਲੇ 'ਤੇ ਗੰਭੀਰਤਾ ਨਾਲ਼ ਵਿਚਾਰ ਕਰਨ ਨਹੀਂ ਤਾਂ ਉਸ ਨੇ ਅੱਜ ਸੰਤਾਂ ਦੇ ਦਰਾਂ ਤੋਂ ਉਠ ਕੇ ਜਾਣਾ ਹੀ ਨਹੀਂ ਹੈ। ਇਸ 'ਤੇ ਸੰਤ ਜੀ ਨੇ ਕਮਰੇ ਤੋਂ ਬਾਹਰ ਜਾ ਕੇ ਭਾਈ ਅਮਰੀਕ ਸਿੰਘ ਨਾਲ਼ ਕੁਝ ਸਮਾਂ ਗੱਲ ਕੀਤੀ। ਫਿਰ ਆ ਕੇ ਉਹ ਇਸ ਗੱਲ 'ਤੇ ਸਹਿਮਤ ਹੋ ਗਏ ਕਿ ਉਹ ਮਾਰਚ ਦੀ ਅਗਵਾਈ ਨਹੀਂ ਕਰਨਗੇ, ਮਾਰਚ ਸ਼ਾਂਤਮਈ ਤੇ ਹਥਿਆਰਾਂ ਤੋਂ ਬਗੈਰ ਹੋਵੇਗਾ ਅਤੇ ਕੋਤਵਾਲ਼ੀ ਕਿਸੇ ਉਚ ਅਧਿਕਾਰੀ ਨੂੰ ਮੈਮੋਰੰਡਮ ਦੇ ਕੇ ਵਾਪਿਸ ਆ ਜਾਵੇਗਾ। ਸ੍ਰੀ ਜਗਤ ਨੇ ਸੰਤ ਜੀ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨਣ ਲਈ ਜਲਦੀ ਕਾਰਵਾਈ ਕਰੇਗੀ। ਸੰਤਾਂ ਦੇ ਇਸ ਮਾਰਚ ਦਾ ਵਿਰੋਧ ਕਰ ਰਹੀ ਧਿਰ ਨੂੰ ਇਸਦਾ ਕੋਈ ਇਲਮ ਨਹੀਂ ਸੀ ਕਿ ਸ੍ਰੀ ਜਗਤ ਨੇ ਸੰਤਾਂ ਨਾਲ਼ ਕੋਈ ਸਮਝੌਤਾ ਕਰ ਲਿਆ ਹੈ। ਸ੍ਰੀ ਜਗਤ ਨੂੰ ਅਜਿਹੀ ਗਲਬਾਤ ਦੀ ਡਿਪਲੋਮੇਸੀ ਦੂਸਰੇ ਖੇਮੇ ਵਿਚ ਜਾ ਕੇ ਵੀ ਵਰਤਣੀ ਚਾਹੀਦੀ ਸੀ, ਜੇ ਅਜਿਹੀ ਡਿਪਲੋਮੇਸੀ ਦੂਸਰੀ ਧਿਰ ਦੇ ਗੁਸੈਲ਼ ਭਾਜਪਾ ਆਗੂ ਹਰਬੰਸ ਲਾਲ ਖੰਨਾ ਦੇ ਕੋਲ ਜਾ ਕੇ ਵੀ ਕੀਤੀ ਹੁੰਦੀ ਤਾਂ ਸ਼ਾਇਦ ਹਾਲਾਤ



ਹਰੀਸ਼ ਸਿੰਗਲਾ



ਬਰਜਿੰਦਰ ਸਿੰਘ ਪਰਵਾਨਾ

ਕੁਝ ਹੋਰ ਹੀ ਹੁੰਦੇ? ਸ੍ਰੀ ਜਗਤ ਅਨੁਸਾਰ ਇਸ ਮਾਰਚ ਤੋਂ ਇੱਕ ਦਿਨ ਪਹਿਲਾਂ 28 ਮਈ ਨੂੰ ਸਥਿਤੀ ਉਸ ਵਕਤ ਇਕਦਮ ਬਦਲ ਗਈ, ਜਦੋਂ ਕੁਝ ਹਿੰਦੂ ਨੌਜਵਾਨ ਹਰਬੰਸ ਲਾਲ ਖੰਨਾ ਦੀ ਅਗਵਾਈ ਵਿਚ ਬਜ਼ਾਰਾਂ ਵਿਚ ਸਿਗਰਟਾਂ ਪੀਂਦੇ ਤੇ ਡੰਡਿਆਂ 'ਤੇ ਸਿਗਰਟਾਂ ਲਹਿਰਾਉਂਦੇ ਭੜਕਾਊ ਨਾਅਰਿਆਂ ਨਾਲ਼ ਜਲੂਸ ਕੱਢਣ ਲੱਗੇ। ਜਿਸ ਨਾਲ਼ ਸੰਤਾਂ ਨੇ ਹੋਏ ਫੈਸਲੇ ਨੂੰ ਤੋੜ ਕੇ 29 ਮਈ ਨੂੰ ਆਪਣਾ ਜਲੂਸ ਪਹਿਲਾਂ ਉਲੀਕੇ ਪ੍ਰੋਗਰਾਮ ਅਨੁਸਾਰ ਆਪਣੀ ਅਗਵਾਈ ਵਿਚ ਆਪਣੇ ਹਥਿਆਰਬੰਦ ਸਾਥੀਆਂ ਨਾਲ਼ ਕੱਢਿਆ। ਜਿਸ ਨਾਲ਼ ਸ਼ਹਿਰ ਵਿਚ ਅਜਿਹਾ ਸਹਿਮ ਦਾ ਮਾਹੌਲ ਸੀ ਕਿ ਲੋਕ ਬਾਜ਼ਾਰ ਬੰਦ ਕਰ ਕੇ ਘਰਾਂ ਨੂੰ ਚਲੇ ਗਏ। ਜਲੂਸ ਆਪਣੇ ਪਹਿਲੇ ਰੂਟ ਮੁਤਾਬਿਕ ਬਾਰਾਂਦਰੀ ਸਮਾਪਤ ਹੋਇਆ, ਪਰ ਸ਼ਹਿਰ ਵਿਚ ਅਜਿਹੀਆਂ ਅਫਵਾਹਾਂ ਦਾ ਬਾਜ਼ਾਰ ਗਰਮ ਰਿਹਾ ਕਿ ਹਿੰਦੂ-ਸਿੱਖਾਂ ਵਿਚ ਦੰਗੇ ਹੋ ਗਏ ਹਨ, ਕੁਝ ਬੰਦੇ ਮਾਰੇ ਗਏ ਹਨ ਪਰ ਅਜਿਹਾ ਕੁਝ ਨਹੀਂ ਹੋਇਆ ਸੀ? ਪਰ ਉਸ ਦਿਨ ਤੋਂ ਬਾਅਦ ਬਹੁਤ ਕੁਝ ਅਜਿਹਾ ਵਾਪਰਨਾ ਸ਼ੁਰੂ ਹੋ ਗਿਆ ਸੀ, ਜਿਸਨੇ ਅਗਲੇ ਦਹਾਕੇ ਵਿਚ ਹਜ਼ਾਰਾਂ ਜਾਨਾਂ ਲੈਣੀਆਂ ਸਨ। ਕੁਝ ਖਾਸ ਰਾਜਸੀ ਮੰਤਵਾਂ ਲਈ ਦੋਨਾਂ ਭਾਈਚਾਰਿਆਂ ਵਿਚਲੇ ਕੱਟੜਪੰਥੀ ਤੇ ਖਾੜਕੂ ਟੋਲਿਆਂ ਰਾਹੀਂ ਹਾਲਾਤ ਕਿਸੇ ਖਾਸ ਦਿਸ਼ਾ ਵਿਚ ਲਿਜਾਣ ਵੱਲ ਧੱਕੇ ਜਾ ਰਹੇ ਸਨ। ਇੱਕ ਅਜਿਹੀ ਸ਼ਤਰੰਜ ਵਿਛਾਈ ਜਾ ਰਹੀ ਸੀ, ਜਿਸ ਬਾਰੇ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਸੀ।

29 ਮਈ, 1981 ਦੀਆਂ ਘਟਨਾਵਾਂ ਤੋਂ ਬਾਅਦ ਹਾਲਾਤ ਤੇਜ਼ੀ ਨਾਲ਼ ਬਦਲਣੇ ਸ਼ੁਰੂ ਹੋ ਗਏ ਸਨ। ਇਸ ਤੋਂ ਬਾਅਦ 17 ਮਾਰਚ, 1982 ਨੂੰ ਦਲ ਖਾਲਸਾ ਵਲੋਂ ਚੰਡੀਗੜ੍ਹ ਵਿਚ ਪੂਰੇ ਧੂਮ-ਧੜੱਕੇ ਨਾਲ ਪ੍ਰੈਸ ਕਾਨਫਰੰਸ ਕੀਤੀ ਗਈ, ਜਿਸ ਵਿਚ ਪਹਿਲਾਂ ਦਲ ਖਾਲਸਾ ਦੇ ਪੰਚ ਜਸਵੰਤ ਸਿੰਘ ਠੇਕੇਦਾਰ ਤੇ ਫਿਰ 4 ਅਪਰੈਲ, 1982 ਨੂੰ ਦਲ ਖਾਲਸਾ ਦੇ ਇੱਕ ਹੋਰ ਪੰਚ ਮਨਮੋਹਨ ਸਿੰਘ ਨੇ, ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਕੀਤੀ। ਉਨ੍ਹਾਂ ਧਮਕੀ ਦਿੱਤੀ ਕਿ ਜੇ 13 ਅਪਰੈਲ, 1982 ਤੱਕ ਸ਼ਹਿਰ ਵਿਚੋਂ ਤੰਬਾਕੂ, ਸ਼ਰਾਬ ਤੇ ਮੀਟ ਦੀਆਂ ਦੁਕਾਨਾਂ ਨਾ ਹਟਾਈਆਂ ਗਈਆਂ ਤਾਂ ਸਿੱਧੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਇਸੇ ਸਮੇਂ ਦੌਰਾਨ ਸੰਤਾਂ ਨੇ ਆਪਣੇ ਹਥਿਆਰਬੰਦ ਪੈਰੋਕਾਰਾਂ ਨਾਲ਼ ਦਿੱਲੀ ਦੀ ਯਾਤਰਾ ਕੀਤੀ ਅਤੇ ਦਿੱਲੀ ਦੀਆਂ ਗ਼ਲੀਆਂ ਵਿਚ ਹਥਿਆਰਾਂ ਦੇ ਪ੍ਰਦਰਸ਼ਨ ਵਾਲ਼ੇ ਜਲੂਸ ਕੱਢੇ ਗਏ। ਦਲ ਖਾਲਸਾ ਵਲੋਂ ਆਪਣੀ ਧਮਕੀ ਨੂੰ ਅਮਲੀ ਰੂਪ ਦਿੰਦਿਆਂ 25-26 ਅਪਰੈਲ ਦੀ ਰਾਤ ਨੂੰ ਅੰਮ੍ਰਿਤਸਰ ਵਿਚ ਕਾਲ਼ੀ ਮਾਤਾ ਦੇ ਮੰਦਰਾਂ ਵਿਚ ਗਾਵਾਂ ਦੇ ਸਿਰ ਵੱਢ ਕੇ ਟੰਗ ਦਿੱਤੇ ਗਏ, ਜਿਸਦੀ ਜ਼ਿੰਮੇਵਾਰੀ ਦਲ ਖਾਲਸਾ ਦੇ ਪੰਚ ਜਸਵੰਤ ਸਿੰਘ ਠੇਕੇਦਾਰ ਨੇ ਲਈ। ਇਸ ਨਾਲ਼ ਅੰਮ੍ਰਿਤਸਰ ਵਿਚ ਇੱਕ-ਦਮ ਤਣਾਅ ਵਧ ਗਿਆ। ਇਸ ਘਟਨਾ ਨਾਲ਼ ਹਿੰਦੂ ਭਾਈਚਾਰਾ ਪੂਰੀ ਤਰ੍ਹਾਂ ਭੜਕ ਉਠਿਆ। ਇਹ ਸਿਲਸਿਲਾ ਹਰ ਪੜਾਅ 'ਤੇ ਬਦ ਤੋਂ ਬਦਤਰ ਹੁੰਦਾ ਗਿਆ। ਪੰਜਾਬ ਵਿਚ ਹਿੰਸਾ ਦਾ ਨਵਾਂ ਦੌਰ ਸ਼ੁਰੂ ਹੋਇਆ, ਜਿਸਦੇ ਫਲਸਰੂਪ ਜੂਨ, '84 ਦਾ ਮੰਦਭਾਗਾ ਭਾਣਾ ਤੇ ਫਿਰ ਨਵੰਬਰ '84 ਦਾ ਸਿੱਖ ਕਤਲੇਆਮ ਵਾਪਰਿਆ। ਉਸ ਤੋਂ ਬਾਅਦ ਚੱਲੀ ਖਾੜਕੂ ਲਹਿਰ ਦੌਰਾਨ ਲਗਾਤਾਰ ਇੱਕ ਦਹਾਕਾ ਪੰਜਾਬ ਕਤਲੋਗਾਰਤ ਦਾ ਮੈਦਾਨ ਬਣਿਆ ਰਿਹਾ।

ਮੌਜੂਦਾ ਘਟਨਾਵਾਂ ਦਾ ਸਬੰਧ 'ਖਾਲਿਸਤਾਨ ਦਿਵਸ' ਨਾਲ਼ ਹੋਣ ਕਰਕੇ, ਇੱਥੇ 29 ਅਪਰੈਲ, 1986 ਦੇ 'ਖਾਲਿਸਤਾਨ ਐਲਾਨਨਾਮੇ' ਬਾਰੇ ਜ਼ਿਕਰ ਪਾਠਕਾਂ ਦੀ ਜਾਣਕਾਰੀ ਲਈ ਲਾਹੇਵੰਦ ਰਹੇਗਾ। ਜੂਨ, 1984 ਤੇ ਫਿਰ ਨਵੰਬਰ, 1984 ਵਿਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਤੋਂ ਬਾਅਦ ਸਿੱਖਾਂ ਵਿਚ ਪਾਏ ਜਾ ਰਹੇ ਰੋਸ ਤੋਂ ਬਾਅਦ ਕੁਝ ਖਾੜਕੂ ਸੁਰ ਵਾਲ਼ੀਆਂ ਜਥੇਬੰਦੀਆਂ ਵਲੋਂ ਦਮਦਮੀ ਟਕਸਾਲ ਦੀ ਅਗਵਾਈ ਵਿਚ 26 ਜਨਵਰੀ, 1986 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ 'ਸਰਬੱਤ ਖਾਲਸਾ ਸੰਮੇਲਨ' ਦਾ ਸੱਦਾ ਦਿਤਾ ਗਿਆ, ਜਿਸ ਵਿਚ ਵੱਡੀ ਗਿਣਤੀ ਨੌਜਵਾਨ ਹਾਜ਼ਰ ਹੋਏ। ਇਸ ਸਰਬੱਤ ਖਾਲਸਾ ਵਿਚ ਸਿੱਖਾਂ ਦੇ ਰਾਜਸੀ ਮਸਲਿਆਂ ਬਾਰੇ ਦਮਦਮੀ ਟਕਸਾਲ ਨਾਲ਼ ਸਬੰਧਤ ਪੰਜ ਖਾੜਕੂਆਂ ਦੀ ਇੱਕ 'ਪੰਥਕ ਕਮੇਟੀ' ਬਣਾਈ ਗਈ, ਜੋ ਆਉਣ ਵਾਲ਼ੇ ਸਮੇਂ ਵਿਚ ਸ਼ੁਰੂ ਹੋਣ ਵਾਲ਼ੇ ਖਾੜਕੂ ਸੰਘਰਸ਼ ਦੀ ਅਗਵਾਈ ਕਰੇਗੀ। ਇਸੇ 'ਸਰਬਤ ਖਾਲਸਾ' ਵਿਚ ਸਾਰੇ ਤਖਤਾਂ ਦੇ ਸ਼੍ਰੋਮਣੀ ਕਮੇਟੀ ਵਲੋਂ ਥਾਪੇ ਜਥੇਦਾਰ ਹਟਾ ਦਿੱਤੇ ਗਏ, ਸ਼੍ਰੋਮਣੀ ਕਮੇਟੀ ਭੰਗ ਕਰ ਦਿੱਤੀ ਗਈ। ਭਾਰਤ ਸਰਕਾਰ ਵਲੋਂ ਨਿਹੰਗ ਸੰਤਾ ਸਿੰਘ ਦੀ ਅਗਵਾਈ ਵਿਚ ਜੂਨ, 84 ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਨੁਕਸਾਨੀ ਗਈ ਇਮਾਰਤ ਦੀ ਕਾਰ ਸੇਵਾ ਰਾਹੀਂ ਕਰਵਾਈ ਮੁਰੰਮਤ ਰੱਦ ਕਰ ਕੇ ਨੌਜਵਾਨਾਂ ਨੇ ਮੌਕੇ 'ਤੇ ਇਮਾਰਤ ਢਾਹੁਣੀ ਸ਼ੁਰੂ ਕਰ ਦਿੱਤੀ ਸੀ। ਇਸ ਸੰਮੇਲਨ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਹਟਾ ਕੇ ਸੰਤ ਭਿੰਡਰਾਂਵਾਲ਼ਿਆਂ ਦੇ ਭਤੀਜੇ ਭਾਈ ਜਸਵੀਰ ਸਿੰਘ ਰੋਡੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਬਣਾਇਆ ਗਿਆ। ਉਸ ਵਕਤ ਉਹ ਜੇਲ੍ਹ ਵਿਚ ਸਨ ਤਾਂ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਐਕਟਿੰਗ ਜਥੇਦਾਰ ਬਣਾਇਆ ਗਿਆ। ਇੱਥੇ ਵਰਣਨਯੋਗ ਹੈ ਕਿ ਇਸ ਸਰਬੱਤ ਖਾਲਸੇ ਤੋਂ ਪਹਿਲਾਂ ਹੀ ਖਾੜਕੂਆਂ ਵਿਚ ਦੋ ਧਿਰਾਂ ਖੜ੍ਹੀਆਂ ਹੋ ਚੁੱਕੀਆਂ ਸਨ, ਇੱਕ ਧਿਰ ਭਾਰਤੀ ਸੰਵਿਧਾਨ ਵਿਚ ਰਹਿ ਕੇ ਸ਼ਾਂਤਮਈ ਢੰਗ ਨਾਲ਼ 'ਆਨੰਦਪੁਰ ਦੇ ਮਤੇ ਤੇ ਸਿੱਖ ਸਟੇਟ' ਲਈ ਸੰਘਰਸ਼ ਕਰਨ ਦੇ ਹੱਕ ਵਿਚ ਸੀ ਅਤੇ ਦੂਜੀ ਧਿਰ ਭਾਰਤੀ ਸਟੇਟ ਨਾਲ਼ ਸਿੱਧੀ ਹਥਿਆਰਬੰਦ ਲੜਾਈ ਰਾਹੀਂ ਭਾਰਤ ਤੋਂ ਵੱਖਰਾ ਦੇਸ਼ 'ਖਾਲਿਸਤਾਨ' ਬਣਾਉਣਾ ਚਾਹੁੰਦੀ ਸੀ। ਭਾਰਤ ਵਿਚ ਰਹਿ ਕੇ ਸੰਘਰਸ਼ ਕਰਨ ਵਾਲ਼ੀ ਧਿਰ ਦੀ ਅਗਵਾਈ ਸੰਤ ਭਿੰਡਰਾਂਵਾਲ਼ਿਆਂ ਦੇ ਟਕਸਾਲੀ ਬੁਲਾਰੇ ਤੇ ਸੀਨੀਅਰ ਪੱਤਰਕਾਰ ਭਾਅਜੀ ਦਲਬੀਰ ਸਿੰਘ ਕਰ ਰਹੇ ਸਨ ਅਤੇ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਦੀ ਮੰਗ ਕਰਨ ਵਾਲ਼ੀ ਧਿਰ ਦੀ ਅਗਵਾਈ ਸਾਬਕਾ ਆਈ ਏ ਐਸ ਅਧਿਕਾਰੀ ਡਾ. ਸੋਹਣ ਸਿੰਘ ਅਤੇ ਸੰਤਾਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਕਰ ਰਹੇ ਸਨ। ਪਰ 'ਖਾਲਿਸਤਾਨ' ਪੱਖੀ ਧਿਰ ਸਰਬੱਤ ਖਾਲਸੇ ਵਿਚ ਅਜਿਹਾ ਮਤਾ ਪਾਸ ਕਰਾਉਣ ਤੋਂ ਅਸਮਰੱਥ ਰਹਿਣ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਐਕਟਿੰਗ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਰਾਹੀਂ 13 ਅਪਰੈਲ, 1986 ਨੂੰ ਵਿਸਾਖੀ ਮੌਕੇ ਮਤਾ ਪਾਸ ਕਰਾਉਣਾ ਚਾਹੁੰਦੀ ਸੀ, ਪਰ ਉਥੇ ਵੀ ਜਥੇਦਾਰ ਕਾਉਂਕੇ ਵਲੋਂ ਇਨਕਾਰ ਕਰਨ 'ਤੇ ਉਨ੍ਹਾਂ ਨੇ 29 ਅਪਰੈਲ, 1986 ਨੂੰ ਪੰਥਕ ਕਮੇਟੀ ਰਾਹੀਂ ਅਚਾਨਕ ਬੜੀ ਕਾਹਲੀ ਵਿਚ ਸੱਦੀ ਗੁਪਤ ਪ੍ਰੈਸ ਕਾਨਫਰੰਸ ਵਿਚ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਇੱਕ ਕਮਰੇ ਵਿਚ 'ਖਾਲਿਸਤਾਨ ਦਾ ਐਲਾਨ' ਕਰਵਾ ਲਿਆ।

ਬੇਸ਼ਕ ਪਿਛਲੇ 36 ਸਾਲਾਂ ਵਿਚ ਪੰਜਾਬ ਵਿਚ ਇਸ 'ਖਾਲਿਸਤਾਨ ਐਲਾਨਨਾਮੇ' 'ਤੇ ਨਾ ਕਦੇ ਕੋਈ ਖਾਸ ਪ੍ਰੋਗਰਾਮ ਹੀ ਹੋਇਆ ਅਤੇ ਨਾ ਹੀ ਇਸ ਬਾਰੇ ਕਦੇ ਚਰਚਾ ਹੋਈ ਪਰ 1994 ਤੋਂ ਵਿਦੇਸ਼ਾਂ ਵਿਚ ਕੁਝ ਥਾਵਾਂ 'ਤੇ ਇਹ ਦਿਨ ਕੁਝ ਖਾਲਿਸਤਾਨੀਆਂ ਵਲੋਂ ਜ਼ਰੂਰ ਮਨਾਇਆ ਜਾਂਦਾ ਰਿਹਾ ਹੈ। ਇਸ ਵਾਰ ਭਾਰਤ ਸਰਕਾਰ ਵਲੋਂ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੇ ਅਮਰੀਕਾ ਵਸਦੇ ਕਰਤਾ ਧਰਤਾ ਵਕੀਲ ਗੁਰਪਤਵੰਤ ਸਿੰਘ ਪੰਨੂੰ ਵਲੋਂ ਇੱਕ ਕਾਲ ਦਿੱਤੀ ਗਈ ਕਿ ਜਿਹੜੇ ਵਿਅਕਤੀ 29 ਅਪਰੈਲ ਨੂੰ ਡੀ ਸੀ ਦਫਤਰਾਂ 'ਤੇ ਖਾਲਿਸਤਾਨ ਦੇ ਝੰਡੇ ਝੁਲਾਉਣਗੇ, ਉਨ੍ਹਾਂ ਨੂੰ 12 ਘੰਟਿਆਂ ਵਿਚ ਸਵਾ ਲੱਖ ਅਮਰੀਕਨ ਡਾਲਰ ਵੰਡੇ ਜਾਣਗੇ। ਯਾਦ ਰਹੇ ਪੰਨੂੰ ਵਲੋਂ ਅਜਿਹੀ ਕਾਲ 26 ਜਨਵਰੀ, 2021 ਨੂੰ ਵੀ ਦਿੱਤੀ ਗਈ ਸੀ ਕਿ ਜਿਹੜਾ ਵਿਅਕਤੀ ਦਿੱਲੀ ਲਾਲ ਕਿਲ੍ਹੇ 'ਤੇ ਖਾਲਿਸਤਾਨ ਦਾ ਝੰਡਾ ਲਹਿਰਾਵੇਗਾ, ਉਸਨੂੰ ਢਾਈ ਲੱਖ ਅਮਰੀਕਨ ਡਾਲਰ ਦਿੱਤੇ ਜਾਣਗੇ, ਪੰਨੂੰ ਨੇ ਢਾਈ ਲੱਖ ਡਾਲਰ ਦਿੱਤੇ ਜਾਂ ਨਹੀਂ, ਬਾਰੇ ਤਾਂ ਪਤਾ ਨਹੀਂ, ਪਰ ਸੈਂਕੜੇ ਨੌਜਵਾਨਾਂ ਉਪਰ ਲਾਲ ਕਿਲ੍ਹੇ 'ਤੇ ਝੰਡੇ ਝੁਲਾਉਣ ਤੇ ਉਥੇ ਹੋਈ ਹਿੰਸਾ ਵਿਚ ਪੁਲਿਸ ਕੇਸ ਦਰਜ ਕੀਤੇ ਗਏ। ਕਈ ਨੌਜਵਾਨ ਜੇਲ੍ਹਾਂ ਵਿਚ ਵੀ ਬੰਦ ਹਨ। ਇਸੇ ਤਰ੍ਹਾਂ ਕੁਝ ਸਾਲ ਪਹਿਲਾਂ ਮੋਗੇ ਪੰਜਾਬ ਸਰਕਾਰ ਦੀ ਮਿੰਨੀ ਸਕੱਤਰੇਤ 'ਤੇ ਖਾਲਿਸਤਾਨ ਦਾ ਝੰਡਾ ਝੁਲਾਉਣ ਦੇ ਦੋਸ਼ ਵਿਚ ਨੌਜਵਾਨ ਜੇਲ੍ਹਾਂ ਵਿਚ ਹਨ। ਪੰਨੂੰ ਦੇ 29 ਅਪਰੈਲ ਵਾਲ਼ੇ ਬਿਆਨ ਤੋਂ ਬਾਅਦ ਪੰਜਾਬ ਵਿਚਲੇ 'ਸ਼ਿਵ ਸੈਨਾ' ਦੇ ਇੱਕ ਗਰੁੱਪ ਦੇ ਲੀਡਰ ਹਰੀਸ਼ ਸਿੰਗਲਾ ਨੇ ਐਲਾਨ ਕਰ ਦਿੱਤਾ ਸੀ ਕਿ ਜੇ ਕੋਈ ਉਸ ਦਿਨ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਵੇਗਾ ਤਾਂ ਅਸੀਂ 'ਖਾਲਿਸਤਾਨ ਮੁਰਦਾਬਾਦ' ਦੇ ਨਾਅਰੇ ਮਾਰਦੇ ਪਟਿਆਲ਼ਾ ਵਿਚ ਜਲੂਸ ਕੱਢਾਂਗੇ। ਜਿਸ ਤੋਂ ਬਾਅਦ ਖਾਲਿਸਤਾਨੀ ਧਿਰਾਂ ਵਲੋਂ ਦਮਦਮੀ ਟਕਸਾਲ ਨਾਲ਼ ਸਬੰਧਤ ਬਰਜਿੰਦਰ ਸਿੰਘ ਪ੍ਰਵਾਨਾ ਨੇ ਐਲਾਨ ਕਰ ਦਿੱਤਾ ਕਿ ਜੇ ਸ਼ਿਵ ਸੈਨਾ ਵਾਲ਼ੇ 'ਖਾਲਿਸਤਾਨ ਮੁਰਦਾਬਾਦ' ਜਲੂਸ ਕੱਢਣਗੇ ਤਾਂ ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ ਅਤੇ ਉਸਨੇ ਨੌਜਵਾਨਾਂ ਨੂੰ ਕਿਰਪਾਨਾਂ, ਡੰਡਿਆਂ ਤੇ ਹਥਿਆਰਾਂ ਨਾਲ਼ ਲੈਸ ਹੋ ਕੇ ਗੁਰਦੁਆਰਾ ਦੂਖ ਨਿਵਾਰਨ ਪਹੁੰਚਣ ਦੀ ਕਾਲ ਵੀ ਦਿੱਤੀ? ਇਸ ਤੋਂ ਬਾਅਦ 29 ਅਪਰੈਲ ਵਾਲ਼ੇ ਦਿਨ ਪਟਿਆਲ਼ੇ ਮੰਦਭਾਗੀਆਂ ਘਟਨਾਵਾਂ ਵਾਪਰੀਆਂ। ਥੋੜਾ ਜਿਹਾ, ਧਿਆਨ ਨਾਲ਼ ਸੋਚੋ ਕਿ ਕੀ ਇਹ ਘਟਨਾਵਾਂ ਉਸੇ ਤਰ੍ਹਾਂ ਤੇ ਨਹੀਂ ਵਾਪਰ ਰਹੀਆਂ, ਜਿਸ ਤਰ੍ਹਾਂ ਦੀਆਂ ਘਟਨਾਵਾਂ ਬਾਰੇ ਉਪਰ ਜ਼ਿਕਰ ਕੀਤਾ ਗਿਆ ਹੈ? ਕੀ ਇਨ੍ਹਾਂ ਘਟਨਾਵਾਂ ਰਾਹੀਂ ਦੋ ਭਾਈਚਾਰਿਆਂ ਵਿਚ ਫਿਰਕੂ ਨਫਰਤ ਦਾ ਜ਼ਹਿਰ ਤੇ ਨਹੀਂ ਫੈਲਾਇਆ ਜਾ ਰਿਹਾ? ਕੀ ਇਸ ਤਰ੍ਹਾਂ ਦੇ ਮੁੱਦਿਆਂ ਰਾਹੀਂ ਦੋਨਾਂ ਭਾਈਚਾਰਿਆਂ ਦੇ ਜੋਸ਼ੀਲੇ ਨੌਜਵਾਨਾਂ ਨੂੰ ਵਰਤਿਆ ਤੇ ਨਹੀਂ ਜਾ ਰਿਹਾ ਤਾਂ ਕਿ ਪੰਜਾਬ ਦਾ ਮਾਹੌਲ ਖਰਾਬ ਕਰ ਕੇ ਭਵਿੱਖ ਲਈ ਕੋਈ ਰਾਜਸੀ ਮੰਤਵ ਹਾਸਲ ਕੀਤੇ ਜਾਣ? ਕੀ ਇਸਦਾ ਮਕਸਦ ਪੰਜਾਬ ਦੇ ਲੋਕਾਂ ਵਲੋਂ ਭਾਰੀ ਬਹੁਮਤ ਨਾਲ਼ ਚੁਣੀ 'ਆਪ' ਸਰਕਾਰ ਲਈ ਮੁਸੀਬਤਾਂ ਖੜ੍ਹੀਆਂ ਕਰਨਾ ਤੇ ਨਹੀਂ? ਇੱਥੇ ਗੱਲ ਕਿਸੇ ਇੱਕ ਧਿਰ ਨੂੰ ਦੋਸ਼ ਦੇਣ ਜਾਂ ਦੂਜੀ ਨੂੰ ਬਰੀ ਕਰਨ ਦੀ ਨਹੀਂ, ਸਗੋਂ ਇਹ ਸਮਝਣ ਦੀ ਹੈ ਕਿ ਉਹ ਕਿਹੜੀਆਂ ਸ਼ਕਤੀਆਂ ਹਨ, ਜੋ ਅਜਿਹੇ ਮੁੱਦੇ ਖੜ੍ਹੇ ਕਰਦੀਆਂ ਹਨ, ਫਿਰ ਦੋ ਫਿਰਕਿਆਂ ਦੇ ਕੁਝ ਵਿਅਕਤੀਆਂ ਨੂੰ ਉਕਸਾ ਕਿ ਇੱਕ ਦੂਜੇ ਦੇ ਸਾਹਮਣੇ ਲਿਆ ਖੜ੍ਹਾ ਕਰਦੀਆਂ ਹਨ? ਪਿਛਲੇ 10 ਕੁ ਸਾਲਾਂ ਤੋਂ

ਸਿੱਖ ਭਾਈਚਾਰਾ ਬੇਅਦਬੀਆਂ ਦੇ ਮੁੱਦੇ ਨਾਲ਼ ਵੀ ਇਸੇ ਤਰ੍ਹਾਂ ਜੂਝ ਰਿਹਾ ਹੈ?

ਖਾਲਿਸਤਾਨ ਦਾ ਐਲਾਨਨਾਮਾ ਕਿਵੇਂ ਹੋਇਆ, ਉਸਦੇ ਸਿੱਕੇਬੰਦ ਅੰਦਰੂਨੀ ਵੇਰਵੇ ਪੱਤਰਕਾਰ ਜਸਪਾਲ ਸਿੰਘ ਸਿੱਧੂ ਦੀ ਕਿਤਾਬ 'ਸੰਤ ਭਿੰਡਰਾਂਵਾਲ਼ੇ ਦੇ ਰੂ-ਬ-ਰੂ ਜੂਨ 84 ਦੀ ਪੱਤਰਕਾਰੀ' ਵਿਚ ਪੰਨਾ 372-380 ਅਤੇ ਸੀਨੀਅਰ ਪੱਤਰਕਾਰ ਭਾਅਜੀ ਦਲਬੀਰ ਸਿੰਘ ਦੀ ਕਿਤਾਬ 'ਨੇੜਿਉਂ ਡਿੱਠੇ ਸੰਤ ਭਿੰਡਰਾਂਵਾਲ਼ੇ, ਮੇਰੀ ਹੱਡਬੀਤੀ-ਜੱਗਬੀਤੀ' ਵਿਚ ਪੰਨਾ 143-155 'ਤੇ ਵਿਸਥਾਰ ਵਿਚ ਦਰਜ ਹਨ, ਜਿਨ੍ਹਾਂ ਨੂੰ ਪਾਠਕ ਆਪਣੀ ਜਾਣਕਾਰੀ ਲਈ ਪੜ੍ਹ ਸਕਦੇ ਹਨ। ਜੋ ਕਿ ਪਾਠਕਾਂ ਲਈ ਇਸ ਮਸਲੇ ਨੂੰ ਸਮਝਣ ਵਿਚ ਸਹਾਈ ਹੋਣਗੇ।

'ਜੂਨ 84 ਦੀ ਪੱਤਰਕਾਰੀ' ਦੇ ਪੰਨਾ 372-380 ਵਿਚੋਂ ਕੁਝ ਨੁਕਤੇ 'ਖਾਲਿਸਤਾਨ ਦੇ ਐਲਾਨਮਾਮੇ' ਨੂੰ ਸਮਝਣ ਲਈ ਪੇਸ਼ ਕਰਦੇ ਹਾਂ;

'ਡਾ. ਸੋਹਣ ਸਿੰਘ ਵਲੋਂ ਉਠਾਏ 'ਖਾਲਿਸਤਾਨ' ਦੇ ਮੁੱਦੇ ਤੋਂ ਦਲਬੀਰ ਸਿੰਘ ਚੌਕੰਨਾ ਹੋ ਗਿਆ। ਪਰ ਉਸਦਾ ਖਾੜਕੂ ਆਗੂਆਂ ਤੋਂ ਵਿਸ਼ਵਾਸ ਅਜੇ ਤਿੜਕਿਆ ਨਹੀਂ ਸੀ। ਉਸਦਾ ਭਰੋਸਾ ਬਰਕਰਾਰ ਸੀ ਕਿ 'ਸਿੱਖ ਸੰਘਰਸ਼' ਲਈ ਉਸ ਵਲੋਂ ਘੜੇ ਜਾ ਰਹੇ ਸਿਆਸੀ ਦਾਅ ਪੇਚਾਂ ਨੂੰ ਅਪਨਾਉਣ ਤੇ ਲਾਗੂ ਕਰਨ ਵਿਚ 'ਸਿੱਖ ਖਾੜਕੂ ਨੈਟਵਰਕ' ਉਸਦਾ ਪੂਰਾ ਸਾਥ ਦਿੰਦਾ ਰਹੇਗਾ। ਫੈਡਰੇਸ਼ਨ ਦੇ ਲੀਡਰ ਜਨਤਕ ਸਿਆਸੀ ਕਾਰਵਾਈਆਂ ਨੂੰ ਨੇਪਰੇ ਚਾੜ੍ਹਨ ਵਿਚ ਠੀਕ ਮੁਹਾਰਤ ਹਾਸਿਲ ਕਰ ਲੈਣਗੇ। ...'

'...ਦਲਬੀਰ ਸਿੰਘ ਅੱਗੇ ਬੋਲਿਆ: ਜਨਤਕ ਰੂਪ ਵਿਚ ਮਜ਼ਬੂਤ ਹੋ ਰਹੇ ਸਿੱਖ ਸੰਘਰਸ਼ ਦਾ ਭਾਵੁਕ ਨਾਹਰਿਆਂ ਨਾਲ਼ ਲੀਹੋਂ-ਲਹਿ ਜਾਣ ਦਾ ਵੱਡਾ ਖਤਰਾ ਹੈ। ਕੱਚੀ-ਭਾਵੁਕ ਸੋਝੀ ਵਾਲ਼ੇ ਸਿੱਖ ਨੌਜਵਾਨਾਂ ਦੇ ਵਧੀਆ ਕੇਡਰ ਨੂੰ ਕਦੇ ਵੀ ਕੋਈ ਸਰਕਾਰੀ ਗੋਲ਼ੀਆਂ ਸਾਹਮਣੇ ਡਾਹ ਸਕਦੈ। ਮਰਨ-ਮਾਰਨ ਨੂੰ ਉਹ ਪਹਿਲਾਂ ਹੀ ਤਿਆਰ ਬੈਠੇ ਹਨ। ਸਵਾਲ ਤਾਂ ਇਹ ਹੈ ਕਿ ਹੀਰਿਆਂ ਵਰਗੇ ਸਿੱਖ ਗੱਭਰੂਆਂ ਨੂੰ ਐਵੇਂ ਹੀ ਬਲ਼ੀ ਨਾ ਚੜ੍ਹਾਅ ਦਿੱਤਾ ਜਾਵੇ, ਤੇ ਸਿੱਖ ਭਾਈਚਾਰੇ ਲਈ ਕੋਈ ਸਿਆਸੀ ਪ੍ਰਾਪਤੀ ਵੀ ਨਾ ਹੋਵੇ। ਸਿਆਸਤ ਹਠ-ਧਰਮੀ ਨਹੀਂ ਹੁੰਦੀ ...ਨਿਰੋਲ ਬਦਲਾ ਲੈਣ ਦੀ ਪ੍ਰਕਿਰਿਆ ਵੀ ਨਹੀਂ ਹੁੰਦੀ....ਘੱਟ ਤੋਂ ਘੱਟ ਨੁਕਸਾਨ ਕਰਵਾ ਕੇ ਵੱਧ ਤੋਂ ਵੱਧ ਸਿਆਸੀ ਫਾਇਦਾ ਲੈਣ ਨੂੰ ਹੀ 'ਸਟੇਟਸਮੈਨਸ਼ਿਪ' ਕਿਹਾ ਜਾਂਦਾ ਹੈ.....'

'...ਡਾ. ਸੋਹਣ ਸਿੰਘ ਸਰਬੱਤ ਖਾਲਸਾ ਵਿਚ ਕਿਸੇ ਵੀ ਹਾਲਤ ਵਿਚ ਖਾਲਿਸਤਾਨ ਦੀ ਮੰਗ ਪਵਾਉਣਾ ਚਾਹੁੰਦਾ ਸੀ, ਜਿਸ ਬਾਰੇ ਸਰਬੱਤ ਖਾਲਸਾ ਤੋਂ ਇੱਕ ਰਾਤ ਪਹਿਲਾਂ ਹੋਈ ਮੀਟਿੰਗ ਵਿਚ ਉਸਨੇ ਖਾੜਕੂਆਂ ਸਾਹਮਣੇ ਆਪਣਾ ਵਿਚਾਰ ਰੱਖਿਆ: 'ਸਰਬੱਤ ਖਾਲਸੇ ਦੇ ਖਰੜੇ ਵਿਚ ਖਾਲਿਸਤਾਨ ਦਾ ਮੁੱਦਾ ਹੋਣਾ ਚਾਹੀਦਾ ਹੈ?' ਜਿਸਦੇ ਜਵਾਬ ਵਿਚ ਦਲਬੀਰ ਸਿੰਘ ਨੇ ਕਿਹਾ: 'ਖਾਲਿਸਤਾਨ ਨੂੰ ਮੁੱਖ ਮੁੱਦਾ ਪੇਸ਼ ਕਰ ਲਓ, ਪਰ ਮੈਂ ਇਸਦਾ ਭਾਈਵਾਲ਼ ਨਹੀਂ ਬਣਦਾ। '

'ਨੇੜਿਉਂ ਡਿੱਠੇ ਸੰਤ ਭਿੰਡਰਾਂਵਾਲ਼ੇ' ਕਿਤਾਬ ਅਨੁਸਾਰ; 'ਜੂਨ 84 ਤੇ ਨਵੰਬਰ 84 ਦੀਆਂ ਘਟਨਾਵਾਂ ਤੋਂ ਬਾਅਦ ਗੁੱਸੇ ਵਿਚ 'ਖਾਲਿਸਤਾਨ ਦਾ ਨਾਹਰਾ' ਇੱਕ ਕੁਦਰਤੀ ਜਿਹਾ ਪ੍ਰਤੀਕਰਮ ਤਾਂ ਦਿਸਦਾ ਸੀ, ਪਰ ਇਹ ਕੋਈ ਡੂੰਘੀ ਰਾਜਨੀਤਕ ਸੋਚ ਵਿਚੋਂ ਉਪਜਿਆ ਹੋਇਆ ਪੈਂਤੜਾ ਨਹੀਂ ਸੀ। ' (ਪੰਨਾ-205)

'ਗੁਰਬਾਣੀ 'ਚੋਂ ਉਪਜੇ ਦੋ ਨਿਸ਼ਾਨਿਆਂ 'ਹਲੇਮੀ ਰਾਜ' ਅਤੇ 'ਬੇਗਮਪੁਰੇ' ਦੀ ਸਿਰਜਣਾ ਨੂੰ ਅਧਾਰ ਬਣਾ ਕੇ ਜੋ 'ਖਾਲਿਸਤਾਨ' ਦਾ ਨਿਸ਼ਾਨਾ ਚਿਤਵਿਆ ਗਿਆ ਹੈ, ਉਸ ਰਾਜ ਦੀ ਪੂਰਤੀ ਲਈ ਸਿੱਖਾਂ ਵਿਚ ਅਜਿਹੇ ਲੋਕ ਜਾਂ ਅਜਿਹੀ ਕੋਈ ਸੰਸਥਾ ਕਿੱਧਰੇ ਨਜ਼ਰ ਨਹੀਂ ਆਉਂਦੀ, ਜੋ ਇਹੋ ਜਿਹਾ ਵਧੀਆ ਰਾਜ ਅਤੇ ਸਮਾਜ ਸਿਰਜਣ ਦੇ ਯੋਗ ਹੋਵੇ? ਬਾਕੀ ਗੁਰਬਾਣੀ ਦੇ ਪੈਂਤੜੇ ਤੋਂ ਇਸਦਾ ਕਲ਼ਾਵਾ ਸਮੁੱਚੀ ਦੁਨੀਆ ਬਣਦਾ ਹੈ। ਇਹ ਵੱਖਵਾਦੀ, ਨਸਲਵਾਦੀ ਅਤੇ ਭੂਗੋਲਿਕ ਨਹੀਂ। ' (ਪੰਨਾ-206)

'ਸਰਬੱਤ ਖਾਲਸਾ ਦਾ ਇਹ ਮਹਾਨ ਇਤਿਹਾਸਕ ਇਕੱਠ ਇਹ ਫਿਰ ਦੁਹਰਾਉਂਦਾ ਹੈ ਕਿ ਸਿੱਖ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਅਤੇ ਕਾਂਗਰਸੀ ਆਗੂਆਂ ਵੱਲੋਂ ਸਿੱਖਾਂ ਨਾਲ਼ ਕੀਤੇ ਹੋਏ ਵਾਅਦਿਆਂ ਦੀ ਪ੍ਰਾਪਤੀ ਲਈ ਆਪਣਾ ਸੰਘਰਸ਼ ਜਾਰੀ ਰੱਖਣਗੇ। ' (ਪੰਨਾ-226)

'25 ਜਨਵਰੀ, 1986 ਤੱਕ ਅਜੇ ਸਿੰਘਾਂ ਵਿਚ ਕੋਈ ਬਹੁਤੀ ਫੁੱਟ ਨਹੀਂ ਸੀ, ਜੋ ਬਾਅਦ ਵਿਚ ਆਪਸੀ ਮਾਰ-ਮਰਾਈ ਤੱਕ ਪਹੁੰਚ ਗਈ। ਇਸ ਫੁੱਟ ਦੇ ਮੁੱਖ ਦੋਸ਼ੀ ਡਾ. ਸੋਹਣ ਸਿੰਘ ਅਤੇ ਬਾਬਾ ਜੋਗਿੰਦਰ ਸਿੰਘ ਸਨ, ਜਿਨ੍ਹਾਂ ਨੂੰ ਆਪਣੀ ਲੀਡਰੀ ਦਾ ਬਹੁਤ ਖਿਆਲ ਸੀ। ' (ਪੰਨਾ;-145)

'ਸਰਬਤ ਖਾਲਸਾ ਵਲੋਂ ਪਾਸ ਕੀਤੇ ਜਾਣ ਵਾਲ਼ੇ ਖਰੜੇ ਵਿਚ ਖਾਲਿਸਤਾਨ ਦੀ ਕੋਈ ਗੱਲ ਨਹੀਂ ਸੀ, ਸਾਰੇ ਸਿੰਘ ਸਾਰੀ ਤਿਆਰੀ ਕਰਕੇ 25 ਜਨਵਰੀ ਦੀ ਰਾਤ ਨੂੰ ਆਪਣੇ ਠਿਕਾਣਿਆਂ 'ਤੇ ਚਲੇ ਗਏ ਸਨ। ਫਿਰ ਰਾਤ ਨੂੰ ਦੋ ਵਜੇ ਮੈਸੇਜ ਆਇਆ ਕਿ ਦੁਬਾਰਾ ਮੀਟਿੰਗ ਕਰਨੀ ਹੈ, ਜਦੋਂ ਮੈਂ ਮਹਿਤੇ ਚੌਂਕ ਪਹੁੰਚਾ ਤਾਂ ਡਾ. ਸੋਹਣ ਸਿੰਘ ਪਹਿਲਾਂ ਹੀ ਉਥੇ ਬੈਠੇ ਸਨ। ਮੈਨੂੰ ਦੇਖ ਕੇ ਕਹਿਣ ਲੱਗੇ: ਦਲਬੀਰ ਸਿੰਘ ਜੀ, ਤੁਸੀਂ ਤਾਂ ਚਲੇ ਗਏ ਸੀ, ਫਿਰ ਆ ਗਏ। ਡਾਕਟਰ ਦਾ ਇਹ ਕਥਨ ਮੇਰੇ 'ਤੇ ਰੋਅਬ ਜਮਾਉਣ ਵਾਲ਼ਾ ਸੀ, ਮੈਂ ਇਸਨੂੰ ਭਾਂਪ ਕੇ ਇੱਕਦਮ ਗੁੱਸੇ ਵਿਚ ਜਵਾਬ ਦਿੱਤਾ: 'ਡਾਕਟਰ ਤੇਰੇ ਵਰਗੇ ਮੈਂ ਬਹੁਤ ਖਾਧੇ-ਪੀਤੇ ਹਨ।' ਇਸ ਤੋਂ ਮਗਰੋਂ ਕੁਝ ਤਲਖੀ ਬਾਅਦ ਮੀਟਿੰਗ ਫਿਰ ਸ਼ੁਰੂ ਹੋਈ ਤਾਂ ਸਾਰੀਆਂ ਮੰਗਾਂ ਦੁਬਾਰਾ ਪੜ੍ਹੀਆਂ ਗਈਆਂ ਤਾਂ ਡਾਕਟਰ ਸੋਹਣ ਸਿੰਘ ਕਹਿਣ ਲੱਗਾ ਕਿ ਖਾਲਸਾ ਮੰਗਾਂ ਨਹੀਂ ਕਰਦਾ, ਉਹ ਤਾਂ ਹੱਕ ਲੈਂਦਾ ਹੈ। ਮੈਂ ਝੱਟ ਸਾਰੀਆਂ ਮੰਗਾਂ 'ਤੇ ਲੀਕ ਫੇਰ ਦਿੱਤੀ। ਡਾਕਟਰ ਫਿਰ ਕਹਿਣ ਲੱਗਾ ਕਿ ਇਸ ਖਰੜੇ ਵਿਚ 'ਖਾਲਿਸਤਾਨ' ਦੀ ਮੰਗ ਹੋਣੀ ਚਾਹੀਦੀ ਹੈ। ਮੇਰਾ ਉਤਰ ਸੀ, ਤੁਸੀਂ ਜੀਅ ਸਦਕੇ ਇਹ ਮੰਗ ਪਾ ਲਉ, ਪਰ ਮੈਂ ਇਸਦਾ ਭਾਈਵਾਲ਼ ਨਹੀਂ ਬਣ ਸਕਦਾ। ਇਸ ਤੋਂ ਬਾਅਦ ਕੁਝ ਬਹਿਸ ਬਸੱਈਏ ਤੋਂ ਬਾਅਦ ਪਹਿਲਾਂ ਵਾਲ਼ਾ ਖਰੜਾ ਰੱਖਣ ਦਾ ਫੈਸਲਾ ਹੋਇਆ। ਸੰਤਾਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ, ਜੋ ਉਨ੍ਹੀਂ ਦਿਨੀਂ ਸੰਘਰਸ਼ ਦੀ ਮੁੱਖ ਧਾਰਾ ਦੇ ਆਗੂ ਹੋਣ ਦਾ ਭਰਮ ਪਾਲ਼ੀ ਬੈਠੇ ਸਨ, ਉਥੋਂ ਵਾਕ-ਆਊਟ ਕਰ ਗਏ।' (ਪੰਨਾ-145)

'ਫਿਰ ਅਪਰੈਲ, 1986 ਵਿਚ ਇੱਕ ਨਵਾਂ ਸਰਬੱਤ ਖਾਲਸਾ ਸੱਦਿਆ ਗਿਆ। ਜਿਸ ਵਿਚ ਮੁੱਖ ਰੂਪ ਵਿਚ ਡਾ. ਸੋਹਣ ਸਿੰਘ, ਬਾਬਾ ਜੋਗਿੰਦਰ ਸਿੰਘ, ਹਰਚਰਨ ਸਿੰਘ ਰੋਡੇ, ਜਥੇਦਾਰ ਗੁਰਦੇਵ ਸਿੰਘ ਕਾਉਂਕੇ ਸ਼ਾਮਿਲ ਹੋਏ। ਜਿਸ ਵਿਚ ਨਾ ਕੋਈ ਨਵੀਂ ਸੇਧ ਦਿੱਤੀ ਗਈ ਤੇ ਨਾ ਹੀ ਕੋਈ ਨਵਾਂ ਪੈਂਤੜਾ ਉਲੀਕਿਆ ਗਿਆ। ਪਰ ਕੁਝ ਦਿਨਾਂ ਬਾਅਦ ਪੱਤਰਕਾਰਾਂ ਨੂੰ ਦਰਬਾਰ ਸਾਹਿਬ ਸੱਦ ਕੇ ਪੰਥਕ ਕਮੇਟੀ ਰਾਹੀਂ 29 ਅਪਰੈਲ, 1986 ਨੂੰ ਖਾਲਿਸਤਾਨ ਦਾ ਐਲਾਨ ਕਰਵਾ ਦਿੱਤਾ ਗਿਆ। ਇਸ ਤੋਂ ਪਹਿਲਾਂ (13 ਅਪਰੈਲ ਤੋਂ 28 ਅਪਰੈਲ ਵਿਚਕਾਰ) ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈ ਕੇ ਫੈਸਲਾ ਲੈਣ ਦੀ ਕੋਸ਼ਿਸ਼ ਕੀਤੀ ਗਈ, ਪਰ ਗੁਰੂ ਗ੍ਰੰਥ ਸਾਹਿਬ ਦਾ ਵਾਕ 'ਖਾਲਿਸਤਾਨ' ਦੇ ਵਿਰੁੱਧ ਆਇਆ। ਫਿਰ ਗੁਰੂ ਰਾਮਦਾਸ ਸਰੋਵਰ ਵਿਚ ਦੋ ਪਰਚੀਆਂ ਪਾਈਆਂ ਗਈਆਂ, 'ਖਾਲਿਸਤਾਨ' ਵਾਲ਼ੀ ਪਰਚੀ ਡੁੱਬ ਗਈ। ਪਰ ਫਿਰ ਵੀ ਗੁਰੂ ਵਰਤਾਰੇ ਨੂੰ ਠੁਕਰਾ ਕੇ ਡਾ. ਸੋਹਣ ਸਿੰਘ ਨੇ 'ਖਾਲਿਸਤਾਨ' ਦਾ ਐਲਾਨ ਕਰਵਾ ਦਿੱਤਾ। ਇਸ ਤੋਂ ਬਾਅਦ ਜੋ ਵਾਪਰਿਆ, ਹੁਣ ਇਤਿਹਾਸ ਦਾ ਹਿਸਾ ਹੈ। 'ਖਾਲਿਸਤਾਨ; ਦੀ ਪ੍ਰਾਪਤੀ ਦੇ ਸੰਘਰਸ਼ ਨੂੰ ਅੱਗੇ ਤੋਰ ਸਕਣਾ, ਸਰਕਾਰੀ ਮੋਟੀ ਪੈਨਸ਼ਨ ਪ੍ਰਾਪਤ ਕਰ ਕੇ ਵਿਹਲੇ ਹੋਏ ਸੋਹਣ ਸਿੰਘ ਲਈ ਤਾਂ ਇੱਕ ਰੁਝੇਵਾਂ ਹੋ ਸਕਦਾ ਸੀ, ਪਰ ਸਿੱਖ ਗੱਭਰੂਆਂ ਨੂੰ ਤਾਂ ਖੂਨ ਦੀ ਹੋਲੀ ਖੇਡਣੀ ਪਈ। ਸਮੁੱਚਾ ਸਿੱਖ ਸੰਘਰਸ਼ ਖੇਰੂੰ-ਖੇਰੂੰ ਹੋ ਗਿਆ, ਜਿਸਦਾ ਸਿਖਰ ਆਪਸੀ ਮਾਰ-ਮਰਾਈ ਤੱਕ ਜਾ ਪਹੁੰਚਾ ਸੀ। ਸਮਾਂ ਪਾ ਕੇ ਬਰਸਾਤੀ ਡੱਡੂਆਂ ਵਾਂਗ ਅਨੇਕ ਲੀਡਰ ਪੈਦਾ ਹੋਏ, ਜਿਨ੍ਹਾਂ ਸਰਕਾਰੀ ਚੋਗਾ ਵੀ ਖਾਧਾ ਅਤੇ ਲੁੱਟ-ਮਾਰ ਦੇ ਪੈਸੇ ਨਾਲ਼ ਕਾਰਾਂ, ਕੋਠੀਆਂ ਤੇ ਜ਼ਮੀਨਾਂ ਖਰੀਦੀਆਂ। ਪਾਠਕਾਂ ਨੂੰ ਇੱਥੇ ਦੱਸਣਾ ਵਾਜਿਬ ਰਹੇਗਾ ਕਿ ਡਾ. ਸੋਹਣ ਸਿੰਘ ਦੇ ਵਾਰ-ਵਾਰ ਕਹਿਣ 'ਤੇ ਵੀ ਸੰਤਾਂ ਨੇ ਕਦੇ 'ਖਾਲਿਸਤਾਨ' ਦੀ ਗੱਲ ਨਹੀਂ ਕਹੀ ਸੀ। ਪਰ 84 ਤੋਂ ਬਾਅਦ ਦੇ ਸੰਘਰਸ਼ ਵਿਚ ਡਾ. ਸੋਹਣ ਸਿੰਘ ਨੇ ਫੁੱਟ ਦੇ ਬੀਜ ਪਾ ਦਿੱਤੇ ਸਨ। ਡਾ. ਦੀ ਇਹ ਪਹੁੰਚ ਆਪਣੀ ਭਾਵੁਕਤਾ ਵਿਚੋਂ ਸੀ ਜਾਂ ਕਿਸੇ 'ਚੁੱਕਣਾ' ਵੱਸ ਸੀ, ਇਸਦੀ ਜਾਣਕਾਰੀ ਭਵਿੱਖ ਵਿਚ ਸਰਕਾਰੀ ਰਿਕਾਰਡ ਵਿਚੋਂ ਹੀ ਮਿਲ ਸਕੇਗੀ। ਇਹ ਵੀ ਦੱਸਣਾ ਵਾਜਿਬ ਰਹੇਗਾ ਕਿ ਸੋਹਣ ਸਿੰਘ ਦੀ ਗ੍ਰਿਫਤਾਰੀ ਚੰਡੀਗੜ੍ਹ ਤੋਂ ਹੋਈ ਸੀ, ਪਰ ਬਾਅਦ ਵਿਚ ਦਿਖਾਈ ਨੇਪਾਲ ਬਾਰਡਰ ਤੋਂ ਸੀ। ' (ਪੰਨਾ-146)

'ਖਾਲਿਸਤਾਨ ਦੀ ਮੰਗ ਪਹਿਲਾਂ ਡਾ. ਜਗਜੀਤ ਸਿੰਘ ਚੌਹਾਨ ਨੇ ਕੀਤੀ ਸੀ, ਜਿਸਨੇ ਕਾਂਗਰਸ ਨਾਲ਼ ਰਲ਼ ਕੇ ਸ. ਗੁਰਨਾਮ ਸਿੰਘ ਦੀ ਅਕਾਲੀ ਸਰਕਾਰ ਡੇਗ ਕੇ ਸ. ਲਛਮਣ ਸਿੰਘ ਨੂੰ ਮੁੱਖ ਮੰਤਰੀ ਬਣਵਾਇਆ ਸੀ ਤੇ ਆਪ ਖਜ਼ਾਨਾ ਮੰਤਰੀ ਬਣਿਆ ਸੀ। ' (ਪੰਨ-147)

ਇਹ ਸਾਰੀ ਜਾਣਕਾਰੀ ਦੇਣ ਤੋਂ ਭਾਵ ਇਹੀ ਹੈ ਕਿ ਬੇਸ਼ਕ ਖਾਲਿਸਤਾਨ ਦੇ ਨਾਅਰੇ ਤਾਂ ਲੰਬੇ ਸਮੇਂ ਤੋਂ ਮਾਰੇ ਜਾ ਰਹੇ ਹਨ, ਖਾਲਿਸਤਾਨ ਦੇ ਝੰਡੇ ਝੁਲਾਉਣ ਦੇ ਨਾਮ 'ਤੇ ਪੰਜਾਬ ਦਾ ਮਾਹੌਲ ਵੀ ਖਰਾਬ ਕੀਤਾ ਜਾ ਰਿਹਾ ਹੈ, ਪਰ ਜਿਸ ਤਰ੍ਹਾਂ ਸਿੱਖ ਲੀਡਰਸ਼ਿਪ 1947 ਤੋਂ ਪਹਿਲਾਂ ਆਪਣੇ ਰਾਜਸੀ ਨਿਸ਼ਾਨਿਆਂ ਪ੍ਰਤੀ ਸਪੱਸ਼ਟ ਨਹੀਂ ਸੀ, ਉਸੇ ਤਰ੍ਹਾਂ 47 ਤੋਂ 84 ਤੱਕ ਸਪੱਸ਼ਟ ਨਹੀਂ ਸੀ, ਫਿਰ 84 ਤੋਂ ਬਾਅਦ ਉਭਰੀ ਨਵੀਂ ਖਾੜਕੂ ਲੀਡਰਸ਼ਿਪ ਵੀ ਆਪਣੇ ਨਿਸ਼ਾਨੇ ਪ੍ਰਤੀ ਸਪੱਸ਼ਟ ਨਹੀਂ ਸੀ, 1995 ਤੱਕ ਖਾੜਕੂ ਮੂਵਮੈਂਟ ਖਤਮ ਹੋਣ ਤੋਂ 27 ਸਾਲ ਬਾਅਦ ਵੀ ਮੌਜੂਦਾ ਪੰਥਕ ਲੀਡਰਸ਼ਿਪ ਸਪੱਸ਼ਟ ਨਹੀਂ ਹੈ ਕਿ ਉਹ ਅਸਲ ਵਿਚ ਕਰਨਾ ਕੀ ਚਾਹੁੰਦੇ ਹਨ? ਸਿੱਖ ਲੀਡਰਸ਼ਿਪ ਵਲੋਂ ਬਿਨਾਂ ਸਪੱਸ਼ਟ ਨਿਸ਼ਾਨੇ ਅਤੇ ਵਿਉਂਤਬੰਦੀ ਦੇ ਕੌਮ ਨੂੰ ਬਲਦੀ ਦੇ ਬੂਥੇ ਦੇਈ ਰੱਖਣਾ ਕਿਤਨੀ ਕੁ ਸਿਆਣਪ ਹੈ? ਜੇ ਆਮ ਸਿੱਖਾਂ ਦੀ ਖਾਲਿਸਤਾਨ ਵਿਚ ਕੋਈ ਦਿਲਚਸਪੀ ਨਹੀਂ ਤਾਂ ਫਿਰ ਕਮਿਊਨਿਟੀ ਦੇ ਇੱਕ ਛੋਟੇ ਜਿਹੇ ਸੈਕਸ਼ਨ ਵਲੋਂ ਆਪਣੀਆਂ ਜਜ਼ਬਾਤੀ ਅਕਾਂਖਿਆਵਾਂ ਕਾਰਨ ਸਾਰੇ ਪੰਜਾਬ ਦੇ ਲੋਕ ਸੰਤਾਪ ਕਿਉਂ ਹੰਢਾ ਰਹੇ ਹਨ? ਇਸ ਬਾਰੇ ਸਭ ਨੂੰ ਸਪੱਸ਼ਟ ਹੋਣ ਦੀ ਲੋੜ ਹੈ?

ਇਸ ਸਾਰੀ ਵਾਰਤਾਲਾਪ ਦਾ ਸਾਰ ਤੱਤ ਇਹੀ ਹੈ ਕਿ ਜਿੱਥੇ ਖਾਲਿਸਤਾਨ ਦਾ ਨਾਅਰਾ ਕੁਝ ਜਜ਼ਬਾਤੀ ਤੇ ਜੋਸ਼ੀਲੇ ਲੋਕ ਅਗਿਆਨਤਾ ਵਿਚ ਮਾਰ ਰਹੇ ਹਨ, ਉਥੇ ਸਰਕਾਰੀ ਏਜੰਸੀਆਂ ਵਲੋਂ ਆਪਣੇ ਬੰਦਿਆਂ ਰਾਹੀਂ ਸਿੱਖਾਂ ਨੂੰ ਅਤਿਵਾਦੀ ਤੇ ਵੱਖਵਾਦੀ ਸਾਬਿਤ ਕਰਨ ਲਈ ਵੀ ਅਜਿਹੇ ਨਾਅਰੇ ਮਰਾਏ ਜਾਂਦੇ ਹਨ ਤੇ ਮੁੱਦੇ ਖੜ੍ਹੇ ਕੀਤੇ ਜਾਂਦੇ ਹਨ। ਫਿਰ ਇਸ ਨਾਅਰੇ ਨੂੰ ਅਧਾਰ ਬਣਾ ਕੇ ਪਿਛਲੇ 40-50 ਸਾਲਾਂ ਤੋਂ ਸਿੱਖਾਂ ਨੂੰ ਅਤਿਵਾਦੀ ਤੇ ਵੱਖਵਾਦੀ ਸਾਬਿਤ ਕਰਨ ਲਈ ਰਾਜਨੀਤਕ ਲੋਕ ਵਰਤ ਰਹੇ ਹਨ। ਬੇਸ਼ਕ ਸਿੱਖਾਂ ਦੀ ਬਹੁ-ਗਿਣਤੀ ਇਸ ਨਾਅਰੇ ਜਾਂ ਨਿਸ਼ਾਨੇ ਨਾਲ਼ ਬਿਲਕੁਲ ਸਹਿਮਤ ਨਹੀਂ, ਪਰ ਇੱਕ ਛੋਟੇ ਜਿਹੇ ਸੈਕਸ਼ਨ ਖ਼ਿਲਾਫ ਕੋਈ ਸਪੱਸ਼ਟ ਸਟੈਂਡ ਨਾ ਲੈਣ ਕਾਰਨ, ਇਹ ਨਾਅਰਾ ਸਿੱਖਾਂ ਦਾ ਖਹਿੜਾ ਨਹੀਂ ਛੱਡ ਰਿਹਾ। ਕਿਸਾਨੀ ਸੰਘਰਸ਼ ਦੌਰਾਨ ਵੀ ਇਸ ਛੋਟੇ ਜਿਹੇ ਸੈਕਸ਼ਨ ਦੀਆਂ ਹਰਕਤਾਂ ਕਾਰਨ ਸਾਰੇ ਸੰਘਰਸ਼ ਨੂੰ ਖਾਲਿਸਤਾਨ ਨਾਲ਼ ਜੋੜ ਕੇ ਬਦਨਾਮ ਕਰਨ ਦੀ ਸਰਕਾਰ ਵਲੋਂ ਚਾਲ ਚੱਲੀ ਗਈ ਸੀ, ਜਿਸਨੂੰ ਕਿਸਾਨ ਲੀਡਰਾਂ ਸਫਲ ਨਹੀ ਹੋਣ ਦਿੱਤਾ ਸੀ।

ਸਿੱਖ ਵਿਦਵਾਨ ਵੀ ਇਸ ਸਬੰਧੀ ਬੜੀ ਦੁਬਿਧਾ ਦਾ ਸ਼ਿਕਾਰ ਹਨ, ਕੋਈ ਕੁਝ ਕਹਿ ਰਿਹਾ ਹੈ ਤੇ ਕੋਈ ਕੁਝ ਕਹਿ ਰਿਹਾ ਹੈ। ਪਟਿਆਲ਼ੇ ਦੀਆਂ ਘਟਨਾਵਾਂ ਦੇ ਸਬੰਧ ਵਿਚ ਸਿੱਖ ਵਿਦਵਾਨ ਸ. ਗੁਰਤੇਜ ਸਿੰਘ, ਜਿੱਥੇ ਆਪਣੀ 'ਤਖਤ ਪੰਜਾਬ' ਯੂ ਟਿਊਬ ਚੈਨਲ 'ਤੇ ਦਿੱਤੀ ਤਾਜ਼ਾ ਇੰਟਰਵਿਊ ਵਿਚ ਖਾਲਿਸਤਾਨ ਨੂੰ ਸਿੱਖਾਂ ਸਿਰ ਭਾਰਤ ਦੀ ਹਿੰਦੂ ਸਟੇਟ ਵਲੋਂ ਕੁੱਟਣ ਲਈ ਮੜ੍ਹਿਆ ਨਾਅਰਾ ਦੱਸਦੇ ਹਨ, ਉਥੇ ਉਹ ਇੱਕ ਹੋਰ ਅਜੀਬ ਜਿਹਾ ਤਰਕ ਵੀ ਦਿੰਦੇ ਹਨ ਕਿ ਮੁਸਲਮਾਨ ਵੀ ਪਾਕਿਸਤਾਨ ਬਣਾਉਣ ਦੇ ਹੱਕ ਵਿਚ ਨਹੀਂ ਸਨ, ਪਰ ਹਿੰਦੂਆਂ ਨੇ ਹੀ ਉਨ੍ਹਾਂ ਸਿਰ ਵੀ ਪਾਕਿਸਤਾਨ ਮੜ੍ਹਿਆ ਸੀ ਤਾਂ ਕਿ ਮੁਸਲਮਾਨਾਂ ਨੂੰ ਭਾਰਤ ਵਿਚੋਂ ਬਾਹਰ ਕੱਢਿਆ ਜਾ ਸਕੇ ਤੇ ਭਾਰਤ ਸਿਰਫ ਹਿੰਦੂਆਂ ਦਾ ਦੇਸ਼ ਰਹਿ ਜਾਵੇ। ਪਰ ਸਾਡੇ ਇਹ ਸੂਝਵਾਨ ਵਿਦਵਾਨ ਹਿੰਦੂ ਲੀਡਰਾਂ ਪੰਡਤ ਨਹਿਰੂ ਜਾਂ ਮਹਾਤਮਾ ਗਾਂਧੀ ਵਰਗੇ ਕੌਮੀ ਨੇਤਾਵਾਂ ਦੀ ਨੀਚਤਾ ਸਾਬਿਤ ਕਰਨ ਲਈ ਇਤਿਹਾਸਕ ਤੱਥਾਂ ਦੀ ਜਹੀ-ਤਹੀ ਫੇਰਨ ਦੇ ਜੋਸ਼ ਵਿਚ ਸਾਰੇ ਇਤਿਹਾਸਕ ਤੱਥਾਂ ਨੂੰ ਵਿਸਾਰ ਦਿੰਦੇ ਹਨ। ਉਨ੍ਹਾਂ ਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ 18ਵੀਂ ਸਦੀ ਵਿਚ ਮੁਗਲ ਸਾਮਰਾਜ ਦੇ ਢਹਿ-ਢੇਰੀ ਹੋਣ ਮਗਰੋਂ ਸ਼ਾਹ ਵਲੀ ਉਲ੍ਹਾ ਦਹੇਲਵੀ ਵਰਗੇ ਇਸਲਾਮਕਿ ਸਕਾਲਰ ਤੇ ਸੁਧਾਰਕ ਕਿਵੇਂ ਸਾਰੇ ਹਿੰਦੁਸਤਾਨ ਵਿਚ ਹੈਦਰੀ ਝੰਡਾ ਝੁਲਾਉਣ ਲਈ ਅਹਿਮਦ ਸ਼ਾਹ ਅਬਦਾਲੀ ਅੱਗੇ ਹਾੜ੍ਹੇ ਕੱਢਣ ਜਾਂਦੇ ਸਨ ਕਿ ਉਨ੍ਹਾਂ ਦੀ ਮੱਦਦ ਕੀਤੀ ਜਾਵੇ ਤਾਂ ਕਿ ਭਾਰਤ ਵਿਚ ਇੱਕ ਵਾਰ ਫਿਰ ਇਸਲਾਮ ਦਾ ਰਾਜ ਹੋ ਸਕੇ। ਡਾ. ਮੁਬਾਰਕ ਅਲੀ ਦੀ ਕਿਤਾਬ 'ਅਲਮੀਆਹ-ਏ-ਤਾਰੀਖ' ਅਨੁਸਾਰ ਸ਼ਾਹ ਵਲੀ ਉਲ੍ਹਾ ਕਿਵੇਂ 18ਵੀਂ ਸਦੀ ਵਿਚ ਮਰਾਠਿਆਂ ਦੇ ਵਧਦੇ ਪ੍ਰਭਾਵ ਤੋਂ ਦੁਖੀ ਸੀ ਤੇ ਉਹ ਆਪਣੇ ਪ੍ਰਵਚਨਾਂ ਵਿਚ ਅਕਸਰ ਕਹਿੰਦਾ ਸੀ ਕਿ ਅੱਲ੍ਹਾ ਦਾ ਉਸ ਉਪਰ ਫੁਰਮਾਨ ਨਾਜ਼ਲ ਹੋਇਆ ਹੈ ਤੇ ਉਹ ਦੇਖ ਰਿਹਾ ਹੈ ਕਿ ਸਾਰੇ ਕਾਫਰ ਮਾਰ ਦਿੱਤੇ ਹਨ ਅਤੇ ਸਭ ਪਾਸੇ ਇਸਲਾਮ ਦਾ ਹੈਦਰੀ ਝੰਡਾ ਝੂਲ ਰਿਹਾ ਹੈ।

ਇਸੇ ਤਰ੍ਹਾਂ ਜੇ ਸਾਡੇ ਵਿਦਵਾਨ 19ਵੀਂ ਸਦੀ ਦੇ ਇਸਲਾਮ ਦੇ ਸਕਾਲਰ ਤੇ ਲੀਡਰ ਸਰ ਸਈਅਦ ਅਹਿਮਦ ਖਾਨ ਬਾਰੇ ਪੜ੍ਹ ਲੈਂਦੇ ਤਾਂ ਉਨ੍ਹਾਂ ਨੂੰ ਪਤਾ ਹੁੰਦਾ ਕਿ ਇਤਿਹਸਾਕ ਤੱਥਾਂ ਅਨੁਸਾਰ ਉਨ੍ਹਾਂ ਨੂੰ ਦੋ ਕੌਮਾਂ (Two Nation) ਹਿੰਦੂ ਤੇ ਮੁਸਲਮਾਨ ਦੀ ਥਿਊਰੀ ਦੇ 'ਪਿਤਾਮਾ' ਮੰਨਿਆ ਜਾਂਦਾ ਹੈ। ਜਿਨ੍ਹਾਂ ਨੇ ਟੂ ਨੇਸ਼ਨ ਥਿਊਰੀ 19ਵੀਂ ਸਦੀ ਦੇ ਆਖਰੀ 2 ਦਹਾਕਿਆਂ ਵਿਚ ਦਿੱਤੀ ਸੀ। ਬਸਤੀਵਾਦੀ ਅੰਗਰੇਜ਼ਾਂ ਦੇ ਭਾਰਤ ਵਿਚ ਕਾਬਿਜ ਹੋਣ ਤੋਂ ਬਾਅਦ ਜਦੋਂ ਮੁਸਲਮਾਨਾਂ ਨੇ ਇਹ ਭਾਂਪ ਲਿਆ ਸੀ ਕਿ ਹੁਣ ਸਾਰੇ ਭਾਰਤ ਵਿਚ ਇਸਲਾਮ ਦਾ ਰਾਜ ਸੰਭਵ ਨਹੀਂ ਤਾਂ ਉਨ੍ਹਾਂ ਨੇ ਸਰ ਸਈਅਦ ਅਹਿਮਦ ਦੀ ਦੋ ਨੇਸ਼ਨ ਥਿਊਰੀ 'ਤੇ 20ਵੀਂ ਸਦੀ ਦੇ ਸ਼ੁਰੂ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਅੰਗਰੇਜ਼ਾਂ ਲਈ ਵੀ ਹਿੰਦੂ-ਮੁਸਲਮਾਨਾਂ ਵਿਚ ਪਾੜ ਰਾਸ ਆਉਂਦਾ ਸੀ। ਪਾਕਿਸਤਾਨ ਬਣਾਉਣ ਵਾਲ਼ੇ ਦੋ ਮੁੱਖ ਲੀਡਰ ਇਲਾਮਾ ਇਕਬਾਲ ਤੇ ਮੁਹੰਮਦ ਅਲੀ ਜਿਨਾਹ, ਉਨ੍ਹਾਂ ਤੋਂ ਹੀ ਪ੍ਰਭਾਵਤ ਹੋ ਕੇ ਉਸੇ ਪ੍ਰੌਜੈਕਟ ਨੂੰ ਹੀ ਅੱਗੇ ਲਿਜਾ ਰਹੇ ਸਨ ਤਾਂ ਕਿ ਮੁਸਲਮਾਨਾਂ ਲਈ ਵੱਖਰਾ ਦੇਸ਼ ਪਾਕਿਸਤਾਨ ਬਣਾਇਆ ਜਾਵੇ।

ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਖਾਲਿਸਤਾਨ ਐਲਾਮਨਨਾਮੇ ਦੀ ਮਹਿਮਾ ਕਰਦਿਆਂ ਆਪਣੀ ਤਾਜਾ ਫੇਸਬੁੱਕ ਲਿਖਤ ਵਿਚ 'ਖਾਲਿਸਤਾਨ ਦੇ ਐਲਾਨਨਾਮੇ' ਬਾਰੇ ਇਉਂ ਲਿਖਦੇ ਹਨ: '29 ਅਪ੍ਰੈਲ, 1986 ਦਾ ਦਿਨ ਸਿੱਖ ਇਤਿਹਾਸ ਦੀ ਸ਼ਾਨਾਮੱਤੀ ਯਾਦਗਾਰ ਹੈ। ਰਾਜਨੀਤਕ ਸੋਝੀ ਦੀ ਸਿਖਰ ਹੈ। ਗੁਰਬਾਣੀ ਦੀ ਅੰਤਰੀਵ ਸਮਝ ਨੂੰ ਦਰਸਾਉਂਦੀ ਇੱਕ ਰਾਜਨੀਤਕ ਦਸਤਾਵੇਜ਼ ਹੈ। ਸਿਆਸੀ ਮੰਜ਼ਿਲ ਬਾਰੇ ਪੈਦਾ ਕੀਤੇ ਤਮਾਮ ਭੁਲੇਖਿਆਂ ਦਾ ਸਦੀਵੀ ਖ਼ਾਤਮਾ ਹੈ। ਦੁਬਿਧਾ ਅਤੇ ਦੋਚਿਤੀ ਵਾਲੀ ਮਾਨਸਿਕਤਾ ਨੂੰ ਅਲਵਿਦਾ ਹੈ। ਜ਼ਮੀਰਾਂ ਦੇ ਜਾਗਣ ਦੀ ਨਵੀਂ ਪ੍ਰਭਾਤ ਹੈ। ਇਤਿਹਾਸ ਦੀ ਤੋਰ ਵਿਚ ਉਠਿਆ ਗਰਜਵਾਂ ਨਾਦ ਹੈ। ਇਹ ਦਿਨ ਪੂਰਵ-ਸਿੱਖ ਇਤਿਹਾਸ ਤੇ ਉੱਤਰ-ਸਿੱਖ ਇਤਿਹਾਸ ਵਿਚ ਵੰਡਿਆ ਗਿਆ ਹੈ। ਇਹ ਸਿੱਖ ਇਤਿਹਾਸ ਵਿਚ ਪਿਆ ਪਾੜ (Rupture) ਹੈ, ਜਦੋਂ ਕੌਮ ਦੀ ਜ਼ਿੰਦਗੀ ਵਿਚ ਸਿਫ਼ਤੀ ਤਬਦੀਲੀ (Qualitative Changes) ਦਾ ਇਕ ਨਵਾਂ ਯੁੱਗ ਆਰੰਭ ਹੁੰਦਾ ਹੈ। ਇਹ ਦਿਨ ਪਾਤਸ਼ਾਹੀ ਦਾਅਵਿਆਂ ਹਲੇਮੀ ਰਾਜ, ਖ਼ਾਲਸਾ ਰਾਜ, ਖ਼ੁਦਮੁਖਤਿਆਰੀ ਦਾ ਅਸਲ ਆਧੁਨਿਕ ਬਦਲ ਹੈ। ਇਹ ਦਿਨ ਦਸਮੇਸ਼-ਪਿਆਰ ਦੀ ਸਿੱਖ ਇਤਿਹਾਸ ਵਿਚ ਸ਼ਮੂਲੀਅਤ ਅਤੇ ਪ੍ਰਵਾਨਗੀ ਦਾ ਦਿਨ ਹੈ। ਇਹ ਦਿਨ ਆਜ਼ਾਦੀ ਅਰਥਾਤ ਸਿੱਖ ਸਾਵਰਨ ਸਟੇਟ ਦਾ ਇਕ ਪਵਿੱਤਰ ਇਕਰਾਰਨਾਮਾ ਹੈ। ਇਹ ਦਿਨ ਸਿੱਖ ਪੰਥ ਦੇ ਅਸਮਾਨ 'ਤੇ ਭੂਤ, ਭਵਿੱਖ ਤੇ ਵਰਤਮਾਨ ਨੂੰ ਵੱਖਰੇ ਤੇ ਮੌਲਿਕ ਨਜ਼ਰੀਏ ਤੋਂ ਵੇਖਣ ਦਾ ਨਵਾਂ ਸੂਰਜ ਚੜ੍ਹਿਆ ਹੈ। ਇਹ ਦਿਨ ਹਿੰਦ-ਪੰਜਾਬ ਦੀ ਜੰਗ ਦਾ ਐਲਾਨਨਾਮਾ ਹੈ। ਖ਼ਾਲਿਸਤਾਨ ਦੀਆਂ ਗੱਲਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਵੀਹਵੀਂ ਸਦੀ ਦੇ ਕਈ ਦੌਰਾਂ ਵਿਚ ਖ਼ਾਲਿਸਤਾਨ ਦੀ ਰੀਝ ਸ਼ਬਦਾਂ ਵਿਚ ਉਤਰਦੀ ਰਹੀ ਹੈ, ਪਰ ਉਹ ਰੀਝ ਕਦੇ ਵੀ ਵੱਡੀ ਲਹਿਰ ਨਹੀਂ ਸੀ ਬਣ ਸਕੀ। ਖ਼ਾਲਿਸਤਾਨ ਦਾ ਜਜ਼ਬਾ ਕੌਮ ਦੇ ਜਜ਼ਬੇ ਵਿਚ ਤਬਦੀਲ ਨਹੀਂ ਸੀ ਹੋ ਸਕਿਆ। ਪਰ 29 ਅਪ੍ਰੈਲ ਦੇ ਇਤਿਹਾਸਕ ਐਲਾਨਨਾਮੇ ਪਿਛੋਂ ਖ਼ਾਲਿਸਤਾਨ ਦੀ ਹਕੀਕਤ ਨੇ, ਖ਼ਾਲਿਸਤਾਨ ਦੇ ਸੰਕਲਪ ਨੇ, ਖਾਲਿਸਤਾਨ ਦੇ ਜਜ਼ਬੇ ਨੇ "ਦਿਲਾਂ ਤੋਂ ਦਿਮਾਗ਼ਾਂ ਵੱਲ ਸਫ਼ਰ ਕਰਨਾ ਸ਼ੁਰੂ ਕਰ ਦਿੱਤਾ ਸੀ। ' ਕਰਮਜੀਤ ਸਿੰਘ ਹੋਰਾਂ ਦਾ ਇਹ ਬਿਰਤਾਂਤ ਭਾਅਜੀ ਦਲਬੀਰ ਸਿੰਘ, ਜਸਪਾਲ ਸਿੰਘ ਸਿੱਧੂ ਜਾਂ ਗੁਰਤੇਜ ਸਿੰਘ ਹੋਰਾਂ ਵਰਗੇ ਅਨੇਕਾਂ ਸਿੱਖ ਵਿਦਵਾਨਾਂ ਨਾਲ਼ ਮੇਲ ਨਹੀਂ ਖਾਂਦਾ। ਅਜਿਹੇ ਵਿਦਵਾਨਾਂ ਦੇ ਖ਼ੂਬਸੂਰਤ ਸ਼ਬਦੀ ਜਾਲ਼ ਬਾਰੇ ਕੀ ਕਿਹਾ ਜਾਵੇ, ਪਾਠਕ ਆਪ ਹੀ ਸਮਝਣ ਦਾ ਯਤਨ ਕਰਨ?

ਇਸੇ ਤਰ੍ਹਾਂ ਇੱਕ ਹੋਰ ਧੁਨੰਤਰ ਪੱਤਰਕਾਰ ਸੁਖਦੇਵ ਸਿੰਘ ਆਪਣੀ ਤਾਜ਼ਾ ਫੇਸਬੁੱਕ ਪੋਸਟ ਵਿਚ ਪਟਿਆਲ਼ੇ ਦੀਆਂ ਘਟਨਾਵਾਂ ਦੇ ਸੰਦਰਭ ਵਿਚ ਇਵੇਂ ਲਿਖ ਰਹੇ ਹਨ: 'ਇੱਕ ਧਿਰ (ਹਿੰਦੂਆਂ) ਦੀਆਂ ਹਰਕਤਾਂ ਦਾ ਸਾਰਾ ਰਿਕਾਰਡ ਮੌਜੂਦ ਹੈ। ਜਿਥੋਂ ਤੱਕ ਦੂਜੀ ਧਿਰ (ਸਿੱਖਾਂ) ਦਾ ਸਬੰਧ ਹੈ, ਪਟਿਆਲ਼ੇ ਦੀਆਂ ਘਟਨਾਵਾਂ ਮੋਟੇ ਤੌਰ 'ਤੇ ਸ਼ਾਂਤੀਪੂਰਨ ਮਾਹੌਲ ਵਿਚ ਬਗ਼ੈਰ ਕਿਸੇ ਵੱਡੇ ਨੁਕਸਾਨ ਦੇ ਗੁਜ਼ਰ ਜਾਣ ਦੇ ਬਾਵਜੂਦ, ਜੋ ਰਾਜ ਪ੍ਰਬੰਧ ਨੂੰ ਝਟਕੇ ਦੂਜੇ ਤੀਜੇ ਦਿਨ ਮਹਿਸੂਸ ਹੋਏ, ਉਨ੍ਹਾਂ ਦਾ ਕੇਂਦਰ ਬਿੰਦੂ ਚੰਡੀਗੜ੍ਹ ਨਹੀਂ, ਦਿੱਲੀ ਸੀ। ਤਾਰਾਂ ਉਥੋਂ ਖੜਕੀਆਂ ਨੇ। ਪਹਿਲਾਂ ਉਸ ਦਫਤਰ ਦਾ ਸਿੱਧਾ ਸੰਪਰਕ ਕਪਤਾਨਾਂ ਅਤੇ ਬਾਦਲਾਂ ਨਾਲ਼ ਹੋਇਆ ਕਰਦਾ ਸੀ, ਹੁਣ ਕੇਜਰੀ ਦੀ ਮਾਰਫਤ ਭਗਵੰਤ ਮਾਨ ਨਾਲ਼ ਹੁੰਦਾ ਹੈ। ਗੱਲ ਇੱਕੋ ਹੈ ਕਿ 'ਸਿੱਖਾਂ ਨੂੰ ਸਿਰ ਨਹੀਂ ਚੁੱਕਣ ਦੇਣਾ, ਭਾਵੇਂ ਗਾਂਧੀ ਦੇ ਮੁਤਵੰਨੇ ਪੁੱਤ ਬਣ ਜਾਣ' ਵਾਲ਼ੇ ਦਿੱਲੀ ਦੇ ਫਾਰਮੂਲੇ ਮੁਤਾਬਿਕ ਹੀ ਮੁਕੱਦਮੇ (ਪ੍ਰਵਾਨੇ, ਭਾਨੇ ਜਾਂ ਹੋਰ ਸਿੱਖ ਨੌਜਵਾਨਾਂ) ਹੋਏ ਹਨ। ਮੌਕੇ ਦੇ ਹਾਲਾਤ ਦਾ ਇਹ ਫਾਰਮੂਲਾ ਕੋਈ ਲਿਹਾਜ਼ ਨਹੀਂ ਕਰਦਾ? ਸਿੱਖ ਜਿੰਨਾ ਮਰਜ਼ੀ ਪੁਰਅਮਨ ਰਹਿਣ, ਗੋਲ਼ੀਆਂ, ਇੱਟਾਂ ਵੱਟਿਆਂ ਦਾ ਸ਼ਿਕਾਰ ਬਣਨ, ਕਿਸੇ ਨੂੰ ਝਰੀਟ ਵੀ ਨਾ ਮਾਰਨ। ਮੌਕੇ 'ਤੇ ਹਾਜ਼ਰ ਪੁਲਿਸ ਭਾਵੇਂ ਸਚਾਈ ਦੀ ਗਵਾਹ ਹੋਵੇ। ਬੱਸ ਇਨ੍ਹਾਂ ਦਾ ਸੜਕਾਂ 'ਤੇ ਉਤਰਨਾ ਹੀ ਦੋਸ਼ ਹੈ। ਫਿਰ ਮੁਕੱਦਮੇ 'ਤੇ ਮੁਕੱਦਮਾ?' ਸੁਖਦੇਵ ਸਿੰਘ ਜੀ ਅਜਿਹਾ ਲਿਖ ਕੇ ਕੀ ਕਹਿਣਾ ਚਾਹੁੰਦੇ ਹਨ, ਸਾਡੇ ਤਾਂ ਸਮਝ ਨਹੀਂ ਆਇਆ, ਇਸਨੂੰ ਪਾਠਕਾਂ 'ਤੇ ਹੀ ਛੱਡਦੇ ਹਾਂ? ਪਰ ਸਾਡੇ ਅਜਿਹੇ ਵਿਦਵਾਨ ਵਿਤਕਰਿਆਂ ਦਾ ਜੋ ਖਿਆਲੀ ਬਿਰਤਾਂਤ ਸਿਰਜਦੇ ਹਨ, ਉਸ ਤੋਂ ਗਰਮ ਖਿਆਲੀ ਨੌਜਵਾਨ ਗੁੰਮਰਾਹ ਹੋਣ ਤੋਂ ਕਿਵੇਂ ਬਚਣ, ਇਹ ਗੰਭੀਰਤਾ ਨਾਲ਼ ਸੋਚਣ ਦਾ ਵਿਸ਼ਾ ਜ਼ਰੂਰ ਹੈ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁਨੀਆ ਦੇ ਹਰ ਖਿੱਤੇ ਵਿਚ ਹਰ ਕੌਮ, ਜਾਤ, ਨਸਲ, ਧਰਮ, ਸਟੇਟ ਦੀਆਂ ਆਪਣੀਆਂ ਰਾਜਨੀਤਕ, ਸਮਾਜਿਕ, ਆਰਥਿਕ ਸਮੱਸਿਆਵਾਂ ਹਨ, ਬਿਨਾਂ ਸ਼ੱਕ ਪੰਜਾਬੀਆਂ ਦੀਆਂ ਵੀ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਪਾਣੀਆਂ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਨੇਕਾਂ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਸਾਰੇ ਭਾਈਚਾਰੇ ਰਲ਼ ਕੇ ਹੀ ਹੱਲ ਕਰ ਸਕਦੇ ਹਨ ਪਰ ਹਰ ਗੱਲ ਨੂੰ ਧਰਮ, ਜਾਤ ਤੇ ਫਿਰਕੇ ਨਾਲ਼ ਜੋੜ ਕੇ ਫਿਰਕੂ ਰੰਗਤ ਦੇਣਾ, ਕਿੱਥੋਂ ਦੀ ਸਿਆਣਪ ਹੈ? ਦੁਨੀਆਂ ਵਿਚ ਹਰ ਫਿਰਕੇ, ਕੌਮ, ਧਰਮ ਵਿਚ ਕੁਝ ਜਜ਼ਬਾਤੀ, ਜੋਸ਼ੀਲੇ, ਖਾੜਕੂ ਸੋਚ ਵਾਲ਼ੇ ਲੋਕ ਹੁੰਦੇ ਹਨ, ਅਜਿਹੇ ਲੋਕਾਂ ਦੀਆਂ ਕਾਰਵਾਈਆਂ ਨੂੰ ਨਿੱਜੀ ਜਾਣ ਕੇ ਕਾਨੂੰਨ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ ਤੇ ਕਾਨੂੰਨ ਦਾ ਸਹਿਯੋਗ ਵੀ ਕਰਨਾ ਚਾਹੀਦਾ ਹੈ, ਪਰ ਸਾਡੇ ਭਾਈਚਾਰੇ ਦੀ ਇਹ ਸਮੱਸਿਆ ਬਣ ਚੁੱਕੀ ਹੈ ਕਿ ਲੋਕਾਂ ਦੇ ਨਿੱਜੀ ਮਸਲਿਆਂ, ਝਗੜਿਆਂ ਨੂੰ ਕੌਮ, ਧਰਮ, ਜਾਤ ਨਾਲ਼ ਜੋੜ ਕੇ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕਰ ਲਈਆਂ ਜਾਂਦੀਆਂ ਹਨ। ਹਰ ਛੋਟੀ-ਮੋਟੀ ਘਟਨਾ ਵਿਚੋਂ ਵਿਤਕਰਿਆਂ ਦਾ ਬਿਰਤਾਂਤ ਸਿਰਜਣ ਦੀ ਕਵਾਇਦ ਚੱਲ ਰਹੀ ਹੈ। ਪਟਿਆਲ਼ੇ ਦੀਆਂ ਘਟਨਾਵਾਂ ਨੂੰ ਵੀ ਜੇ ਇਸੇ ਸੰਦਰਭ ਵਿਚ ਦੇਖਿਆ ਜਾਂਦਾ ਤਾਂ ਕੋਈ ਵੱਡੀ ਸਮੱਸਿਆ ਨਹੀਂ ਸੀ? ਜੇ ਅਮਰੀਕਾ ਬੈਠੇ ਪੰਨੂੰ ਨੇ ਕੋਈ ਗੈਰ ਕਾਨੂੰਨੀ ਕੰਮ ਕਰਨ ਦੀ ਕਾਲ ਦਿੱਤੀ ਸੀ ਤਾਂ ਜੇ ਕੋਈ ਉਸ ਮਗਰ ਲੱਗ ਕੇ ਅਜਿਹਾ ਕੰਮ ਕਰਦਾ ਤਾਂ ਪੁਲਿਸ ਜਾਂ ਕਾਨੂੰਨ ਆਪੇ ਕਾਰਵਾਈ ਕਰਦਾ, ਪਰ ਕਿਸੇ ਵਲੋਂ ਕੁਝ ਕੀਤੇ ਤੋਂ ਪਹਿਲਾਂ ਹੀ ਸ਼ਿਵ ਸੈਨਾ ਦੇ ਕੁਝ ਗਰੁੱਪਾਂ ਵਲੋਂ ਰੋਸ ਮਾਰਚ ਕਰਨ ਦਾ ਐਲਾਨ ਗੈਰ-ਜ਼ਰੂਰੀ ਤੇ ਸ਼ਰਾਰਤ ਭਰਪੂਰ ਸੀ। ਪਰ ਉਸਦੇ ਜਵਾਬ ਵਿਚ ਕੁਝ ਸਿੱਖ ਜਥੇਬੰਦੀਆਂ ਤੇ ਪ੍ਰਵਾਨੇ ਵਰਗਿਆਂ ਵਲੋਂ ਇਸਨੂੰ ਚੈਲਿੰਜ ਕਰਨਾ, ਹੋਰ ਵੀ ਜ਼ਿਆਦਾ ਗੈਰ-ਜ਼ਰੂਰੀ ਤੇ ਸ਼ਰਾਰਤਪੂਰਨ ਸੀ? ਜੇ ਭਾਰਤ ਦੀ ਸੁਪਰੀਮ ਕੋਰਟ ਵਲੋਂ ਇੱਕ ਰੂਲਿੰਗ ਵਿਚ ਕੁਝ ਸਾਲ ਪਹਿਲ਼ਾਂ ਲੋਕਤੰਤਰੀ ਢੰਗ ਨਾਲ਼ ਖਾਲਿਸਤਾਨ ਦੀ ਗੱਲ ਕਰਨ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਮਾਰਨ ਨੂੰ ਗੈਰ-ਕਾਨੂੰਨੀ ਨਹੀਂ ਮੰਨਿਆ ਤਾਂ ਇਸਦਾ ਮਤਲਬ ਇਹ ਕਿਵੇਂ ਹੋ ਗਿਆ ਕਿ ਖਾਲਿਸਤਾਨ ਦਾ ਕੋਈ ਵਿਰੋਧੀ 'ਖਾਲਿਸਤਾਨ ਮੁਰਦਾਬਾਦ' ਨਹੀਂ ਕਹਿ ਸਕਦਾ? ਕੀ ਵਿਚਾਰਾਂ ਦੀ ਆਜ਼ਾਦੀ ਜਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਸਿਰਫ ਇੱਕ ਭਾਈਚਾਰੇ ਨੂੰ ਹੀ ਲਗਦੀ ਹੈ? ਬੇਸ਼ਕ ਧਾਰਮਿਕ ਮਸਲਿਆਂ ਤੇ ਭਾਵਨਾਵਾਂ ਭੜਕਣ ਤੇ ਠੇਸ ਲੱਗਣ ਦਾ ਰੁਝਾਨ ਤਾਂ ਭਾਰਤ ਵਿਚ ਲੰਬੇ ਸਮੇਂ ਤੋਂ ਚੱਲਦਾ ਰਿਹਾ ਹੈ, ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਰਾਜਨੀਤਕ ਮਸਲੇ 'ਤੇ ਵੀ ਕੁਝ ਲੋਕਾਂ ਦੀਆਂ ਭਾਵਨਾਵਾਂ ਭੜਕ ਸਕਦੀਆਂ ਹਨ? ਹੁਣ ਜਦੋਂ ਸਰਕਾਰ ਨੇ ਫਿਰਕੂ ਨਫਰਤ ਫੈਲਾਉਣ ਤੇ ਹਿੰਸਾ ਦੇ ਦੋਸ਼ ਵਿਚ ਦੋਨਾਂ ਧਿਰਾਂ ਦੇ ਕੁਝ ਲੋਕ ਚਾਰਜ ਕੀਤੇ ਹਨ ਤਾਂ ਇਸਨੂੰ ਧਾਰਮਿਕ ਰੰਗਤ ਦੇਣੀ ਕਿਤਨੀ ਕੁ ਜਾਇਜ਼ ਹੋ ਸਕਦੀ ਹੈ? ਇਸ ਸਾਰੇ ਘਟਨਾਕ੍ਰਮ ਵਿਚ ਦੋਸ਼ ਸਿੰਗਲੇ ਜਾਂ ਪ੍ਰਵਾਨੇ ਦਾ ਕਿਤਨਾ ਹੈ, ਬਾਰੇ ਫੈਸਲਾ ਕਰਨ ਤੋਂ ਪਹਿਲਾਂ ਇਹ ਦੇਖਣ ਦੀ ਲੋੜ ਹੈ ਕਿ ਦੋਨਾਂ ਫਿਰਕਿਆਂ ਵਿਚਲੇ ਸਿੰਗਲੇ, ਪਵਨ ਗੁਪਤੇ, ਪੰਚ ਨਾਦ ਗਿਰੀ, ਗੱਗੀ ਪੰਡਤ, ਸੰਜੀਵ ਘਨੌਲ਼ੀ, ਸੁਧੀਰ ਸੂਰੀ ਜਾਂ ਸਿੱਖ ਚਿੰਤਕ ਅਜਮੇਰ ਸਿੰਘ, ਡਾ ਗੁਰਦਰਸ਼ਨ ਢਿਲੋਂ, ਸਰਬਜੀਤ ਸਿੰਘ ਘੁਮਾਣ, ਬਾਬਾ ਬਖਸ਼ੀਸ਼, ਪਲਵਿੰਦਰ ਸਿੰਘ ਤਲਵਾੜਾ, ਅਤਿੰਦਰਪਾਲ ਸਿੰਘ, ਹਰਪ੍ਰੀਤ ਮੱਖੂ, ਸਰਬਜੋਤ ਮੱਕੜ, ਭੁਪਿੰਦਰ ਸਿੰਘ ਸੱਜਣ ਵਰਗੇ ਲੋਕ, ਅਤੇ ਕੁਝ ਸੋਸ਼ਲ ਮੀਡੀਆ ਚੈਨਲ, ਜਿਸ ਕਿਸਮ ਦੇ ਪ੍ਰਵਚਨ ਧੜਾ-ਧੜ ਸੁਣਾ ਰਹੇ ਹਨ ਤੇ ਬਿਰਤਾਂਤ ਸਿਰਜ ਰਹੇ ਹਨ, ਉਨ੍ਹਾਂ ਤੋਂ ਪੰਜਾਬ ਦੀਆਂ ਨੌਜਵਾਨ ਨਸਲਾਂ ਕੀ ਸੇਧ ਲੈਣਗੀਆਂ, ਉਸਦਾ ਸਹਿਜੇ ਕਿਆਸ ਲਾਇਆ ਜਾ ਸਕਦਾ ਹੈ? ਜੋ ਲੋਕ

***(ਬਾਕੀ ਸਫਾ 29 'ਤੇ)***

# ਸਾਧਸੰਗਤਿ ਗੁਰੁ ਸਬਦੁ ਵਸਾਇਆ

ਸਤਵੀਂ ਵਾਰ ਦੀ ਗਿਆਰਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਗਿਆਰਾਂ ਦੀ ਗਿਣਤੀ ਰਾਹੀਂ ਗੁਰਮੁਖਿ ਦੀ ਵਿਆਖਿਆ ਕਰਦੇ ਹਨ। ਆਮ ਤੌਰ 'ਤੇ ਹਿੰਦੂ ਪ੍ਰੰਪਰਾ ਵਿਚ ਇਕਾਦਸ਼ੀ ਅਰਥਾਤ ਚੰਦਰਮਾ ਦੇ ਚਾਨਣੇ ਪੱਖ ਦੇ ਗਿਆਰਵੇਂ ਦਿਨ ਦਾ ਵਰਤ ਰੱਖਣਾ ਖਾਸ ਕਰਕੇ ਇਸਤ੍ਰੀਆਂ ਲਈ ਚੰਗਾ ਮੰਨਿਆ ਜਾਂਦਾ ਹੈ। ਭਾਈ ਗੁਰਦਾਸ ਜੀ ਅਨੁਸਾਰ ਗੁਰਮੁਖਿ ਲਈ ਮਨ ਦੀ ਇਕਾਗਰਤਾ ਨੂੰ ਬਣਾ ਕੇ ਰੱਖਣਾ ਹੀ ਪਤੀਬ੍ਰਤ ਧਰਮ ਅਤੇ ਇਕਾਦਸ਼ੀ ਵਰਤ ਹੈ (ਵਰਤ ਆਦਿ ਰੱਖਣ ਨੂੰ ਗੁਰਮਤਿ ਵਿਚ ਕੋਈ ਮਾਨਤਾ ਪ੍ਰਾਪਤ ਨਹੀਂ ਹੈ। ਇੱਥੇ ਭਾਈ ਗੁਰਦਾਸ ਗਿਆਰਾਂ ਦੀ ਗਿਣਤੀ ਨਾਲ ਜੁੜੀਆਂ ਕੁੱਝ ਪੁਰਾਤਨ ਪ੍ਰੰਪਰਾਵਾਂ ਦੀਆਂ ਉਦਾਹਰਨਾਂ ਲੈ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਗੁਰੂ ਦੀ ਮਤਿ ਅਨੁਸਾਰ ਚੱਲਣ ਵਾਲੇ ਗੁਰਸਿੱਖ ਲਈ ਆਪਣਾ ਧਿਆਨ ਗੁਰੂ ਦੀਆਂ



**ਡਾ. ਗੁਰਨਾਮ ਕੌਰ, ਕੈਨੇਡਾ**

ਸਿੱਖਿਆਵਾਂ 'ਤੇ ਚੱਲਦੇ ਹੋਏ ਵਾਹਿਗੁਰੂ ਵੱਲ ਲਾਉਣ ਵਿਚ ਹੀ ਸਭ ਕੁੱਝ ਆ ਜਾਂਦਾ ਹੈ); ਜਿਵੇਂ ਭਾਈ ਗੁਰਦਾਸ ਨੇ ਕਬਿੱਤ-ਸਵੱਈਆ ਵਿਚ ਵੀ ਇਸ ਤੱਥ ਦਾ ਇਜ਼ਹਾਰ ਕੀਤਾ ਹੈ 'ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ।' ਅੱਗੇ ਗਿਆਰਾਂ ਦੀ ਗਿਣਤੀ ਨੂੰ ਲੈ ਕੇ ਦੱਸਿਆ ਹੈ ਕਿ ਰੁਦਰ (ਸ਼ਿਵ) ਦੇ ਗਿਆਰਾਂ ਸਰੂਪ ਵੀ ਇਸ ਸੰਸਾਰ ਸਮੁੰਦਰ ਵਿਚ ਪਰਮਾਤਮਾ ਦੀ ਸਚਾਈ ਨੂੰ ਇੱਕ ਪਲ ਲਈ ਵੀ ਨਹੀਂ ਸਮਝ ਸਕੇ। (ਸ਼ਿਵ ਨੂੰ ਰੁਦਰ ਵੀ ਕਿਹਾ ਜਾਂਦਾ ਹੈ ਖਾਸ ਕਰਕੇ ਰਿਗ ਵੇਦ ਵਿਚ। ਕਿਹਾ ਜਾਂਦਾ ਹੈ ਕਿ ਸ਼ਿਵ ਨੇ ਅਵਤਾਰਾਂ ਦੇ ਰੂਪ ਵਿਚ ਆਪਣੇ ਗਿਆਰਾਂ ਸਰੂਪ ਪੈਦਾ ਕੀਤੇ, ਜਿਨ੍ਹਾਂ ਦੇ ਨਾਮ ਹਨ ਕਪਿਲ, ਪਿੰਗਲਾ, ਭੀਮ, ਵਿਰੁਪਕਸ਼, ਵਿਲੋਹਿਤ, ਅਜੇਸ਼, ਸ਼ਾਸਨ, ਸ਼ਾਸਤ, ਸ਼ੰਭੂ, ਚੰਦ ਅਤੇ ਭਵ ਆਦਿ)। ਏਨੇ ਅਵਤਾਰ ਧਾਰ ਕੇ ਵੀ ਉਹ ਪਰਮਾਤਮਾ ਨੂੰ ਨਹੀਂ ਸਮਝ ਸਕਿਆ।

ਗੁਰਮੁਖਿ ਨੇ ਪੰਜੇ ਗਿਆਨ ਇੰਦ੍ਰੀਆਂ, ਪੰਜੇ ਕਰਮ ਇੰਦ੍ਰੀਆਂ ਅਤੇ ਗਿਆਰਵੇਂ ਮਨ ਨੂੰ ਕਾਬੂ ਵਿਚ ਕਰ ਕੇ ਇਨ੍ਹਾਂ ਗਿਆਰਾਂ ਦੇ ਵਿਸ਼ਿਆਂ ਅਰਥਾਤ ਇਨ੍ਹਾਂ ਦੇ ਕਾਰਜਾਂ ਨੂੰ ਵੀ ਕਾਬੂ ਵਿਚ ਕਰ ਲਿਆ ਹੈ ਅਤੇ ਮਨ ਨੂੰ ਭਗਤੀ ਦੀ ਕਸਵੱਟੀ 'ਤੇ ਲਾ ਕੇ ਪਵਿੱਤਰ ਕਰ ਲਿਆ ਹੈ। ਗੁਰਮੁਖਿ ਨੇ ਗਿਆਰਾਂ ਗੁਣ ਆਪਣੇ ਅੰਦਰ ਪੈਦਾ ਕਰ ਕੇ ਉਨ੍ਹਾਂ ਦੇ ਵਿਸਥਾਰ ਰਾਹੀਂ ਆਪਣੇ ਕੱਚੇ ਅਤੇ ਅਘੜ ਮਨ ਨੂੰ ਘੜ ਲਿਆ ਹੈ ਅਤੇ ਸਥਿਰ/ਪੱਕਾ ਕਰ ਲਿਆ ਹੈ। ਸਿੱਖ ਨੈਤਿਕਤਾ ਅਨੁਸਾਰ ਸਤਿ, ਸੰਤੋਖ, ਦਇਆ, ਧਰਮ/ਨਿਆਉਂ, ਧੀਰਜ, ਸਿਆਣਪ, ਗਿਆਨ, ਸੰਜਮ, ਹਲੀਮੀ, ਸਿਫ਼ਤਿ, ਸ਼ੀਲ, ਨਿਰਭੈਤਾ ਆਦਿ ਨੈਤਿਕ ਗੁਣ ਮੰਨੇ ਗਏ ਹਨ, ਜਿਨ੍ਹਾਂ ਦਾ ਗੁਰਸਿੱਖ ਜਾਂ ਗੁਰਮੁਖਿ ਨੂੰ ਧਾਰਨੀ ਹੋਣਾ ਚਾਹੀਦਾ ਹੈ। ਭਾਈ ਗੁਰਦਾਸ ਅਨੁਸਾਰ ਇਨ੍ਹਾਂ ਨੈਤਿਕ ਗੁਣਾਂ ਦਾ ਵਿਸਥਾਰ ਕਰ ਕੇ ਗੁਰਮੁਖਿ ਨੇ ਆਪਣੇ ਮਨ ਵਿਚੋਂ ਦਵੈਤਭਾਵ (ਦੂਜਾ ਭਾਉ) ਅਤੇ ਸੰਦੇਹ ਨੂੰ ਦੂਰ ਕਰ ਦਿੱਤਾ ਹੈ। ਗਿਆਰਾਂ ਵਾਰ ਗੁਰੂ ਤੋਂ ਗੁਰਮੰਤਰ ਸੁਣ ਕੇ ਉਸ ਨੂੰ ਮਨ ਵਿਚ ਦਿਰੜਾ ਲਿਆ ਹੈ ਅਤੇ ਗੁਰੂ ਦੀ ਸਿੱਖਿਆ ਲੈ ਕੇ ਗੁਰੂ ਦਾ ਸਿੱਖ ਸਦਵਾਇਆ ਹੈ। ਭਾਵ ਆਪਣੀਆਂ ਪੰਜੇ ਗਿਆਨ ਇੰਦ੍ਰੀਆਂ, ਪੰਜੇ ਕਰਮ ਇੰਦ੍ਰੀਆਂ ਅਤੇ ਮਨ ਨੂੰ ਚੰਗੀ ਤਰ੍ਹਾਂ ਸਿਧਾ ਲਿਆ ਹੈ ਅਤੇ ਗੁਰੂ ਦੀ ਸਿੱਖਿਆ ਨੂੰ ਸੁਣ ਕੇ ਉਸ ਦਾ ਮਨਣ ਕੀਤਾ ਅਤੇ ਉਸ 'ਤੇ ਧਿਆਨ ਧਰਿਆ ਹੈ। ਇਸ ਤਰ੍ਹਾਂ ਆਪਣੀ ਸ਼ਖਸੀਅਤ ਨੂੰ ਗੁਰੂ ਦੀ ਸਿੱਖਿਆ ਅਨੁਸਾਰ ਢਾਲ ਕੇ ਗੁਰਸਿੱਖ ਬਣ ਗਿਆ ਹੈ। ਭਾਈ ਸਾਹਿਬ ਨਤੀਜਾ ਇਹ ਕੱਢਦੇ ਹਨ ਕਿ ਸਤਿਸੰਗਤਿ ਵਿਚ ਕੇਵਲ ਗੁਰੂ ਦਾ ਸ਼ਬਦ ਮਨਾਂ ਵਿਚ ਵਸਦਾ ਹੈ ਭਾਵ ਗੁਰੂ ਨੇ ਆਪਣਾ ਸ਼ਬਦ ਸਤਿਸੰਗਤਿ ਵਿਚ ਵਸਾਇਆ ਹੈ:

ਇਕ ਮਨਿ ਹੋਇ ਇਕਾਦਸੀ
ਗੁਰਮੁਖਿ ਵਰਤੁ ਪਤਿਬ੍ਰਤਿ ਭਾਇਆ।
ਗਿਆਰਹ ਰੁਦ੍ਰ ਸਮੁਦ੍ਰ ਵਿਚਿ
ਪਲ ਦਾ ਪਾਰਾਵਾਰੁ ਨ ਪਾਇਆ।
ਗਿਆਰਹ ਕਸ ਗਿਆਰਹ ਕਸੇ
ਕਸਿ ਕਸਵੱਟੀ ਕਸਕਸਾਇਆ।
ਗਿਆਰਹ ਗੁਣ ਫੈਲਾਉ ਕਰਿ
ਕਚ ਪਕਾਈ ਅਘੜ ਘੜਾਇਆ।
ਗਿਆਰਹ ਦਾਉ ਚੜ੍ਹਾਉ ਕਰਿ
ਦੂਜਾ ਭਾਉ ਕੁਦਾਉ ਰਹਾਇਆ।
ਗਿਆਰਹ ਗੇੜਾ ਸਿਖੁ ਸੁਣਿ
ਗੁਰ ਸਿਖੁ ਲੈ ਗੁਰਸਿਖੁ ਸਦਾਇਆ।
ਸਾਧਸੰਗਤਿ ਗੁਰੁ ਸਬਦੁ ਵਸਾਇਆ ॥ 11 ॥

ਬਾਰ੍ਹਵੀਂ ਪਉੜੀ ਵਿਚ ਭਾਈ ਗੁਰਦਾਸ ਬਾਰਾਂ (12) ਦੀ ਗਿਣਤੀ ਰਾਹੀਂ ਗੁਰਮੁਖਿ ਦਾ ਵਰਣਨ ਕਰਦੇ ਹਨ। ਨਾਥ-ਜੋਗੀਆਂ ਦੇ ਬਾਰਾਂ ਪੰਥ ਜਾਂ ਫਿਰਕੇ ਮੰਨੇ ਜਾਂਦੇ ਹਨ। ਭਾਈ ਗੁਰਦਾਸ ਅਨੁਸਾਰ ਜੋਗੀਆ ਦੇ ਬਾਰਾਂ ਪੰਥਾਂ ਨੂੰ ਜਿੱਤ ਕੇ ਗੁਰਮੁਖਾਂ ਨੇ ਗੁਰਮਤਿ ਦਾ ਗਾਡੀ ਰਾਹ ਚਲਾਇਆ ਹੈ ਜੋ ਮੁਕਤੀ ਪ੍ਰਾਪਤ ਕਰਨ ਦਾ ਸਿੱਧਾ, ਸਪੱਸ਼ਟ ਅਤੇ ਸੌਖਾ ਰਸਤਾ ਹੈ। ਸੂਰਜ ਨੂੰ ਇੱਥੇ ਤਮੋ ਅਤੇ ਰਜੋ ਗੁਣਾਂ ਦਾ ਪ੍ਰਤੀਕ ਮੰਨਿਆ ਗਿਆ ਹੈ ਜੋ ਬਾਰਾਂ ਮਹੀਨੇ ਵਿਚ ਚੱਕਰ ਪੂਰਾ ਕਰਦਾ ਹੈ ਅਤੇ ਚੰਦ੍ਰਮਾ ਨੂੰ ਸਤੋ ਗੁਣ ਦਾ ਪ੍ਰਤੀਕ ਮੰਨਿਆ ਹੈ, ਜੋ ਇੱਕ ਮਹੀਨੇ ਵਿਚ ਚੱਕਰ ਪੂਰਾ ਕਰਦਾ ਹੈ। ਇਸ ਦਾ ਭਾਵਅਰਥ ਹੈ ਕਿ ਤਮੋ ਅਤੇ ਰਜੋ ਗੁਣੀ ਸਾਧਨਾ ਵਿਚ ਜੋ ਕਾਰਜ ਬਾਰਾਂ ਮਹੀਨੇ ਵਿਚ ਸਿਰੇ ਚੜ੍ਹਦਾ ਹੈ, ਉਹ ਸਤੋ ਗੁਣੀ ਸਾਧਨਾ ਵਿਚ ਇੱਕ ਮਹੀਨੇ ਵਿਚ ਪੂਰਾ ਹੋ ਜਾਂਦਾ ਹੈ। (ਗੁਰਮੁਖਿ ਨੂੰ ਸਤੋ ਗੁਣਾਂ ਵਾਲਾ ਮੰਨਿਆ ਗਿਆ ਹੈ)। ਸੂਰਜ ਦੇ ਬਾਰਾਂ ਮਹੀਨੇ (ਦਸ ਇੰਦ੍ਰੇ-ਪੰਜ ਗਿਆਨ ਇੰਦ੍ਰੇ ਅਤੇ ਪੰਜ ਕਰਮ ਇੰਦ੍ਰੇ + ਮਨ ਅਤੇ ਬੁੱਧੀ) ਅਤੇ ਚੰਦਰਮਾ ਦੀਆਂ 16 ਅਵਸਥਾਵਾਂ (ਦਸ ਪ੍ਰਾਣ, ਪੰਜ ਤੱਤ ਅਤੇ ਮਨ) ਮਿਲ ਕੇ ਸੂਰਜ ਚੰਦਰਮਾ ਦੇ ਘਰ ਵਿਚ ਚਲਾ ਗਿਆ ਭਾਵ ਰਜਸ ਅਤੇ ਤਮਸ ਜਾ ਕੇ ਸਤਵ ਵਿਚ ਸਮਿਲਤ ਹੋ ਗਏ ਅਰਥਾਤ ਦਿਨ ਚੜ੍ਹ ਗਿਆ ਅਤੇ ਗਿਆਨ ਦਾ ਚਾਨਣ ਹੋ ਗਿਆ। ਸੂਰਜ ਚੜ੍ਹਨ 'ਤੇ ਚੰਦਰਮਾ ਅਲੋਪ ਹੋ ਜਾਂਦਾ ਹੈ। ਗੁਰੂ ਦੇ ਦਿੱਤੇ ਗਿਆਨ ਨਾਲ ਅਗਿਆਨ ਦਾ ਹਨੇਰਾ ਮਿਟ ਗਿਆ ਅਤੇ ਗਿਆਨ ਦਾ ਚਾਨਣ ਹੋ ਗਿਆ। ਗੁਰਮੁਖਾਂ ਨੇ ਜੋਗੀਆਂ ਦੇ 12 ਪੰਥਾਂ ਦੇ ਮੱਥੇ ਦੇ ਬਾਰਾਂ ਤਿਲਕਾਂ (ਨਿਸ਼ਾਨਾਂ) ਨੂੰ ਮਿਟਾ ਕੇ ਆਪਣੇ ਮੱਥੇ 'ਤੇ ਕੇਵਲ ਪਰਮਾਤਮਾ ਦੇ ਪ੍ਰੇਮ ਦਾ ਤਿਲਕ (ਨਿਸ਼ਾਨ) ਸਰਵ ਸਮਿਆਂ ਲਈ ਲਾ ਲਿਆ ਹੈ। ਗੁਰਮੁਖਿ ਨੇ 12 ਰਾਸ਼ੀਆਂ (ਮੇਖ, ਵਰਿਸ਼, ਮਿਥੁਨ, ਕਰਕ, ਸਿੰਘ, ਕੰਨਿਆ, ਤੁਲਾ, ਵਰਿਸ਼ਚਕ, ਧਨੁ, ਮਕਰ, ਕੁੰਭ, ਮੀਨ ਆਦਿ) ਨੂੰ ਜਿੱਤ ਕੇ ਸੱਚੀ ਰਾਸ਼ੀ ਪਰਮਾਤਮਾ ਦੇ ਧਨ ਦੀ ਰਾਸ਼ੀ ਦੇ ਸੱਚੇ ਆਚਰਨ ਦੀ ਰਸਮ ਕੀਤੀ ਹੈ। ਗੁਰਮੁਖਿ ਬਾਰਾਂ ਬੰਨੀਆਂ ਦਾ ਸੋਨਾ ਹੋ ਕੇ ਅਰਥਾਤ ਸ਼ੁਧ ਸੋਨਾ ਹੋ ਕੇ ਤੁਲਦੇ ਹਨ ਭਾਵ ਦੁਨੀਆ ਦੇ ਵਰਤੋਂ-ਵਿਹਾਰ ਵਿਚ ਆਪਣੇ ਚਰਿੱਤਰ ਵਿਚ ਪੂਰੇ ਉਤਰਦੇ ਹਨ। ਭਾਈ ਸਾਹਿਬ ਤੱਤ ਕੱਢਦੇ ਹਨ ਕਿ ਗੁਰਮੁਖਿ ਸੱਚੇ ਗੁਰੂ-ਰੂਪ ਪਾਰਸ ਨਾਲ ਪਰਸ ਕੇ ਆਪ ਵੀ ਪਾਰਸ ਹੋ ਜਾਂਦੇ ਹਨ:

ਬਾਰਹ ਪੰਥ ਸਧਾਇ ਕੈ
ਗੁਰਮੁਖਿ ਗਾਡੀ ਰਾਹ ਚਲਾਇਆ।
ਸੂਰਜ ਬਾਰਹ ਮਾਹ ਵਿਚਿ
ਸਸੀਅਰੁ ਇਕਤੁ ਮਾਹਿ ਫਿਰਾਇਆ।
ਬਾਰਹ ਸੋਲਹ ਮੇਲਿ ਕਰਿ
ਸਸੀਅਰ ਅੰਦਰਿ ਸੂਰ ਸਮਾਇਆ।
ਬਾਰਹ ਤਿਲਕ ਮਿਟਾਇ ਕੈ
ਗੁਰਮੁਖਿ ਤਿਲਕੁ ਨੀਸਾਣੁ ਚੜਾਇਆ।
ਬਾਰਹ ਰਾਸੀ ਸਾਧਿ ਕੈ
ਸਚਿ ਰਾਸਿ ਰਹਰਾਸਿ ਲੁਭਾਇਆ।
ਬਾਰਹ ਬੰਨੀ ਹੋਇ ਕੈ
ਬਾਰਹ ਮਾਸੇ ਤੋਲਿ ਤੁਲਾਇਆ।
ਪਾਰਸ ਪਾਰਸਿ ਪਰਸਿ ਕਰਾਇਆ ॥ 12 ॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਤੇਰਾਂ ਦੀ ਸੰਖਿਆ ਲੈ ਕੇ ਗੁਰਮੁਖਿ ਦੇ ਵਿਅਕਤੀਤਵ ਨੂੰ ਦਰਸਾਉਂਦੇ ਹਨ। ਭਾਈ ਗੁਰਦਾਸ ਦੱਸਦੇ ਹਨ ਕਿ ਸੰਗੀਤ ਦੇ ਤੇਰਾਂ ਤਾਲ ਅਧੂਰੇ ਹਨ ਪ੍ਰੰਤੂ ਗੁਰਮੁਖਿ ਗ੍ਰਹਿਸਤ ਵਿਚ ਰਹਿ ਕੇ ਹੀ ਵਾਹਿਗੁਰੂ ਦੀ ਪ੍ਰੇਮਾ-ਭਗਤੀ ਦੇ ਤਪ ਰਾਹੀਂ ਆਪਣਾ ਤਾਲ ਪੂਰਾ ਕਰਦੇ ਹਨ। ਤੇਰਾਂ ਰਤਨ (ਭਾਰਤੀ ਮਿਥਿਹਾਸ ਅਨੁਸਾਰ ਖੀਰ-ਸਮੁੰਦਰ ਨੂੰ ਰਿੜਕ ਕੇ ਨਿਕਲੇ ਚੌਦਾਂ ਰਤਨਾਂ ਲੱਛਮੀ, ਰੰਭਾ, ਅਪਸਰਾ, ਧਨਵੰਤਰ ਵੈਦ, ਕਲਪ ਬ੍ਰਿਖ, ਸੁਰਾ, ਸੁਧਾ, ਬਾਜ, ਪਾਂਚ ਜਨਯ ਸੰਖ, ਸਾਰੰਗ ਧਨੁਖ, ਕਪਿਲਾ ਗਊ, ਅਰਾਵਤ ਗਜ, ਕੌਤਲੰਭ ਮਣਿ, ਚੰਦ੍ਰਮਾਆਦਿ ਵਿਚੋਂ ਤੇਰਾਂ ਰਤਨ। ਚੌਦਾਂ ਰਤਨਾਂ ਦੇ ਨਾਮਾਂ ਬਾਰੇ ਵੱਖ-ਵੱਖ ਰਾਵਾਂ ਹਨ ਅਤੇ ਵਿਸ਼ ਨੂੰ ਵੀ ਇਨ੍ਹਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਨ੍ਹਾਂ ਚੌਦਾਂ ਵਿਚੋਂ ਵਿਖ ਜਾਂ ਵਿਸ਼ ਰਤਨ ਨਹੀਂ ਹੈ ਇਸ ਲਈ ਰਤਨ ਤੇਰਾਂ ਹਨ) ਵਿਅਰਥ ਹਨ ਪ੍ਰੰਤੂ ਗੁਰਮੁਖਿ ਨੇ ਗੁਰੂ ਦੀ ਸਿੱਖਿਆ ਰੂਪੀ ਰਤਨ ਧਾਰਨ ਕਰ ਕੇ ਪਰਮਾਤਮਾ ਦਾ ਨਾਮ-ਰਤਨ ਪਾਇਆ ਹੈ। ਦੁਨੀਆ ਵਿਚ ਪਿਤਰ-ਕਰਮ ਆਦਿ ਤੇਰਾਂ ਕਿਸਮ ਦੇ ਕਰਮ ਪ੍ਰਚੱਲਤ ਕਰ ਕੇ ਕਰਮ ਕਾਂਡੀਆਂ ਨੇ ਸੰਸਾਰ ਨੂੰ ਕਰਮ ਕਾਂਡਾਂ ਅਤੇ ਭਰਮਾਂ ਰਾਹੀਂ ਡਰਾ ਕੇ ਕਾਬੂ ਕਰ ਲਿਆ ਹੈ (ਗੁਰਮੁਖਿ ਗੁਰੂ ਦੀ




ਸਿੱਖਿਆ ਅਨੁਸਾਰ ਚੱਲਦੇ ਹਨ ਅਤੇ ਇਨ੍ਹਾਂ ਕਰਮਕਾਂਡਾਂ ਵਿਚ ਨਹੀਂ ਉਲਝਦੇ)। ਗੁਰਮੁਖਿ ਦੇ ਚਰਨਾਂ ਦਾ ਜਲ ਪਾਨ ਕਰਨ ਦੀ ਬਰਾਬਰੀ ਲੱਖਾਂ ਯੱਗ ਵੀ ਨਹੀਂ ਕਰ ਸਕਦੇ। ਗੁਰਮੁਖਿ ਦੇ ਮੂੰਹ ਵਿਚ ਇੱਕ ਦਾਣਾ ਪਾਉਣਾ ਵੀ ਲੱਖਾਂ ਭੰਡਾਰਿਆਂ ਦੇ ਭੋਗ ਅਤੇ ਠਾਕਰਾਂ ਦੇ ਨੈਵੇਦਾਂ ਤੋਂ ਉਪਰ ਹੈ। ਗੁਰਮੁਖਿ ਆਪਣੇ ਗੁਰਭਾਈਆਂ ਨੂੰ ਸੰਤੁਸ਼ਟ ਕਰ ਕੇ ਵਾਹਿਗੁਰੂ ਦੇ ਪ੍ਰੇਮ ਦਾ ਸੁੱਖਫਲ ਪ੍ਰਾਪਤ ਕਰ ਲੈਂਦੇ ਹਨ। ਕਹਿਣ ਤੋਂ ਭਾਵ ਹੈ ਕਿ ਗੁਰਮੁਖਿ ਆਪਣੇ ਗੁਰਭਾਈਆਂ ਦੀ ਸੇਵਾ ਕਰ ਕੇ ਉਨ੍ਹਾਂ ਨੂੰ ਸੰਤੁਸ਼ਟ ਕਰਦੇ ਹਨ ਅਤੇ ਵਾਹਿਗੁਰੂ ਦੀ ਪ੍ਰੇਮਾ ਭਗਤੀ ਕਰ ਕੇ ਉਸ ਨੂੰ ਪਾ ਲੈਂਦੇ ਹਨ, ਜੋ ਉਨ੍ਹਾਂ ਲਈ ਸੁੱਖਫਲ ਦੀ ਪ੍ਰਾਪਤੀ ਹੈ। ਪਰਮਾਤਮਾ ਅਛਲ ਹੈ, ਕਿਸੇ ਤੋਂ ਛਲਿਆ ਨਹੀਂ ਜਾ ਸਕਦਾ ਪ੍ਰੰਤੂ ਗੁਰਮੁਖਿ ਆਪਣੇ ਪ੍ਰੇਮ ਰਾਹੀਂ ਉਸ ਨੂੰ ਛਲ ਲੈਂਦੇ ਹਨ ਅਰਥਾਤ ਵਾਹਿਗੁਰੂ ਆਪਣੇ ਭਗਤਾਂ ਦੇ ਪ੍ਰੇਮ 'ਤੇ ਰੀਝ ਪੈਂਦਾ ਹੈ:

ਤੇਰਹ ਤਾਲ ਅਊਰਿਆ
ਗੁਰਮੁਖ ਸੁਖ ਤਪੁ ਤਾਲ ਪੁਰਾਇਆ।
ਤੇਰਹ ਰਤਨ ਅਕਾਰਥੇ
ਗੁਰ ਉਪਦੇਸੁ ਰਤਨੁ ਧਨੁ ਪਾਇਆ।
ਤੇਰਹ ਪਦ ਕਰਿ ਜਗ ਵਿਚਿ
ਪਿਤਰਿ ਕਰਮ ਕਰਿ ਭਰਮਿ ਭੁਲਾਇਆ।
ਲਖ ਲਖ ਜਗ ਨ ਪੁਜਨੀ
ਗੁਰਸਿਖ ਚਰਣੋਦਕ ਪੀਆਇਆ।
ਜਗ ਭੋਗ ਨਈਵੇਦ ਲਖ
ਗੁਰਮੁਖਿ ਮੁਖਿ ਇਕੁ ਦਾਣਾ ਪਾਇਆ।
ਗੁਰਭਾਈ ਸੰਤੁਸ਼ਟ ਕਰਿ
ਗੁਰਮੁਖਿ ਸੁਖ ਫਲੁ ਪਿਰਮੁ ਚਖਾਇਆ।
ਭਗਤਿ ਵਛਲੁ ਹੋਇ
ਅਚਲੁ ਛਲਾਇਆ ॥ 13 ॥

ਚੌਧਵੀਂ ਪਉੜੀ ਵਿਚ ਚੌਦਾਂ, ਪੰਦਰਾਂ ਅਤੇ ਸੋਲਾਂ ਦੀ ਗਿਣਤੀ ਰਾਹੀਂ ਦੱਸਿਆ ਹੈ ਕਿ ਗੁਰਮੁਖਿ ਦਾ ਰਸਤਾ ਕੀ ਹੈ ਅਤੇ ਉਸ ਰਸਤੇ 'ਤੇ ਚੱਲ ਕੇ ਉਹ ਮੁਕਤਿ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਭਾਈ ਗੁਰਦਾਸ ਦਾ ਕਥਨ ਹੈ ਕਿ ਗੁਰਮੁਖਿ ਚੌਦਾਂ ਕਿਸਮ ਦੇ ਹੁਨਰਾਂ ਦੀ ਵਿੱਦਿਆ ਜਿੱਤ ਕੇ ਗੁਰੂ ਦੀ ਮਤਿ ਲੈ ਕੇ ਅਵਿਗਤ ਪਰਮਾਤਮਾ ਦੀ ਨਾ ਕਥੀ ਜਾ ਸਕਣ ਵਾਲੀ ਅਕੱਥ ਕਹਾਣੀ ਵਿਚ ਪਹੁੰਚ ਗਏ ਹਨ (ਵਾਹਿਗੁਰੂ ਨੂੰ ਅਵਿਗਤ ਅਤੇ ਅਕੱਥ ਮੰਨਿਆ ਜਾਂਦਾ ਹੈ, ਇਸ ਲਈ ਅਕੱਥ ਕਹਾਣੀ ਵੀ ਉਸ ਅਕਾਲ ਪੁਰਖ ਨਾਲ ਸਬੰਧਤ ਹੈ)। ਚੌਦਾਂ ਭਵਨਾਂ ਅਰਥਾਤ ਚੌਦਾਂ ਲੋਕਾਂ ਨੂੰ ਲੰਘ ਕੇ ਗੁਰਮੁਖਿ ਆਪਣੇ ਸਵੈ ਵਿਚ ਟਿਕ ਗਏ ਹਨ (ਆਪਣੇ ਸਵੈ ਵਿਚ ਟਿਕਣ ਦਾ ਅਰਥ ਹੈ ਆਪਣੇ ਸਵੈ ਦਾ ਅਨੁਭਵ ਕਰ ਲੈਣਾ; ਆਪਣੇ ਜੋਤਿ ਸਰੂਪ ਹੋਣ ਦਾ ਅਨੁਭਵ ਕਰ ਲੈਣਾ) ਅਤੇ ਉਨ੍ਹਾਂ ਨੇ ਨਿਰਵਾਣ ਅਥਵਾ ਮੁਕਤਿ ਪਦਾਰਥ ਪਾ ਲਿਆ ਹੈ। ਚੰਦਰਮਾ ਅਨੁਸਾਰ 15 ਤਿੱਥਾਂ ਦਾ ਇੱਕ ਪੱਖ ਬਣਦਾ ਹੈ ਅਤੇ ਇੱਕ ਮਹੀਨੇ ਵਿਚ ਪੰਦਰਾਂ-ਪੰਦਰਾਂ ਦਿਨ ਦੇ ਦੋ ਪੱਖ ਹੁੰਦੇ ਹਨ: ਕ੍ਰਿਸ਼ਨ ਪੱਖ-ਹਨੇਰਾ ਪੱਖ ਅਤੇ ਸ਼ੁਕਲ ਪੱਖ ਚਾਨਣਾ ਪੱਖ। ਚੌਪੜ ਦੇ ਖੇਲ੍ਹ ਵਾਂਗ ਸੋਲਾਂ ਨਰਦਾਂ ਨੂੰ ਮਾਰ ਕੇ ਅਰਥਾਤ ਸੋਲਾਂ ਘਰ ਪਾਰ ਕਰ ਕੇ ਜਦੋਂ ਜੋੜਾ ਬਣਿਆ ਤਾਂ ਜਨਮ-ਮਰਨ ਦੇ ਭੈਅ ਤੋਂ ਮੁਕਤ ਹੋ ਕੇ ਨਿਰਭਉ ਹੋ ਗਿਆ ਅਰਥਾਤ ਨਿਰਭਉ ਪਦ ਦੀ ਪ੍ਰਾਪਤੀ ਕਰ ਲਈ। ਚੰਦਰਮਾ ਜਦੋਂ ਸੋਲਾਂ ਕਲਾਂ ਸੰਪੂਰਣ ਹੋ ਜਾਂਦਾ ਹੈ ਤਾਂ ਸੂਰਜ ਦੇ ਘਰ ਵਿਚ ਦਾਖਲ ਹੋ ਜਾਣ ਕਰਕੇ ਉਹ ਫਿੱਕਾ ਪੈਣਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਉਸ ਤੋਂ ਬਾਅਦ ਉਹ ਘਾਟੇ ਵਿਚ ਚਲਾ ਜਾਂਦਾ ਹੈ (ਪੂਰਨਮਾਸ਼ੀ ਨੂੰ ਚੰਦਰਮਾ ਪੂਰਾ ਹੋ ਜਾਂਦਾ ਹੈ ਅਤੇ ਉਸ ਤੋਂ ਅੱਗੇ ਫਿਰ ਹਨੇਰਾ ਪੱਖ ਸ਼ੁਰੂ ਹੋ ਜਾਂਦਾ ਹੈ ਅਤੇ ਚੰਦ ਘਟਣ ਲੱਗ ਜਾਂਦਾ ਹੈ)। ਸੂਰਜ ਚੜ੍ਹਨ ਨਾਲ ਰਾਤ ਮੁੱਕ ਜਾਂਦੀ ਹੈ ਅਤੇ ਦਿਨ ਦਾ ਚਾਨਣ ਹੋਣ ਨਾਲ ਚੰਦਰਮਾ ਫਿੱਕਾ ਪੈ ਜਾਂਦਾ ਹੈ। ਇੱਥੇ ਇਸ ਦਾ ਅਰਥ ਹੈ ਕਿ ਚੰਦਰਮਾ ਜਿਸ ਨੂੰ ਸਾਤਵਿਕ ਤੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਜਦੋਂ ਸੂਰਜ, ਜਿਸ ਨੂੰ ਤਮਸ ਅਤੇ ਰਜਸ ਗੁਣਾਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਦੇ ਘਰ ਵਿਚ ਦਾਖਲ ਹੋ ਜਾਂਦਾ ਹੈ ਤਾਂ ਉਸ ਦਾ ਤੇਜ਼ ਘਟਣ ਲੱਗ ਜਾਂਦਾ ਹੈ; ਜਿਸ ਦਾ ਭਾਵ ਇਹ ਵੀ ਲਿਆ ਜਾਂਦਾ ਹੈ ਕਿ ਦੂਸਰੇ ਦੇ ਘਰ ਵਿਚ ਜਾ ਕੇ ਆਪਣਾ ਤੇਜ਼ ਦੱਸਣ ਨਾਲ ਤੇਜ਼ ਫਿੱਕਾ ਪੈ ਜਾਂਦਾ ਹੈ। ਜਗਿਆਸੂ ਰੂਪ ਇਸਤ੍ਰੀ ਜਦੋਂ ਸੋਲਾਂ ਸ਼ਿੰਗਾਰ ਕਰ ਕੇ ਆਪਣੇ ਪਤੀ ਦੀ ਸੇਜ 'ਤੇ ਜਾਂਦੀ ਹੈ ਅਰਥਾਤ ਆਪਣੇ ਅੰਤਹਕਰਣ ਵਿਚ ਆਪਣੇ ਸਵੈ ਨਾਲ ਇੱਕਸੁਰ ਹੁੰਦੀ ਹੈ, ਸਵੈ ਦਾ ਅਨੁਭਵ ਕਰ ਲੈਂਦੀ ਹੈ ਤਾਂ ਪਰਮ ਅਨੰਦ ਮਾਣਦੀ ਹੈ (ਗੁਰਮਤਿ ਅਨੁਸਾਰ ਵਾਹਿਗੁਰੂ ਦੇ ਚਰਨਾਂ ਦੀ ਪ੍ਰੀਤ ਹੀ ਪਰਮ ਮੁਕਤੀ ਹੈ)। ਸ਼ਕਤੀ (ਮਾਇਆ) ਅਤੇ ਸ਼ਿਵ (ਪਰਮਾਤਮਾ) ਦੀਆ ਸਤਾਰਾਂ ਬਾਣੀਆਂ ਹਨ ਅਰਥਾਤ ਸ਼ਕਤੀ ਭਾਵ ਮਾਇਆ ਦੀਆ ਸੋਲਾਂ ਕਲਾ ਹਨ (10 ਪ੍ਰਾਣ, 5 ਤੱਤ, 1 ਮਨ) ਅਤੇ ਸ਼ਿਵ ਭਾਵ ਵਾਹਿਗੁਰੂ ਦੀ ਇਕ ਕਲਾ ਹੈ ਜਿਸ ਦੀ ਏਕਤਾ ਵਿਚ ਸਭ ਕੁੱਝ ਹੈ:

ਚਉਦਹ ਵਿਦਿਆ ਸਾਧਿ ਕੈ
ਗੁਰਮਤਿ ਅਬਿਗਗਤਿ ਅਕਥ ਕਹਾਣੀ।
ਚਉਦਹ ਭਵਨ ਉਲੰਗਿ ਕੈ
ਨਿਜ ਘਰਿ ਵਾਸੁ ਨੇਹੁ ਨਿਰਬਾਣੀ।
ਪੰਦ੍ਰਹ ਥਿਤੀ ਪਖੁ ਇਕੁ
ਕ੍ਰਿਸਨ ਸੁਕਲ ਦੁਇ ਪਖ ਨੀਸਾਣੀ।
ਸੋਲਹ ਸਾਰ ਸੰਘਾਰੁ ਕਰਿ
ਜੋੜਾ ਜੁੜਿਆ ਨਿਰਭਉ ਜਾਣੀ।
ਸੋਲਹ ਕਲਾ ਸੰਪੂਰਣੋ ਸਸਿ
ਘਰਿ ਸੂਰਜੁ ਵਿਰਤੀਹਾਣੀ।
ਨਾਰਿ ਸੋਲਹ ਸੀਂਗਾਰ ਕਰਿ
ਸੇਜ ਭਤਾਰ ਪਿਰਮ ਰਸੁ ਮਾਣੀ।
ਸਿਵ ਤੈ ਸਕਤਿ ਸਤਾਰਹ ਵਾਣੀ ॥ 14 ॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਅਠਾਰਾਂ ਤੋਂ ਚੌਤੀ ਤੱਕ ਦੀ ਗਿਣਤੀ ਨਾਲ ਗੁਰਮੁਖਿ ਦੀ ਕਰਨੀ ਸਮਝਾਉਂਦੇ ਹਨ। ਭਾਈ ਗੁਰਦਾਸ ਦੱਸਦੇ ਹਨ ਕਿ ਗੁਰਮੁਖਿ ਭਾਰਤੀ ਵਰਣ-ਵੰਡ ਅਤੇ ਉਪ-ਵੰਡ ਅਰਥਾਤ ਵਰਣਾਂ ਅਤੇ ਉਨ੍ਹਾਂ ਦੀਆਂ ਅਠਾਰਾਂ ਗੋਤਾਂ ਵਿਚ ਵੰਡ ਨੂੰ ਚੰਗੀ ਤਰ੍ਹਾਂ ਸਮਝਦੇ ਹਨ; ਜਿਸ ਵੰਡ ਅਨੁਸਾਰ ਸੋਧ ਕੇ ਪੁਰਾਣ ਪੜ੍ਹੇ ਜਾਂਦੇ ਹਨ। (ਭਾਈ ਵੀਰ ਸਿੰਘ ਨੇ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ: ਅਠਾਰਾਂ ਵਰਣ ਬ੍ਰਾਹਮਣ, ਖੱਤ੍ਰੀ, ਸ਼ੂਦ੍ਰ, ਵੈਸ਼ ਅਤੇ 6 ਅਨਲੋਪ, ਅਰਥਾਤ ਬ੍ਰਾਹਮਣ ਖਤ੍ਰੀ, 1.ਬ੍ਰਾਹਮਣ ਵੈਸ਼ਯ, 2.ਬ੍ਰਾਹਮਣ ਸ਼ੂਦ੍ਰਯ, 3.ਖੱਤ੍ਰੀ ਵੈਸ਼ਯ, 4.ਖੱਤ੍ਰੀ ਸ਼ੂਦ੍ਰਯ, 5.ਵੈਸ਼ ਸ਼ੂਦ੍ਰਯ, 6. ਤੇ 3 ਪ੍ਰਤਿਲੋਮ ਅਰਥਾਤ ਉਲਟਾ ਵਰਣ ਜਿਹਾ ਸ਼ੂਦ੍ਰ ਬ੍ਰਾਹਮਣੀਯ 1, ਸ਼ੂਦ੍ਰ ਖੱਤ੍ਰੀਯ 2, ਸ਼ੂਦ੍ਰ ਵੈਸ਼ਯ 3, ਵੈਸ਼ ਬ੍ਰਾਹਮਣੀਯ 4, ਵੈਸ਼ ਖੱਤ੍ਰੀਯ 5, ਖੱਤ੍ਰੀ ਬ੍ਰਾਹਮਣੀਯ 6, 'ਗੋਲ' ਕੁਆਰੀ ਦਾ ਪੁੱਤਰ, 'ਗੁੰਡ' (ਵਿਧਵਾ ਦਾ ਪੁੱਤਰ) ਸੋਧ ਕੇ ਅਠਾਰਾਂ ਪੁਰਾਣ ਪੜ੍ਹੇ ਜਾਂਦੇ ਹਨ। ) ਸਾਧ ਲੋਕ 'ਉੱਨੀ' ਦੀ ਗਿਣਤੀ-ਅਠਾਰਾਂ ਵਰਣ ਅਤੇ ਉੱਨੀਵਾਂ ਮਨਮੁਖ ਅਰਥਾਤ ਏਕਮ, ਦੁਰਮ ਆਦਿ -19 ਸੰਖਿਆ ਤੋਂ ਗੁਰਮੁਖ ਲੰਘ ਗਏ ਹਨ, ਤਿੰਨ ਬੀਸੀਆਂ ਅਤੇ ਇੱਕੀ ਪੁਰੀਆਂ ਨੂੰ ਲੰਘ ਕੇ ਬਾਈ ਧਾਰ ਪਹਾੜ ਦੇ ਉਮਰਾਵਾਂ (ਹਾਕਮਾਂ) ਨੂੰ ਸਾਧ ਕੇ ਨਿਵਾ ਲੈਂਦੇ ਹਨ। ਕਹਿਣ ਤੋਂ ਭਾਵ ਹੈ ਕਿ ਗੁਰਮੁਖਿ ਇਨ੍ਹਾਂ ਸਾਰੀਆਂ ਵੰਡਾਂ ਤੋਂ ਪਾਰ ਲੰਘ ਜਾਂਦੇ ਹਨ, ਇਹ ਸਭ ਸੰਤਾਂ/ਗੁਰਮੁਖਾਂ ਦੇ ਅਧੀਨ ਹੋ ਜਾਂਦੇ ਹਨ (ਗੁਰਮਤਿ ਵਿਚ ਅਜਿਹੀਆਂ ਵਰਣ-ਵੰਡਾਂ ਅਤੇ ਇਨ੍ਹਾਂ ਨਾਲ ਜੁੜੀਆ ਰਵਾਇਤਾਂ ਆਦਿ ਵਿਚ ਵਿਸ਼ਵਾਸ ਨਹੀਂ ਕੀਤਾ ਜਾਂਦਾ। ਗੁਰਮੁਖਿ ਇਨ੍ਹਾਂ ਚੀਜ਼ਾਂ ਤੋਂ ਬਹੁਤ ਅੱਗੇ ਲੰਘ ਜਾਂਦੇ ਹਨ)।

ਗਿਣਤੀ ਤੋਂ ਅਣਗਿਣਤ ਲੁਟਾ ਕੇ ਅਰਥਾਤ ਸਭ ਦੀ ਮਮਤਾ ਨੂੰ ਤਿਆਗ ਕੇ ਜਿੰਨੀਆਂ ਵੀ ਸੰਸਾਰ ਵਿਚ ਗਿਣਤੀਆਂ ਹਨ ਉਹ ਪਾ ਲਈਆਂ ਹਨ। ਕਹਿਣ ਤੋਂ ਭਾਵ ਹੈ ਕਿ ਗੁਰਮੁਖਿ ਤ੍ਰੈਕਾਲ ਗਿਆਤਾ ਹੋ ਗਏ ਹਨ। ਛੱਬੀ (ਮਹਾਂ ਭਾਰਤ ਦੇ ਅਠਾਰਾਂ ਪਰਵ, ਅੱਠ ਵਿਆਕਰਣ), ਜੋੜ ਕੇ ਸਤਾਈ (ਸਿਮ੍ਰਤੀਆਂ ਜਾਂ ਨਛੱਤਰ), ਅਠਾਈਵਾਂ ਅਨੁਰਾਧਾ ਨਛੱਤਰ ਆਦਿ ਦਾ ਮੇਲ ਮੇਲ ਕੇ ਇਨ੍ਹਾਂ ਨੂੰ ਜਿੱਤ ਲੈਂਦੇ ਹਨ। (ਇਹ ਸਭ ਗਿਣਤੀਆਂ ਮਿਣਤੀਆਂ ਜੋਤਿਸ਼ ਨਾਲ ਸਬੰਧ ਰੱਖਦੀਆਂ ਹਨ। ਗੁਰਮੁਖਿ ਜੋਤਿਸ਼ ਵਗੈਰਾ ਦੇ ਭਰਮ ਤੋਂ ਪਾਰ ਲੰਘ ਜਾਂਦੇ ਹਨ। ਉਨ੍ਹਾਂ ਲਈ ਇਹ ਗਿਣਤੀਆਂ-ਮਿਣਤੀਆਂ ਕੋਈ ਮਾਇਨੇ ਨਹੀਂ ਰੱਖਦੀਆਂ)। ਉਨੱਤੀਆਂ ਦੀ ਗਿਣਤੀ ਨੂੰ ਲੰਘ ਕੇ (ਲੌਂਦ ਦਾ ਮਹੀਨਾ ਉਨੱਤੀ ਦਿਨ ਦਾ ਹੁੰਦਾ ਹੈ) ਤੀਹਾਂ (ਰੋਜ਼ਿਆਂ ਦੇ 30 ਦਿਨ) ਨੂੰ ਸਾਧ ਕੇ ਫਿਰ ਇਕੱਤੀ ਸਿਮ੍ਰਤੀਆਂ ਨੂੰ ਉਲੰਘ ਕੇ ਵਧਾਈਆਂ ਵਜਾਉਂਦੇ ਹਨ। ਫਿਰ ਉਹ ਬੱਤੀ ਸਾਧ-ਸੁਲੱਖਣੇ ਧਰੂਵ ਭਗਤ ਵਰਗੇ ਭਗਤਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਸੰਪੂਰਨ ਕਰਦੇ ਹੋਏ ਤੇਤੀ ਕਰੋੜ ਦੇਵਤਿਆਂ ਨੂੰ ਆਪਣੇ ਗਿਰਦ ਘੁਮਾਉਂਦੇ ਹਨ। ਕਹਿਣ ਤੋਂ ਭਾਵ ਹੈ ਕਿ ਗੁਰਮੁਖਾਂ ਦੀਆ ਵਿਸ਼ੇਸ਼ਤਾਈਆਂ ਬਹੁਤ ਉਚੀਆਂ-ਸੁੱਚੀਆਂ ਹੁੰਦੀਆਂ ਹਨ। ਗੁਰਮੁਖਿ ਚੌਂਤੀ ਦੀ ਗਿਣਤੀ 'ਤੇ ਪਹੁੰਚ ਕੇ ਉਸ ਪਾਰਬ੍ਰਹਮ ਦਾ ਅਨੁਭਵ ਆਪਣੇ ਅੰਦਰ ਕਰ ਲੈਂਦੇ ਹਨ। ਇਸ ਸਾਰੀ ਗਿਣਤੀ-ਮਿਣਤੀ ਦਾ ਭਾਵ-ਅਰਥ ਇਹ ਹੈ ਕਿ ਗੁਰਮੁਖਿ ਵਾਹਿਗੁਰੂ ਦੇ ਪ੍ਰੇਮ ਵਿਚ ਏਨੇ ਰੰਗੇ ਜਾਂਦੇ ਹਨ ਕਿ ਉਹ ਜਾਤਾਂ-ਗੋਤਾਂ, ਇਨ੍ਹਾਂ ਗਿਣਤੀਆਂ-ਮਿਣਤੀਆਂ ਤੋਂ ਬਹੁਤ ਉੱਚੇ ਉੱਠ ਜਾਂਦੇ ਹਨ:

ਗੋਤ ਅਠਾਰਹ ਸੋਧਿ ਕੈ
ਪੜੈ ਪੁਰਾਣ ਅਠਾਰਹ ਭਾਈ।
ਉਨੀ ਵੀਹ ਇਕੀਹ ਲੰਘਿ
ਬਾਈ ਉਮਰੇ ਸਾਧਿ ਨਿਵਾਈ।
ਸੰਖ ਅਸੰਖ ਲੁਟਾਇ ਕੈ
ਤੇਈ ਚੌਵੀ ਪੰਜੀਹ ਪਾਈ।
ਛਬੀ ਜੋੜਿ ਸਤਾਈਹਾ ਆਇ
ਅਠਾਈਹ ਮੇਲਿ ਮਿਲਾਈ।
ਉਲੰਘਿ ਉਣਤੀਹ ਤੀਹ
ਸਾਧ ਲੰਘਿ ਇਕਤੀਹ ਵਜੀ ਵਧਾਈ।
ਸਾਧ ਸੁਲਖਣ ਬਤੀਹੇ ਤੇ
ਤੀਹ ਧ੍ਰੂ ਚਉਫੇਰਿ ਫਿਰਾਈ।
ਚਉਤੀਹ ਲੇਖ ਅਲੇਖ ਲਖਾਈ ॥ 15 ॥

# ਈਦ-ਉਲ-ਫਿਤਰ ਦਾ ਤਿਓਹਾਰ

ਸੰਸਾਰ 'ਚ ਵੱਖ-ਵੱਖ ਧਰਮਾਂ 'ਚ ਵਿਸ਼ਵਾਸ ਰੱਖਣ ਵਾਲੇ ਕਰੋੜਾਂ ਲੋਕ ਵਸਦੇ ਹਨ, ਜਿਨ੍ਹਾਂ ਦੇ ਆਪਣੇ ਵੱਖ-ਵੱਖ ਰੀਤੀ ਰਿਵਾਜ, ਅਕੀਦੇ ਅਤੇ ਧਾਰਮਿਕ ਤਿਉਹਾਰ ਹਨ। ਵੱਖ ਵੱਖ ਧਰਮਾਂ 'ਚ ਮਨਾਏ ਜਾਂਦੇ ਤਿਉਹਾਰਾਂ ਦਾ ਪਿਛੋਕੜ ਕਿਸੇ ਨਾ ਕਿਸੇ ਰੂਪ ਵਿਚ ਉਸ ਧਰਮ 'ਚ ਵਾਪਰੀ ਕਿਸੇ ਮੁੱਖ ਘਟਨਾ ਨਾਲ ਜੁੜਿਆ ਹੁੰਦਾ ਹੈ। ਦਰਅਸਲ ਹਰ ਧਰਮ ਵਿਚ ਮਨਾਏ ਜਾਣ ਵਾਲੇ ਤਿਉਹਾਰ ਉਨ੍ਹਾਂ ਧਰਮਾਂ ਦੇ ਅਨੁਯਾਈਆਂ ਨੂੰ ਖ਼ੁਸ਼ੀਆਂ ਪ੍ਰਦਾਨ ਕਰਨ ਦਾ ਇਕ ਵੱਡਾ ਸਾਧਨ ਹਨ।



ਗੱਲ ਜਦੋਂ ਇਸਲਾਮ ਧਰਮ ਦੀ ਟੁਰਦੀ ਹੈ ਤਾਂ ਇਸ ਦੇ

**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਅਨੁਯਾਈ ਅਰਥਾਤ ਮੁਸਲਮਾਨ ਮੁੱਖ ਤੌਰ 'ਤੇ ਦੋ ਤਿਉਹਾਰ ਈਦ-ਉਲ-ਫ਼ਿਤਰ ਤੇ ਈਦ-ਉਲ-ਜ਼ੁਹਾ ਮਨਾਉਂਦੇ ਹਨ। ਸ਼ਬਦ ਈਦ-ਉਲ-ਫ਼ਿਤਰ ਦੀ ਜਦੋਂ ਪੜਚੋਲ ਕਰਦੇ ਹਾਂ ਤਾਂ ਇਸ ਦੇ ਵਿਚਲਾ ਸ਼ਬਦ 'ਈਦ' ਅਰਬੀ ਭਾਸ਼ਾ ਦੇ ਸ਼ਬਦ 'ਊਦ' ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੁੰਦਾ ਹੈ ਵਾਪਸ ਆਉਣਾ ਜਾਂ ਵਾਰ-ਵਾਰ ਆਉਣਾ। ਈਦ ਕਿਉਂਕਿ ਹਰ ਸਾਲ ਆਉਂਦੀ ਹੈ, ਇਸੇ ਲਈ ਇਸ ਦਾ ਨਾਂ ਈਦ ਪੈ ਗਿਆ, ਦੂਜੇ ਅਰਥਾਂ ਵਿਚ ਈਦ ਦੇ ਅਰਥ 'ਖ਼ੁਸ਼ੀ' ਹਨ। ਜਦਕਿ ਫਿਤਰ ਦਾ ਅਰਥ ਹੈ ਰੋਜ਼ਾ ਖੋਲ੍ਹਣਾ, ਭਾਵ ਈਦ ਦੇ ਦਿਨ ਰਮਜ਼ਾਨ ਦਾ ਮਹੀਨਾ ਸਮਾਪਤ ਹੋ ਜਾਂਦਾ ਹੈ ਅਰਥਾਤ ਸ਼ਵਾਲ ਮਹੀਨੇ ਦੀ ਪਹਿਲੀ ਤਰੀਕ ਨੂੰ ਈਦ-ਉਲ-ਫ਼ਿਤਰ ਦਾ ਤਿਉਹਾਰ ਮਨਾਇਆ ਜਾਂਦਾ ਹੈ। ਈਦ-ਉਲ-ਫ਼ਿਤਰ ਮਨਾਉਣ ਦਾ ਫ਼ੈਸਲਾ ਕਈ ਵਾਰ 29ਵਾਂ ਰੋਜ਼ਾ ਖੋਲ੍ਹਣ ਤੋਂ ਬਾਅਦ ਚੰਦਰਮਾ ਨਜ਼ਰ ਆਉਣ ਉਪਰੰਤ ਹੀ ਕਰ ਦਿੱਤਾ ਜਾਂਦਾ ਹੈ। ਜੇ ਚੰਦਰਮਾ ਉਨੱਤੀਆਂ ਦਾ ਨਹੀਂ ਵਿਖਾਈ ਦਿੰਦਾ ਤਾਂ 30 ਰੋਜ਼ੇ ਪੂਰੇ ਕਰ ਲੈਣ ਤੋਂ ਬਾਅਦ ਈਦ-ਉਲ-ਫ਼ਿਤਰ ਮਨਾਈ ਜਾਂਦੀ ਹੈ।

ਈਦ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਰਵਾਇਤ 'ਚ ਇਹ ਵੀ ਹੈ ਕਿ ਜਦੋਂ ਹਜ਼ਰਤ ਆਦਮ (ਅਲੈਹ ਅਲਸਾਮ) ਦੀ ਤੌਬਾ ਕਬੂਲ ਹੋਈ ਤਾਂ ਉਸ ਦਿਨ ਦੁਨੀਆ ਵਿਚ ਪਹਿਲੀ ਈਦ ਮਨਾਈ ਗਈ। ਇਸੇ ਤਰ੍ਹਾਂ ਹਜ਼ਰਤ ਇਬਰਾਹੀਮ (ਅਲੈਹ ਅਸਲਾਮ) ਨੂੰ ਜਦੋਂ ਨਮਰੂਦ ਦੁਆਰਾ ਅੱਗ ਦੇ ਹਵਾਲੇ ਕੀਤਾ ਗਿਆ ਤਾਂ ਅੱਗ ਨੇ ਉਨ੍ਹਾਂ ਨੂੰ ਜਲਾਉਣ ਦੀ ਥਾਂ ਫੁੱਲਾਂ ਦੇ ਬਗ਼ੀਚੇ ਦਾ ਰੂਪ ਧਾਰਨ ਕਰ ਲਿਆ ਤਾਂ ਇਬਰਾਹੀਮ ਦੀ ਕੌਮ ਨੇ ਇਸ ਖ਼ੁਸ਼ੀ 'ਚ ਈਦ ਮਨਾਈ। ਇਸੇ ਤਰ੍ਹਾਂ ਜਦ ਹਜ਼ਰਤ ਯੂਨਸ (ਅਲੈਹ ਅਸਲਾਮ) ਨੂੰ ਮੱਛੀ ਦੇ ਪੇਟ 'ਚੋਂ ਰਿਹਾਈ ਮਿਲੀ ਤਾਂ ਉਨ੍ਹਾਂ ਦੀ ਉਮਤ ਨੇ ਉਸ ਦਿਨ ਈਦ ਮਨਾਈ। ਜਦੋਂ ਅੱਲ੍ਹਾ ਪਾਕ ਨੇ ਹਜ਼ਰਤ ਮੂਸਾ (ਅਲੈਹ ਅਸਲਾਮ) ਦੀ ਕੌਮ, ਭਾਵ ਬਨੀ ਇਸਰਾਈਲ ਨੂੰ ਫਿਰੌਨ ਦੇ ਜ਼ੁਲਮਾਂ ਤੋਂ ਛੁਟਕਾਰਾ ਦਿਵਾਇਆ ਤਾਂ ਉਨ੍ਹਾਂ ਵਾਸਤੇ ਉਹੀ ਦਿਨ ਈਦ ਸਮਾਨ ਸੀ।

ਅਜੋਕੇ ਸਮੇਂ ਜੋ ਈਦ-ਉਲ-ਫਿਤਰ ਦਾ ਤਿਓਹਾਰ ਇਸਲਾਮ 'ਚ ਮਨਾਇਆ ਜਾਂਦਾ ਹੈ, ਇਸ ਦਾ ਆਰੰਭ 624 ਈਸਵੀ ਤੋਂ ਹੋਇਆ ਮੰਨਿਆ ਜਾਂਦਾ ਹੈ। ਇਸ ਤੋਂ ਪਹਿਲਾਂ ਹਜ਼ਰਤ ਮੁਹੰਮਦ ਸਲੱਲਾਹੋ ਅਲੈਵਸਲੱਮ ਦੀ ਹਿਜਰਤ ਕਰ ਕੇ ਆਉਣ ਤੱਕ ਮਦੀਨੇ ਦੇ ਲੋਕ ਸਾਲ 'ਚ ਦੋ ਦਿਨ ਮੇਲੇ ਦੀ ਸ਼ਕਲ 'ਚ ਖ਼ੁਸ਼ੀਆਂ ਮਨਾਉਂਦੇ ਸਨ। ਇਸ ਦੌਰਾਨ ਉਹ ਤਰ੍ਹਾਂ-ਤਰ੍ਹਾਂ ਦੇ ਖੇਡ ਤਮਾਸ਼ਿਆਂ 'ਚ ਲੱਗੇ ਰਹਿੰਦੇ ਤੇ ਹੁੱਲੜਬਾਜ਼ੀ ਕਰਨ ਨੂੰ ਹੀ ਈਦ ਸਮਝਦੇ ਸਨ। ਜਦੋਂ ਹਜ਼ਰਤ ਮੁਹੰਮਦ ਸਾਹਿਬ ਨੇ ਇਸ ਸੰਦਰਭ 'ਚ ਉਨ੍ਹਾਂ ਤੋਂ ਉਕਤ ਦਿਨਾਂ ਨੂੰ ਮਨਾਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਅਸੀਂ ਸ਼ੁਰੂ ਤੋਂ ਇਸੇ ਤਰ੍ਹਾਂ ਸਾਲ 'ਚ ਦੋ ਵਾਰ ਇਹ ਦਿਨ ਮਨਾਉਂਦੇ ਚਲੇ ਆ ਰਹੇ ਹਾਂ ਤਾਂ ਹਜ਼ਰਤ ਮੁਹੰਮਦ ਸਾਹਿਬ ਨੇ ਉਨ੍ਹਾਂ ਦੇ ਉਕਤ ਜੁਆਬ ਦੇ ਸੰਦਰਭ 'ਚ ਆਖਿਆ ਕਿ ਇਸ ਨਾਲੋਂ ਬਿਹਤਰ ਦੋ ਦਿਨ ਤਹਾਨੂੰ ਅੱਲ੍ਹਾ ਪਾਕ ਦੁਆਰਾ ਦਿੱਤੇ ਗਏ ਹਨ, ਇਕ ਈਦ-ਉਲ-ਫ਼ਿਤਰ ਤੇ ਦੂਜਾ ਈਦ-ਉਲ-ਜ਼ੁਹਾ। ਬਿਨਾਂ ਸ਼ੱਕ ਅੱਲ੍ਹਾ ਪਾਕ ਦੁਆਰਾ ਖ਼ੁਸ਼ੀ ਦੇ ਇਹ ਦਿਨ ਉਦੇਸ਼ਾਂ ਤੇ ਮਕਸਦ ਭਰੇ ਹਨ।

ਇਸਲਾਮ ਹਰ ਮੌਕੇ ਗ਼ਰੀਬਾਂ ਨਾਲ ਭਲਾਈ ਤੇ ਹੁਸਨ-ਏ-ਸਲੂਕ ਕਰਨ ਦੀ ਪ੍ਰੇਰਣਾ ਦਿੰਦਾ ਹੈ। ਬੇਸਹਾਰਾ, ਕਮਜ਼ੋਰ ਤੇ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਦੀ ਸਹਾਇਤਾ ਕਰਨ ਦੇ ਨਿਰਦੇਸ਼



ਦਿੰਦਾ ਹੈ। ਇਸ ਦੀ ਪ੍ਰਤੱਖ ਝਲਕ ਸਾਨੂੰ ਈਦ-ਉਲ-ਫ਼ਿਤਰ ਦੇ ਨਾਲ ਜੁੜੇ ਸਦਕਾ-ਏ-ਫਿਤਰ ਤੋਂ ਭਲੀਭਾਂਤ ਮਿਲਦੀ ਹੈ। ਇਹ ਕਿ ਰੋਜ਼ਿਆਂ ਦੌਰਾਨ ਰੋਜ਼ਾਦਾਰ ਤੋਂ ਜੋ ਕੁਤਾਹੀਆਂ ਹੋ ਜਾਂਦੀਆਂ ਹਨ, ਉਨ੍ਹਾਂ ਦੀ ਤਲਾਫ਼ੀ ਲਈ ਹਜ਼ਰਤ ਮੁਹੰਮਦ ਸਾਹਿਬ ਨੇ ਗ਼ਰੀਬਾਂ ਵਿਚਕਾਰ ਸਦਕਾ-ਏ-ਫ਼ਿਤਰ ਤਕਸੀਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਸਦਕਾ-ਏ-ਫ਼ਿਤਰ ਘਰ ਦੇ ਹਰ ਜੀਅ ਵਲੋਂ (ਨਾਬਾਲਗ ਦੇ ਮਾਂ-ਬਾਪ ਜਾਂ ਵਾਰਿਸ) ਵੱਲੋਂ ਦਿੱਤਾ ਜਾਂਦਾ ਹੈ, ਭਾਵ ਈਦ ਵਾਲੇ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਜੇ ਕਿਸੇ ਬੱਚੇ ਨੇ ਜਨਮ ਲਿਆ ਹੈ ਤਾਂ ਉਸ ਦੀ ਤਰਫੋਂ ਵੀ ਇਹ ਸਦਕਾ-ਏ-ਫ਼ਿਤਰ ਉਸ ਦੇ ਮਾਂ-ਬਾਪ ਵਲੋਂ ਕੱਢਿਆ ਜਾਣਾ ਵਾਜ਼ਿਬ ਹੈ। ਸਦਕਾ-ਏ-ਫ਼ਿਤਰ ਦਾ ਜੋ ਪ੍ਰਤੀ ਜੀਅ ਦੇ ਹਿਸਾਬ ਨਾਲ ਹਿੱਸਾ ਬਣਦਾ ਹੈ ਉਹ ਦੋ ਕਿੱਲੋ ਕਣਕ, ਜਾਂ ਸਾਢੇ ਤਿੰਨ ਕਿਲੋ ਜੌਂ ਜਾਂ ਖਜੂਰ ਕਿਸ਼ਮਿਸ਼, ਕਣਕ ਜਿਸ ਦੀ ਕੀਮਤ ਅੱਜ ਭਾਰਤੀ ਕਰੰਸੀ ਮੁਤਾਬਿਕ ਲਗਪਗ 50 ਰੁਪਏ ਹੈ, ਇਹ ਜ਼ਕਾਤ ਦੇ ਪੈਸਿਆਂ ਵਾਂਗ ਗ਼ਰੀਬ ਲੋਕਾਂ ਵਿਚ ਤਕਸੀਮ ਕਰਨ ਦਾ ਹੁਕਮ ਹੈ ਤਾਂ ਜੋ ਉਹ ਵੀ ਆਪਣੇ ਬੱਚਿਆਂ ਸਮੇਤ ਈਦ ਦੀਆਂ ਖ਼ੁਸ਼ੀਆਂ 'ਚ ਸ਼ਾਮਲ ਹੋ ਸਕਣ।

ਇਸ ਸੰਦਰਭ ਵਿਚ ਇਕ ਵਾਕਿਆ ਬਹੁਤ ਮਸ਼ਹੂਰ ਹੈ ਕਿ ਇਕ ਵਾਰ ਈਦ ਮੌਕੇ ਹਜ਼ਰਤ ਮੁਹੰਮਦ ਸਲੱਲਾਹੋ ਅਲੈਵਸਲੱਮ ਆਪਣੇ ਦੋਵੇਂ ਦੋਹਤਿਆਂ ਹਜ਼ਰਤ ਹਸਨ ਤੇ ਹੁਸੈਨ ਨਾਲ ਈਦ ਦੀ ਨਮਾਜ਼ ਪੜ੍ਹਨ ਜਾ ਰਹੇ ਸਨ ਕਿ ਰਸਤੇ ਵਿਚ ਕੁਝ ਬੱਚੇ ਖੇਡਦੇ ਵਿਖਾਈ ਦਿੱਤੇ। ਉਨ੍ਹਾਂ ਬੱਚਿਆਂ 'ਚੋਂ ਇਕ ਬਹੁਤ ਨਿਰਾਸ਼ ਤੇ ਪਰੇਸ਼ਾਨ ਵਿਖਾਈ ਦਿੱਤਾ ਤਾਂ ਆਪ ਨੇ ਉਸ ਪਾਸੋਂ ਦੁਖੀ ਹੋਣ ਦਾ ਕਾਰਨ ਪੁੱਛਿਆ। ਉਸ ਨੇ ਕਿਹਾ, 'ਮੇਰਾ ਬਾਪ ਮਰ ਚੁੱਕਾ ਹੈ ਤੇ ਮਾਂ ਨੇ ਦੂਜਾ ਵਿਆਹ ਕਰਾ ਲਿਆ ਹੈ, ਇਸ ਲਈ ਹੁਣ ਮੇਰੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਹੈ'। ਹਜ਼ਰਤ ਮੁਹੰਮਦ ਸਾਹਿਬ ਨੇ ਬੱਚੇ ਨੂੰ ਤਸੱਲੀ ਦਿੱਤੀ ਤੇ ਕਿਹਾ, 'ਕੀ ਤੂੰ ਪਸੰਦ ਕਰੇਂਗਾ ਕਿ ਮੁਹੰਮਦ (ਸ) ਤੇਰਾ ਬਾਪ ਹੋਵੇ ਤੇ ਆਇਸ਼ਾ (ਰਜ਼ੀ ਅਲਾਹ ਅਨਹਾਂ) ਤੇਰੀ ਮਾਂ ਤੇ ਹਜ਼ਰਤ ਫ਼ਾਤਿਮਾ (ਰਜ਼ੀ ਅਲਾਹ ਅਨਹਾਂ) ਤੇਰੀ ਭੈਣ ਹੋਵੇ'? ਇੱਥੇ ਜ਼ਿਕਰਯੋਗ ਹੈ ਕਿ ਆਇਸ਼ਾ (ਰ) ਹਜ਼ਰਤ ਮੁਹੰਮਦ ਸਲੱਲਾਹੋ ਅਲੈਵਸਲੱਮ ਦੀ ਪਤਨੀ ਤੇ ਫ਼ਾਤਿਮਾ ਲਾਡਲੀ ਧੀ ਸਨ। ਆਪ ਉਸ ਬੱਚੇ ਨੂੰ ਆਪਣੇ ਘਰ ਲੈ ਆਏ ਅਤੇ ਆਪਣੀ ਪਤਨੀ ਆਇਸ਼ਾ ਨੂੰ ਫ਼ਰਮਾਇਆ ਕਿ ਤੈਨੂੰ ਪੁੱਤਰ ਦੀ ਖ਼ਵਾਹਿਸ਼ ਸੀ, ਇਹ ਤੇਰਾ ਬੇਟਾ ਹੈ ਤੇ ਫ਼ਾਤਿਮਾ ਨੂੰ ਕਿਹਾ ਕਿ ਤੈਨੂੰ ਭਰਾ ਚਾਹੀਦਾ ਸੀ, ਇਹ ਤੇਰਾ ਭਰਾ ਹੈ ਤੇ ਫਿਰ ਹਸਨ ਅਤੇ ਹੁਸੈਨ ਦੇ ਕੱਪੜੇ ਲਿਆ ਕੇ ਉਨ੍ਹਾਂ 'ਚੋਂ ਇਕ ਵਧੀਆ ਜੋੜਾ ਉਸ ਬੱਚੇ ਨੂੰ ਪਹਿਨਾਇਆ ਤੇ ਉਸ ਨੂੰ ਆਪਣੇ ਨਾਲ ਲੈ ਕੇ ਈਦ ਦੀ ਨਮਾਜ਼ ਪੜ੍ਹਨ ਲਈ ਤਸ਼ਰੀਫ਼ ਲੈ ਗਏ।

ਈਦ ਦੀਆਂ ਸੁੰਨਤਾਂ ਵਿਚ ਗ਼ੁਸਲ (ਨਹਾਉਣਾ), ਆਪਣੀ ਹੈਸੀਅਤ ਮੁਤਾਬਿਕ ਫ਼ਜ਼ੂਲ ਖ਼ਰਚੀ ਤੋਂ ਪਰਹੇਜ਼ ਕਰਦੇ ਹੋਏ ਨਵੇਂ ਕੱਪੜੇ ਪਹਿਨਣਾ, ਖਜੂਰ ਖਾਣਾ, ਈਦ ਪੜ੍ਹਨ ਲਈ ਪੈਦਲ ਜਾਣਾ, ਇਕ ਰਸਤੇ ਜਾਣਾ ਤੇ ਦੂਜੇ ਰਸਤੇ ਘਰ ਵਾਪਸ ਆਉਣਾ, ਰਸਤੇ ਵਿਚ ਜਾਂਦੇ-ਆਉਂਦੇ ਧੀਮੀ ਆਵਾਜ਼ ਵਿਚ ਤਕਬੀਰਾਂ ਪੜ੍ਹਨਾ ਜਿਵੇਂ ਅੱਲ੍ਹਾ ਹੂ ਅਕਬਰ, ਅੱਲ੍ਹਾ ਹੂ ਅਕਬਰ, ਲਾ-ਇਲਾਹਾ ਇਲਲਾਹ ਹੂ ਵਲਾਹ ਹੂ ਅਕਬਰ, ਅਲਾਹ ਹੂ ਅਕਬਰ, ਵਾਲਿਲਾਹ ਹਿਲ ਹਮਦ, ਵੀ ਸੁੰਨਤ ਹੈ।

ਈਦ ਦੀ ਨਮਾਜ਼ ਉਪਰੰਤ ਇਮਾਮ ਵੱਲੋਂ ਜੋ ਖ਼ੁਤਬਾ (ਪ੍ਰਵਚਨ) ਦਿੱਤਾ ਜਾਂਦਾ ਹੈ, ਜਿਸ ਵਿਚ ਰੱਬ ਦੀ ਵਡਿਆਈ ਤੇ ਉਸਤਤ ਦੇ ਨਾਲ-ਨਾਲ ਸੰਸਾਰ ਦੀ ਸੁੱਖ-ਸ਼ਾਂਤੀ ਲਈ ਦੁਆ ਤੇ ਆਪਣੇ ਗੁਨਾਹਾਂ ਦੀ ਮਾਫ਼ੀ ਮੰਗੀ ਜਾਂਦੀ ਹੈ, ਉਸ ਨੂੰ ਸੁਣਨਾ ਹਰ ਈਦ ਦੀ ਨਮਾਜ਼ ਪੜ੍ਹਨ ਵਾਲੇ ਮੁਸਲਮਾਨ 'ਤੇ ਵਾਜਿਬ ਹੈ। ਇਕ ਰਵਾਇਤ ਵਿਚ ਆਇਆ ਹੈ ਕਿ ਹਜ਼ਰਤ ਮੁਹੰਮਦ ਸਲੱਲਾਹੋ ਅਲੈਵਸਲੱਮ ਨੇ ਫ਼ਰਮਾਇਆ ਹੈ ਕਿ ਈਦ ਦੀ ਨਮਾਜ਼ ਤੋਂ ਫ਼ਾਰਿਗ ਹੋ ਕੇ ਜਦ ਬੰਦੇ ਆਪਣੇ ਘਰੀਂ ਪਰਤਦੇ ਹਨ ਤਾਂ ਉਨ੍ਹਾਂ ਦੇ ਗੁਨਾਹ ਮੁਆਫ਼ ਹੋ ਚੁੱਕੇ ਹੁੰਦੇ ਹਨ।

## *ਕੀ ਪੰਜਾਬ ਦੀ ਹੋਣੀ ਪ੍ਰਵਾਨੇ ਜਾਂ ਸਿੰਗਲੇ ਵਰਗਿਆਂ ਦੇ ਹੱਥ ਛੱਡੀ ਜਾ ਸਕਦੀ ਹੈ?*

*(ਸਫਾ 27 ਦਾ ਬਾਕੀ)*

ਫਿਰਕੂ ਜ਼ਹਿਰ ਸੋਸ਼ਲ ਮੀਡੀਆ ਰਾਹੀਂ ਦੇਸ਼-ਵਿਦੇਸ਼ ਵਿਚ ਲਗਾਤਾਰ ਫੈਲਾ ਰਹੇ ਹਨ, ਉਨ੍ਹਾਂ ਬਾਰੇ ਕੀ ਕੀਤਾ ਜਾਵੇ? ਸਾਡਾ ਇਨ੍ਹਾਂ ਵਿਚੋਂ ਕਿਸੇ ਨਾਲ ਨਾ ਨਿੱਜੀ ਵਿਰੋਧ ਹੈ ਤੇ ਨਾ ਹੀ ਨਿੱਜੀ ਸਬੰਧ ਹੈ, ਪਰ ਜੋ ਲੋਕ ਪੰਜਾਬ ਸਮੇਤ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਤੇ ਭਾਰਤੀ ਭਾਈਚਾਰੇ ਵਿਚ ਅਮਨ-ਸ਼ਾਂਤੀ ਤੇ ਤਰੱਕੀ ਚਾਹੁੰਦੇ ਹਨ, ਉਨ੍ਹਾਂ ਨੂੰ ਸੋਚਣਾ ਬਣਦਾ ਹੈ ਕਿ ਉਹ ਕੀ ਕਰਨ...? ਬੇਸ਼ਕ ਅਸੀਂ ਵਿਦੇਸ਼ਾਂ ਵਿਚ ਬੈਠੇ ਹਾਂ, ਪਰ ਇੱਥੇ ਵੀ ਅਜਿਹੇ ਲੋਕਾਂ ਦੇ ਪੈਰੋਕਾਰ ਦੇਸ਼-ਵਿਦੇਸ਼ ਵਿਚ ਸਭ ਪਾਸੇ ਮੌਜੂਦ ਹਨ, ਜਿਨ੍ਹਾਂ ਵਿਚੋਂ ਕੁਝ ਜਜ਼ਬਾਤੀ ਹਨ ਅਤੇ ਬਹੁਤ ਸਾਰਿਆਂ ਦੇ ਕਈ ਤਰ੍ਹਾਂ ਦੇ ਹਿੱਤ ਇਨ੍ਹਾਂ ਨਾਲ ਜੁੜੇ ਹੋਏ ਹਨ...?

30 ਅਪਰੈਲ, 2022 ਨੂੰ ਪੰਜਾਬੀ ਟ੍ਰਿਬਿਊਨ ਵਿਚ ਰਣਜੀਤ ਸਿੰਘ ਘੁੰਮਣ ਦਾ ਇੱਕ ਲੇਖ 'ਮੁਫਤਖੋਰੀ ਦਾ ਮਿੱਠਾ ਜ਼ਹਿਰ ਅਤੇ ਸਿਆਸਤ' ਪੜ੍ਹਨਯੋਗ ਹੈ, ਜਿਸ ਵਿਚ ਉਨ੍ਹਾਂ ਨੇ ਪੰਜਾਬ ਤੇ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ 'ਤੇ ਗੱਲ ਕੀਤੀ ਹੈ। ਪੰਜਾਬ ਦਿਨੋਂ-ਦਿਨ ਕਰਜ਼ੇ ਵਿਚ ਡੁੱਬਦਾ ਜਾ ਰਿਹਾ ਹੈ, ਇਸ ਲਈ ਸਰਕਾਰਾਂ ਨੇ ਸਾਨੂੰ ਮੁਫਤਖੋਰੀ ਦਾ ਲੌਲੀਪੌਪ ਦੇ ਕੇ ਪੰਜਾਬ ਕਰਜ਼ਈ ਬਣਾ ਦਿੱਤਾ ਹੈ। ਪੰਜਾਬ ਲਈ ਦਰਿਆਵਾਂ ਦੇ ਪਾਣੀਆਂ, ਚੰਡੀਗੜ੍ਹ, ਬੇਰੁਜ਼ਗਾਰੀ, ਪ੍ਰਵਾਸ ਤੇ ਹੋਰ ਅਨੇਕਾਂ ਮਸਲੇ ਹਨ, ਉਨ੍ਹਾਂ ਦੀ ਥਾਂ ਸਾਨੂੰ ਕਦੇ ਬੇਅਦਬੀਆਂ ਤੇ ਕਦੇ 'ਖਾਲਿਸਤਾਨ ਜ਼ਿੰਦਾਬਾਦ' ਜਾਂ 'ਖਾਲਿਸਤਾਨ ਮੁਰਦਾਬਾਦ' ਆਦਿ ਮਸਲਿਆਂ ਵਿਚ ਉਲਝਾ ਕੇ ਲੜਾਇਆ ਜਾ ਰਿਹਾ ਹੈ? ਚਾਹੀਦਾ ਤਾਂ ਇਹ ਹੈ ਕਿ ਸਿੱਖਾਂ ਦਾ ਇਹ ਇਤਰਾਜ਼ ਦੂਰ ਕਰਨ ਲਈ ਕਿ ਪੰਜਾਬ ਦਾ ਹਿੰਦੂ ਭਾਈਚਾਰਾ ਸਿੱਖਾਂ ਦੇ ਨਾਲ ਪੰਜਾਬ ਦੇ ਸਾਂਝੇ ਮਸਲਿਆਂ ਲਈ ਨਹੀਂ ਖੜ੍ਹਦਾ, ਪੰਜਾਬ ਦੀ ਹਿੰਦੂ ਲੀਡਰਸ਼ਿਪ ਨੂੰ ਇਕਮੁੱਠ ਹੋ ਕੇ ਪੰਜਾਬ ਦੇ ਸਾਂਝੇ ਮਸਲਿਆਂ ਲਈ ਦਲਿਤਾਂ ਤੇ ਹੋਰ ਫਿਰਕਿਆਂ ਨੂੰ ਨਾਲ ਲੈ ਕੇ ਸਾਂਝਾ ਸੰਘਰਸ਼ ਆਰੰਭ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਅਸੀਂ ਫਿਰਕਿਆਂ ਦੀ ਥਾਂ ਪੰਜਾਬੀ ਹੋ ਕੇ ਸੋਚੀਏ ਤੇ ਪੰਜਾਬ ਤੇ ਪੰਜਾਬੀਅਤ ਲਈ ਕੁਝ ਰਲ ਕੇ ਕਰ ਸਕੀਏ?

# ਨਵੇਂ ਕਿਰਤ ਕਾਨੂੰਨ ਵਿਰੁੱਧ ਸੰਘਰਸ਼ ਲਈ ਸ਼ਿਕਾਗੋ ਸੰਘਰਸ਼ ਦੀ ਪ੍ਰੇਰਨਾ

ਅੱਜ ਦੁਨੀਆ ਭਰ ਦੇ ਮਜ਼ਦੂਰ ਸ਼ਿਕਾਗੋ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾ ਰਹੇ ਹਨ। ਦੁਨੀਆ ਦਾ ਵੱਡਾ ਸੰਘਰਸ਼ ਭਾਰਤ ਦਾ ਕਿਸਾਨ ਸੰਘਰਸ਼ ਵੀ ਹੋਰਨਾਂ ਪ੍ਰੇਰਨਾ ਸਰੋਤਾਂ ਦੇ ਹੁੰਦਿਆਂ ਮਜ਼ਦੂਰ ਦਿਵਸ ਦੀ ਤਵਾਰੀਖ ਤੋਂ ਮਿਲਦੀ ਪ੍ਰੇਰਨਾ ਨਾਲ ਇਸ ਤੇ ਆਉਂਦੇ ਉਤਰਾਅ-ਚੜ੍ਹਾਅ ਦੇ ਚਲਦਿਆਂ ਸਫਲਤਾਪੂਰਵਕ ਸਿਰੇ ਚੜ੍ਹਿਆ ਹੈ। ਪੂੰਜੀਪਤੀਆਂ ਦਾ ਹੱਕ ਪੂਰਨ ਵਾਲੀ ਸਮਝੀ ਜਾਂਦੀ ਕੇਂਦਰ ਸਰਕਾਰ ਜੋ ਕਿਰਤ ਕਾਨੂੰਨ ਲਿਆਈ ਹੈ, ਉਨ੍ਹਾਂ ਨੇ ਸੰਵਿਧਾਨ ਦੀ ਵਿਸ਼ੇਸ਼ਤਾ ਸਮਝੇ ਜਾਂਦੇ ਕਿਰਤੀਆਂ ਦੇ ਹਿੱਤ ਪੂਰਨ ਵਾਲੇ ਕਿਰਤ ਕਾਨੂੰਨ ਹੀ ਬਦਲ ਦਿੱਤੇ ਹਨ। ਕਿਰਤੀ ਜਥੇਬੰਦੀਆਂ ਨੇ ਆਪਣੇ ਸੰਘਰਸ਼ ਦਾ ਲੇਖਾ-ਜੋਖਾ ਕਰਦਿਆਂ ਅਗਲੇ ਸੰਘਰਸ਼ ਦੀ ਰੂਪ-ਰੇਖਾ ਨੂੰ ਵੀ ਉਲੀਕਣਾ

**ਪ੍ਰਭਜੀਤ ਸਿੰਘ ਰਸੂਲਪੁਰ**
**ਫੋਨ: 98780-23768**

ਹੈ। ਨਿੱਜੀਕਰਨ ਦੇ ਦੈਂਤ ਨੇ ਪਬਲਿਕ ਸੈਕਟਰ ਲਗਭਗ ਖਤਮ ਹੀ ਕਰ ਦਿੱਤਾ ਹੈ। ਕਰੋੜਾਂ ਸਰਕਾਰੀ ਨੌਕਰੀਆਂ ਖਤਮ ਕਰ ਦਿੱਤੀਆਂ ਹਨ। ਦੇਸ਼ ਵਿਚ ਕਿਰਤੀਆਂ, ਕਿਸਾਨਾਂ ਅਤੇ ਕਰਮਚਾਰੀਆਂ ਵਿਚਕਾਰ ਇਕ ਵਰਗ ਹੋਰ ਉਭਰਿਆ ਹੈ ਉਹ ਹੈ ਪੈਨਸ਼ਨ ਵਿਹੂਣੇ ਮੁਲਾਜ਼ਮ ਜਿਨ੍ਹਾਂ ਦਾ ਤਕਨੀਕੀ ਨਾਮ 'ਨਵੀਂ ਪੈਨਸ਼ਨ ਸਕੀਮ ਤਹਿਤ ਆਉਂਦੇ ਕਰਮਚਾਰੀ' ਭਾਵ ਐਨ.ਪੀ.ਐਸ ਕਰਮਚਾਰੀ ਵਜੋਂ ਲਿਆ ਜਾਂਦਾ ਹੈ। ਪੂਰੇ ਭਾਰਤ ਵਿਚ ਇਹ ਕਰਮਚਾਰੀ ਡੇਢ ਕਰੋੜ ਤੋਂ ਵੱਧ ਹਨ ਅਤੇ ਪੰਜਾਬ ਵਿਚ ਇਨ੍ਹਾਂ ਦੀ ਗਿਣਤੀ ਦੋ ਲੱਖ ਦੇ ਨੇੜੇ ਹੈ।

ਪੈਨਸ਼ਨ ਦਾ ਪੁਰਾਣਾ ਇਤਿਹਾਸ ਹੈ। ਅਸੀਂ ਇਤਿਹਾਸ ਦੇ ਗੁਪਤ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਤਕ ਪੈਨਸ਼ਨ ਵਿਵਸਥਾ ਦਾ ਜ਼ਿਕਰ ਪੜ੍ਹਦੇ ਹਾਂ। ਵਿਧੀਵਤ ਤੌਰ 'ਤੇ 1857 ਵਿਚ ਬ੍ਰਿਟੇਨ ਦੀ ਤਰਜ਼ 'ਤੇ ਭਾਰਤ ਵਿਚ ਪੈਨਸ਼ਨ ਸ਼ੁਰੂ ਕੀਤੀ ਗਈ ਸੀ। ਇੰਡੀਅਨ ਪੈਨਸ਼ਨ ਐਕਟ 1871 ਰਾਹੀਂ ਪੈਨਸ਼ਨ ਨਾਲ ਮਹਿੰਗਾਈ ਭੱਤਾ ਵੀ ਜੋੜਿਆ ਗਿਆ। ਭਾਰਤ ਵਿਚ ਸਦੀਆਂ ਤੋਂ ਚਲਦੀ ਇਸ ਪੈਨਸ਼ਨ ਨੂੰ 2004 ਵਿਚ ਹਟਾ ਦਿੱਤਾ ਗਿਆ ਅਤੇ ਇਸ ਦੀ ਜਗ੍ਹਾ ਬਹੁਤ ਹੀ ਘਟੀਆ ਸਕੀਮ ਲਿਆਂਦੀ ਗਈ ਜੋ ਸ਼ੇਅਰ ਬਾਜ਼ਾਰ ਆਧਾਰਿਤ ਇਕ ਨਿਵੇਸ਼ ਸਕੀਮ ਹੀ ਹੈ, ਜਿਸ ਨੂੰ ਛੇ ਪ੍ਰਾਈਵੇਟ ਫੰਡ ਮੈਨੇਜਰ ਸੰਭਾਲਦੇ ਹਨ। ਇਸ ਵਿਚ ਨਾ ਤਾਂ ਕੋਈ ਘੱਟੋ ਘੱਟ ਪੈਨਸ਼ਨ ਮਿਥੀ ਗਈ ਹੈ ਨਾ ਕੋਈ ਇਸ ਨੂੰ ਨਿਰਧਾਰਿਤ ਕਰਨ ਦਾ ਫਾਰਮੂਲਾ ਹੈ ਜਿਵੇਂ ਪੁਰਾਣੀ ਪੈਨਸ਼ਨ ਸਕੀਮ 'ਚ ਸੇਵਾ ਮੁਕਤੀ ਸਮੇਂ ਪੈਨਸ਼ਨ ਨਿਰਧਾਰਿਤ ਹੁੰਦੀ ਸੀ। ਇਸ ਸਕੀਮ 'ਚ ਕਰਮਚਾਰੀ ਦੀ ਬੇਸਿਕ ਪੇਅ ਅਤੇ ਡੀ ਏ ਦੇ ਜੋੜ ਦਾ 10% ਹਿੱਸਾ ਸੀ ਪੀ ਐਫ ਵਜੋਂ ਕੱਟਿਆ ਜਾਂਦਾ ਹੈ ਅਤੇ ਸਰਕਾਰ ਆਪਣਾ 14%ਹਿੱਸਾ ਪਾਉਂਦੀ ਹੈ। ਇਹ ਦੋਵੇਂ ਹਿੱਸੇ ਫੰਡ ਮੈਨੇਜਰਾਂ ਕੋਲ 24% ਬਣ ਕੇ ਜਾਂਦੇ ਹਨ ਜਿਸ ਨੂੰ ਉਹ ਸ਼ੇਅਰ ਮਾਰਕਿਟ 'ਚ ਲਗਾ ਦਿੰਦੇ ਹਨ।

ਵੇਖਣ ਵਾਲੀ ਗੱਲ ਹੈ ਕਿ ਜੇਕਰ ਦੋ ਕਰੋੜ ਦੇ ਨੇੜੇ ਕਰਮਚਾਰੀਆਂ ਦੀ ਤਨਖਾਹ ਦਾ 24%ਹਿੱਸਾ ਪ੍ਰਾਈਵੇਟ ਫੰਡ ਮੈਨੇਜਰਾਂ ਨੂੰ ਨਾ ਦੇ ਕੇ ਸਰਕਾਰੀ ਖਜ਼ਾਨੇ 'ਚ ਜਾਵੇ ਤਾਂ ਹਰ ਮਹੀਨੇ ਅਰਬਾਂ ਖਰਬਾਂ ਰੁਪਈਆ ਭਲਾਈ ਸਕੀਮਾਂ 'ਚ ਲਗਾਇਆ ਜਾ ਸਕਦਾ ਹੈ। ਇਸ ਪੈਸੇ ਨਾਲ ਸਾਡਾ ਵਿੱਤੀ ਸੰਕਟ ਹੱਲ ਹੋ ਸਕਦਾ ਹੈ। ਦੁਖ ਹੈ ਕਿ ਸਰਕਾਰ ਫੰਡ ਮੈਨੇਜਰਾਂ ਨੂੰ 14% ਹਿੱਸੇ ਦੇ ਰੂਪ 'ਚ ਅਰਬਾਂ ਰੁਪਏ ਆਪਣੇ ਕੋਲੋਂ ਤਾਂ ਦੇ ਸਕਦੀ ਹੈ ਪਰ ਕਰਮਚਾਰੀਆਂ ਨੂੰ ਪੈਨਸ਼ਨ ਨਹੀਂ ਦੇ ਸਕਦੀ।

ਕੇਂਦਰ ਸਰਕਾਰ ਨੇ ਇਹ ਪੈਨਸ਼ਨ ਬੰਦ ਕਰਨ ਸਮੇਂ ਇਹ ਵੀ ਕਿਹਾ ਸੀ ਕਿ ਅਸੀਂ ਪੈਨਸ਼ਨ ਜਾਰੀ ਰੱਖ ਕੇ ਸਰਕਾਰੀ ਖਜ਼ਾਨੇ 'ਤੇ ਪੈਂਦਾ ਬੋਝ ਨਹੀਂ ਝੱਲ ਸਕਦੇ। ਭਾਰਤ ਵਿਚ ਇਸ ਦੀ ਜੀ ਡੀ ਪੀ ਦੇ 0.1% ਤੋਂ ਵੀ ਘੱਟ ਹਿੱਸਾ ਪੈਨਸ਼ਨ ਉਪਰ ਖਰਚ ਕੀਤਾ ਜਾਂਦਾ ਹੈ। ਇਸ ਦੇ ਮੁਕਾਬਲੇ ਸਾਊਥ ਕੋਰੀਆ ਅਤੇ ਹਾਂਗਕਾਂਗ ਵਰਗੇ ਦੇਸ਼ ਜੀ ਡੀ ਪੀ ਦਾ 2% ਹਿੱਸਾ, ਜਾਪਾਨ 9%, ਜਰਮਨੀ 12% ਅਤੇ ਇਟਲੀ ਵਰਗੇ ਦੇਸ਼ਾਂ 'ਚ ਇਹ ਹਿੱਸਾ 14%ਹੈ। ਯਾਦ ਰਹੇ ਸੁਪਰੀਮ ਕੋਰਟ ਨੇ ਪੈਨਸ਼ਨ ਨੂੰ ਕੋਈ ਖੈਰਾਤ ਜਾਂ ਬਖਸ਼ੀਸ਼ ਨਹੀਂ ਸਗੋਂ ਕਰਮਚਾਰੀਆਂ ਦੁਆਰਾ ਸਾਰੇ ਜੀਵਨ ਵਿਚ ਦੇਸ਼ ਲਈ ਨਿਭਾਈਆਂ ਸੇਵਾਵਾਂ ਦਾ ਫਲ ਕਰਾਰ ਦਿੱਤਾ ਸੀ ਅਤੇ ਭਾਰਤੀ ਸੰਵਿਧਾਨ ਨੇ ਪੈਨਸ਼ਨ ਨੂੰ ਸੰਪਤੀ ਕਰਾਰ ਦਿੰਦਿਆਂ ਇਸ ਨੂੰ ਘਟਾਉਣ, ਟਾਲਣ ਜਾਂ ਹਟਾਉਣ ਨੂੰ ਸੰਵਿਧਾਨ ਵਿਰੋਧੀ ਕਰਾਰ ਦਿੱਤਾ ਹੋਇਆ ਹੈ ਪਰ ਦੁਖ ਨਾਲ ਦੱਸਣਾ ਪੈਂਦਾ ਹੈ ਕਿ ਇਸ ਦੇ ਹੱਕ 'ਚ ਹੋਏ ਅਨੇਕਾਂ ਅਦਾਲਤੀ ਫ਼ੈਸਲਿਆਂ, ਸੰਵਿਧਾਨਕ ਧਾਰਾਵਾਂ ਅਤੇ ਲੋਕ ਰਾਇ ਹੁੰਦਿਆਂ ਇਸ ਨੂੰ ਸਮਾਪਤ ਕਰ ਦਿਤਾ ਗਿਆ।

**ਨਵੀਂ ਪੈਨਸ਼ਨ ਸਕੀਮ ਦਾ ਘਿਨਾਉਣਾ ਪੱਖ:** ਕਰਮਚਾਰੀਆਂ ਨੂੰ ਕੋਈ ਘੱਟੋ-ਘੱਟ ਨਿਸ਼ਚਿਤ ਪੈਨਸ਼ਨ ਨਹੀਂ ਲੱਗੀ, ਇਹ ਸ਼ੇਅਰ ਮਾਰਕਿਟ ਆਧਾਰਿਤ ਹੋਣ ਕਰਕੇ ਇਕ ਜੂਆ ਹੀ ਹੈ। ਬਾਅਦ 'ਚ ਕਿਸੇ ਤਨਖਾਹ ਕਮਿਸ਼ਨ ਦਾ ਕੋਈ ਲਾਭ ਨਹੀਂ ਮਿਲਦਾ,। ਇਸ ਉਪਰ ਕੋਈ ਮਹਿੰਗਾਈ ਭੱਤਾ ਜਾਂ ਹੋਰ ਵਾਧਾ ਨਹੀਂ ਜੁੜਦਾ। ਸਾਡਾ ਜਮ੍ਹਾਂ ਫੰਡ 'ਚੋਂ ਵੀ 60% ਹੀ ਮਿਲਦਾ ਹੈ ਅਤੇ ਬਾਕੀ 40% ਕੱਟ ਕੇ ਕਿਸੇ ਪੈਨਸ਼ਨ ਸਕੀਮ 'ਚ ਲਗਾ ਦਿੱਤਾ ਜਾਂਦਾ ਹੈ, ਜਿਸ ਤੋਂ ਪ੍ਰਾਪਤ ਮਾਸਿਕ ਆਮਦਨ ਹੀ ਪੈਨਸ਼ਨ ਹੁੰਦੀ ਹੈ ਸਰਕਾਰ ਕੋਈ ਵੀ ਪੈਸਾ ਨਹੀਂ ਦਿੰਦੀ।

**ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਦੀ ਦਸ਼ਾ ਤੇ ਦਿਸ਼ਾ:** ਪੰਜਾਬ ਸਰਕਾਰ ਦੇ 2004 ਤੋਂ ਬਾਅਦ ਭਰਤੀ ਹੋਏ ਕਰਮਚਾਰੀਆਂ ਦੀ ਨੁਮਾਇੰਦਾ ਜਥੇਬੰਦੀ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦਾ ਗਠਨ ਹੋਇਆ। ਜਿਸ ਦੀ ਅਗਵਾਈ 'ਚ ਹੁਣ ਤਕ ਬਲਾਕ ਪੱਧਰ ਤੋਂ ਰਾਜ ਪੱਧਰ ਤਕ ਸ਼ਾਨਦਾਰ ਸਫ਼ਲ ਐਕਸ਼ਨ ਕੀਤੇ ਗਏ ਤੇ ਮੰਗਾਂ ਧੜੱਲੇ ਨਾਲ ਚੁੱਕੀਆਂ ਤੇ ਮਨਵਾਈਆ। ਇਨ੍ਹਾਂ ਐਕਸ਼ਨਾਂ ਦੇ ਦਬਾਅ ਹੇਠ ਪੰਜਾਬ ਸਰਕਾਰ ਨੇ 2004 ਤੋਂ ਬਾਅਦ ਭਰਤੀ ਹੋਏ ਆਪਣੇ ਮੁਲਾਜ਼ਮਾਂ ਲਈ ਡੀ ਸੀ ਆਰ ਜੀ ਅਦਾ ਕਰਨ ਦਾ ਫੈਸਲਾ ਲਿਆ ਹੈ। ਜਥੇਬੰਦੀ ਦੀ ਦਬਾਅ ਸਦਕਾ ਹੀ ਸਰਕਾਰ ਨੇ ਪੁਰਾਣੀ ਪੈਨਸ਼ਨ ਬਹਾਲੀ ਰਿਵਿਊ ਕਮੇਟੀ ਦਾ ਗਠਨ ਵੀ ਕੀਤਾ ਸੀ। ਸਰਕਾਰ ਦਾ ਗਰੈਚੁਟੀ ਅਤੇ ਐਕਸ-ਗ੍ਰੇਸ਼ੀਆ ਗਰਾਂਟ ਬਾਰੇ ਉਕਤ ਫੈਸਲਾ ਸ਼ਲਾਘਾਯੋਗ ਹੈ ਕਿਉਂਕਿ ਪਿਛਲੇ ਸਮੇਂ ਅਜਿਹੇ ਮੁਲਾਜ਼ਮ ਸਾਥੀ ਜੋ 2004 ਤੋਂ ਬਾਅਦ ਭਰਤੀ ਹੋਏ ਸੀ ਅਤੇ ਕਿਸੇ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਉਹ ਨਵੀਂ ਪੈਨਸ਼ਨ ਸਕੀਮ ਅਧੀਨ ਭਰਤੀ ਹੋਣ ਕਰਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਪੈਨਸ਼ਨ ਸੁਰੱਖਿਆ ਵੀ ਨਹੀਂ ਮਿਲ ਸਕਦੀ ਸੀ ਅਤੇ ਨਾ ਹੀ ਕੋਈ ਹੋਰ ਵਿੱਤੀ ਸਹੂਲਤ ਦੀ ਵਿਵਸਥਾ ਸੀ। ਛੱਤੀਸਗੜ੍ਹ ਅਤੇ ਰਾਜਸਥਾਨ ਸਰਕਾਰਾਂ ਨੇ ਨਵੀਂ ਪੈਨਸ਼ਨ ਸਕੀਮ ਦੇ ਨੁਕਸਾਨ ਅਤੇ ਪੁਰਾਣੀ ਪੈਨਸ਼ਨ ਸਕੀਮ ਦੇ ਲਾਭ ਦੱਸਦਿਆਂ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰ ਕੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਹੈ। ਇਸ ਸਕੀਮ ਨੂੰ ਬਹਾਲ ਕਰਕੇ ਲੱਖਾਂ ਕਰਮਚਾਰੀਆਂ ਨੂੰ ਆਰਥਿਕ ਲਾਭ ਅਤੇ ਸਮਾਜਿਕ ਸੁਰੱਖਿਆ ਦਿੱਤੀ ਹੈ ਤੇ ਕਾਰਪੋਰੇਟ ਘਰਾਣਿਆਂ ਕੋਲ ਗਿਆ ਹਜ਼ਾਰਾਂ ਕਰੋੜ ਰੁਪਇਆ ਸਰਕਾਰੀ ਖਜ਼ਾਨੇ 'ਚ ਵਾਪਸ ਆਇਆ ਹੈ। ਭਗਵੰਤ ਮਾਨ ਸਰਕਾਰ ਜੇਕਰ ਮਾਇਕ ਕਮੀਆਂ ਕਰਕੇ ਹੀ ਲੋਕ ਭਲਾਈ ਸਕੀਮਾਂ ਸ਼ੁਰੂ ਨਹੀਂ ਕਰ ਰਹੀ ਤਾਂ ਉਹ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰ ਕੇ 2800 ਕਰੋੜ ਸਾਲਾਨਾ ਬਚਾ ਸਕਦੀ ਹੈ, ਜਿਹੜਾ ਪੈਸਾ ਫੰਡ ਮੈਨੇਜਰ ਹੀ ਆਪਣੇ ਕਾਰਪੋਰੇਟੀ ਮਕਸਦ ਲਈ ਵਰਤਦੇ ਹਨ। 31 ਮਾਰਚ, 2019 ਤਕ ਪੈਨਸ਼ਨ ਫੰਡ ਦਾ 13000 ਕਰੋੜ ਕਾਰਪੋਰੇਟ ਘਰਾਣਿਆਂ ਕੋਲ ਚਲਾ ਗਿਆ ਹੈ। ਸਰਕਾਰ ਇਹ ਪੈਸਾ ਵੀ ਬਚਾ ਕੇ ਲੋਕ ਭਲਾਈ 'ਚ ਦੇ ਸਕਦੀ ਹੈ। ਸੰਘਰਸ਼ ਕਮੇਟੀ ਨੇ ਇਹ ਸੰਘਰਸ਼ ਸੂਬੇ 'ਚ ਤਾਂ ਮਘਾਇਆ ਹੀ ਸੀ ਅਤੇ ਨਾਲੋ-ਨਾਲ ਦੇਸ਼ ਵਿਆਪੀ ਸੰਘਰਸ਼ ਲਈ ਰਾਸ਼ਟਰੀ ਪੁਰਾਣੀ ਪੈਨਸ਼ਨ ਬਹਾਲੀ ਸੰਯੁਕਤ ਮੋਰਚਾ ਅਧੀਨ ਲਾਮਬੰਦੀ ਵੀ ਕੀਤੀ ਹੈ।

ਉਮੀਦ ਹੈ ਸਾਰੇ ਐਨ ਪੀ ਐੱਸ ਕਰਮਚਾਰੀ, ਸ਼ਿਕਾਗੋ ਵਾਲੇ ਸੰਘਰਸ਼ ਅਤੇ ਸ਼ਹੀਦਾਂ ਤੋਂ ਸੇਧ ਲੈ ਕੇ ਆਪਣੇ ਸੰਵਿਧਾਨਕ ਪੈਨਸ਼ਨ ਦੇ ਹੱਕ ਨੂੰ ਬਹਾਲ ਕਰਵਾਉਣ ਲਈ ਸੰਘਰਸ਼ ਕਮੇਟੀ ਦੀ ਅਗਵਾਈ 'ਚ ਹੋਰ ਸੰਗਠਿਤ ਅਤੇ ਜਾਗਰੂਕ ਹੋ ਕੇ ਨਾਅਰਾ ਲਾਉਣਗੇ:

"ਹੱਕ ਜਿਹਨਾਂ ਨੇ ਜਾਣ ਲਏ,
ਲੜ ਕੇ ਲੈਣਗੇ ਖੋਹ।"

# ਛਿੰਦੋ ਦੇ ਮੁੰਡੇ ਦੇ ਵਿਆਹ 'ਤੇ ਦੇਬੂ ਨੇ ਉਡਾਈ 'ਬੂੰਦੀ'

**ਵਿਅੰਗ**

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

ਕਿਸੇ ਮੇਰੇ ਵਰਗੇ ਨੇ ਕਿਸੇ 'ਸਿਆਣੇ' ਨੂੰ ਪੁੱਛਿਆ...ਅਖੇ ਯਾਰ ਜੀਹਨੂੰ ਸੁਣਦਾ ਨੀ ਹੁੰਦਾ..ਉਹਨੂੰ 'ਕੀ' ਆਖੀਦੈ...? ਅਗਲਾ ਕਹਿੰਦਾ ਭਾਈ ਉਹਨੂੰ ਤਾਂ ਬਿਚਾਰੇ ਨੂੰ 'ਜੋ ਮਰਜ਼ੀ' ਆਖੀ ਚੱਲੋ...ਉਹਨੂੰ ਕਿਹੜਾ ਸੁਣਨੈਂ...? ਪੁੱਛਣਾ ਤਾਂ ਉਹ ਵਿਚਾਰਾ 'ਬੋਲ਼ੇ' ਬਾਰੇ ਚਾਹੁੰਦਾ ਸੀ, ਪਰ ਉਸ ਨੂੰ ਉੱਤਰ 'ਹੋਰ' ਹੀ ਮਿਲ ਗਿਆ! ਕਈ ਵਾਰ ਤੁਸੀਂ ਕਿਸੇ ਨੂੰ ਪਿਆਰ ਸਤਿਕਾਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦੇ ਹੋ, ਪਰ ਮੱਝ ਅੱਗੇ ਵੰਝਲੀ ਵਜਾਉਣ ਦਾ ਕੀ ਫ਼ਾਇਦਾ..? ਉਸ ਸਹੁਰੀ ਕਮਲੀ ਨੂੰ ਸੁਰਾਂ ਦਾ ਈ ਪਤਾ ਨਹੀਂ ਹੁੰਦਾ! ਉਸ ਨੂੰ ਤਾਂ ਗੋਹੇ ਨਾਲ ਲਿਬੜੀ ਪੂਛ ਘੁਮਾ ਕੇ ਤੁਹਾਡੇ ਮੂੰਹ 'ਤੇ ਮਾਰਨ ਨਾਲ ਹੀ ਲੱਜਤ ਆਉਂਦੀ ਹੈ..! ਕੀ ਕਰੀਏ..? ਮੱਝ ਦੀ ਇਸੇ ਵਿਚ ਈ ਖ਼ੁਸ਼ੀ ਹੈ! ਪਰ ਮੈਨੂੰ



**ਸ਼ਿਵਚਰਨ ਜੱਗੀ ਕੁੱਸਾ**
ਫੋਨ: 44 78533-17891

ਉਮੀਦ ਐ ਬਈ ਜਿੰਨਾ ਚਿਰ ਕਿਸੇ ਦੀ ਗਿੱਚੀ 'ਚ 'ਚਿੱਬ' ਨਾ ਪਵੇ, ਉਹਨੂੰ 'ਸੁਰਤ' ਨਹੀਂ ਆਉਂਦੀ..! ਪਰ ਚੁੱਪ-ਚਾਪ ਕਿਰਤ ਕਰਨੀ ਈ ਚੰਗੀ ਐ ਭਾਈ! ....ਨਾਲੇ ਮਲਵਈ ਤਾਂ ਕੰਮ 'ਤੇ ਈ ਲੋਟ ਐ..! ਵਿਹਲੇ ਹੋਣਗੇ ਤਾਂ ਕੋਈ ਘਤਿੱਤ ਈ ਕਰਨਗੇ...! ਕੋਈ ਕਵੀ ਸ਼ੇਅਰ ਗਾ ਰਿਹਾ ਸੀ, "ਅਗਰ ਚਾਂਦ ਨਾ ਹੋਤੇ ਤੋ ਸਿਤਾਰੇ ਨਾ ਹੋਤੇ..!" ਦੂਜੇ ਪਾਸੇ ਮਿਰਾਸੀ ਸੁਣਦਾ ਸੀ। ਉਹ ਬਰਾਬਰ ਬੋਲ ਉਠਿਆ, "ਬੋਡੀ ਬੁੜ੍ਹੀ ਨਾ ਹੋਤੀ, ਤੁਸੀਂ ਸਾਰੇ ਨਾ ਹੋਤੇ..!"

ਹੁਣ ਤੁਸੀਂ ਕੁੱਟਣ-ਘੜੀਸਣ ਦੀ ਗੱਲ ਸੁਣ ਲਓ..! ਕਿਤੇ ਵੋਟਾਂ ਵੇਲੇ ਕਿਸੇ ਠਾਣੇਦਾਰ ਨੂੰ ਲੋਕਾਂ ਨੇ ਕਿਸੇ ਗੱਲੋਂ 'ਬੋਕ' ਬਣਾ ਲਿਆ ਤੇ 'ਥਾਪੜ-ਥਪੜਾਓ' ਕਰ ਦਿੱਤਾ...! ਸਿਪਾਹੀ ਤਿੱਤਰ ਹੋ ਗਏ...! ਹੋਣਾ ਈ ਸੀ..! ਕੁੱਟਣ ਵਾਲੇ ਕਿਹੜਾ ਉਨ੍ਹਾਂ ਦੀ ਭੂਆ ਦੇ ਮੁੰਡੇ ਸੀ...? ਤੇ ਭਾਈ ਲੋਕ ਉਹਨੂੰ ਕੁੱਟਣੋਂ ਨਾ ਹਟਣ...! ਦੋ ਆਜੜੀ ਵਿਚਾਰੇ ਨੇੜੇ ਬੱਕਰੀਆਂ ਚਾਰ ਰਹੇ ਸੀ..! ਤਾਇਆ ਅਤੇ ਭਤੀਜਾ..! ਭਤੀਜੇ ਨੇ ਰੌਲਾ ਪਾਇਆ, "ਉਏ ਕਮਲਿਆ ਪਿੰਡਾ...ਜੇ ਇਹ ਮਰ ਗਿਆ...ਸਾਰਾ ਪਿੰਡ ਫਾਹੇ ਆਜੂ, 'ਗੌਰਮਿਲਟੀ' ਬੰਦੈ...!" ਫੇਰ ਪਿੰਡ ਆਲਿਆਂ ਨੂੰ ਕੁਛ ਅਕਲ ਆਈ...! ਉਹਨੂੰ ਕੁੱਟਣੋ ਹਟੇ...! ਜਦੋਂ ਲੋਕ ਘਰਾਂ ਨੂੰ ਚਲੇ ਗਏ...ਤਾਂ ਰਹਿਮ ਦਿਲ ਬੱਕਰੀਆਂ ਵਾਲੇ ਨੇ ਆਪਦੀ ਪਾਣੀ ਵਾਲੀ ਡੋਲਣੀ ਠਾਣੇਦਾਰ ਸਾਹਿਬ ਦੇ ਮੂੰਹ ਨੂੰ ਲਾਅਤੀ...ਬਈ ਮੂਰਛਤ ਹੋਇਆ ਪਾਣੀ ਪੀ ਕੇ ਲੋਟ ਹੋਜੂ..! ਲੈ ਭਾਈ...ਜਦੋਂ ਠਾਣੇਦਾਰ ਸਾਹਿਬ ਨੂੰ ਪਾਣੀ ਦੀ ਘੁੱਟ ਪੀ ਕੇ ਸੁਰਤ ਜੀ ਆਈ...ਉਸ ਨੇ ਉਠ ਕੇ ਕੌਡੀ ਆਲਿਆਂ ਮਾਂਗੂੰ ਬੱਕਰੀਆਂ ਵਾਲੇ ਨੂੰ ਈ ਸਿੱਟ ਲਿਆ...ਅਖੇ ਤੇਰੀ ਈ ਕੋਈ 'ਸਾਜ਼ਿਸ਼' ਐ...! ਲਓ, ਕਰ ਲਓ ਗੱਲ..! ਉਸ ਬੱਕਰੀਆਂ ਵਾਲੇ ਦਾ ਭਤੀਜਾ ਆਖੀ ਜਾਵੇ, "ਤਾਇਆ...! ਮੈਂ ਸਿਆਣਾ ਨਹੀਂ ਬਣ ਸਕਿਆ...! ਜਦੋਂ ਠਾਣੇਦਾਰ ਨੂੰ ਲੋਕਾਂ ਨੇ ਢਾਹਿਆ ਸੀ, ਉਦੋਂ ਮੈਨੂੰ ਲੋਕਾਂ ਨੂੰ ਵਰਜਣਾ ਨੀ ਸੀ ਚਾਹੀਦਾ, ਪਰ ਗਲਤੀ ਬੰਦੇ ਤੋਂ ਹੋ ਜਾਂਦੀ ਐ, ਮੈਂ ਸਿਆਣਾ ਨੀ ਤਾਇਆ...!" ਤਾਂ ਤਾਇਆ ਉਸ ਦੀ ਗੱਲ 'ਕੱਟ' ਕੇ ਆਖਣ ਲੱਗਿਆ, "ਭਤੀਜ..! ਤੇਰਾ ਤਾਇਆ ਹੁਣ ਤੱਕ ਨ੍ਹੀਂ ਸਿਆਣਾ ਹੋਇਆ...ਭਤੀਜ ਕਿੱਥੋਂ ਹੋਜੂ? ਮੈਂ ਠਾਣੇਦਾਰ ਦੇ ਮੂੰਹ ਨੂੰ ਪਾਣੀ ਲਾ ਕੇ ਉਸ ਤੋਂ ਵੱਡੀ ਗਲਤੀ ਕਰਤੀ..! ਲਾਇਕੀ ਦੀ ਗੱਲ ਭਤੀਜ ਮੈਂ ਵੀ ਨੀ ਕੀਤੀ..!" ਹੁਣ ਦੋਨੋਂ ਪਛਤਾ ਰਹੇ ਸਨ ਅਤੇ ਇੱਕ-ਦੂਜੇ ਦਾ ਦੁੱਖ ਜਿਹਾ ਵੰਡਾ ਰਹੇ ਸਨ!

ਅੱਜ ਮੈਂ ਤੁਹਾਨੂੰ ਛਿੰਦੋ ਦੀ ਗੱਲ ਸੁਣਾਉਂਦਾ ਹਾਂ! ਛਿੰਦੋ ਦਾ ਨਾਂ ਤਾਂ ਸ਼ਾਇਦ ਸੁਰਿੰਦਰ ਜਾਂ ਸਮਿੰਦਰ ਹੋਵੇ, ਪਰ ਹੈ ਬੜੀ ਕਚੀਲ੍ਹ ਔਰਤ! ਪੂਰੀ ਝੰਡੇ ਹੇਠਲੀ! ਰੱਬ ਨੂੰ 'ਟੱਬ' ਸਮਝਣ ਵਾਲੀ!! ਛਿੰਦੋ ਨੇ ਪਤਾ ਨਹੀਂ ਕਿੰਨੇ ਘਰਾਂ ਵਿਚ ਸਿਆਪੇ ਪਾਏ। ਕਿੰਨੇ ਘਰ ਉਜਾੜੇ। ਉਸ ਦੇ ਚੰਡੇ ਦਰੱਖ਼ਤ ਅਜੇ ਤੱਕ ਹਰੇ ਨਹੀਂ ਹੋਏ। ਛਿੰਦੋ ਇਕ ਜਿਉਂਦੀ-ਜਾਗਦੀ ਸੱਤਰ ਸਾਲ ਦੀ ਪ੍ਰੇਤ ਵਰਗੀ ਆਪਹੁਦਰੀ, ਸੁਆਰਥੀ ਅਤੇ ਖ਼ੁਦਗਰਜ਼ ਔਰਤ ਹੈ। ਗਲਤੀਆਂ ਛਿੰਦੋ ਨੇ ਕੀਤੀਆਂ ਅਤੇ ਭੁਗਤੀਆਂ ਸਭ ਨਿਰਦੋਸ਼ਿਆਂ ਨੇ! ਉਸ ਦੀਆਂ ਬੱਤੀ ਸੁਲੱਖਣੀਆਂ ਪੰਜ ਭੈਣਾਂ ਨੇ ਉਸ ਦੀ ਪੂਰੀ ਪਿੱਠ ਥਾਪੜੀ। ਚਾਹੇ ਸਾਰੀਆਂ ਉੱਜੜਨ ਕਿਨਾਰੇ ਹੀ ਹਨ ਪਰ ਫਿਰ ਵੀ ਇਕ ਦੂਜੀ ਭੈਣ ਦੀ ਪਿੱਠ 'ਪੂਰਨੋਂ' ਨਹੀਂ ਹਟਦੀਆਂ। ਉਸ ਦੇ 'ਸਤਿਯੁਗੀ' ਪਰਿਵਾਰ ਦੀਆਂ ਸਾਰੀਆਂ ਪਰਤਾਂ ਹੁਣ ਹੌਲ਼ੀ-ਹੌਲ਼ੀ ਖੁੱਲ੍ਹਣਗੀਆਂ। ਹਿੱਕ 'ਤੇ ਹੱਥ ਰੱਖ ਕੇ ਹਰ ਮਹੀਨੇ ਪੜ੍ਹਦੇ ਜਾਇਓ! ਗੰਭੀਰ ਗੱਲਾਂ ਅਗਲੀ ਵਾਰ ਤੋਂ ਸ਼ੁਰੂ ਹੋਣਗੀਆਂ। ਪਰ ਅਜੇ ਛਿੰਦੋ ਦੀ ਇਕ ਆਮ ਜਿਹੀ ਗੱਲ ਹੀ ਸੁਣ ਲਓ! ਪਤਾ ਲੱਗ ਜਾਵੇਗਾ ਕਿ ਛਿੰਦੋ ਕਿੰਨੀ 'ਚੜ੍ਹਦੀ ਕਲਾ' ਵਾਲੀ ਜਿੰਨ ਵਰਗੀ ਤੀਮੀ ਹੈ!

ਛਿੰਦੋ ਦੇ ਛੋਟੇ ਮੁੰਡੇ ਦਾ ਵਿਆਹ ਸੀ। ਛਿੰਦੋ ਤੇ ਉਸ ਦੇ ਘਰਵਾਲੇ ਦੇਬੂ ਨੇ ਸਾਰੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਆਪਣੇ ਮੁੰਡੇ ਦੇ ਮੰਗਣੇ 'ਤੇ ਬੁਲਾਇਆ। ਰੌਣਕੀ ਹੋਰਾਂ ਨੇ ਵੀ ਪਰਿਵਾਰ ਸਮੇਤ ਦਰਸ਼ਨ ਜਾ ਦਿੱਤੇ। ਰੌਣਕੀ ਛਿੰਦੋ ਦੇ ਪਰਿਵਾਰ ਦੇ ਬਹੁਤਾ ਨੇੜੇ ਤਾਂ ਨਹੀਂ, ਪਰ ਇਤਨਾ ਦੂਰ ਵੀ ਨਹੀਂ ਕਿ ਚੰਗਾ-ਮੰਦਾ ਵੀ ਨਾ ਸਮਝੇ! ਦੇਬੂ ਬਾਈ ਜੀ ਰੌਣਕੀ ਨੂੰ ਦਾਰੂ ਪੀਣ ਲਈ ਜ਼ੋਰ ਲਾਉਂਦੇ ਰਹੇ ਪਰ ਰੌਣਕੀ ਨੇ ਨਹੀਂ ਪੀਤੀ। ਸ਼ਰਾਬ ਰੌਣਕੀ ਨੇ ਬਥੇਰੀ ਪੀਤੀ ਹੈ ਪਰ ਹੁਣ ਪੰਜ ਕੁ ਸਾਲਾਂ ਤੋਂ ਬਿਲਕੁਲ ਬੰਦ ਕੀਤੀ ਹੋਈ ਹੈ। ਇਸ ਲਈ ਦੇਬੂ ਰੌਣਕੀ ਨਾਲ 'ਖ਼ਫ਼ਾ' ਸੀ, "ਤੂੰ ਇਕ ਤਾਂ ਲਾ ਲੈ..!" ਦੇਬੂ ਬਾਈ ਪੈਗ ਪਾਈ ਰੌਣਕੀ ਕੋਲ ਖੜ੍ਹਾ ਪਿਆਸੇ ਕਾਂ ਵਾਂਗ ਝਾਕ ਰਿਹਾ ਸੀ। ਪਰ ਹਰ ਵਾਰ ਰੌਣਕੀ ਦਾ ਜਵਾਬ 'ਨਾਂਹ' ਵਿਚ ਹੀ ਸੀ। ਬਾਈ ਦੇਬੂ ਨਿਰਾਸ਼ ਹੋ ਗਿਆ। ਉਸ ਤੋਂ ਦੋ ਕੁ ਹਫ਼ਤੇ ਬਾਅਦ 'ਲੇਡੀ-ਸੰਗੀਤ' ਪਾਰਟੀ ਹੋਈ। ਲੇਡੀਆਂ ਦੇ ਨਾਲ ਰੌਣਕੀ ਨੂੰ ਵੀ ਸੱਦਾ-ਪੱਤਰ ਆਇਆ! "ਤੂੰ ਸਾਡੇ ਕੰਮੋਂ ਤਾਂ ਗਿਆ..!" ਦੇਬੂ ਵਾਰ ਵਾਰ ਰੌਣਕੀ ਨੂੰ ਆਖ ਕੇ ਆਪਣਾ ਦਿਲ ਜਿਹਾ 'ਹੌਲ਼ਾ' ਕਰੀ ਜਾ ਰਿਹਾ ਸੀ। ਰੌਣਕੀ ਦੇ ਮਾਮਾ ਜੀ ਵੀ 'ਸ਼ੈਂਪੇਨ' ਪੀਂਦੇ ਆਖ ਰਹੇ ਸਨ, "ਹੈਂ ਬਈ..! ਆਹ ਦਿਨ ਵੀ ਦੇਖਣੇ ਸੀ..!" ਉਨ੍ਹਾਂ ਨੂੰ ਵੀ ਭਾਣਜੇ ਦਾ ਦਾਰੂ ਨਾ ਪੀਣਾ ਜਚਿਆ ਨਹੀਂ ਸੀ!...ਤੇ ਦੇਬੂ ਬਾਈ ਜੀ ਨੇ ਅਖ਼ੀਰ ਅੱਕ ਕੇ ਆਖ ਦਿੱਤਾ, "ਲੈ ਬਈ ਰੌਣਕੀ ਮਿੱਤਰਾ..! ਤੂੰ ਤਾਂ ਹੁਣ ਜਮ੍ਹਾਂ ਈ ਬੇਰੌਣਕਾ ਹੋ ਗਿਐਂ..! ਜੇ ਤੂੰ ਦਾਰੂ ਨਹੀਂ ਪੀਣੀ ਤਾਂ ਬਰਾਤੇ ਨਾ ਜਾਈਂ, ਸਾਨੂੰ ਸ਼ਰਮ ਆਊਗੀ ਬਈ ਆਹ ਕਿਹੋ ਜਿਆ ਬੰਦਾ ਖਿੱਚੀ ਫਿਰਦੇ ਐ, ਜਿਹੜਾ ਦਾਰੂ ਈ ਨੀਂ ਪੀਂਦਾ..!" ਰੌਣਕੀ ਨੇ ਫਿਰ ਇੱਕੋ ਗੱਲ ਆਖੀ, "ਬਾਈ ਜੀ ਬਰਾਤ ਨਾ ਜਾਣਾ ਮਨਜ਼ੂਰ, ਪਰ ਦਾਰੂ ਮੈਂ ਸੱਚੀਂ ਹੀ ਛੱਡ ਦਿੱਤੀ ਐ..!"

ਖ਼ੈਰ ਰੌਣਕੀ ਸਾਹਿਬ ਬਰਾਤ ਵੀ ਗਏ ਅਤੇ ਦਾਰੂ ਵੀ ਨਾ ਪੀਤੀ। ਨਾਲ਼ੇ ਉਹਦੀ ਇੱਜ਼ਤ ਰਹਿ ਗਈ ਅਤੇ ਨਾਲ਼ੇ ਦੇਬੂ ਬਾਈ ਜੀ ਦੀ! ਜਦ ਰੌਣਕੀ ਦਾਰੂ ਪੀਂਦਾ ਸੀ, ਤਾਂ ਬਾਈ ਦੇਬੂ ਆਮ ਹੀ ਆਖ ਦਿੰਦਾ, "ਸਾਡਾ ਰੌਣਕੀ ਸਰੀਰ ਛੱਡ ਸਕਦੈ, ਪਰ ਦਾਰੂ ਨੀ ਛੱਡ ਸਕਦਾ..!" ਪਰ ਹੁਣ ਬਾਈ ਨੂੰ ਸ਼ਾਇਦ ਆਪਣੇ ਕਹੇ ਬੋਲਾਂ 'ਤੇ ਨਮੋਸ਼ੀ ਆ ਰਹੀ ਸੀ ਕਿ ਆਹ ਪੀ ਕੇ ਲਿਟਣ ਵਾਲਾ ਬੰਦਾ ਦਾਰੂ ਬਿਲਕੁਲ ਹੀ ਛੱਡ ਗਿਆ..? ਚਲੋ ਜੀ, ਸ਼ੁਕਰ ਰੱਬ ਦਾ! ਵਿਆਹ ਵਧੀਆ ਹੋ ਗਿਆ। ਵਿਆਹ ਦੀ 'ਡਾਂਸ-ਫ਼ਲੋਰ' 'ਤੇ ਰੌਣਕੀ ਨੇ ਵੀ ਸਰਦਾ-ਪੁਜਦਾ ਲੱਕ-ਲੁੱਕ ਹਿਲਾਇਆ। ਹਿਲਾਉਣਾ ਈ ਸੀ, ਨਹੀਂ ਤਾਂ ਬਾਈ ਜੀ ਨੇ ਫਿਰ ਕੌੜ ਕਿਰਲੇ ਵਾਂਗ ਪੈਗ ਫੜ ਕੇ ਉਸ ਦੁਆਲ਼ੇ ਹੋ ਜਾਣਾ ਸੀ, "ਦਾਰੂ ਬਿਨਾਂ ਨੱਚਿਆ ਟੱਪਿਆ ਨ੍ਹੀ ਜਾਂਦਾ, ਅੱਜ ਤਾਂ ਇਕ ਅੱਧਾ ਲਾ ਕੇ ਵਰਤ ਤੋੜ ਲੈ..! ਨੱਚਣ ਦਾ ਢੰਗ ਆਜੂ..!"

ਹਫ਼ਤਾ ਕੁ ਬਾਅਦ ਵਿਆਹ ਦੀ ਪਾਰਟੀ ਸੀ। ਦੇਬੂ ਬਾਈ ਜੀ ਨੇ ਰੌਣਕੀ ਨੂੰ ਫਿਰ ਸੱਦਾ ਭੇਜਿਆ। ਪਾਰਟੀ ਫਿਰ ਚੱਲੀ। ਰੌਣਕੀ ਨੇ ਵੀ ਗਰੀਬੀ ਦਾਅਵੇ ਨਾਲ ਲੱਕ 'ਤੇ ਹੱਥ ਧਰ ਕੇ ਕੂਲ੍ਹਾ ਹਿਲਾਇਆ। ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਮਿਲਿਆ-ਗਿਲਿਆ! ਬਾਈ ਜੀ ਵੀ ਹੱਥ ਵਿਚ ਗਿਲਾਸ ਫੜੀ 'ਬਲਦ-ਮੂਤਣੀਆਂ' ਜਿਹੀਆਂ ਪਾਉਂਦੇ 'ਡਾਂਸ-ਫਲੋਰ' 'ਤੇ ਸੂਣ ਵਾਲੀ ਮੱਝ ਵਾਂਗੂੰ 'ਵੱਟ' ਜਿਹਾ ਕਰਦੇ ਕਦੇ ਰੌਣਕੀ ਦਾ ਪੈਰ ਮਿੱਧ ਦਿੰਦੇ ਅਤੇ ਕਦੇ ਕਿਸੇ ਹੋਰ ਦਾ! ਰੌਣਕੀ ਨੇ ਆਪਣਾ ਬਚਾ ਕਰੀ ਰੱਖਿਆ। ਕਿਉਂਕਿ ਉਹ ਰੋਡਵੇਜ਼ ਦੀ ਲਾਰੀ 'ਤੇ ਹਰ ਰੋਜ਼ ਹੀ ਪੜ੍ਹਨਾ ਗਿੱਝਿਆ ਸੀ, "ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ!" ਪਰ ਅੱਜ ਤਾਂ ਦੇਬੂ ਬਾਈ ਜੀ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਭਾਰਤ 'ਇਕ'



ਹੋਣ ਵਾਂਗ ਸਾਰੀ ਡਾਂਸ-ਫ਼ਲੋਰ 'ਤੇ 'ਕੱਲੇ' ਹੀ ਛਾਏ ਹੋਏ ਸਨ। ਜਦ ਬਾਈ ਜੀ ਦੇ ਨਸ਼ੇ ਦੀ 'ਸੂਈ' ਥੱਲੇ ਨੂੰ ਪੁੱਠੀ ਮੁੜਨ ਲੱਗੀ ਤਾਂ ਉਹ 'ਪੈਂਚਰ' ਜਿਹਾ ਹੋਇਆ ਰੌਣਕੀ ਹੋਰਾਂ ਕੋਲ ਆ ਕੇ ਬੈਠ ਗਿਆ। ਰੌਣਕੀ ਹੋਰੀਂ ਰੋਟੀ ਖਾਣ ਦੀ ਤਿਆਰੀ ਕਰ ਰਹੇ ਸਨ! ਬਾਈ ਜੀ ਨੇ ਆਪਣੀ 'ਊਣੀ' ਟੈਂਕੀ 'ਫ਼ੁੱਲ' ਕਰਨ ਲਈ 'ਵੇਟਰ' ਨੂੰ ਇਸ਼ਾਰਾ ਕੀਤਾ ਤਾਂ ਲੰਡਾ ਪੈਗ ਆ ਗਿਆ। ਬਾਈ ਜੀ ਨੇ ਪੈਗ ਸਿਰੇ ਲਾ ਦਿੱਤਾ ਅਤੇ ਅਰਾਮ ਨਾਲ ਅੱਖਾਂ ਮੀਟ ਕੇ ਬੈਠ ਗਏ, ਜਿਵੇਂ ਕਬੂਤਰ ਬਿੱਲੀ ਨੂੰ ਦੇਖ ਕੇ ਮੀਟਦਾ ਹੈ! ਉਸ ਦੇ "ਓਏ ਵੇਟਰ" ਜਾਂ "ਓਏ ਵੇਟਰ ਕੇ ਬੱਚੇ" ਵਰਗੀਆਂ ਅਵਾਜ਼ਾਂ ਕੰਨਾਂ ਵਿਚ ਪੈ ਰਹੀਆਂ ਸਨ। ਪਰ ਉਹ ਵੇਟਰਾਂ ਨੂੰ, "ਓਏ ਦਾਰੂ ਖੁੱਲ੍ਹੀ ਡੁੱਲ੍ਹੀ ਵਰਤਾਈ ਜਾਓ ਬਈ, ਨਹੀਂ ਇਹ "ਵੇਟਰ ਦੇ ਬੱਚੇ" ਤੋਂ ਕਿਸੇ ਹੋਰ ਭਾਸ਼ਾ 'ਤੇ ਆ ਜਾਣਗੇ, ਇਹ ਦੇਹ ਵੀ ਜਲਦੀ ਪਲਟਦੇ ਆ!"

ਕੁਝ ਸਮੇਂ ਬਾਅਦ ਛਿੰਦੋ ਭਾਬੀ ਜੀ ਦੇਬੂ ਬਾਈ ਜੀ ਕੋਲ ਆ ਗਏ। ਉਨ੍ਹਾਂ ਦੀਆਂ ਡੂੰਘੀਆਂ ਬੱਗੀਆਂ ਅੱਖਾਂ ਵਿਚ ਰੌਣਕੀ ਸਾਹਿਬ ਨੂੰ ਕੋਈ ਗ਼ੈਬੀ ਕਰੋਧ ਦਿਸਿਆ। ਉਹ ਲਹਿੰਗਾ ਅਤੇ ਉਚੀ ਅੱਡੀ ਦੇ ਸੈਂਡਲ ਪਾਈ ਡਾਂਸ ਕਰਦੇ ਕਰਦੇ 'ਹਫ਼ੇ' ਪਏ ਸਨ। ਹੁਣ ਉਹ ਇੰਜ ਤੁਰ ਰਹੇ ਸਨ, ਜਿਵੇਂ ਸੂਲਾਂ 'ਤੇ ਕੁੱਕੜ ਤੁਰਦੈ! ਉਮਰ ਉਨ੍ਹਾਂ ਦੀ ਚਾਹੇ ਸੱਤਰਾਂ ਸਾਲਾਂ ਦੀ ਹੈ, ਪਰ ਬੁੱਢੀ ਘੋੜੀ ਦੇ ਲਾਲ ਲਗਾਮ ਪਾਉਣ ਵਾਂਗ ਉਹ ਅੱਜ ਬਿਊਟੀ ਪਾਰਲਰ ਤੋਂ 'ਜੋਤਾ' ਲੁਆ ਕੇ ਆਏ ਸਨ। ਪਰ ਚਿਹਰੇ ਦੇ ਚਿੱਬ 'ਮੇਕ-ਅੱਪ' ਹੇਠੋਂ ਵੀ ਸੱਪ ਵਾਂਗ ਜੀਭਾਂ ਕੱਢਦੇ ਸਨ।

ਭਾਬੀ ਜੀ ਨੂੰ ਸ਼ਾਇਦ ਬਾਈ ਜੀ ਨਾਲ 'ਹੋਰ' ਡਾਂਸ ਕਰਨ ਦਾ 'ਝੱਲ' ਚੜ੍ਹਿਆ ਪਿਆ ਸੀ ਜਾਂ 'ਹਲਕ' ਉਠਿਆ ਹੋਇਆ ਸੀ। ਕੀ ਕਰਦੇ..? ਛਿੰਦੋ ਭਾਬੀ ਜੀ ਦੇਬੂ ਬਾਈ ਜੀ ਨੂੰ 'ਪਿਆਰ' ਹੀ ਐਨਾ ਕਰਦੇ ਨੇ! ਪਰ 'ਡਾਂਸ' ਦੇ ਨਾਂ ਨੂੰ ਬਾਈ ਜੀ ਆਫਰੇ ਕੱਟਰੂ ਵਾਂਗ 'ਨਾਂਹ' ਵਿਚ ਕੰਨ ਜਿਹੇ ਹਿਲਾਈ ਜਾ ਰਹੇ ਸਨ। ਜਦ ਛਿੰਦੋ ਭਾਬੀ ਜੀ ਨੇ ਡਾਂਸ ਕਰਨ ਦੀ 'ਹਿੰਡ' ਨਾ ਛੱਡੀ ਤਾਂ ਦੇਬੂ ਬਾਈ ਜੀ ਗਾਲ੍ਹਾਂ 'ਤੇ ਉੱਤਰ ਆਏ, "ਮੈਂ ਤੇਰਾ ਨੌਕਰ ਐਂ, ਭੈਣ...!" ਰੋਟੀ ਖਾਂਦੇ-ਖਾਂਦੇ ਰੌਣਕੀ ਸਾਹਿਬ ਨੇ ਬਾਈ ਜੀ ਨੂੰ ਪਲੋਸ ਕੇ ਠੰਢਾ ਕਰਨ ਦਾ ਯਤਨ ਕੀਤਾ। ਬਾਈ ਜੀ ਪੀਤੀ ਵਿਚ ਕੁਰਸੀ 'ਤੇ ਬੈਠੇ ਹੀ ਪਠੋਰੇ ਵਾਂਗ ਘੁਰਲੀਆਂ ਜਿਹੀਆਂ ਮਾਰ ਰਹੇ ਸਨ। ਪਰ ਸਹੁਰਾ ਝੱਲਾ 'ਪਿਆਰ' ਕਦੋਂ ਟਿਕਣ ਦਿੰਦਾ ਹੈ? ਛਿੰਦੋ ਭਰਜਾਈ ਜੀ ਫਿਰ ਬਾਈ ਜੀ ਦੀ ਪੂਛ ਨੂੰ ਫੜੀ ਖੜ੍ਹੇ, ਮਰੋੜਾ ਦੇ ਰਹੇ ਸਨ, "ਆਓ ਡਾਂਸ ਕਰੋ..!" ਤੇ ਬਾਈ ਜੀ ਨੇ ਫਿਰ ਉਹੀ 'ਕੋਰੜਾ ਛੰਦ' ਪੜ੍ਹਿਆ, ਜੋ ਛਿੰਦੋ ਭਾਬੀ ਜੀ ਪਹਿਲਾਂ ਵੀ 'ਸਰਵਣ' ਕਰ ਚੁੱਕੇ ਸਨ।

ਛਿੰਦੋ ਭਾਬੀ ਜੀ ਵਾਰ-ਵਾਰ ਡਾਂਸ ਕਰਨ ਬਾਰੇ 'ਹਠ' ਕਰ ਰਹੇ ਸਨ ਅਤੇ ਬਾਈ ਜੀ 'ਛੰਦ' ਸੁਣਾ ਰਹੇ ਸਨ। ਸਾਧੂ ਅਤੇ ਬਿੱਛੂ ਦੇ ਕਰਮ ਵਾਲਾ 'ਕਾਂਡ' ਚੱਲ ਰਿਹਾ ਸੀ। ਅਖ਼ੀਰ ਛਿੰਦੋ ਭਾਬੀ ਜੀ ਨੇ ਰੌਣਕੀ ਦੇ ਸਾਹਮਣੇ ਮੇਜ਼ 'ਤੇ ਪਿਆ ਪਾਣੀ ਦਾ ਗਿਲਾਸ ਬਾਈ ਜੀ ਦੇ ਮੂੰਹ 'ਤੇ ਪੂਰੇ ਜ਼ੋਰ ਮਾਰਿਆ। 'ਮੋਹ' ਹੀ ਐਨਾ ਸੀ, ਕੀ ਕਰਦੀ..? ਉਨ੍ਹਾਂ ਨੇ ਸੋਚਿਆ ਹੋਣੈ ਕਿ ਪਤੀ-ਪ੍ਰਮੇਸ਼ਰ ਜੀ ਦੀ ਪੀਤੀ ਹੋਈ ਹੈ, ਪਾਣੀ ਦਾ ਗਿਲਾਸ ਮੂੰਹ 'ਤੇ ਪਾਏ ਤੋਂ ਸ਼ਾਇਦ ਲਹਿ ਜਾਵੇਗੀ ਅਤੇ ਖ਼ਸਮ ਜੀ 'ਡਾਂਸ' ਲਈ ਫਿਰ ਧੱਕਾ ਸਟਾਰਟ ਇੰਜਣ ਵਾਂਗ ਚੱਲ ਪੈਣਗੇ..? ਲੋੜ ਹੀ ਤਾਂ ਕਾਢ ਦੀ 'ਮਾਂ' ਹੁੰਦੀ ਹੈ..! ...ਤੇ ਬੱਸ ਫਿਰ ਕੀ ਸੀ..? ਮੂੰਹ 'ਤੇ ਪਾਣੀ ਦਾ ਗਿਲਾਸ ਪੈਣ ਦੀ ਦੇਰ ਸੀ ਕਿ 'ਸਟਾਰਟ' ਹੋਏ ਬਾਈ ਜੀ ਨੇ ਰੌਣਕੀ ਹੋਰਾਂ ਦੇ ਸਾਹਮਣੇ ਪਿਆ ਸਾਗ, ਮੀਟ, ਦਾਲ-ਸਬਜ਼ੀ ਵਗਾਹ-ਵਗਾਹ ਭਾਬੀ ਜੀ ਵੱਲ ਚਲਾਉਣੀ ਸ਼ੁਰੂ ਕਰ ਦਿੱਤੀ ਅਤੇ ਛਿੰਦੋ ਜੀ ਦੇ ਕੀਮਤੀ ਲਹਿੰਗੇ 'ਤੇ ਦਾਲਾਂ-ਸਬਜ਼ੀਆਂ ਦੇ 'ਡੱਬ' ਪਾ ਦਿੱਤੇ। ਰੌਣਕੀ ਨੇ ਫੜਨ ਲਈ ਬਥੇਰਾ ਜ਼ੋਰ ਲਾਇਆ, ਪਰ ਬਾਈ ਨੇ ਸਾਗ ਅਤੇ ਮੀਟ ਦੀ 'ਅਸਾਲਟ' ਦਾ ਮੂੰਹ ਰੌਣਕੀ ਵੱਲ ਨੂੰ ਕਰ ਦਿੱਤਾ। ਉਸ ਦੇ ਵਾਰ ਐਨੇ 'ਅੰਧਾਧੁੰਦ' ਤੇਜ਼ ਸਨ ਕਿ ਅੱਖਾਂ ਮੀਟ ਕੇ ਬਰਦਾਸ਼ਤ ਕਰਨ ਤੋਂ ਇਲਾਵਾ ਰੌਣਕੀ ਹੋਰਾਂ ਕੋਲ ਕੋਈ ਚਾਰਾ ਵੀ ਨਹੀਂ ਸੀ। ਪੰਜਾਬ ਸਰਕਾਰ ਦੀ ਪੁਲੀਸ ਦੀਆਂ 'ਜਲ-ਤੋਪਾਂ' ਵਾਂਗ ਰੌਣਕੀ ਹੋਰਾਂ 'ਤੇ ਵੀ ਦਾਲ਼ਾਂ-ਸਬਜ਼ੀਆਂ ਦੀ ਬੁਛਾੜ ਆ ਰਹੀ ਸੀ। ਉਸ ਦੇ ਕੋਟ-ਪੈਂਟ 'ਤੇ ਵੀ ਭਾਰਤ ਦੇ ਨਕਸ਼ੇ ਪਾ ਦਿੱਤੇ ਅਤੇ ਰੌਣਕੀ ਅਤੇ ਉਸ ਦੇ ਨਾਲ ਬੈਠੇ ਬੇਲੀ ਕਸੀਸ ਵੱਟ ਕੇ ਜਰੀ ਗਏ।


ਜਦ ਦੇਬੂ ਬਾਈ ਜੀ ਦੇ ਸਾਹਮਣੇ ਤੋਂ ਸਾਗ ਅਤੇ ਮੀਟ ਖ਼ਤਮ ਹੋਇਆ ਤਾਂ ਉਹ 'ਚੌਲੋ-ਚੌਲੀ' ਹੋਣ ਲੱਗ ਪਏ। ਰੌਣਕੀ ਹੋਰੀਂ ਆਪਣਾ ਬਚਾਅ ਕਰਦੇ ਕਰਦੇ ਹਾਰੀ ਫ਼ੌਜ ਵਾਂਗੂੰ ਪਿੱਛੇ ਹਟਣ ਲੱਗ ਪਏ। ਪਰ ਬਾਈ ਦੇ ਸ਼ਿਸ਼ਤ ਬੰਨ੍ਹ ਕੇ ਚਲਾਏ ਚੌਲਾਂ ਦੀ ਮਾਰ 'ਚ ਰੌਣਕੀ ਜੀ ਆ ਹੀ ਜਾਂਦੇ ਸਨ। ਜਦ ਚੌਲ ਖ਼ਤਮ ਹੋਏ ਤਾਂ 'ਬੂੰਦੀ' ਦੀ ਵਾਰੀ ਆ ਗਈ। ਬੂੰਦੀ 'ਉਡਣ' ਲੱਗ ਪਈ..! ਰੌਣਕੀ ਨੇ "ਉਡਾਤੀ ਬੂੰਦੀ" ਦੀ ਵਿਅੰਗਮਈ ਕਹਾਵਤ ਤਾਂ ਬਹੁਤ ਵਾਰ ਸੁਣੀ ਸੀ, ਪਰ ਸਮਝ ਅੱਜ ਆਈ ਸੀ ਕਿ 'ਬੂੰਦੀ ਉਡਾਤੀ' ਕਿਸ ਬਲਾਅ ਨੂੰ ਕਹਿੰਦੇ ਨੇ..? ਕਿਉਂਕਿ ਬੰਦਾ ਸਕੂਲਾਂ ਵਿਚ ਘੱਟ ਅਤੇ 'ਤਜ਼ਰਬੇ' ਤੋਂ ਵੱਧ ਸਿੱਖਦਾ ਹੈ! ਆਪਣਾ ਕੀਮਤੀ ਲਹਿੰਗਾ ਲਿਬੜਿਆ ਦੇਖ ਕੇ ਛਿੰਦੋ ਭਾਬੀ ਜੀ ਦਾ 'ਪਿਆਰ' ਹੋਰ ਭੜਕ ਪਿਆ ਅਤੇ ਉਹ ਦੋਨਾਂ ਹੱਥਾਂ ਨਾਲ ਬਾਈ ਜੀ ਦੇ ਗਲ਼ ਨੂੰ 'ਚਿੰਬੜ' ਗਏ। ਰੌਣਕੀ ਨੇ ਫੜ ਕੇ ਜੋਕ ਵਾਂਗ ਤੋੜਨਾ ਚਾਹਿਆ, ਪਰ ਭਾਬੀ ਜੀ ਦੇ ਜੰਮੂਰਾਂ ਵਰਗੇ ਹੱਥ, ਸ਼ਿਕੰਜੇ ਵਾਂਗ ਕਸੇ ਹੋਏ ਸਨ। ਉਨ੍ਹਾਂ ਦੇ ਵੱਡੇ-ਵੱਡੇ ਨਹੁੰ ਰੌਣਕੀ ਨੂੰ ਪ੍ਰੇਤ ਵਾਂਗ ਡਰਾਉਣ ਆ ਰਹੇ ਸਨ। ਆਪਣਾ ਗਲ਼ ਜਿਹਾ ਛੁਡਾਉਣ ਲਈ ਬਾਈ ਜੀ ਨੇ ਛਿੰਦੋ ਸਾਹਿਬਾਂ ਨੂੰ ਧੱਕਾ ਮਾਰਿਆ ਤਾਂ ਛਿੰਦੋ ਜੀ ਪਟੜੇ ਵਾਂਗ ਹਾਲ ਦੀ 'ਸਲਿੱਪਰੀ' ਫ਼ਰਸ਼ 'ਤੇ ਜਾ ਪਏ। ਰੌਣਕੀ ਨੇ ਮੋਲੇ ਬਲਦ ਨੂੰ ਪੂਛੋਂ ਫੜ ਕੇ ਉਠਾਉਣ ਵਾਂਗ ਛਿੰਦੋ ਨੂੰ ਫੜ ਕੇ ਖੜ੍ਹਾ ਕੀਤਾ। ਪਰ ਬਾਹਰ ਖੜ੍ਹੇ ਛਿੰਦੋ ਜੀ ਫਿਰ ਵੀ ਨਾ-ਸ਼ੁਕਰਿਆਂ ਵਾਂਗ ਲੋਕਾਂ 'ਤੇ ਇਲਜ਼ਾਮ ਲਾਈ ਜਾ ਰਹੇ ਸਨ, "ਕਿਸੇ ਨੇ ਰੋਕਿਆ ਈ ਨ੍ਹੀ, ਸਾਰੇ ਤਮਾਸ਼ਾ ਦੇਖਦੇ ਰਹੇ..!"

ਰੌਣਕੀ ਸਾਹਿਬ ਆਪਣਾ ਕੋਟ ਪੈਂਟ ਟਿਸ਼ੂ ਨਾਲ ਸਾਫ਼ ਕਰਦੇ ਸੋਚ ਰਹੇ ਸੀ ਕਿ ਸਿਆਣਿਆਂ ਦਾ ਕਥਨ ਸੱਚਾ ਹੀ ਹੈ, ਅੱਜ ਕੱਲ੍ਹ ਭਲੇ ਦਾ ਜ਼ਮਾਨਾ ਨਹੀਂ! ਪੁੱਛਣਾ ਤਾਂ ਰੌਣਕੀ ਇਹ ਚਾਹੁੰਦਾ ਸੀ ਕਿ ਬਾਈ ਜੀ..! ਜਦ ਤੁਸੀਂ ਪਾਣੀ ਦਾ ਗਿਲਾਸ ਸ਼ਰਾਬੀ ਬਾਈ ਜੀ ਦੇ ਮੂੰਹ 'ਤੇ ਮਾਰਿਆ ਸੀ, ਉਦੋਂ ਤੁਹਾਨੂੰ ਨਾ ਕਿਸੇ ਨੇ ਰੋਕਿਆ..? ਦੋਵਾਂ ਪਾਸਿਆਂ ਤੋਂ ਇਹ ਐਕਸ਼ਨ ਹੀ ਇਤਨੀ ਫ਼ੁਰਤੀ ਅਤੇ ਗਿਣੀ-ਮਿਥੀ ਸਾਜ਼ਿਸ਼ ਵਾਂਗ ਹੋਏ ਕਿ ਸਭ ਦੀ ਸੁਰਤ ਹੀ ਮਾਰੀ ਗਈ! ਖ਼ੈਰ, ਹੁਣ ਤਾਂ ਰੌਣਕੀ ਸਮੇਤ ਦਸਾਂ-ਪੰਦਰਾਂ ਜਾਣਿਆਂ ਨੇ ਆਪਣੇ ਕੋਟ-ਪੈਂਟ 'ਡਰਾਈ ਕਲੀਨਿੰਗ' ਲਈ ਦਿੱਤੇ ਹੋਏ ਹਨ। ਅੱਗੇ ਤੋਂ ਤੁਸੀਂ ਵੀ ਆਪਣੇ ਸਾਮਾਨ ਦੀ ਜ਼ਿੰਮੇਵਾਰੀ ਆਪ ਸੰਭਾਲਣੀ ਐਂ..! ਬਚ ਕੇ ਮੋੜ ਤੋਂ ਬਾਈ ਜੀ..!

## ਭੁੱਖ

**ਹਿੰਦੀ ਮਿੰਨੀ ਕਹਾਣੀ**

ਸੇਠ ਜੀ ਧੁੱਪ ਸੇਕ ਰਹੇ ਸਨ। ਉਨ੍ਹਾਂ ਨੇ ਆਪਣਾ ਖਾਣਾ ਵੀ ਉਥੇ ਹੀ ਮੰਗਵਾ ਲਿਆ ਸੀ। ਵੱਡੀ ਸਾਰੀ ਥਾਲ਼ੀ ਵਿਚ ਦੋ ਰੋਟੀਆਂ, ਦਾਲ, ਸਬਜ਼ੀ, ਰਾਇਤਾ, ਆਚਾਰ, ਸਲਾਦ, ਖੀਰ ਵਗੈਰਾ ਦੀਆਂ ਦਸ ਕੌਲੀਆਂ ਸਨ।



**ਮੂਲ: ਗੋਵਿੰਦ ਸ਼ਰਮਾ**
**ਅਨੁ: ਪ੍ਰੋ. ਨਵ ਸੰਗੀਤ ਸਿੰਘ**
**91+94176-92015**

ਇੰਨੇ ਨੂੰ ਉਨ੍ਹਾਂ ਦੇ ਪੁਰਾਣੇ ਪਿੰਡ ਦਾ ਇੱਕ ਮੁੰਡਾ ਆ ਗਿਆ। ਉਹਨੇ ਸੇਠ ਜੀ ਦੇ ਪੈਰ ਛੂਹੇ ਅਤੇ ਆਪਣੀ ਜਾਣਕਾਰੀ ਦਿੰਦਿਆਂ ਕਿਹਾ, "ਪਿਤਾ ਜੀ ਨੇ ਤੁਹਾਡੇ ਕੋਲ ਇਕ ਕੰਮ ਲਈ ਭੇਜਿਆ ਹੈ। ਤੁਹਾਡੀ ਸਿਫ਼ਾਰਸ਼ ਚਾਹੀਦੀ ਹੈ।"

ਉਹਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਸੇਠ ਜੀ ਨੇ ਪੁੱਛਿਆ, "ਰੋਟੀ ਖਾਵੇਂਗਾ?"

ਮੁੰਡਾ ਭੁੰਜੇ ਬਹਿੰਦਿਆਂ ਬੋਲਿਆ, "ਤੁਰਦੇ ਸਮੇਂ ਮਾਂ ਨੇ ਚਾਰ ਰੋਟੀਆਂ ਬੰਨ੍ਹ ਦਿੱਤੀਆਂ ਸਨ। ਉਨ੍ਹਾਂ ਨੂੰ ਬੱਸ ਅੱਡੇ ਦੇ ਬੈਂਚ 'ਤੇ ਬਹਿ ਕੇ ਖਾ ਕੇ ਹੀ ਆਇਆ ਹਾਂ।"

"ਠੀਕ ਹੈ, ਮੈਂ ਖਾਣਾ ਖਾ ਲਵਾਂ। ਫਿਰ ਤੇਰੀ ਗੱਲ ਸੁਣਦਾ ਹਾਂ।" ਸੇਠ ਜੀ ਨੇ ਖਾਣਾ ਸ਼ੁਰੂ ਕੀਤਾ।

ਉਨ੍ਹਾਂ ਨੇ ਵੇਖਿਆ ਕਿ ਮੁੰਡੇ ਦੀਆਂ ਨਜ਼ਰਾਂ ਉਨ੍ਹਾਂ ਦੀ ਥਾਲ਼ੀ ਵੱਲ ਹਨ ਅਤੇ ਕੁਝ ਕਹਿਣਾ ਚਾਹੁੰਦਾ ਹੈ, "ਕੁਝ ਕਹਿਣਾ ਹੈ?"

"ਤੁਸੀਂ ਬੁਰਾ ਨਾ ਮੰਨਣਾ। ਲੱਗਦਾ ਹੈ, ਸੇਠਾਣੀ ਜੀ ਨੂੰ ਚੰਗੀ ਤਰ੍ਹਾਂ ਰੋਟੀ ਬਣਾਉਣੀ ਨਹੀਂ ਆਉਂਦੀ। ਘੱਟੋ-ਘੱਟ ਮੇਰੀ ਮਾਂ ਵਰਗੀ ਤਾਂ ਬਿਲਕੁਲ ਨਹੀਂ।"

ਇਹ ਸੁਣ ਕੇ ਸੇਠ ਨੇ ਕਿਹਾ, "ਇਹ ਤੂੰ ਕੀ ਕਹਿ ਰਿਹੈਂ? ਮੇਰੀ ਸੇਠਾਣੀ ਦੇ ਖਾਣੇ ਦੀ ਸਾਰੇ ਤਾਰੀਫ਼ ਕਰਦੇ ਹਨ।"

"ਵੇਖੋ, ਮੇਰੀ ਮਾਂ ਦੀਆਂ ਬਣਾਈਆਂ ਇੰਨੀਆਂ ਹੀ ਰੋਟੀਆਂ ਮੈਂ ਚਟਣੀ ਜਾਂ ਉਸ ਤੋਂ ਬਿਨਾਂ ਹੀ ਗੜੱਪ-ਗੜੱਪ ਖਾ ਜਾਂਦਾ ਹਾਂ। ਤੁਹਾਨੂੰ ਇਨ੍ਹਾਂ ਪਤਲੀਆਂ-ਪਤਲੀਆਂ ਦੋ ਰੋਟੀਆਂ ਨੂੰ ਨਿਗਲਣ ਲਈ ਦਸ ਚੀਜ਼ਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ...।"

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ


# ਕਲਾ ਤੇ ਮਾਰਕਸਵਾਦ ਦਾ ਰਿਸ਼ਤਾ

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਫਿਲਮ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

ਸਾਡੀਆਂ ਇਪਟਾ ਦੀਆਂ ਸਰਗਰਮੀਆਂ ਦਿਨੋ-ਦਿਨ ਵਧ ਰਹੀਆਂ ਸਨ। ਹਰ ਰੋਜ਼ ਸ਼ਾਮ ਨੂੰ ਦੇਵਧਰ ਹਾਲ ਵਿਚ ਰਿਹਰਸਲਾਂ ਹੁੰਦੀਆਂ। ਅਸੀਂ ਮਾਰੋ-ਮਾਰ ਕਰਦੇ ਕਦੇ ਚਰਨੀ ਰੋਡ ਤੇ ਕਦੇ ਗਰਾਂਟ ਰੋਡ ਤੋਂ ਸਵਾ ਨੌਂ ਵਜੇ ਵਾਲੀ ਲੋਕਲ ਗੱਡੀ ਫੜਦੇ ਜੋ ਦਸ ਵਜੇ ਸਾਂਤਾ ਕਰੂਜ਼ ਪਹੁੰਚਦੀ ਸੀ। ਗੱਡੀ ਇਕ ਮਿੰਟ ਵੀ ਲੇਟ ਹੋ ਜਾਏ ਤਾਂ ਅਖੀਰਲੀ ਬੱਸ ਖੁੰਝ ਜਾਂਦੀ ਸੀ। ਬਸਾਂ ਵਾਲਿਆਂ ਨੂੰ ਬੇਲਿਹਾਜ਼ ਹੋਣ ਵਿਚ ਜਿਵੇਂ ਮਜ਼ਾ ਆਉਂਦਾ। ਐਨ ਪੈਰ ਉਤੇ ਆ ਕੇ ਉਹ ਮੁਸਾਫਰਾਂ ਨੂੰ ਠੁੱਠ ਵਿਖਾ ਕੇ ਬੱਸ ਕੱਢ ਲੈ ਜਾਂਦੇ। ਹਫਤੇ ਵਿਚ ਘੱਟੋ-ਘੱਟ ਦੋ ਵਾਰੀ ਤਾਂ ਜ਼ਰੂਰ ਸਾਨੂੰ ਸਾਂਤਾ ਕਰੂਜ਼ ਤੋਂ ਜੂਹੂ ਤਕ ਪੈਦਲ ਤੁਰਨਾ ਪੈਂਦਾ। ਘਟੋ-ਘਟ ਦੋ ਮੀਲ ਦਾ ਪੈਂਡਾ ਸੀ ਉਹ, ਤੇ ਭੁੱਖ ਨਾਲ ਉਸ ਵੇਲੇ ਆਂਦਰਾਂ ਫਟ ਰਹੀਆਂ ਹੁੰਦੀਆਂ। ਮਾੜਾ-ਮੋਟਾ ਝੁਲਸਾ ਦੇਣ ਲਈ ਅਸੀਂ ਭੁੰਨੇ ਹੋਏ ਛੋਲਿਆਂ ਜਾਂ ਮੂੰਗਫਲੀ ਦੀਆਂ ਆਨੇ ਦੋ ਆਨੇ ਵਾਲੀਆਂ ਪੁੜੀਆਂ ਖਰੀਦ ਲੈਂਦੇ। ਸਟੇਸ਼ਨਾਂ ਉਤੇ ਛਾਬੜੀਆਂ ਵਾਲੇ ਇਹ ਚੀਜ਼ਾਂ ਆਮ ਵੇਚਦੇ ਹਨ। ਇਕ ਤਾਂ ਉਹ ਸਸਤੀਆਂ ਹੁੰਦੀਆਂ ਹਨ, ਦੂਜੇ ਅਕੇਵਾਂ ਕੱਟਣ ਲਈ ਉਹਨਾਂ ਨੂੰ ਚੱਬਦੇ ਰਹਿਣਾ ਸਹਾਇਕ ਹੁੰਦਾ ਹੈ। ਇਕ ਵਾਰੀ ਕ੍ਰਿਸ਼ਨ ਚੰਦਰ ਨੂੰ ਛੋਲੇ ਚੱਬਣ ਦੀ ਅਜਿਹੀ ਚੰਦਰੀ ਆਦਤ ਪਈ ਕਿ ਉਹਦੀਆਂ ਗੱਲ੍ਹਾਂ ਅੰਦਰ ਛਾਲੇ ਪਏ ਰਹਿੰਦੇ ਸਨ।

ਚੇਤਨ, ਉਮਾ ਤੇ ਹੋਰ ਵੀ ਸਾਡੇ ਬਹੁਤ ਸਾਰੇ ਮਿੱਤਰ ਇਤਨੀ ਦੂਰ ਜਾ ਕੇ ਰਹਿਣ ਨੂੰ ਮੂਰਖਤਾ ਆਖਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਥੇ ਬਾਂਦਰੇ ਤੋਂ ਚਰਚਗੇਟ ਪੁੱਜਣ ਵਿਚ ਅੱਧਾ ਘੰਟਾ ਲੱਗਦਾ ਸੀ, ਉਥੇ ਜੂਹੂ ਤੋਂ ਲਗਭਗ ਇਕ ਘੰਟਾ ਲੱਗ ਜਾਂਦਾ ਸੀ। ਜੇ ਹਿਸਾਬ ਲਾਇਆ ਜਾਏ ਕਿ ਸਿਰਫ ਘਰ ਤੋਂ ਸ਼ਹਿਰ ਆਉਣ-ਜਾਣ ਵਿਚ ਮੈਂ ਆਪਣੀ ਜ਼ਿੰਦਗੀ ਦਾ ਕਿਤਨਾ ਹਿੱਸਾ ਬੰਬਈ ਸ਼ਹਿਰ ਵਿਚ ਬਰਬਾਦ ਕਰ ਚੁੱਕਾ ਹਾਂ ਤਾਂ ਸ਼ਾਇਦ ਦਿਲ ਠੰਠਬਰ ਜਾਏ ਪਰ ਜੂਹੂ ਵਿਚ ਸਮੁੰਦਰ ਦਾ ਬੜਾ ਸੁਆਦ ਸੀ। ਸਾਡਾ ਪਹਿਲੇ ਦਿਨ ਤੋਂ ਹੀ ਸਮੁੰਦਰ ਨਾਲ ਇਤਨਾ ਮੋਹ ਪੈ ਗਿਆ ਕਿ ਜੂਹੂ ਛੱਡ ਕੇ ਬੰਬਈ ਵਿਚ ਹੋਰ ਕਿਸੇ ਥਾਂ ਇਕ ਰਾਤ ਕੱਟਣੀ ਵੀ ਸਾਨੂੰ ਮਨਜ਼ੂਰ ਨਹੀਂ ਸੀ। ਸਵੇਰ ਸਾਰ ਸਾਡੇ ਦੋਵੇਂ ਬੱਚੇ ਹੱਥ ਵਿਚ ਨਿੱਕੀਆਂ-ਨਿੱਕੀਆਂ ਬਾਲਟੀਆਂ ਫੜ ਕੇ ਮਛੇਰਿਆਂ ਤੋਂ ਆਪਣਾ ਟੈਕਸ ਵਸੂਲ ਕਰਨ ਲਈ ਨੱਠ ਪੈਂਦੇ ਸਨ। ਕੇਕੜਿਆਂ ਨੂੰ ਖੁੱਡਾਂ 'ਚੋਂ ਕੱਢ ਕੇ ਉਂਗਲਾਂ ਵਿਚ ਬੋਚੀ ਫਿਰਨ ਦਾ ਉਹਨਾਂ ਨੂੰ ਖਾਸ ਸ਼ੌਕ ਸੀ। ਸ਼ਬਨਮ ਤਾਂ ਜਿਊਂਦੀਆਂ ਮੱਛੀਆਂ ਨੂੰ ਦੰਦਾਂ ਵਿਚ ਟੁੱਕ ਕੇ ਦਰੜ ਜਾਂਦੀ। ਸਾਨੂੰ ਵੀ ਤਾਰੀਆਂ ਮਾਰਨ ਦਾ ਸੁਆਦ ਆਉਂਦਾ। ਮੈਂ ਸਮਝਦਾ ਹਾਂ ਕਿ ਜਿਤਨੇ ਵਰ੍ਹੇ ਅਸਾਂ ਜੂਹੂ ਦੇ ਦੂਰ ਹੋਣ ਕਰਕੇ ਆਉਣ-ਜਾਣ ਵਿਚ ਜ਼ਾਇਆ ਕੀਤੇ ਹਨ, ਉਤਨੇ ਹੀ ਉਹ ਸਿਹਤ ਲਈ ਉੱਤਮ ਇਲਾਕੇ ਵਿਚ ਰਹਿ ਕੇ ਵਧਾ ਵੀ ਲਏ ਹਨ। ਮਨੁੱਖ ਦੀ ਆਤਮਾ ਸੀਮਿਤ ਹੋਣ ਕਰਕੇ ਅਸੀਮਤਾ ਦੀ ਜਾਚਕ ਹੈ, ਤੇ ਸਾਗਰ ਵਿਚੋਂ ਇਹ ਅਸੀਮਤਾ ਪ੍ਰਾਪਤ ਹੋ ਜਾਂਦੀ ਹੈ। ਸਾਡਾ ਘਰ ਸਮੁੰਦਰ ਦੇ ਐਨ ਕੰਢੇ ਉਤੇ ਸੀ। ਤੜਕ ਸਾਰ ਛੱਲਾਂ ਦੀ ਗਰਜਣਾ ਜਿਵੇਂ ਸਾਨੂੰ ਵਾਜਾਂ ਮਾਰਨ ਲਗ ਪੈਂਦੀ, ਤੇ ਅਸੀਂ ਨੰਗੇ ਪੈਰੀਂ ਉਠ ਦੌੜਦੇ।

ਗਾਂਧੀ ਜੀ ਨੂੰ ਵੀ ਜੂਹੂ ਨਾਲ ਬੜਾ ਪਿਆਰ ਸੀ। ਜੇਲ੍ਹ ਵਿਚੋਂ ਰਿਹਾ ਹੋਣ ਪਿਛੋਂ ਉਹ ਕੁਝ ਅਰਸਾ ਜੂਹੂ ਆ ਕੇ ਠਹਿਰੇ ਸਨ। ਸੁਬਹ-ਸ਼ਾਮ ਨਿੱਕੀਆਂ-ਨਿੱਕੀਆਂ ਲਹਿਰਾਂ ਵਿਚ ਉਹਨਾਂ ਲਈ ਕੁਰਸੀ ਡਾਹ ਦਿੱਤੀ ਜਾਂਦੀ ਜਿਨ੍ਹਾਂ ਵਿਚ ਪੈਰ ਲਟਕਾ ਕੇ ਉਹ ਕਿਤਨਾ-ਕਿਤਨਾ ਚਿਰ ਆਪਣੇ ਵਿਚਾਰਾਂ ਵਿਚ ਮਗਨ ਬੈਠੇ ਰਹਿੰਦੇ। ਰੇਤੇ ਉਪਰ ਟਹਿਲਦੇ ਪਿਆਰੇ ਲਾਲ, ਡਾਕਟਰ ਸੁਸ਼ੀਲਾ ਨਾਇਰ, ਮੀਰਾ ਬੇਨ ਤੇ ਹੋਰ ਕਿਤਨੇ ਹੀ ਜਣੇ ਸਾਨੂੰ ਦਿਸਦੇ। ਅਸੀਂ ਦੂਰੋਂ ਉਹਨਾਂ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਦੇ ਤੇ ਉਹਨਾਂ ਦਿਨਾਂ ਨੂੰ ਯਾਦ ਕਰਦੇ ਜਦੋਂ ਸਾਨੂੰ ਵੀ ਉਹਨਾਂ ਵਾਂਗ ਆਸ਼ਰਮ ਵਾਸੀ ਹੋਣ ਦਾ ਸੁਭਾਗ ਪ੍ਰਾਪਤ ਸੀ। ਸਾਡਾ ਉੱਡ ਕੇ ਉਹਨਾਂ ਨੂੰ ਮਿਲਣ ਜਾਣ 'ਤੇ ਦਿਲ ਕਰਦਾ ਪਰ ਗੈਰਤ ਇਜਾਜ਼ਤ ਨਾ ਦੇਂਦੀ। ਪਤਾ ਨਹੀਂ, ਉਹ ਅੱਗੋਂ ਸਾਨੂੰ ਅਪਨਾਉਣ ਕਿ ਨਾ। ਇਕ ਦਿਨ ਮੈਥੋਂ ਰਿਹਾ ਨਾ ਗਿਆ ਤੇ ਮੈਂ ਮਿਲਣ ਦੀ ਖਾਹਿਸ਼ ਜ਼ਾਹਿਰ ਕਰਦਿਆਂ ਬਾਪੂ ਵਲ ਇਕ ਖਤ ਪਾ ਹੀ ਦਿਤਾ। ਮੈਨੂੰ ਪਤਾ ਸੀ ਕਿ ਉਹਨਾਂ ਤੀਕ ਪਹੁੰਚਣ ਤੋਂ ਪਹਿਲਾਂ ਖਤ ਹੋਰਨਾਂ ਨਜ਼ਰਾਂ ਹੇਠੋਂ ਵੀ ਲੰਘੇਗਾ। ਮੈਨੂੰ ਜਵਾਬ ਆਉਣ ਦੀ ਬਹੁਤ ਘਟ ਆਸ ਸੀ। ਇਕ ਦਿਨ ਕੁਦਰਤੀ ਮੀਰਾ ਬੇਨ ਸਾਡੀ ਕਾਲੋਨੀ ਦੇ ਬਿਲਕੁਲ ਕਰੀਬ ਆ ਖੜ੍ਹੀ ਹੋਈ। ਸਾਡੀਆਂ ਨਜ਼ਰਾਂ ਮਿਲੀਆਂ ਤਾਂ ਉਹਨੇ ਸਾਨੂੰ ਪਛਾਣ ਲਿਆ। ਪਹਿਲਾਂ ਤਾਂ ਉਹ ਬੜਾ ਨਿੱਘਾ ਬੋਲੀ ਪਰ ਫੇਰ ਝਟ ਉਸ ਦਾ ਰਵੱਈਆ ਬਦਲ ਗਿਆ। ਤਦ ਮੈਨੂੰ ਆਪਣੇ ਖਤ ਦਾ ਜ਼ਿਕਰ ਕਰਨ ਦੀ ਵੀ ਹਿੰਮਤ ਨਾ ਹੋਈ।



*ਸੰਸਾਰ ਦੇ ਨਾਮੀ ਚਿੱਤਰਕਾਰ ਫੈਬਰੀਜ਼ੀਓ ਕੈਸੇਟਾ ਦਾ ਬਣਾਇਆ ਕਾਰਲ ਮਾਰਕਸ ਦਾ ਚਿੱਤਰ।*

ਮੈਨੂੰ ਵਿਸ਼ਵਾਸ ਹੈ ਕਿ ਗਾਂਧੀ ਜੀ ਮੇਰਾ ਤੇ ਦਮੋ ਦਾ ਸੇਵਾਗਰਾਮ ਛੱਡ ਕੇ ਵਲੈਤ ਬੀ.ਬੀ.ਸੀ. ਦਾ ਕੰਮ ਕਰਨ ਜਾਣਾ ਮਾਫ ਕਰ ਸਕਦੇ ਸਨ। ਇਹ ਵੀ ਤਾਂ ਸੱਚ ਸੀ ਕਿ ਅਸੀਂ ਭਾਵੇਂ ਉਤੋਂ-ਉਤੋਂ ਹੀ ਸਹੀ, ਉਹਨਾਂ ਦੀ ਰਜ਼ਾ ਨਾਲ ਹੀ ਲੰਡਨ ਰਵਾਨਾ ਹੋਏ ਸਾਂ ਪਰ ਉਹਨਾਂ ਤੋਂ ਹੇਠਲੇ ਸਾਥੀਆਂ ਦਾ ਸਾਨੂੰ ਮਾਫ ਕਰਨਾ ਅਸੰਭਵ ਸੀ, ਜਦਕਿ ਸਾਡੇ ਜਾਣ ਪਿਛੋਂ ਉਹ ਕਿਤਨੀਆਂ ਮੁਸੀਬਤਾਂ ਵਿਚੋਂ ਲੰਘੇ ਸਨ। ਅਸੀਂ ਜ਼ਰਾ ਵੀ ਸ਼ਿਕਾਇਤ ਕਰਨ ਜੋਗੇ ਨਹੀਂ ਸਾਂ।

ਪਰ ਅਸੀਂ ਇਤਨਾ ਆਤਮ-ਗਿਲਾਨੀ ਦਾ ਸ਼ਿਕਾਰ ਵੀ ਨਹੀਂ ਸਾਂ। ਗਾਂਧੀ ਜੀ ਉਪਰ ਸਾਡੀ ਸ਼ਰਧਾ ਇਤਨੀ ਡੂੰਘੀ ਸੀ ਕਿ ਸ਼ਬਦਾਂ ਵਿਚ ਵਰਨਣ ਨਹੀਂ ਸੀ ਕੀਤੀ ਜਾ ਸਕਦੀ; ਖਾਸ ਕਰਕੇ ਦਮੋ ਨੂੰ ਤਾਂ ਬਾਪੂ, ਕਸਤੂਰਬਾ, ਆਸ਼ਾ ਦੀਦੀ ਤੇ ਆਰੀਯਮਦਾ ਤੋਂ ਬੇਹਿਸਾਬ ਪਿਆਰ ਮਿਲਿਆ ਸੀ ਪਰ ਗਾਂਧੀਵਾਦ ਤੋਂ ਸਾਡਾ ਵਿਸ਼ਵਾਸ ਬਹੁਤ ਸਾਰਾ ਉੱਠ ਗਿਆ ਸੀ। ਇਹ ਠੀਕ ਹੈ ਕਿ ਅਸੀਂ ਆਪਣੇ ਦੇਸ਼ ਦੀ ਆਜ਼ਾਦੀ ਲਈ ਨਹੀਂ ਸਾਂ ਲੜੇ, ਜੇਲ੍ਹਾਂ ਵਿਚ ਨਹੀਂ ਸਾਂ ਗਏ ਪਰ ਅਨਗਿਣਤ ਰਾਤਾਂ ਅਸਾਂ ਬੰਬਾਂ ਦੀ ਵਰਖਾ ਹੇਠ ਗੁਜ਼ਾਰੀਆਂ ਸਨ। ਮੌਤ ਨਾਲ ਲੁਕਣਮੀਟੀ ਅਸੀਂ ਵੀ ਖੇਡੇ ਸਾਂ। ਚਾਰ ਸਾਲ ਅਸਾਂ ਉਸ ਯੂਰਪ ਵਿਚ ਗੁਜ਼ਾਰੇ ਸਨ ਜਿਥੇ ਜੰਗ ਕਰੋੜਾਂ ਜਾਨਾਂ ਨਿਗਲ ਗਈ ਸੀ, ਜਿਥੇ ਨਾਜ਼ੀ ਦਰਿੰਦਿਆਂ ਨੇ ਨਿਰਦੋਸ਼ ਯਹੂਦੀਆਂ ਦੀ ਚਮੜੀ ਨਾਲ ਲੈਂਪਾਂ ਦੇ ਸ਼ੇਡ ਬਣਵਾ ਕੇ ਰਾਖਸ਼ਸ਼ਪਣੇ ਦਾ ਨਵਾਂ ਰਿਕਾਰਡ ਕਾਇਮ ਕੀਤਾ ਸੀ; ਤੇ ਸਾਨੂੰ ਯਕੀਨ ਹੋ ਚੁੱਕਾ ਸੀ ਕਿ ਵਰਤਮਾਨ ਯੁਗ ਦਾ ਕਰਾਂਤੀਕਾਰੀ ਫਲਸਫਾ ਮਾਰਕਸਵਾਦ ਹੈ, ਗਾਂਧੀਵਾਦ ਨਹੀਂ, ਤੇ ਨਾ ਹੀ ਕੋਈ ਹੋਰ ਵਾਦ। ਅੱਜ ਤਕ ਮੇਰਾ ਇਹ ਵਿਸ਼ਵਾਸ ਮਜ਼ਬੂਤ ਹੀ ਹੋਇਆ ਹੈ, ਘਟਿਆ ਨਹੀਂ।

ਕਲਾ ਤੇ ਸਾਹਿਤ ਵਿਚ ਯਥਾਰਥਵਾਦ ਦੀ ਵਿਦਿਆ ਮੈਨੂੰ ਕਾਲਜ ਵਿਚ ਅੰਗਰੇਜ਼ੀ ਸਾਹਿਤ ਦੇ ਅਧਿਐਨ ਤੋਂ ਮਿਲੀ ਸੀ। ਮੈਂ ਉਸ ਦੇ ਇਤਿਹਾਸ ਨੂੰ ਘੋਖਦਿਆਂ ਇਹ ਵੱਡਮੁੱਲਾ ਸਬਕ ਹਾਸਲ ਕੀਤਾ ਸੀ ਕਿ ਯੂਰਪ ਵਿਚ ਯਥਾਰਥਵਾਦ ਤੋਂ ਪਹਿਲਾਂ ਦੇ ਯੁਗ ਦੀ ਕਲਾ ਵਿਚ ਲੰਬਾਈ ਚੌੜਾਈ ਤਾਂ ਹੁੰਦੀ ਸੀ, ਡੂੰਘਾਈ ਨਹੀਂ ਸੀ ਹੁੰਦੀ ਜੋ ਕਲਾ ਦੀ ਤੀਜੀ ਮਾਤਰਾ ਹੈ। ਰੈਨੇਸਾਂਸ ਨੇ ਕਲਾ ਵਿਚ ਤੀਜੀ ਮਾਤਰਾ ਲਿਆਂਦੀ ਸੀ।

ਯਥਾਰਥਵਾਦ ਦੀ ਖੂਬੀ ਕਲਾ ਵਿਚ ਇਹ ਤੀਜੀ ਮਾਤਰਾ ਲਿਆਉਣਾ ਹੈ।

ਮੈਂ ਆਪਣੇ ਸਟੇਜ ਅਤੇ ਫਿਲਮ ਦੇ ਅਭਿਨੈ ਵਿਚ ਇਹੋ ਤੀਜੀ ਮਾਤਰਾ ਲਿਆਉਣ ਦਾ ਸ਼ੌਕੀਨ ਰਿਹਾ ਹਾਂ। ਇਹੋ ਕਲਾਕਾਰ ਲਈ ਸਭ ਤੋਂ ਔਖੀ ਪੌੜੀ ਹੈ, ਤੇ ਇਸੇ ਵਿਚ ਸਿਰਜਣਾ ਦਾ ਅਸਲ ਆਨੰਦ ਭਰਿਆ ਪਿਆ ਹੈ। ਕਲਾਕਾਰ ਆਪਣੇ ਖੇਡੇ ਹੋਏ ਕਿਰਦਾਰ ਨੂੰ ਸਜੀਵਤਾ ਨਾਲ ਦਰਸ਼ਕਾਂ ਅਗੇ ਪੇਸ਼ ਕਰਨਾ ਚਾਹੁੰਦਾ ਹੈ। ਇਕੋ ਥਾਂ ਖਲੋਤੀ ਸਜੀਵਤਾ ਨਹੀਂ ਬਲਕਿ ਉਹ ਸਜੀਵਤਾ ਜਿਸ ਵਿਚ ਗਤੀ ਹੋਵੇ। ਉਹ ਗਤੀ ਜਿਹੜੀ ਉਸ ਕਿਰਦਾਰ ਨੂੰ ਪੈਰੋ-ਪੈਰ ਡੂੰਘਾ ਤੇ ਨਵੀਨ ਕਰਦੀ ਜਾਵੇ। ਅਜਿਹਾ ਯਥਾਰਥਵਾਦ ਪੈਦਾ ਕਰਨ ਲਈ ਕੇਵਲ ਯੂਰਪ ਵਿਚ ਪੰਦਰ੍ਹਵੀਂ ਸਦੀ ਤੋਂ ਵਿਕਸਤ ਹੁੰਦੀ ਆ ਰਹੀ ਤਕਨੀਕ ਨੂੰ ਹੀ ਸਿੱਖਣ ਤੇ ਸਮਝਣ ਦੀ ਲੋੜ ਨਹੀਂ, ਹਾਲਾਂਕਿ ਇਹ ਵੀ ਬੜਾ ਹੀ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਇਹ ਜਾਨਣ ਤੇ ਸਮਝਣ ਦੀ ਵੀ ਲੋੜ ਹੈ ਕਿ ਪਿਛਲੀਆਂ ਸਦੀਆਂ ਵਿਚ ਮਨੁੱਖੀ ਸਮਾਜ ਕਿਹੜੇ ਪਾਸੇ ਜਾ ਰਿਹਾ ਸੀ, ਤੇ ਹੁਣ ਕਿਹੜੇ ਪਾਸੇ ਜਾ ਰਿਹਾ ਹੈ, ਮਨੁੱਖਤਾ ਸਾਹਮਣੇ ਸਭ ਤੋਂ ਅਹਿਮ ਸਵਾਲ ਕੀ ਹਨ, ਤੇ ਉਹਨਾਂ ਦਾ ਹੱਲ ਕਿਥੇ ਲੱਭਿਆ ਜਾ ਸਕਦਾ ਹੈ, ਸਮਾਜ ਵਿਚ ਕਿਹੜੀਆਂ ਪ੍ਰਵਿਰਤੀਆਂ ਮਰ ਰਹੀਆਂ ਹਨ, ਕਿਹੜੀਆਂ ਜਨਮ ਲੈ ਰਹੀਆਂ ਹਨ। ਵਿਅਕਤੀ ਨੂੰ ਸਮਝਣ ਲਈ ਸਮੂਹ ਦਾ ਸਮਝਣਾ ਲਾਜ਼ਮੀ ਹੈ।

ਮੈਂ ਜਿਤਨਾ ਜ਼ਿਆਦਾ ਮਾਰਕਸਵਾਦ ਦਾ ਅਧਿਐਨ ਕਰਦਾ, ਮੇਰੀਆਂ ਦਿਮਾਗੀ ਧੁੰਦਾਂ ਮਿਟਦੀਆਂ, ਚਾਨਣਾ ਹੁੰਦਾ। ਇਕ ਦਿਨ ਮਾਰਕਸ ਦੇ ਮਹਾਨ ਗ੍ਰੰਥ 'ਸਰਮਾਇਆ' ਦਾ ਪਹਿਲਾ ਕਾਂਡ ਖੋਲ੍ਹਦਿਆਂ ਹੀ ਮੈਂ ਪੜ੍ਹਿਆ - "ਜਿਨਸ ਸਾਡੀ ਸਵੈਤਾ ਤੋਂ ਬਾਹਰ ਦੀ ਚੀਜ਼ ਹੁੰਦੀ ਹੈ। ਉਹ ਆਪਣੇ ਗੁਣਾਂ ਨਾਲ ਕਿਸੇ ਨਾ ਕਿਸੇ ਪ੍ਰਕਾਰ ਦੀਆਂ ਇਨਸਾਨੀ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਉਹ ਜ਼ਰੂਰਤਾਂ ਸਰੀਰਕ ਹਨ ਕਿ ਮਾਨਸਿਕ।"

ਇਸ ਵਾਕ ਦਾ ਮੇਰੇ ਉਪਰ ਬੜਾ ਡੂੰਘਾ ਅਸਰ ਪਿਆ, ਜਿਵੇਂ ਮੈਨੂੰ ਕਿਸੇ ਅਹਿਮ ਸਮੱਸਿਆ ਦਾ ਹੱਲ ਮਿਲ ਗਿਆ ਹੋਵੇ। ਅਭਿਨੈ ਕਲਾ ਵੀ ਹੋਰ ਸੰਸਾਰਕ ਕੰਮਾਂ ਵਾਂਗ ਕੰਮ ਹੈ। ਮਿਸਤਰੀ ਮੇਜ਼ ਕੁਰਸੀ ਬਣਾ ਕੇ, ਇੰਜਨੀਅਰ ਮਸ਼ੀਨ ਬਣਾ ਕੇ ਮਨੁੱਖ ਦੀ ਕੋਈ ਨਾ ਕੋਈ ਸਰੀਰਕ ਜ਼ਰੂਰਤ ਪੂਰੀ ਕਰਦਾ ਹੈ। ਲੇਖਕ ਨਾਟਕ ਦੀ ਰਚਨਾ ਕਰਕੇ, ਅਭਿਨੇਤਾ ਕਿਸੇ ਪਾਤਰ ਨੂੰ ਖੇਡ ਕੇ ਮਨੁੱਖ ਦੀ ਮਾਨਸਿਕ ਲੋੜ ਪੂਰੀ ਕਰਦਾ ਹੈ। ਦੋਵੇਂ ਤਰ੍ਹਾਂ ਦੇ ਕੰਮ ਇਕੋ ਜਿਤਨੇ ਪਵਿੱਤਰ ਤੇ ਇਕੋ ਜਿਤਨੇ ਹੀ ਸ਼ਲਾਘਾਯੋਗ ਹਨ।

ਸਾਡੇ ਦੇਸ਼ ਵਿਚ ਆਮ ਕਰਕੇ ਇਹ ਧਾਰਨਾ ਬੜੀ ਪੱਕੀ ਬਣੀ ਹੋਈ ਹੈ ਕਿ ਕਲਾ ਕੋਈ ਰੱਬੀ ਦਾਤ ਹੈ। ਕਲਾਕਾਰ ਬਣਦਾ ਨਹੀਂ, ਜੰਮਦਾ ਹੈ। ਅਭਿਨੇਤਾ ਦੀ ਪ੍ਰੇਰਨਾ ਦਰਗਾਹੋਂ ਆਉਂਦੀ ਹੈ, ਉਸ ਦੇ ਵੱਸ ਦੀ ਚੀਜ਼ ਨਹੀਂ। ਜਿਵੇਂ ਕਿਸੇ ਪ੍ਰਾਚੀਨ ਯੂਨਾਨੀ ਫਿਲਾਸਫਰ ਨੇ ਕਿਹਾ ਸੀ, "ਲਿਖਣ ਵੇਲੇ ਕਵੀ ਉਪਰ ਦੈਵਿਕ ਜਨੂਨ ਜਿਹਾ ਸਵਾਰ ਹੋ ਜਾਂਦਾ ਹੈ।"

ਮੈਂ ਇਸ ਧਾਰਨਾ ਨੂੰ ਸਦਾ ਲਈ ਤਿਲਾਂਜਲੀ ਦੇ ਦਿੱਤੀ। ਮੈਂ ਸਮਝਦਾ ਹਾਂ ਕਿ ਮੈਂ ਠੀਕ ਹੀ ਕੀਤਾ। ਕਲਾ ਵਿਚ ਅਧਿਆਤਮਵਾਦ ਨੂੰ ਘੁਸੇੜਨ ਵਿਚ ਨੁਕਸਾਨ ਹੀ ਨੁਕਸਾਨ ਹੈ, ਲਾਭ ਕੋਈ ਨਹੀਂ।

ਹਰ ਸਾਲ ਅਸੀਂ ਕਿਤਨੀਆਂ ਹੀ ਅਮਰੀਕਨ ਫਿਲਮਾਂ ਵੇਖਦੇ ਹਾਂ। ਇਹਨਾਂ ਵਿਚ ਕੇਵਲ ਮੁੱਖ ਪਾਤਰ ਹੀ ਨਹੀਂ ਸਗੋਂ ਹਰ ਨਿੱਕੇ ਕਿਰਦਾਰ ਨੂੰ ਇਤਨੀ ਸੁੰਦਰਤਾ ਨਾਲ ਨਿਭਾਇਆ ਜਾਂਦਾ ਹੈ ਕਿ ਅਸੀਂ ਕੋਈ ਨੁਕਸ ਨਹੀਂ ਫੜ ਸਕਦੇ ਪਰ ਸਾਡੀਆਂ ਹਿੰਦੀ ਫਿਲਮਾਂ ਵਿਚ ਦੋ-ਚਾਰ ਮੁੱਖ ਪਾਤਰਾਂ ਨੂੰ ਛੱਡ ਕੇ ਕਿਸੇ ਦਾ ਕੰਮ ਚੱਜ ਦਾ ਵੇਖਣ ਵਿਚ ਨਹੀਂ ਆਉਂਦਾ ਸਗੋਂ ਕਈ ਵਾਰੀ ਚੰਗੇ ਨਾਮਵਰ ਅਦਾਕਾਰ ਵੀ ਪੈਸੇ ਦੇ ਲਾਲਚ ਵਿਚ ਵੀਹ-ਵੀਹ ਫਿਲਮਾਂ ਦਾ ਇਕੱਠਾ ਬੋਝ ਸਿਰ ਉੱਤੇ ਪਾ ਕੇ ਆਪਣਾ ਮਿਆਰ ਡੇਗ ਲੈਂਦੇ ਹਨ।

ਜੇ ਐਕਟਿੰਗ ਰੱਬੀ ਦਾਤ ਹੈ ਤਾਂ ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ ਪੱਛਮੀ ਦੇਸ਼ਾਂ ਵਿਚ ਜਿਥੇ ਧਰਮ-ਮਜ਼੍ਹਬ ਦੀ ਕੋਈ ਖਾਸ ਪੁੱਛ-ਪ੍ਰਤੀਤ ਨਹੀਂ, ਇਹ ਦਾਤ ਹਰ ਕਿਸੇ ਨੂੰ ਇਤਨੀ ਆਸਾਨੀ ਨਾਲ ਮਿਲ ਜਾਂਦੀ ਹੈ, ਤੇ ਸਾਡੇ ਦੇਸ਼ ਵਿਚ ਵਿਰਲਿਆਂ ਨੂੰ ਜਿਥੇ ਦਿਨੇ ਰਾਤੀਂ ਧਾਰਮਿਕਤਾ ਦੇ ਟੱਲ ਖੜਕਦੇ ਹਨ? ਨਹੀਂ, ਅਭਿਨੈ ਕਲਾ ਕੇਵਲ ਆਰਟ ਨਹੀਂ, ਸਾਇੰਸ ਵੀ ਹੈ। ਵਿਗਿਆਨਕ ਢੰਗ ਨਾਲ ਅਧਿਐਨ ਤੇ ਅਭਿਆਸ ਕਰਕੇ ਕੋਈ ਵੀ ਸ਼ਖਸ ਚੰਗਾ ਅਦਾਕਾਰ ਬਣ ਸਕਦਾ ਹੈ ਪਰ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਬੰਦੇ ਨੂੰ ਜਮਾਂਦਰੂ ਕੁਝ ਮਿਲਦਾ ਹੀ ਨਹੀਂ। ਹਰ ਕਿਸੇ ਦੇ ਸੰਸਕਾਰ ਇਕੋ ਜਿਹੇ ਨਹੀਂ ਹੁੰਦੇ। ਕੋਈ ਚੰਗਾ ਸਾਇੰਸਦਾਨ ਬਣਨ ਦੀ ਪ੍ਰਤਿਭਾ ਲੈ ਕੇ ਜੰਮਦਾ ਹੈ, ਕੋਈ ਹਿਸਾਬਦਾਨ, ਕੋਈ ਖਿਡਾਰੀ, ਕੋਈ ਚਿੱਤਰਕਾਰ, ਕੋਈ ਸੰਗੀਤਕਾਰ, ਤੇ ਕੋਈ ਅਭਿਨੇਤਾ। ਸੰਪੂਰਨਤਾ ਨਾਲ ਉਸੇ ਸ਼ਖਸ ਦਾ ਵਿਕਾਸ ਹੋ ਸਕਦਾ ਹੈ ਜਿਸ ਦੀ ਅੰਦਰੂਨੀ ਪ੍ਰਤਿਭਾ ਨੂੰ ਛੋਟੀ ਉਮਰ ਤੋਂ ਫਲਣ-ਫੁੱਲਣ ਦਾ ਮਾਹੌਲ ਮਿਲੇ ਪਰ ਇਹ ਸਹੂਲਤ ਸਾਡੇ ਦੇਸ਼ ਵਿਚ ਕਿਤਨਿਆਂ ਨੂੰ ਮਿਲਦੀ ਹੈ? ਗਰੀਬੀ, ਅਗਿਆਨ, ਬਿਮਾਰੀ ਰਾਹੀਂ ਬਹੁਤਿਆਂ ਦੀਆਂ ਰੀਝਾਂ ਬਚਪਨ ਵਿਚ ਹੀ ਕੁਚਲੀਆਂ ਜਾਂਦੀਆਂ ਹਨ। ਅਭਿਨੇਤਾ, ਲੇਖਕ ਜਾਂ ਕਵੀ ਬਣਨ ਲਈ ਕਲਪਨਾ ਦਾ ਤੀਖਣ ਹੋਣਾ ਲਾਜ਼ਮੀ ਹੈ। ਕਈ ਬੱਚਿਆਂ ਦੀ ਕਲਪਨਾ ਅਸਲੋਂ ਬੜੀ ਤੀਬਰ ਹੁੰਦੀ ਹੈ, ਤੇ ਸੁੱਘੜ ਮਾਪੇ ਅਤੇ ਅਧਿਆਪਕ ਉਹਨੂੰ ਝੱਟ ਪਛਾਣ ਜਾਂਦੇ ਹਨ। ਅਜਿਹੇ ਬੱਚਿਆਂ ਵਿਚ ਅਗਾਂਹ ਜਾ ਕੇ ਆਰਟ ਦੇ ਮੈਦਾਨ ਵਿਚ ਸਿਖਰਾਂ ਛੂਹਣ ਦੀ ਕਾਬਲੀਅਤ ਹੁੰਦੀ ਹੈ। ਚੰਗਾ ਅਦਾਕਾਰ ਤਾਂ ਹਰ ਕੋਈ ਬਣ ਸਕਦਾ ਹੈ ਪਰ ਸਿਖਰੀ ਕਲਾਕਾਰ ਗਿਣੇ-ਚੁਣੇ ਵਿਅਕਤੀ ਹੀ ਬਣ ਸਕਦੇ ਹਨ।

ਪਰ ਕੌਣ ਪੇਸ਼ਗੀ ਕਹਿ ਸਕਦਾ ਹੈ ਕਿ ਕਿਸ ਨੇ ਸਿਖਰੀ ਕਲਾਕਾਰ ਬਣਨਾ ਹੈ ਤੇ ਕਿਸ ਨੇ ਸਾਧਾਰਨ? ਚੰਗਾ ਇਹੀ ਹੈ ਕਿ ਇਨਸਾਨ ਆਪਣੇ ਆਪ ਨੂੰ ਅਸਾਧਾਰਨ ਸਮਝਣ ਦੀ ਥਾਂ ਸਾਧਾਰਨ ਹੀ ਸਮਝੇ ਤੇ ਦਰਗਾਹੀ ਪ੍ਰਤਿਭਾ ਤੇ ਪ੍ਰੇਰਨਾ ਉਪਰ ਭਰੋਸਾ ਕਰਨ ਦੀ ਥਾਂ ਆਪਣੀ ਲਗਨ ਤੇ ਮਿਹਨਤ ਉਪਰ ਭਰੋਸਾ ਕਰੇ।

000

ਮੈਂ ਜਦੋਂ ਆਪਣੇ ਬਚਪਨ ਵਲ ਨਜ਼ਰ ਦੁੜਾਉਂਦਾ ਹਾਂ ਤਾਂ ਯਾਦ ਆਉਂਦਾ ਹੈ ਕਿ ਮੇਰੀ ਕਲਪਨਾ ਬੜੀ ਤੀਬਰ ਸੀ। ਆਮ ਤੌਰ ਉਤੇ ਬੱਚਿਆਂ ਦੀਆਂ ਖੇਡਾਂ ਵੱਡਿਆਂ ਦੇ ਕੰਮਾਂ ਦੀ ਨਕਲ ਹੁੰਦੀਆਂ ਹਨ ਪਰ ਮੈਂ ਇਸ ਨਕਲ ਨੂੰ ਇਤਨਾ ਅਸਲੀ ਬਣਾ ਲੈਂਦਾ ਸਾਂ ਕਿ ਵੱਡੇ ਵੀ ਬੜੇ ਸ਼ੌਕ ਨਾਲ ਮੇਰੀਆਂ ਖੇਡਾਂ ਵਿਚ ਸ਼ਾਮਲ ਹੋਣ ਲੱਗ ਜਾਂਦੇ ਸਨ।

ਪੜ੍ਹਾਈ ਵਿਚ ਮੇਰੀ ਜ਼ਿਆਦਾ ਰੁਚੀ ਜ਼ਬਾਨਾਂ ਵਲ ਸੀ। ਸੰਸਕ੍ਰਿਤ ਮੈਨੂੰ ਚੰਗੀ ਲਗਦੀ ਸੀ। ਅੱਠਾਂ-ਦਸਾਂ ਵਰ੍ਹਿਆਂ ਦੀ ਉਮਰ ਵਿਚ ਮੈਂ ਬਾਲਮੀਕੀ ਰਾਮਾਇਣ ਪੜ੍ਹ ਗਿਆ ਸਾਂ। ਉਸੇ ਵਜ਼ਨ ਦੇ ਮੈਂ ਇਕ ਵਾਰੀ ਸ਼ਲੋਕ ਵੀ ਲਿਖ ਕੇ ਆਰੀਆ ਸਮਾਜ ਦੇ ਵਾਰਸ਼ਿਕ ਉਤਸਵ ਵਿਚ ਪੜ੍ਹੇ ਸਨ। ਸਭ ਤੋਂ ਜ਼ਿਆਦਾ ਮਜ਼ਾ ਮੈਨੂੰ ਸਕੂਲ ਵਿਚ ਉਸ ਵੇਲੇ ਆਉਂਦਾ ਜਦੋਂ ਮਾਸਟਰ ਜੀ ਨਿੱਕੇ-ਨਿੱਕੇ ਸੰਕੇਤੀ ਵਾਕ ਲਿਖਾ ਕੇ ਉਹਨਾਂ ਦੇ ਆਧਾਰ ਉਤੇ ਮੈਨੂੰ ਕੋਈ ਕਹਾਣੀ ਲਿਖਣ ਲਈ ਆਖਦੇ। ਸਾਹਿਤ ਦੀਆਂ ਪਾਠ ਪੁਸਤਕਾਂ ਮੈਨੂੰ ਸ਼ੁਰੂ ਤੋਂ ਅਖੀਰ ਤਕ ਆਪ-ਮੁਹਾਰੇ ਯਾਦ ਹੋ ਜਾਂਦੀਆਂ ਸਨ।

ਮੇਰੀ ਸਾਹਿਤਕ ਰੁਚੀ ਨੂੰ ਮਾਪਿਆਂ ਤੇ ਉਸਤਾਦਾਂ ਵਲੋਂ ਵੀ ਚੰਗੀ ਪ੍ਰੇਰਨਾ ਮਿਲਦੀ ਰਹੀ। ਇਸੇ ਕਰਕੇ ਮੈਂ ਅੰਗਰੇਜ਼ੀ ਸਾਹਿਤ ਦਾ ਐਮ.ਏ. ਕੀਤਾ, ਤੇ ਕਾਲਜ ਵਿਚੋਂ ਨਿਕਲਣ ਸਾਰ ਕਹਾਣੀਆਂ ਤੇ ਕਵਿਤਾਵਾਂ ਲਿਖਣੀਆਂ ਅਰੰਭ ਦਿਤੀਆਂ। ਮੈਨੂੰ ਸਦਾ ਤੋਂ ਸ਼ੌਕ ਸਾਹਿਤਕਾਰ ਬਣਨ ਦਾ ਹੀ ਰਿਹਾ ਹੈ। ਜਿਵੇਂ ਮੈਂ ਪਹਿਲਾਂ ਕਹਿ ਆਇਆ ਹਾਂ, ਫਿਲਮ ਐਕਟਰ ਤਾਂ ਮੈਂ ਸੰਜੋਗਵਸ ਹੀ ਬਣ ਗਿਆ।

ਅੱਜ ਕੋਈ ਮੇਰੀਆਂ ਸ਼ੁਰੂ-ਸ਼ੁਰੂ ਦੀਆਂ ਫਿਲਮਾਂ ਵੇਖੇ। ਉਹਨਾਂ ਵਿਚ ਮੇਰਾ ਕੰਮ ਇਤਨਾ ਘਟੀਆ ਦਰਜੇ ਦਾ ਹੈ ਕਿ ਕੋਈ ਯਕੀਨ ਨਹੀਂ ਕਰ ਸਕੇਗਾ ਕਿ ਇਹ ਆਦਮੀ ਕਦੇ ਚੰਗਾ ਅਦਾਕਾਰ ਬਣ ਸਕਦਾ ਹੈ। ਮੇਰੇ ਕਈ ਮਿੱਤਰ ਜਿਹੜੇ ਮੇਰੇ ਨਾਲ ਫਿਲਮਾਂ ਵਿਚ ਦਾਖਲ ਹੋਏ, ਇਤਨਾ ਵਧੀਆਂ ਅਭਿਨੈ ਕਰਦੇ ਸਨ ਕਿ ਉਹਨਾਂ ਦੇ ਛੜੱਪਾ ਮਾਰ ਕੇ ਸ਼ੁਹਰਤ ਦੇ ਸਤਵੇਂ ਅਸਮਾਨ ਜਾ ਚੜ੍ਹਨ ਦਾ ਕਿਸੇ ਨੂੰ ਵੀ ਸੰਦੇਹ ਨਹੀਂ ਸੀ ਪਰ ਦੁਰਭਾਗਵਸ ਉਹ ਆਪਣੇ ਵਿਲੱਖਣ ਵਿਅਕਤੀ ਹੋਣ ਦੇ ਵਹਿਮ ਦਾ ਸ਼ਿਕਾਰ ਹੋ ਗਏ। ਅਭਿਨੈ ਕਲਾ ਦਾ ਵਿਗਿਆਨਕ ਢੰਗ ਨਾਲ ਅਧਿਐਨ ਕਰਨ ਦੀ ਥਾਂ ਉਹ ਦਰਗਾਹੋਂ ਪ੍ਰੇਰਨਾ ਦੀ ਉਡੀਕ ਕਰਦੇ। ਜਿਹੜਾ ਕਿਰਦਾਰ ਉਹਨਾਂ ਖੇਡਣਾ ਹੁੰਦਾ, ਉਹਨਾਂ ਦੇ ਵਿਚਾਰ ਵਿਚ ਉਹ ਕਿਸੇ ਅਲੌਕਿਕ ਢੰਗ ਨਾਲ ਆਪਣੇ ਆਪ ਉਹਨਾਂ ਅੰਦਰ ਪ੍ਰਵੇਸ਼ ਕਰ ਜਾਂਦਾ ਸੀ। ਕਦੇ ਉਹ ਸ਼ਾਟ ਤੋਂ ਪਹਿਲਾਂ ਸਮਾਧੀ ਲਾ ਕੇ ਉਸ ਦੀ ਆਮਦ ਨੂੰ ਉਡੀਕਦੇ, ਤੇ ਕਦੇ ਸ਼ਰਾਬ ਜਾਂ ਕਿਸੇ ਹੋਰ ਮਾਦਕ ਦ੍ਰਵ ਦੀ ਸ਼ਰਨ ਲੈਂਦੇ। ਸੋ, ਉਹ ਤਰੱਕੀ ਨਹੀਂ ਕਰ ਸਕੇ ਪਰ ਮੈਂ ਆਪਣੀ ਸਾਧਾਰਨ ਪ੍ਰਤਿਭਾ ਦੇ ਬਾਵਜੂਦ ਉਹਨਾਂ ਤੋਂ ਜ਼ਿਆਦਾ ਸਫਲ ਰਿਹਾ।

ਜਿਨ੍ਹਾਂ ਲੋਕਾਂ ਨੂੰ ਮਾਰਕਸਵਾਦ ਦਾ ਗਿਆਨ ਨਹੀਂ, ਉਹ ਇਹਨੂੰ ਕੇਵਲ ਰਾਜਨੀਤਕ ਸਿਧਾਂਤ ਸਮਝ ਛਡਦੇ ਹਨ ਜੋ ਬਹੁਤ ਵੱਡੀ ਭੁੱਲ ਹੈ। ਮਾਰਕਸਵਾਦ ਵਾਸਤਵ ਵਿਚ ਦਰਸ਼ਨ ਹੈ, ਫਲਸਫਾ ਹੈ ਜੋ ਪ੍ਰਾਕਿਰਤਕ ਤੇ ਸੰਸਾਰਕ ਜੀਵਨ ਦੇ ਹਰ ਪਹਿਲੂ ਨੂੰ ਵਿਗਿਆਨਕ ਢੰਗ ਨਾਲ ਰੁਸ਼ਨਾਉਂਦਾ ਹੈ। ਹਰ ਕਲਾਕਾਰ ਨੂੰ ਇਹ ਜਾਣਨ ਦੀ ਖਾਹਿਸ਼ ਹੁੰਦੀ ਹੈ ਕਿ ਉਸ ਦੀ ਕਲਾ ਦਾ ਸਮਾਜ ਵਿਚ ਕੀ ਮਹੱਤਵ ਹੈ। ਕੀ ਉਸ ਮਹੱਤਵ ਅਨੁਸਾਰ ਉਸ ਨੂੰ ਉਹ ਸਥਾਨ ਪ੍ਰਾਪਤ ਹੈ ਜੋ ਉਸ ਨੂੰ ਮਿਲਣਾ ਚਾਹੀਦਾ ਹੈ? ਇਸ ਦਿਸ਼ਾ ਵਿਚ ਮਾਰਕਸਵਾਦ ਭੁਲੇਖਿਆਂ ਨੂੰ ਦੂਰ ਕਰਕੇ ਅਸਲੀਅਤ ਉਪਰ ਪ੍ਰਕਾਸ਼ ਪਾਉਂਦਾ ਹੈ। ਵਰਤਮਾਨ ਯੁਗ ਵਿਚ ਮਾਰਕਸਵਾਦ ਦਾ ਅਧਿਐਨ ਮੇਰੀ ਰਾਏ ਵਿਚ ਕਿਸੇ ਕਲਾਕਾਰ ਲਈ ਵੀ ਉਤਨਾ ਹੀ ਉਪਯੋਗੀ ਹੈ ਜਿਤਨਾ ਕਿਸੇ ਸਮਾਜ ਸ਼ਾਸਤਰੀ ਲਈ।

ਮਾਰਕਸਵਾਦ ਨੇ ਭਾਸ਼ਾ ਦੇ ਸਵਾਲ ਨੂੰ ਵੀ ਵਿਗਿਆਨਕ ਢੰਗ ਨਾਲ ਵੇਖਣ ਦੀ ਮੈਨੂੰ ਸਮਰਥਾ ਬਖਸ਼ੀ। ਟੈਗੋਰ ਤੇ ਗਾਂਧੀ ਜੀ ਵਰਗੇ ਮਹਾਂਪੁਰਸ਼ਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਮੈਂ ਪਹਿਲਾਂ ਹੀ ਇਸ ਨਜ਼ਰੀਏ ਵਲ ਆ ਰਿਹਾ ਸਾਂ ਕਿ ਹਰ ਕਲਾਕਾਰ ਜਾਂ ਸਾਹਿਤਕਾਰ ਲਈ ਉਸ ਦੀ ਆਪਣੀ ਮਾਂ-ਬੋਲੀ ਤੇ ਆਪਣਾ ਮਾਤਰੀ ਸਭਿਆਚਾਰ ਹੀ ਸਭ ਤੋਂ ਉੱਤਮ ਮਾਧਿਅਮ ਹੁੰਦੇ ਹਨ। ਮਾਰਕਸਵਾਦ ਦੇ ਅਧਿਅਨ ਨੇ ਮੇਰਾ ਇਹ ਵਿਸ਼ਵਾਸ ਹੋਰ ਵੀ ਮਜ਼ਬੂਤ ਬਣਾਇਆ। ***(ਚੱਲਦਾ)***

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 34 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021

## *Call for Listing Special 2022*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1663 Dedini Ln, Ripon CA 95366
2. 2447 Remy Cantos Dr, Tracy, CA, 95376
3. 4732 Zinnia ct, Livermore CA 94551
4. 1977 Westport St, Manteca, CA, 95337
5. 24552, Karina Ct, Hayward,CA,94542
6. 36738 Matiz Cmn, Fremont, CA, 94536
7. 1465 Veteran St, Manteca, CA, 95337
8. 1441 Divine Ln, Tracy, CA, 95376
9. 415 W Cupertino Ave, Mountain House, CA, 95391
10. 36401 Bridgepointe Dr, Newark, CA, 94560
11. 27490 Mangrove rd, Hayward CA 94544
12. 5177 Roycroft Way, Fremont, CA, 94538
13. 2591 Coloma Ln, Tracy, CA, 95376
14. 2135 Bravery ave, Manteca Ca 94337

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095